ਸੈਣੀ

ਪੰਜਾਬੀ ਵਿਆਕਰਣ ਅਤੇ ਲੇਖ ਰਚਨਾ

ਰਾਜ ਪਬਲਿਸ਼ਰਜ਼ ਰਜਿ०



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਸਵੈਨ

ਮਿਡਲ ਪੰਜਾਬੀ ਵਿਆਕਰਣ

ਤੇ

ਲੇਖ ਰਚਨਾ

ਸਤਵੀਂ ਤੇ ਅਠਵੀਂ ਜਮਾਤ ਲਈ

[Registered under The Trade and Merchandise Act, 1958 by the Indian Govt. Vide Letter No. 211570, Dated 28 Sept., 1962]

ਰਾਜ ਪਬਲਿਸ਼ਰਜ਼ (ਰਜਿਸਟਰਡ)

ਪ੍ਰਿੰਟਰਜ਼ ਅਤੇ ਪਬਲਿਸ਼ਰਜ਼

ਅੱਡਾ ਹੁਸ਼ਿਆਰਪੁਰ, ਜਲੰਧਰ

New Edition 1972 Price Rs. 2.25

Published by :—
Sohan Lal Khanna,
Mangg. Prop. Raj Publishers, (Regd.)
Adda Hoshiarpur, Jullundur City

Printed by :—
Raj Kumar Khanna,
Prop. Gem Printers,
Adda Tanda,
Jullundur City.

ਤਤਕਰਾ

ਪਹਿਲਾ ਭਾਗ

ਵਿਆਕਰਣ

ਵਿਆਕਰਣ :—ਜਦੋਂ ਕਿਸੇ ਬੋਲੀ ਬਾਰੇ ਬਣਾਏ ਹੋਏ ਨਿਯਮਾਂ ਨੂੰ ਇਕੱਠਾ ਕਰ ਲਿਆ ਜਾਵੇ ਤਾਂ ਉਸ ਨੂੰ ਉਸ ਬੋਲੀ ਦਾ 'ਵਿਆਕਰਣ' ਆਖਿਆ ਜਾਂਦਾ ਹੈ। ਵਿਆਕਰਣ ਨਾਲ ਬੋਲੀ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ।

ਸ਼ਬਦ :—ਆਪਣੇ ਮਨੋ ਭਾਵਾਂ ਨੂੰ ਪ੍ਰਗਟਾਉਣ ਲਈ ਜੋ ਸਾਫ਼ ਸਾਫ਼ ਬੋਲ ਅਸੀਂ ਬੋਲਦੇ ਹਾਂ ਉਹਨਾਂ ਨੂੰ ਅਸੀਂ 'ਸ਼ਬਦ' ਆਖਦੇ ਹਾਂ। ਸ਼ਬਦਾਂ ਦੀਆਂ ਦੋ ਕਿਸਮਾਂ ਹੁੰਦੀਆਂ ਹਨ—

1. **ਸਾਰਥਕ ਸ਼ਬਦ** :—ਜਿਸ ਸ਼ਬਦ ਦਾ ਕੋਈ ਭਾਵ ਅਰਥ ਜਾਂ ਮਤਲਬ ਹੋਵੇ ਉਸ ਨੇ 'ਸਾਰਥਕ ਸ਼ਬਦ' ਆਖਦੇ, ਜਿਵੇਂ—ਰੋਟੀ, ਪਾਣੀ ਆਦਿ।

2. **ਨਿਰਾਰਥਕ ਸ਼ਬਦ** :—ਜਿਸ ਸ਼ਬਦ ਦਾ ਕੋਈ ਅਰਥ ਨਾ ਨਿਕਲੇ ਤੇ ਉਮੇ ਤਰ੍ਹਾਂ ਬੋਲੇ ਜਾਣ ਉਹਨਾਂ ਨੂੰ 'ਨਿਰਾਰਥਕ ਸ਼ਬਦ' ਆਖਦੇ ਹਨ, ਜਿਵੇਂ—ਰਾਟੀ, ਧਾਨੀ ਆਦਿ।

ਵਾਕ :—ਇਕ ਜਾਂ ਇਕ ਤੋਂ ਵਧੀਕ ਸ਼ਬਦਾਂ ਦਾ ਉਹ ਇਕੱਠ ਜਿਸ ਤੋਂ ਕੋਈ ਭਾਵ ਪੂਰੀ ਤਰ੍ਹਾਂ ਸਮਝ ਆ ਜਾਵੇ 'ਵਾਕ' ਅਖਵਾਉਂਦਾ ਹੈ, ਜਿਵੇਂ—ਗੁਪਾਲ ਪਾਣੀ ਪੀਂਦਾ ਹੈ। ਸੀਤਲ ਰੋ ਰਿਹਾ ਹੈ।

ਕਾਂਡ ੧.

ਅੱਖਰ, ਲਗਾਂ, ਲਗਾਖਰ

ਪੰਜਾਬੀ ਬੋਲੀ ਨੂੰ ਲਿਖਤੀ ਰੂਪ ਦੇਣ ਵਾਸਤੇ ਹੇਠਾਂ ਦਿਤੇ ਤਿੰਨ ਪ੍ਰਕਾਰ ਦੇ ਗੁਰਮੁਖੀ ਦੇ ਚਿੰਨ੍ਹ ਵਰਤੇ ਜਾਂਦੇ ਹਨ ਜਿਵੇਂ—

(1) ਅੱਖਰ, (2) ਲਗਾਂ, (3) ਲਗਾਖਰ।

(1) **ਅੱਖਰ** :—ਹਰ ਬੋਲੀ ਦੀ ਵਰਣਮਾਲਾ ਹੁੰਦੀ ਹੈ। ਗੁਰਮੁਖੀ ਵਰਣ-ਮਾਲਾ ਵਿਚ ਪੈਂਤੀ ਅੱਖਰ ਹਨ ਜਿਨ੍ਹਾਂ ਨੂੰ ਸੱਤਾਂ ਟੋਲੀਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਟੋਲੀ ਨੂੰ ਜੋ ਪਹਿਲੇ ਪੰਜਾਂ ਅੱਖਰਾਂ ਦੀ ਹੁੰਦੀ ਹੈ **ਮੁਖ ਟੋਲੀ** ਅਤੇ ਅੰਤਮ ਪੰਜਾਂ ਅੱਖਰਾਂ ਦੀ ਟੋਲੀ ਨੂੰ **'ਅੰਤਮ ਟੋਲੀ'** ਆਖਿਆ ਜਾਂਦਾ ਹੈ। ਵਿਚਲੇ ਪੰਝੀ (25) ਅੱਖਰਾਂ ਦੀਆਂ ਜੋ ਪੰਜ ਟੋਲੀਆਂ ਬਣਦੀਆਂ ਹਨ, ਉਹਨਾਂ ਨੂੰ ਤਰਤੀਬ ਵਾਰ ਕਵਰਗ, ਚਵਰਗ, ਟਵਰਗ, ਤਵਰਗ ਅਤੇ ਪਵਰਗ ਆਖਿਆ ਜਾਂਦਾ ਹੈ। ਭਾਵ ਹਰ ਟੋਲੀ ਦੇ ਪਹਿਲੇ ਅੱਖਰ ਅਗੇ 'ਵਰਗ' ਸ਼ਬਦ ਲਾ ਦਿੱਤਾ ਜਾਵੇ, ਤਾਂ ਉਸ ਟੋਲੀ ਦਾ ਨਾਉਂ ਬਣ ਜਾਂਦਾ ਹੈ, ਜਿਵੇਂ :—

ਕ+ਵਰਗ=ਕਵਰਗ

ਪੈਂਤੀ ਅੱਖਰਾਂ ਵਿਚੋਂ ਪੰਜਾਂ ਅੱਖਰਾਂ ਹੇਠ ਬਿੰਦੀ ਲਗਾ ਕੇ ਉਹਨਾਂ ਦੀ ਇਕ ਨਵੀਂ ਟੋਲੀ ਬਣਾ ਦਿੱਤੀ ਗਈ ਹੈ। ਇਸ ਟੋਲੀ ਨੂੰ **'ਨਵੀਨ ਟੋਲੀ'** ਆਖਿਆ ਜਾਂਦਾ ਹੈ :—

ਸ਼ ਖ਼ ਗ਼ ਜ਼ ਫ਼

ਵਰਣ ਮਾਲਾ :—ਕਿਸੇ ਬੋਲੀ ਦੇ ਸਾਰੇ ਅੱਖਰਾਂ ਨੂੰ ਵਰਣ ਮਾਲਾ ਆਖਦੇ ਹਨ। ਜਿਵੇਂ ਪੰਜਾਬੀ ਦੀ ਵਰਣ ਮਾਲਾ ਦੇ 35 ਅੱਖਰ ਹਨ।

ਅਨੁਨਾਸਿਕ ਅੱਖਰ :—ਜਿਨ੍ਹਾਂ ਅੱਖਰਾਂ ਦੀ ਅਵਾਜ਼ ਨਾਸਾਂ ਰਾਹੀਂ ਹੋ ਕੇ ਨਿਕਲੇ ਉਹਨਾਂ ਨੂੰ ਅਨੁਨਾਸਿਕ ਕਹਾਂਦੇ ਹਨ। ਇਹ ਪੰਜ ਹਨ।

ਙ ਞ ਣ ਨ ਮ

(2) **ਲਗਾਂ** :—ਗੁਰਮੁਖੀ ਦੇ ਪੈਂਤੀ ਅੱਖਰਾਂ ਦੇ ਜੋੜਨ ਲਈ ਕੁਝ ਚਿੰਨ੍ਹ ਵਰਤੇ ਜਾਂਦੇ ਹਨ; ਜਿਨ੍ਹਾਂ ਨੂੰ 'ਲਗਾਂ' ਆਖਿਆ ਜਾਂਦਾ ਹੈ। ਲਗਾਂ ਦਸ ਹੁੰਦੀਆਂ ਹਨ :—

ਮੁਕਤਾ (X) ਕੋਈ ਚਿੰਨ੍ਹ ਨਹੀਂ। ਕੰਨਾ (ਾ), ਸਿਹਾਰੀ (ਿ), (ੀ), ਬਿਹਾਰੀ, ਔਂਕੜ (ੁ) ਦੁਲੈਂਕੜੇ (ੂ), ਲਾਵਾਂ (ੇ), ਦੁਲਾਵਾਂ (ੈ), ਹੋੜਾ (ੋ), ਤੇ ਕਨੌੜਾ (ੌ) ਆਦਿ।

ਇਹਨਾਂ ਸਾਰੀਆਂ ਲਗਾਂ ਨੂੰ ਇਉਂ ਮੁਹਾਰਨੀ ਕਰਕੇ ਹੀ ਲਿਖ ਲਿਆ ਜਾਂਦਾ ਹੈ—ਹ, ਹਾ, ਹਿ, ਹੀ, ਹੁ, ਹੂ, ਹੇ, ਹੈ, ਹੋ, ਹੌ।

(3) **ਲਗਾਖਰ** :—ਲਗਾਖਰ ਦੇ ਅਰਥ ਹਨ "ਲਗਾਂ ਤੋਂ ਅਖੀਰ ਤੇ ਭਾਵ

ਜਿਹੜੇ ਚਿੰਨ੍ਹ ਲਗਾਂ ਤੋਂ ਪਿਛੇ ਵਰਤੇ ਜਾਣ ਉਹਨਾਂ ਨੂੰ ਲਗਾਖਰ ਆਖਦੇ ਹਨ। ਸ਼ਬਦ ਉਚਾਰਨ ਸਮੇਂ ਪਹਿਲਾਂ ਅੱਖਰ ਉਚਾਰੇ ਜਾਂਦੇ ਹਨ, ਫਿਰ ਲਗਾਂ ਤੇ ਸਭ ਤੋਂ ਪਿਛੋਂ **ਲਗਾਖਰ** ਬੋਲਦੇ ਹਨ। ਇਹ ਚਿੰਨ੍ਹ ਤਿੰਨ ਹਨ ਜਿਵੇਂ—

1. ਬਿੰਦੀ (ਂ), 2. ਟਿੱਪੀ (ੰ) ਤੇ ਅਧਕ (ੱ)।

(1 ਤੇ 2) ਬਿੰਦੀ ਅਤੇ ਟਿੱਪੀ ਇਹਨਾਂ ਦੋਹਾਂ ਲਗਾਖਰਾਂ ਨੂੰ ਉਸ ਸਮੇਂ ਵਰਤਿਆ ਜਾਂਦਾ ਹੈ ਜਦੋਂ ਲਗਾਂ ਦੀ ਅਵਾਜ਼ ਨੂੰ **ਅਨੁਨਾਸਿਕ** ਬਣਾਉਣਾ ਹੋਵੇ, ਜਿਵੇਂ :—

ਮਾਂ, ਅਤੇ ਅੰਗ-ਆਦਿਕ।

(3) **ਅਧਕ** :—ਇਸ ਚਿੰਨ੍ਹ ਨੂੰ ਕਿਸੇ ਅੱਖਰ ਦੀ ਦੂਹਰੀ ਅਵਾਜ਼ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ, ਜਿਵੇਂ :—

ਬੱਚਾ, ਖੱਟਾ, ਵੱਟਾ ਆਦਿ।

ਹੇਠ ਲਿਖੀਆਂ ਉਦਾਹਰਣਾਂ ਨੂੰ ਧਿਆਨ ਨਾਲ ਪੜ੍ਹੋ :—

ਨੰ:	ਨਾਉਂ	ਚਿੰਨ੍ਹ	ਉਦਾਹਰਣ
(1)	ਬਿੰਦੀ	ਂ	ਗੇਂਦ
(2)	ਟਿੱਪੀ	ੰ	ਪਿੰਡ
(3)	ਅੱਧਕ	ੱ	ਘੱਟਾ

ਸ਼ਬਦ ਜੋੜਾਂ ਦੇ ਕੁਝ ਨਿਯਮ

ਜਦ ਅੱਖਰਾਂ ਤੇ ਲਗਾਂ ਨੂੰ ਮਿਲਾ ਕੇ ਸ਼ਬਦ ਬਣਾਈਦੇ ਹਨ ਤਾਂ ਇਹਨਾਂ ਸ਼ਬਦਾਂ ਦੀ ਘੜਤ ਲਈ ਭੀ ਕੁਝ ਨੇਮ ਹੁੰਦੇ ਹਨ। ਤਾਂ ਹੀ ਸ਼ਬਦ ਜੋੜ ਸ਼ੁਧ ਹੋ ਸਕਦੇ ਹਨ।

(1) ਲਗਾਂ ਦੀ ਵਰਤੋਂ ਦੇ ਨੇਮ

ੳ, ਅ, ੲ ਸਵਰੀ ਅੱਖਰ ਹੁੰਦੇ ਹਨ :—

ੳ ਨਾਲ=ਉ, ਊ, ਓ। (ਔਂਕੜ, ਦੁਲੈਂਕੜੇ ਤੇ ਹੋੜਾ)

ਅ ਨਾਲ=ਅ, ਆ, ਔ। (ਮੁਕਤਾ, ਕੰਨਾ, ਦੁਲਾਵਾਂ, ਕਨੋੜਾ)

ੲ ਨਾਲ=ਇ, ਈ, ਏ। (ਸਿਹਾਰੀ, ਬਿਹਾਰੀ, ਲਾਂ)

(2) ਉੱਤੇ ਲਿਖੇ ਤਿੰਨਾਂ ਅੱਖਰਾਂ ਤੋਂ ਬਿਨਾਂ ਬਾਕੀ 32 ਅੱਖਰਾਂ ਨਾਲ ਆਪਣੀ ਲੋੜ ਅਨੁਸਾਰ ਹਰ ਇਕ ਲਗ ਨੂੰ ਲਗਾ ਕੇ ਵਰਤਿਆ ਜਾ ਸਕਦਾ ਹੈ। ਸ ਤੋਂ ੜ ਤਕ ਦੇ ਅਖਰਾਂ ਨੂੰ **ਵਿਅੰਜਨ** ਆਖਦੇ ਹਨ।

(3) 'ੳ ਤੇ ੲ' ਅੱਖਰਾਂ ਦੀ ਮੁਕਤਾ ਰੂਪ ਵਿਚ ਕਦੇ ਵੀ ਵਰਤੋਂ ਨਹੀਂ ਹੁੰਦੀ। ਬਾਕੀ ਸਭ ਅੱਖਰਾਂ ਨੂੰ ਮੁਕਤਾ ਰੂਪ ਵਿਚ ਵਰਤਿਆ ਜਾ ਸਕਦਾ ਹੈ, ਜਿਵੇਂ—ੳਨ, ੳਗਲ, ੲਹ, ੲਲ, ਸਭ ਅਸ਼ੁੱਧ ਹਨ। ਪਰ ਜੇ ਇਹਨਾਂ ਨਾਲ ਲਗਾਂ ਲਗਾ ਦੇਈਏ ਤਾਂ ਸ਼ੁੱਧ ਹੋ ਜਾਂਦੇ ਹਨ : ਜਿਵੇਂ :—ਉੱਨ, ਉਂਗਲ, ਇਹ, ਇਲ ਆਦਿਕ।

ਬਿੰਦੀ ਤੇ ਟਿੱਪੀ ਦੀ ਵਰਤੋਂ ਲਈ ਨੇਮ

(1) ਬਿੰਦੀ ਤੇ ਟਿੱਪੀ ਦੀ ਵਰਤੋਂ ਬਾਰੇ ਇਹ ਖਿਆਲ ਰੱਖਣਾ ਅਤੀ ਜ਼ਰੂਰੀ ਹੈ ਕਿ ਮੁਕਤਾ, ਸਿਹਾਰੀ ਔਂਕੜ ਅਤੇ ਦੁਲੈਂਕੜ ਨਾਲ ਸਦਾ ਟਿੱਪੀ ਹੀ ਵਰਤੀ ਜਾਂਦੀ ਹੈ, ਜਿਵੇਂ—ਗੰਜ, ਪਿੰਡ, ਝੁੰਡ, ਮੂੰਗ ਆਦਿਕ। ਪਰ ਬਾਕੀ ਦੀਆਂ ਛਿਆਂ ਲਗਾਂ 'ਕੰਨਾ' ਬਿਹਾਰੀ, ਲਾ, ਦੁਲਾਈਆਂ ਹੋੜ੍ਹਾ ਅਤੇ ਕਨੌੜਾ ਨਾਲ ਬਿੰਦੀ ਵਰਤੀ ਜਾਂਦੀ ਹੈ, ਜਿਵੇਂ—ਮਾਂ, ਤੁਸੀਂ, ਗੇਂਦ, ਕੈਂਚੀ ਗੋਂਦ, ਜੌਂ ਆਦਿਕ।

(2) ਯਾਦ ਰਖੋ 'ੳ' ਅੱਖਰ ਨਾਲ ਬਿੰਦੀ ਹੀ ਵਰਤੀ ਜਾਂਦੀ ਹੈ। ਇਸ ਨਾਲ ਕਦੀ ਵੀ ਟਿੱਪੀ ਨਹੀਂ ਵਰਤੀ ਜਾਂਦੀ ਜਿਵੇਂ :—

ਉਂਗਲ ਅਤੇ ਜਿਊਂ ਆਦਿਕ। ਪਰ ਉੰਗਲੀ ਤੇ ਜਿਉੰ ਆਦਿਕ ਜੋੜ ਅਸ਼ੁਧ ਹਨ।

(3) ਸਾਨੂੰ ਪਤਾ ਲੱਗ ਚੁੱਕਾ ਹੈ ਕਿ ਅਨੁਨਾਸਿਕ ਅੱਖਰਾਂ ਦੀ ਆਵਾਜ਼ ਸੁਤੇ ਹੀ ਨਾਸਾਂ ਵਿਚੋਂ ਨਿਕਲਦੀ ਹੈ ਜੋ ਅਸਲ ਵਿਚ ਬਿੰਦੀ ਤੇ ਟਿੱਪੀ ਨਹੀਂ ਵਰਤੀ ਜਾਂਦੀ। ਕਈ ਵਾਰ ਅਨੁਨਾਸਿਕ ਅੱਖਰ ਆਪਣੇ ਤੋਂ ਪਹਿਲਾਂ ਦੇ ਅੱਖਰਾਂ ਅਤੇ ਆਪਣੇ ਤੋਂ ਪਿਛਲੇ ਅੱਖਰਾਂ ਉੱਤੇ ਹੀ ਅਸਰ ਪਾਉਂਦੇ ਹਨ। ਇਸ ਲਈ ਉਹਨਾਂ ਅੱਖਰਾਂ ਨਾਲ ਭੀ ਟਿੱਪੀ ਤੇ ਬਿੰਦੀ ਨਹੀਂ ਵਰਤੀ ਜਾਂਦੀ; ਜਿਵੇਂ :—

ਅਸ਼ੁਧ :—ਤਾਂਣ, ਆਂਮ, ਬਦਨਾਂਮ, ਵਾਂਙ, ਮਾਂਮਾਂ ਆਦਿ ।

ਸ਼ੁਧ :—ਤਾਣ, ਆਮ, ਬਦਨਾਮ, ਵਾਙ, ਮਾਮਾ ਆਦਿ ।

(4) ਕਈ ਵਾਰੀ ਅਨੁਨਾਸਿਕ ਅੱਖਰਾਂ ਦੀਆਂ ਲਗਾਂ ਨਾਲ ਬਿੰਦੀ ਟਿੱਪੀ ਲਗਾਉਣ ਨਾਲ ਉਹਨਾਂ ਦੇ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ । ਇਸ ਦਾ ਖਿਆਲ ਰਖਣਾ ਅਤੀ ਜ਼ਰੂਰੀ ਹੈ; ਜਿਵੇਂ :—

(1) ਕਿਰਨਾ, ਕਿਰਨਾਂ,

(2) ਨਾ, ਨਾਂ,

ਉੱਤੇ ਲਿਖੇ ਸ਼ਬਦਾਂ ਨੂੰ ਪੜ੍ਹੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਪਹਿਲੇ 'ਕਿਰਨਾ' ਜੋ ਬਿੰਦੀ ਤੋਂ ਬਿਨਾਂ ਹੈ, ਦਾ ਅਰਥ ਹੈ, ਕਿਸੇ ਚੀਜ਼ ਦਾ ਗਿਰਨਾ ਜਾਂ ਹੌਲੀ ਹੌਲੀ ਜਾਂ ਥੋੜ੍ਹਾ ਥੋੜ੍ਹਾ ਕਰਕੇ ਗਿਰਨਾ ਪਰ ਦੂਜੇ 'ਕਿਰਨਾਂ' ਜਿਸ ਦੇ ਕੰਨੇ ਨਾਲ ਬਿੰਦੀ ਲਗੀ ਹੋਈ ਹੈ, ਦਾ ਅਰਥ ਹੈ 'ਸੂਰਜ ਦੀਆਂ ਕਿਰਨਾਂ' ਇਹਨਾਂ ਦੀ ਵਰਤੋਂ ਇਸ ਤਰ੍ਹਾਂ ਹੈ, ਜਿਵੇਂ :—

(1) ਅਜੇ ਉਹ ਆਪਣੇ ਪਿੰਡ ਤੋਂ ਬਹੁਤ ਦੂਰ ਨਹੀਂ ਸੀ ਗਿਆ ਕਿ ਉਸ ਦੀ ਬੋਰੀ ਵਿਚੋਂ ਆਟਾ ਕਿਰਨਾ ਸ਼ੁਰੂ ਹੋ ਗਿਆ । (ਕਿਰਨਾ)

(2) ਸਰਦੀ ਦੇ ਦਿਨਾਂ ਵਿਚ ਸੂਰਜ ਦੀਆਂ ਕਿਰਨਾਂ ਸਾਡੇ ਸਰੀਰ ਨੂੰ ਬਹੁਤ ਨਿਘ ਦਿੰਦੀਆਂ ਹਨ । (ਕਿਰਨਾਂ)

ਇਸੇ ਤਰ੍ਹਾਂ ਪਹਿਲੇ ਨਾਂ ਦੇ ਅਰਥ ਹਨ 'ਨਹੀਂ' ਪਰ ਦੂਜੇ ਨਾਂ ਦੇ ਅਰਥ ਹਨ ਕਿਸੇ ਪੁਰਖ ਜਾਂ ਚੀਜ਼ ਦਾ ਨਾਉਂ । ਇਹਨਾਂ ਦੀ ਵਰਤੋਂ ਇਸ ਤਰ੍ਹਾਂ ਹੁੰਦੀ ਹੈ. ਜਿਵੇਂ :—

(1) ਤੁਸੀਂ ਉਥੇ ਨਾ ਜਾਂਦੇ ਤਾਂ ਤੁਹਾਡਾ ਨੁਕਸਾਨ ਨਾ ਹੁੰਦਾ । (ਨਾ)

(2) ਉਸ ਕੁੜੀ ਦਾ ਨਾਂ ਉਰਮਲਾ ਕੁਮਾਰੀ ਹੈ । (ਨਾਂ)

(5) ਜਦੋਂ ਮੁਕਤਾ ਸੰਬੋਧਨ ਕਰਨ ਲਈ ਵਰਤਿਆ ਜਾਵੇ ਤਾਂ ਉਸ ਨਾਲ ਬਿੰਦੀ ਤੋਂ ਬਿਨਾਂ ਕੰਨਾ ਲਗਦਾ ਹੈ । ਫਿਰ ਇਸ ਨਾਲ ਬਿੰਦੀ ਨਹੀਂ ਲਗਦੀ । ਪਰ ਜੇ ਬਿੰਦੀ ਲਗਾ ਦਿੱਤਾ ਜਾਵੇ ਤਾਂ ਉਸ ਦੇ ਅਰਥਾਂ ਵਿਚ ਭੇਦ ਅਥਵਾ ਫਰਕ ਆ ਜਾਦਾ ਹੈ । ਜਿਵੇਂ :—

ਮੁੰਡਿਆ, ਮੁੰਡਿਆਂ ।

ਮੁੰਡਿਆਂ ਤੇ ਮੁੰਡਿਆ ਦੋਵੇਂ ਠੀਕ ਹੀ ਹਨ, ਪਰ ਇਹਨਾਂ ਦੀ ਵਰਤੋਂ ਅਤੇ ਅਰਥਾਂ ਵਿਚ ਫ਼ਰਕ ਹੈ। ਪਹਿਲਾ ਸ਼ਬਦ ਤਾਂ ਕਿਸੇ ਮੁੰਡੇ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ, ਪਰ ਦੂਜਾ ਬਹੁਤੇ ਸਾਰਿਆਂ ਦਾ ਧਿਆਨ ਕਰਨਾ ਹੋਵੇ ਤਾਂ ਵਰਤਿਆ ਜਾਂਦਾ ਹੈ ਭਾਵ ਮੁੰਡੇ ਬਹੁਤੇ ਹੋਣ ਤਾਂ ਮੁੰਡਿਆਂ ਨੂੰ ਭੀ ਆਖ ਲਿਆ ਜਾਂਦਾ ਹੈ, ਜਿਵੇਂ :—

(1) ਮੁੰਡਿਆ ਇਧਰ ਆ।

(2) ਮੁੰਡਿਆਂ ਦਾ ਖਿਆਲ ਹੈ ਕਿ ਅਜ ਸਕੂਲ ਦੀ ਪੜ੍ਹਾਈ ਤੋਂ ਪਿਛੋਂ ਫੁਟਬਾਲ ਦਾ ਮੈਚ ਖੇਡਿਆ ਜਾਵੇ। (ਮੁੰਡਿਆਂ)

(6) ਪਰ ਜੇ ਸ਼ਬਦ ਦੇ ਅੰਤ ਵਿਚ ਬਿਨਾਂ ਕਿਸੇ ਬਿੰਦੀ ਤੋਂ ਕੰਨਾ ਆਵੇ ਤਾਂ ਉਹਨਾਂ ਦਾ ਸੰਬੋਧਨ ਰੂਪ ਬਣਾਉਣ ਲਈ ਕੰਨੇ ਦੀ ਥਾਂ ਕਿਰਿਆ ਵਰਤਿਆ ਜਾਂਦਾ ਹੈ ਪਰ ਇਆ ਨਹੀਂ ਵਰਤਿਆ ਜਾਂਦਾ। ਜਿਵੇਂ :—

(ੳ) ਸੱਚ ਤੋਂ ਸਚਿਆ

(ਅ) ਝੂਠੇ ਤੋਂ ਝੂਠਿਆ

ਪਰ ਇਸ ਗੱਲ ਦਾ ਧਿਆਨ ਰੱਖਣਾ ਅਤੀ ਜ਼ਰੂਰੀ ਹੈ ਕਿ ਬਹੁਵਚਨ ਵਿਚ ਆਂ ਵਰਤਿਆ ਜਾਂਦਾ ਹੈ। ਜਿਵੇਂ :—

(1) ਸੱਚ ਤੋਂ ਸਚਿਆਂ

(2) ਝੂਠੇ ਤੇ ਝੂਠਿਆਂ

(7) ਭਾਵਂਰਥ ਦੇ ਅੰਤ ਵਿਚ 'ਨਾ' ਜਾਂ ਣਾ, ਆਉਂਦਾ ਹੈ' 'ਣਾਂ' ਜਾਂ 'ਨਾਂ' ਨਹੀਂ ਵਰਤਿਆ ਜਾਂਦਾ। ਇਸਨੂੰ ਅਸ਼ੁਧ ਖਿਆਲ ਕੀਤਾ ਜਾਂਦਾ ਹੈ, ਜਿਵੇਂ :—

ਅਸ਼ੁਧ :—ਮਰਨਾਂ, ਸੜਨਾਂ, ਰੋਣਾਂ, ਜਿਤਣਾਂ ਹਾਰਨਾਂ, ।

ਸ਼ੁਧ :—ਮਰਨਾ, ਸੜਨਾ, ਰੋਣਾ, ਜਿਤਣਾ, ਹਾਰਨਾ, ।

(8) ਜਦੋਂ ਕਦੀ ਸਾਧਾਰਨ ਰੂਪ ਵਿਚ ਇਕ ਵਚਨ ਤੋਂ ਬਹੁ ਵਚਨ ਬਣਾਉਣਾ ਹੋਵੇ ਤਾਂ ਇਕਲੀ ਲਾਂ ਲਗਾਈਦੀ ਹੈ, ਬਿੰਦੀ ਵਾਲੀ ਲਾਂ (ੇਂ) ਨਹੀਂ ਲਗਾਈ ਜਾਂਦੀ ਜਿਵੇਂ :—

ਇਕਵਚਨ :—ਪੈਸਾ, ਮੇਲਾ, ਕੇਲਾ ਆਦਿ ।

ਬਹੁਵਚਨ ;—ਪੈਸੇ, ਮੇਲੇ, ਕੇਲੇ ਆਦਿ ।

(9) ਜਦੋਂ ਕਦੀ ਕਿਸੇ ਵਾਕ ਵਿਚ ਵਰਤੀ ਗਈ ਕਿਰਿਆ ਦਾ ਅੰਤਮ ਹਿੱਸਾ ਅਨੁਨਾਸਿਕ ਹੋਵੇ ਤਾਂ ਤੇ ਨਾਲ ਹੀ ਉਸ ਵਿਚ ਪਹਿਲਾਂ ਤੂੰ ਜਾਂ ਮੈਂ ਲੱਗਾ ਹੋਵੇ ਤਾਂ ਅੱਖਰ ਨਾਲ ਬਿੰਦੀ ਜ਼ਰੂਰ ਆਉਂਦੀ ਹੈ, ਪਰ ਜੇ ਉਹ ਲਗਾ ਹੋਵੇ ਜਾਂ ਮੈਂ ਤੂੰ ਨਾ ਵਰਤੀ ਗਈ ਹੋਵੇ ਤਾਂ ਬਿੰਦੀ ਨਹੀਂ ਆਉਂਦੀ ਜਿਵੇਂ :—

ਅਸ਼ੁਧ	ਸ਼ੁਧ
(1) ਬੀਬੀ ਤੂੰ ਗਿਣੀ।	ਬੀਬੀ ਤੂੰ ਗਿਣੀਂ।
(2) ਮੈਂ ਚੁਣਾ।	ਮੈਂ ਚੁਣਾਂ।
(3) ਜੇ ਤੂੰ ਸੁਣੇ।	ਜੇ ਤੂੰ ਸੁਣੇਂ।
(4) ਜੇ ਉਹ ਜਾਣੇਂ।	ਜੇ ਉਹ ਜਾਣੇ।
(5) ਉਹ ਚੁਮੇ।	ਉਹ ਚੁਮੇਂ।

(3) ਅੱਧਕ (ੱ)

(1) ਜਿਸ ਅੱਖਰ ਦੀ ਆਵਾਜ਼ ਵਿਚ ਦੂਹਰਾ ਪਨ ਪਾਇਆ ਜਾਵੇ ਉਸ ਅੱਖਰ ਤੋਂ ਪਹਿਲੇ ਅੱਖਰ ਤੇ ਅੱਧਕ ਲਗਾਈ ਜਾਂਦੀ ਹੈ। ਇਸ ਨੂੰ ਅੱਧਕ ਨਾ ਲੱਗੇ ਤਾਂ ਕਈਆਂ ਸ਼ਬਦਾਂ ਦੇ ਅਰਥਾਂ ਵਿਚ ਫ਼ਰਕ ਪੈ ਜਾਂਦਾ ਹੈ। ਇਸ ਲਈ ਉਹਨਾਂ ਤੇ ਅੱਧਕ ਦਾ ਲਾਉਣਾ ਅਤੀ ਜ਼ਰੂਰੀ ਹੈ ਜਿਵੇਂ :—

ਤਕ ਅਤੇ ਤੱਕ

ਹੁਣ ਇਹਨਾਂ ਦੋਹਾਂ ਤਕ ਅਤੇ ਤੱਕ ਦੇ ਅਰਥਾਂ ਵਿਚ ਫ਼ਰਕ ਦੇਖਣ ਲਈ ਹੇਠ ਲਿਖੇ ਵਾਕ ਪੜ੍ਹੋ :—

(ੳ) ਮੈਂ ਦਿੱਲੀ ਜਾ ਰਿਹਾ ਸੀ, ਪਰ ਜਦੋਂ ਮੈਂ ਅਜੇ ਲੁਧਿਆਣੇ ਤਕ ਹੀ ਪੁਜਾ ਸੀ ਕਿ ਮੇਰੀ ਚੋਰੀ ਹੋ ਗਈ ਤੇ ਮੈਂ ਉਸੇ ਤਰ੍ਹਾਂ ਘਰ ਨੂੰ ਵਾਪਸ ਆ ਗਿਆ।

ਤਕ=ਤਾਂਈਂ

(ਅ) ਮੇਰੀ ਵਲ ਤੱਕ (ਦੇਖ) ਤੇ ਸਹੀ, ਮੈਂ ਕੀ ਪਿਆ ਕਰਦਾ ਹਾਂ।

(2) ਚੇਤੇ ਰਖੋ :—

ਅੱਧਕ ਕੇਵਲ ਨਿੱਕੀਆਂ ਆਵਾਜ਼ ਵਾਲੀਆਂ ਲਗਾਂ (ਹ੍ਰਸਵ ਸੁਰਾਂ) ਮੁਕਤਾ, ਸਿਹਾਰੀ, ਔਂਕੜ ਤੋਂ ਪਿਛੋਂ ਲਗਾਇਆ ਜਾਂਦਾ ਹੈ।

1. ਤੱਕ ਵਿਚ 'ਤ' ਮੁਕਤਾ ਹੈ।
2. ਰੱਸਾ ਵਿਚ 'ਰ' ਮੁਕਤਾ ਹੈ।
3. ਦਿੱਲੀ ਵਿਚ 'ਦ' ਨਾਲ ਸਿਹਾਰੀ ਲਗੀ ਹੋਈ ਹੈ।
4. ਜੁੱਤੀ ਵਿਚ 'ਜ' ਨਾਲ ਔਂਕੜ ਲਗੀ ਹੋਈ ਹੈ।

ਇਸ ਤੋਂ ਪ੍ਰਗਟ ਹੋਇਆ ਕਿ ਮੁਕਤਾ ਸਿਹਾਰੀ ਅਤੇ ਔਂਕੜ ਤੋਂ ਬਿਨਾਂ ਬਾਕੀ ਅਖਰਾਂ ਨਾਲ ਅੱਧਕ ਨਹੀਂ ਲਗਾਇਆ ਜਾਂਦਾ। ਜੇ ਲਗਾ ਭੀ ਦਿਤਾ ਜਾਵੇ ਤਾਂ ਇਸ ਨੂੰ ਅਸ਼ੁਧ ਖਿਆਲ ਕੀਤਾ ਜਾਂਦਾ ਹੈ, ਜਿਵੇਂ—

ਗੁਡਣਾ ਗੁਡਾਉਣਾ ਗੁਡਵਾਉਣਾ

(4) **ਦੁੱਤ ਅੱਖਰ**—ਦੁੱਤ ਅੱਖਰ ਉਹਨਾਂ ਅੱਖਰਾਂ ਨੂੰ ਆਖਿਆ ਜਾਂਦਾ ਹੈ ਜੋ ਕਿਸੇ ਦੂਜੇ ਅੱਖਰ ਦੇ ਪੈਰਾਂ ਵਿਚ ਲਿਖੇ ਜਾਣ। ਜਦ ਕਿਸੇ ਅੱਖਰ ਦੀ ਆਵਾਜ਼ ਪੂਰੀ ਨਹੀਂ ਹੁੰਦੀ ਤਾਂ ਉਸ ਦੀ ਆਵਾਜ਼ ਨੂੰ ਪੂਰਾ ਕਰਨ ਲਈ ਓਸ ਅੱਖਰ ਦੇ ਪੈਰਾਂ ਵਿਚ ਦੁੱਤ ਅੱਖਰ ਲਿਖ ਦਿਤਾ ਜਾਂਦਾ ਹੈ। ਤਾਂ ਵੀ ਠੀਕ ਹੈ ਕਿ ਜਦੋਂ ਅਖਰਾਂ ਦੀ ਰਲਵੀਂ ਆਵਾਜ਼ ਸਾਂਝੀ ਹੋ ਕੇ ਬੋਲੇ ਤਾਂ ਪਹਿਲੇ ਅੱਖਰ ਦੇ ਪੈਰ ਵਿਚ ਦੁੱਤ ਅੱਖਰ ਲਿਖਿਆ ਜਾਂਦਾ ਹੈ ਜਿਵੇਂ—

ਪ੍ਰਦੁਮਣ ਸਿੰਘ. ਗਾੜ੍ਹਾ, ਪੜ੍ਹ, ਸ੍ਵਾਸ ਆਦਿਕ।

ਉਪਰ ਲਿਖੇ ਹੋਇਆਂ ਸ਼ਬਦਾਂ ਦੇ ਪੈਰਾਂ ਵਿਚਲੇ ਅੱਖਰ ਨੂੰ ਦੁੱਤ ਅੱਖਰ ਆਖਿਆ ਜਾਂਦਾ ਹੈ।

ਇਹ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਦੁੱਤ ਅੱਖਰ ਤੋਂ ਪਹਿਲਾਂ ਕਦੀ ਲਗ ਵਾਲਾ ਅੱਖਰ ਨਹੀਂ ਲਗਦਾ। ਜੇ ਕੋਈ ਇਸ ਅੱਖਰ ਨਾਲ ਲਗ ਗਈ ਹੋਈ ਹੋਵੇ ਤਾਂ ਉਹ ਪੈਰਾਂ ਵਿਚ ਅੱਖਰ ਨਾਲ ਬੋਲੀ ਜਾਂਦੀ ਹੈ :—

ਅਸ਼ੁੱਧ	**ਸ਼ੁਧ**
(1) ਕ੍ਰਿਪਾਨ	ਕਿਰਪਾਨ
(2) ਜ੍ਰਿਮ	ਜਿਰਮ

ਉਤੇ ਲਿਖੇ ਅੱਖਰਾਂ ਨੂੰ ਪੜ੍ਹੀਏ ਤਾਂ ਪਤਾ ਲਗ ਜਾਂਦਾ ਹੈ ਕਿ ਕ੍ਰਿਪਾਨ ਅੱਖਰ ਅਸ਼ੁਧ ਹੈ, ਕਿਉਂਕਿ ਇਸ ਵਿਚ ਸਿਹਾਰੀ ਕ ਤੋਂ ਪਹਿਲਾਂ ਬੋਲਦੀ ਹੈ ਪਰ ਕ੍ਰਿਪਾਨਾਂ ਵਿਚ ਦੁੱਤ ਅੱਖਰਾਂ ਦੇ ਨੇਮ ਅਨੁਸਾਰ ਮੁਕਤਾ ਬੋਲਣਾ ਚਾਹੀਦਾ ਹੈ ਤੇ ਕ ਨਾਲ

ਸਿਹਾਰੀ ਬੋਲੇਗੀ ਸੋ ਕ੍ਰਿਪਾਨ ਠੀਕ ਨਹੀਂ ਹੈ ਇਸ ਨੂੰ ਕਿਰਪਾਨ ਲਿਖੀਏ ਤਾਂ ਠੀਕ ਹੈ। ਇਸੇ ਤਰ੍ਹਾਂ ਜ੍ਰਿਮ ਗਲਤ ਹੈ ਅਤੇ ਜਿਰਮ ਠੀਕ ਹੈ।

'ਹ' 'ਰ' ਅਤੇ 'ਨ' ਇਹ ਤਿੰਨੇ ਅੱਖਰ ਹੀ ਪੰਜਾਬੀ ਵਿਚ ਦੁੱਤ ਹਨ। ਇਨ੍ਹਾਂ ਨੂੰ ਅਸੀਂ ਬਾਕੀ ਅੱਖਰਾਂ ਦੇ ਪੈਰਾਂ ਵਿਚ ਵਰਤ ਸਕਦੇ ਹਾਂ। ਬਾਕੀ ਦੇ ਸਾਰੇ ਅੱਖਰਾਂ ਨੂੰ ਅਸੀਂ ਦੁੱਤ ਅੱਖਰ ਨਹੀਂ ਆਖ ਸਕਦੇ ਤੇ ਨਾ ਹੀ ਅਸੀਂ ਇਨ੍ਹਾਂ ਨੂੰ ਕਿਸੇ ਦੇ ਪੈਰੀਂ ਲਿਖ ਸਕਦੇ ਹਾਂ।

ਬਹੁਤ ਵਾਰੀ ਇਹ ਹੋ ਜਾਂਦਾ ਹੈ ਕਿ ਜੇ ਅਸੀਂ ਦੁੱਤ ਅੱਖਰ ਨਾ ਵਰਤੀਏ ਤਾਂ ਸ਼ਬਦ ਦੇ ਅਰਥਾਂ ਵਿਚ ਫਰਕ ਭੀ ਪੈ ਜਾਂਦਾ ਹੈ ਜਿਵੇ :—ਸ੍ਰੀ ਤੇ ਸਿਰੀ ਪੜਦਾ ਤੇ ਪੜ੍ਹਦਾ।

ਪਹਿਲੀ ਸ੍ਰੀ ਉਸ ਵੇਲੇ ਵਰਤਿਆ ਜਾਂਦਾ ਹੈ, ਜਦ ਕਿਸੇ ਲਈ ਆਦਰ ਵਾਲੇ ਸ਼ਬਦ ਵਰਤਣੇ ਹੋਣ ਜਿਵੇਂ :—

ਸ੍ਰੀ ਮਾਨ ਚਾਚਾ ਜੀਓ।

ਦੂਜੀ ਸਿਰੀ ਦੇ ਅਰਥ ਹਨ ਜਿਵੇਂ—

ਕਿਸੇ ਪਸ਼ੂ ਦੀ ਸਿਰੀ।

ਇਸੇ ਤਰ੍ਹਾਂ ਪੜਦਾ ਦੇ ਅਰਥ ਹਨ ਓਹਲਾ ਤੇ ਪੜ੍ਹਦਾ ਦੇ ਅਰਥ ਹਨ ਕਿਸੇ ਪੁਸਤਕ ਦਾ ਪੜ੍ਹਨਾ ਆਦਿਕ।

ਕੁਝ ਅੱਖਰਾਂ ਲਈ ਨਿਯਮ

ਆਮ ਵਿਦਿਆਰਥੀ 'ਯ' 'ਵ' 'ਨ' 'ਣ' 'ਹ' ਅਤੇ ਦੁੱਤ ਅੱਖਰਾਂ ਦੀ ਵਰਤੋਂ ਵਿਚ ਗ਼ਲਤੀਆਂ ਕਰ ਜਾਂਦੇ ਹਨ। ਉਹਨਾਂ ਵਿਦਿਆਰਥੀਆਂ ਨੂੰ ਇਹ ਭਾਗ ਬਹੁਤ ਗਹੁ ਨਾਲ ਪੜ੍ਹਨਾ ਚਾਹੀਦਾ ਹੈ।

ਹੇਠਾਂ ਹਰ ਇਕ ਸ਼ਬਦ ਦੀ ਵਰਤੋਂ ਵਖਰੀ ਵਖਰੀ ਦੱਸੀ ਗਈ ਹੈ।

ਯ ਤੇ ਵ ਦੀ ਵਰਤੋਂ ਲਈ ਨਿਯਮ

(1) ਸ਼ੁਧ ਪੰਜਾਬੀ ਲਿਖਣ ਲਈ 'ਯ' ਤੇ 'ਵ' ਦੀ ਵਰਤੋਂ ਆਉਣੀ ਅਤੀ ਜ਼ਰੂਰੀ ਹੈ। ਪਿਛੇ ਪੁਰਾਣੀ ਪੰਜਾਬੀ ਵਿਚ 'ਰ' ਦੀ ਵਰਤੋਂ ਬਹੁਤ ਜ਼ਰੂਰੀ ਹੁੰਦੀ ਸੀ ਹਿੰਦੀ ਵਿਚ ਯ ਤੇ ਵ ਦੀ ਵਰਤੋਂ ਆਮ ਵੇਖੀ ਜਾਂਦੀ ਹੈ। ਪਰ ਇਹ ਵਰਤੋਂ ਪੰਜਾਬੀ ਵਿਚ ਕੇਂਦਰੀ ਬੋਲੀ ਦੇ ਨਿਯਮਾਂ ਅਨੁਸਾਰ ਗ਼ਲਤ ਖਿਆਲ ਕੀਤੀ ਜਾਂਦੀ ਹੈ। ਇਹ ਠੀਕ ਹੈ ਕਿ ਪੰਜਾਬੀ ਕਵੀਆਂ ਨੂੰ ਆਪਣੀਆਂ ਕਵਿਤਾਵਾਂ ਦੀਆਂ ਸਤਰਾਂ

ਦੀ ਗਿਣਤੀ ਪੂਰੀ ਰਖਣ ਲਈ ਸੁਰਾਂ ਦੀ ਵਰਤੋਂ ਲਈ ਪੂਰਾ ਅਧਿਕਾਰ ਹੈ। ਉਰਦੂ ਵਿਚ 'ਯ' ਤੇ 'ਵ' ਸੁਰੀ ਰੂਪ ਵਿਚ ਵਰਤੇ ਜਾਂਦੇ ਹਨ।

ਯ=ਇ+ਅ ਜਾਂ (ਏ+ਉ) ਅਤੇ ਵ=ਉ+ਾ

(1) ਜੁਆਨੀ=ਜੁਆਨੀ (2) ਜੁਆਨ=ਜੁਆਨ (3) ਖ਼ਯਾਲ=ਖ਼ਿਆਲ (4) ਤਯੋਂ=ਤਿਉਂ (5) ਸੁਆਮੀ=ਸੁਆਮੀ (6) ਪਯਾਰ=ਪਿਆਰ (7) ਗਿਯਾਨੀ =ਗਿਆਨੀ ਆਦਿ।

ਇਸ ਗੱਲ ਦਾ ਖਿਆਲ ਰੱਖਣਾ ਅਤੇ ਜ਼ਰੂਰੀ ਹੈ ਕਿ 'ਗਿਆਨੀ' ਦੀ ਥਾਂ ਗਿਯਾਨੀ ਲਿਖਿਆਂ ਗ਼ਲਤ ਨਹੀਂ ਹੋ ਜਾਂਦਾ। ਕਈ ਵਾਰੀ 'ਯ' ਸਿਹਾਰੀ ਦਾ ਕੰਮ ਭੀ ਦਿੰਦਾ ਹੈ।

(2) ਹਿੰਦੀ ਜਾਂ ਸੰਸਕ੍ਰਿਤੀ ਵਿਚ ਵਰਤਿਆ ਹੋਇਆ 'ਯ' ਜਦੋਂ ਵਿਅੰਜਨ ਦੇ ਰੂਪ ਵਿਚ ਹੋਵੇ ਤਾਂ 'ਜ' ਦੀ ਅਵਾਜ਼ ਦੇਂਦਾ ਹੈ, ਜਿਵੇਂ—

ਯੁਵਰਾਜ=ਜੁਵਰਾਜ, ਯੋਗਨੀ=ਜੋਗਨੀ, ਵਿਯੋਗ=ਵਿਜੋਗ।

(3) ਜਦੋਂ ਕਦੀ ਸੰਸਕ੍ਰਿਤੀ ਜਾਂ ਹਿੰਦੀ ਅੱਖਰਾਂ ਦੇ ਅੰਤ ਵਿਚ ਸੁਰੀ ਰੂਪ ਵਿਚ ਆਵੇ ਤੇ ਜਿਸ ਸਮੇਂ ਉਨ੍ਹਾਂ ਨੂੰ ਪੰਜਾਬੀ ਵਿਚ ਬਦਲਿਆ ਜਾਵੇ ਤਾਂ ਉਨ੍ਹਾਂ ਦਾ 'ਯ' ਲਾਹ ਦਿਤਾ ਜਾਵੇਗਾ ਜਿਵੇਂ—

ਜਯ=ਜੈ, ਸਮਯ=ਸਮਾਂ, ਪੂਜਯ=ਪੂਜ।

(4) ਕਈ ਵਾਰੀ ਪੰਜਾਬੀ ਵਿਚ 'ਵ' ਦੀ ਥਾਂ 'ਉ' ਆ ਜਾਂਦਾ ਹੈ, ਜਿਵੇਂ= ਅਵਗੁਣ-ਅਉਗਣ ਜਾਂ ਔਗੁਣ ਆਦਿ।

'ਨ' ਤੇ 'ਣ' ਦੀ ਵਰਤੋਂ ਲਈ ਕੁਝ ਨਿਯਮ।

(1) ਪੰਜਾਬੀ ਵਿਚ ਭਾਵਰਥ ਦੇ ਚਿੰਨ੍ਹ ਨਾ, ਣਾ ਹੈ ਪਰ ਨਾਂ ਜਾ ਣਾਂ ਨਹੀਂ ਹੈ। ਇਨ੍ਹਾਂ ਦੀ ਵਰਤੋਂ ਹੇਠਾਂ ਲਿਖੀ ਗਈ ਹੈ ਜਿਵੇਂ—

ਸ਼ੁਧ—ਪੀਣਾ, ਜੀਣਾ, ਖਾਣਾ, ਲਭਣਾ, ਹੱਸਣਾ,

ਅਸ਼ੁਧ—ਪੀਨਾ, ਜੀਨਾ, ਖਾਨਾ, ਲਭਨਾ, ਹਸਨਾ।

(2) ਜਦੋਂ ਭਾਵਾਰਥ ਦੇ ਚਿੰਨ੍ਹ ਵਾਲੇ ਅੱਖਰ ਤੋਂ ਪਹਿਲਾਂ 'ਰ' ੜ, ਜਾਂ ੜ੍ਹ ਹੋਵੇ ਤਾਂ ਭਾਵਾਰਥ ਦਾ ਚਿੰਨ੍ਹ 'ਨ' ਹੋ ਜਾਂਦਾ ਹੈ। ਜਿਵੇਂ—

ਸ਼ੁਧ—ਪੜ੍ਹਨਾ, ਤੁਰਨਾ ਕਰਨਾ, ਕੁੜ੍ਹਨਾ, ਵਰ੍ਹਨਾ, ਮਰਨਾ।

ਅਸ਼ੁਧ—ਪੜ੍ਹਣਾ, ਤੁਰਣਾ, ਕਰਣਾ, ਕੁੜ੍ਹਣਾ, ਵਰ੍ਹਣਾ, ਮਰਣਾ।

(3) ਕਈ ਵਾਰੀ ਉੱਤੇ ਲਿਖੇ ਹੋਏ ਨਿਯਮ ਨੂੰ ਤੋੜਿਆ ਭੀ ਜਾਂਦਾ ਹੈ। ਜਦੋਂ ਕਦੀ ਭਾਵਰਥ ਦਾ ਅੰਤਲਾ ਅੱਖਰ 'ਰ' 'ੜ' ਅਤੇ 'ਣ' ਮੁਕਤਾ ਨਾ ਹੋਵੇ ਸਗੋਂ ਉਸ ਨਾਲ ਕੋਈ ਮਾਤਰਾ ਹੋਵੇ ਤਦ ਉਸ ਹਾਲਤ ਵਿਚ 'ਣ' ਹੀ ਵਰਤਣਾ ਚਾਹੀਦਾ ਹੈ ਜਿਵੇਂ—ਪਰੋਣਾ ਆਦਿ।

ਇਸ ਵਿਚ ਧਾਤੂ 'ਪ੍ਰੋ' ਵਿਚਾਰ, ਨਾਲ ਹੋੜਾ ਲੱਗਾ ਹੋਇਆ ਹੈ ਜੋ ਮੁਕਤਾ ਨਹੀਂ। ਇਸ ਲਈ ਇਸ ਨਾਲ 'ਣਾ' ਹੀ ਰਹਿਣਾ ਚਾਹੀਦਾ ਹੈ, 'ਨ' ਨਹੀਂ ਹੋ ਸਕਦਾ।

(4) ਕਈ ਸ਼ਬਦ ਐਸੇ ਹਨ ਜਿਨ੍ਹਾਂ ਵਿਚੋਂ 'ਨ' ਦੀ ਥਾਂ 'ਣ' ਵਰਤ ਲਿਆ ਜਾਵੇ ਤਾਂ ਅਰਥਾਂ ਵਿਚ ਫਰਕ ਪੈ ਜਾਂਦਾ ਹੈ, ਜਿਵੇਂ—

ਆਨਾ=ਚਾਰ ਪੈਸਿਆਂ ਦਾ ਸਿੱਕਾ।
ਆਣਾ=ਕਿਰਿਆ [ਆਉਣਾ]
ਰੰਨ=ਵਹੁਟੀ
ਰਣ=ਲੜਾਈ।

ਬਹੁਤ ਕਰ ਕੇ ਦੇਖਿਆ ਗਿਆ ਹੈ ਕਿ 'ਨ' ਨਾਂਵ ਦੇ ਪਿਛੋਂ ਆਉਂਦਾ ਅਤੇ 'ਣ' ਕਿਰਿਆ ਤੋਂ ਪਿਛੋਂ ਆਉਂਦਾ ਹੈ, ਜਿਵੇਂ—

ਨਾਂਵ—ਜਾਨ, (ਜਿੰਦ), ਜਮਨਾ (ਜਮਨਾ ਇਕ ਦਰਿਆ ਦਾ ਨਾਂ ਹੈ)।
ਕਿਰਿਆ ਜਾਣ, [ਕਿਰਿਆ] ਜੰਮਣਾ [ਦਹੀਂ ਆਦਿ ਦਾ ਜੰਮਣਾ]।

(5) ਅੰਤ ਵਿਚ ਵਿਦਿਆਰਥੀਆਂ ਨੂੰ ਦੱਸ ਦੇਣਾ ਅਤੀ ਜ਼ਰੂਰੀ ਹੈ ਕਿ ਉਨ੍ਹਾਂ ਨੂੰ 'ਣ' ਅਤੇ 'ਨ' ਦੀ ਵਰਤੋਂ ਵਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਵਿਦਿਆ-ਰਥੀਆਂ ਨੂੰ ਇਨ੍ਹਾਂ ਦੀਆਂ ਆਵਾਜ਼ਾਂ ਅਨੁਸਾਰ ਇਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉੱਤੇ ਲਿਖੀਆਂ ਹੋਈਆਂ ਉਦਾਹਰਣਾਂ ਨੂੰ ਪੜ੍ਹ ਕੇ ਚੰਗੀ ਤਰ੍ਹਾਂ ਆਪਣੇ ਮਨ ਵਿਚ ਬੈਠਾ ਲੈਣ ਤਾਂ ਜੋ ਇਹ ਗਲਤੀ ਨਾ ਹੋਵੇ।

ਹ ਦੀ ਵਰਤੋਂ ਲਈ ਨਿਯਮ

ਇਹ ਆਮ ਤੌਰ ਤੇ ਦੇਖਿਆ ਗਿਆ ਹੈ ਕਿ 'ਹ' ਦੀ ਵਰਤੋਂ ਸ਼ਬਦ ਜੋੜਾਂ ਵਿਚ ਬਹੁਤੀ ਆਉਂਦੀ ਹੈ। ਇਸ ਦੀ ਵਰਤੋਂ ਕਈ ਵਾਰੀ ਚੰਗੇ ਪੜ੍ਹੇ ਲਿਖੇ ਵੀ ਅਸ਼ੁੱਧ ਕਰ ਦੇਂਦੇ ਹਨ। ਇਥੇ ਇਸਦੀ ਠੀਕ ਵਰਤੋਂ ਦੱਸਣ ਲਈ ਲੋੜੀਂਦਾ ਯਤਨ ਕੀਤਾ ਗਿਆ ਹੈ।

(1) ਇਸ ਵਿਚ ਇਹ ਖਿਆਲ ਰੱਖਣਾ ਅਤੀ ਜ਼ਰੂਰੀ ਹੈ ਕਿ ਜੇ 'ਹ' ਅੱਖਰ ਤੋਂ ਪਹਿਲਾਂ ਵਰਤੇ ਗਏ ਅੱਖਰ ਦੀ ਆਵਾਜ਼ 'ਲਾਂ' ਵਾਲੀ ਹੈ ਤਾਂ ਉਸ 'ਲ' ਦੀ ਥਾਂ ਸਿਹਾਰੀ ਲਗਾਈ ਜਾਂਦੀ ਹੈ। ਇਸ ਤਰ੍ਹਾਂ ਸ਼ਬਦ ਸ਼ੁੱਧ ਹੋ ਜਾਂਦਾ ਹੈ, ਜਿਵੇਂ—

ਅਸ਼ੁੱਧ	ਸ਼ੁੱਧ	ਅਸ਼ੁੱਧ	ਸ਼ੁੱਧ
ਮੇਹਣਾ	ਮਿਹਣਾ	ਜੇਹੜਾ	ਜਿਹੜਾ

(2) ਜੇ ਤੁਹਾਨੂੰ 'ਹ' ਅੱਖਰ ਤੋਂ ਪਹਿਲੇ ਅੱਖਰ ਨਾਲ ਦੁਲਾਵਾਂ ਦੀ ਆਵਾਜ਼ ਪ੍ਰਤੀਤ ਹੋਵੇ ਤਾਂ ਉਸ ਦੀਆਂ ਦੁਲਾਵਾਂ ਹਟਾ ਕੇ ਮੁਕਤਾ ਬਣਾ ਦਿਓ ਤੇ 'ਹ' ਅੱਖਰ ਨਾਲ ਸਿਹਾਰੀ ਲਾ ਦਿਓ ਤਾਂ ਸ਼ਬਦ ਸ਼ੁੱਧ ਹੋ ਜਾਵੇਗਾ, ਜਿਵੇਂ—

ਅਸ਼ੁੱਧ	ਸ਼ੁੱਧ	ਅਸ਼ੁੱਧ	ਸ਼ੁੱਧ
ਗੈਹਣਾ	ਗਹਿਣਾ	ਸ਼ੈਹਰ	ਸ਼ਹਿਰ

(3) ਜਦੋਂ 'ਹ' ਅੱਖਰ ਤੋਂ ਪਹਿਲੇ ਅੱਖਰ ਦੀ ਆਵਾਜ਼ ਹੋੜੇ ਵਾਲੀ ਪ੍ਰਤੀਤ ਹੋਵੇ ਤਾਂ ਉਸ ਅੱਖਰ ਨਾਲੋਂ 'ਹੋੜਾ' ਹਟਾ ਕੇ 'ਔਂਕੜ' ਲਗਾ ਦਿਓ ਤਾਂ ਸ਼ਬਦ ਠੀਕ ਹੋ ਜਾਵੇਗਾ, ਜਿਵੇਂ—

ਅਸ਼ੁੱਧ	ਸ਼ੁੱਧ	ਅਸ਼ੁੱਧ	ਸ਼ੁੱਧ
ਸੋਹਣਾ	ਸੁਹਣਾ	ਥੋਹੜਾ	ਥੁਹੜਾ

(4) ਜਦੋਂ 'ਹ' ਅੱਖਰ ਤੋਂ ਪਹਿਲੇ ਅੱਖਰ ਦੀ ਅਵਾਜ਼ ਕਨੌੜੇ ਵਾਲੀ ਪ੍ਰਤੀਤ ਹੋਵੇ ਤਾਂ ਕਨੌੜੇ ਵਾਲੇ ਅੱਖਰ ਨੂੰ ਮੁਕਤਾ ਬਣਾ ਦਿਓ ਤੇ 'ਹ' ਨੂੰ ਔਂਕੜ ਲਗਾ ਦਿਓ ਤਾ ਸ਼ਬਦ ਠੀਕ ਹੋ ਜਾਵੇਗਾ ਜਿਵੇਂ—

ਅਸ਼ੁੱਧ	ਸ਼ੁੱਧ	ਅਸ਼ੁੱਭ	ਸ਼ੁੱਧ
ਖੌਹਰਾ	ਖਹੁਰਾ	ਬੌਹਤਾ	ਬਹੁਤਾ

(5) ਜਦ 'ਹ' ਅੱਖਰ ਦੀ ਆਵਾਜ਼ ਕਿਸੇ ਹੋਰ ਅੱਖਰ ਨਾਲ ਰਲ ਕੇ ਬੋਲੀ ਜਾਵੇ ਤਾਂ ਉਸ ਅੱਖਰ ਦੇ ਪੈਰਾਂ ਵਿਚ 'ਹ' ਲਿਖਿਆ ਜਾਂਦਾ ਹੈ, ਜਿਵੇਂ—

ਵਰ੍ਹ, ਪੜ੍ਹ, ਗੜ੍ਹ, ਕਲ੍ਹ, ਜਿਨ੍ਹਾਂ ਆਦਿ।

(6) ਇਹ ਯਾਦ ਰਖਣ ਵਾਲੀ ਗੱਲ ਹੈ ਕਿ ਜਦ ਮੂਲ ਧਾਤੂ ਵਿਚ 'ਹ' ਪੈਰਾਂ ਵਿਚ ਲਿਖਿਆ ਹੋਵੇਗਾ ਤਾਂ ਫਿਰ ਉਸ ਤੋਂ ਬਣਨ ਵਾਲੀਆਂ ਕਿਰਿਆਵਾਂ ਦੇ

ਭੀ 'ਹ' ਪੈਰਾਂ ਵਿਚ ਲਿਖਿਆ ਜਾਵੇਗਾ ਜਿਵੇਂ—

ਵਰ੍ਹ ਤੋਂ ਵਰ੍ਹਨਾ, ਵਰ੍ਹਾਉਣਾ, ਵਰ੍ਹਦਾ, ਵਰ੍ਹੇ, ਵਰ੍ਹੇਗਾ।

(7) ਪੜਨਾਂਵ ਹੇਠ ਲਿਖੇ ਗਏ ਹਨ ਇਹਨਾਂ ਵਿਚ 'ਹ' ਪੈਰੀਂ ਹੈ ਲਗਾਇਆ ਜਾਂਦਾ ਹੈ ਅਤੇ ਵਿਸ਼ੇਸ਼ਣ ਵਿਚ 'ਹ' ਨੂੰ ਪੈਰੀਂ ਲਿਖਣਾ ਅਸ਼ੁੱਧ ਖਿਆਲ ਕੀਤਾ ਜਾਂਦਾ ਹੈ, ਜਿਵੇਂ :—

ਪੜਨਾਂਵ—ਜਿਨ੍ਹਾਂ, ਤਿਨ੍ਹਾਂ, ਉਨ੍ਹੀਂ, ਆਦਿਕ।

ਵਿਸ਼ੇਸ਼ਣ—ਜਿਨਾਂ, ਤਿਨਾਂ, ਉਨ੍ਹੀਂ, ਆਦਿਕ।

(8) ਕਈ ਵਾਰ 'ਹ' ਸ਼ਬਦ ਦੇ ਪੈਰ ਵਿਚ ਲਿਖਿਆਂ ਸ਼ਬਦਾਂ ਦੇ ਅਰਥਾਂ ਵਿਚ ਫਰਕ ਪੈ ਜਾਂਦਾ ਹੈ ਅਤੇ ਅਰਥ ਬਦਲ ਜਾਂਦੇ ਹਨ, ਜਿਵੇਂ—

(ੳ) ਤਰਾਂ (ਇਕ ਪ੍ਰਕਾਰ ਦਾ ਫਲ)—ਤਰਾਂ ਖਾ ਕੇ ਪਾਣੀ ਪੀਣਾ ਹਾਨੀ-ਕਾਰਕ ਹੁੰਦਾ ਹੈ।

(ਅ) ਤਰ੍ਹਾਂ (ਵਾਂਗ) ਜੇ ਤੂੰ ਚੰਗੀ ਤਰ੍ਹਾਂ ਮਿਹਨਤ ਕਰੇਂਗਾ ਤਾਂ ਚੰਗੇ ਨੰਬਰ ਲੈ ਕੇ ਪਾਸ ਹੋ ਜਾਵੇਂਗਾ।

ਨਾਉਂ (Noun)

ਜੋ ਸ਼ਬਦ ਕਿਸੇ ਚੀਜ਼ ਅਸਥਾਨ ਜਾਂ ਜੀਵ ਦੇ ਨਾਂ ਨੂੰ ਪ੍ਰਗਟ ਕਰਨ ਉਨ੍ਹਾਂ ਨੂੰ ਨਾਉਂ ਆਖਿਆ ਜਾਂਦਾ ਹੈ, ਜਿਵੇਂ—ਮੁੰਡਾ, ਘੋੜਾ, ਕਲਮ, ਮੇਜ਼, ਦਰਿਆ, ਪਹਾੜ, ਦੁਧ ਤੇ ਜਮਾਤ ਆਦਿ। ਨਾਉਂ ਪੰਜ ਪ੍ਰਕਾਰ ਦੇ ਹੁੰਦੇ ਹਨ, ਜਿਵੇਂ :—

1. ਜਾਤੀ ਨਾਉਂ ਜਾਂ ਆਮ ਨਾਉਂ (Common noun)
2. ਖਾਸ ਨਾਉਂ। (Proper noun)
3. ਇਕੱਠ ਵਾਚਕ ਨਾਉਂ। (Collective noun)
4. ਵਸਤ ਵਾਚਕ ਨਾਉਂ। (Material noun)
5. ਭਾਵ ਵਾਚਕ ਨਾਉਂ। (Abstract noun)

1. ਜਾਤੀ ਨਾਉਂ—ਉਸ ਨਾਉਂ ਨੂੰ ਜਾਤੀ ਨਾਉਂ ਆਖਿਆ ਜਾਂਦਾ ਹੈ ਜੋ ਕਿਸੇ ਪ੍ਰਕਾਰ ਦੀਆਂ ਸਾਰੀਆਂ ਚੀਜ਼ਾਂ ਜਾਂ ਉਸ ਸ਼ਰੇਣੀ ਵਿਚੋਂ ਕਿਸੇ ਇਕ ਚੀਜ਼ ਨੂੰ ਸਾਂਝੇ ਤੌਰ ਤੇ ਦੱਸਣ ਲਈ ਵਰਤਿਆ ਜਾਵੇ, ਜਿਵੇਂ—

ਮੁੰਡਾ, ਸ਼ਹਿਰ, ਪਹਾੜ, ਸਕੂਲ, ਆਦਿਕ।

ਨੋਟ—ਸਾਨੂੰ ਇਹ ਨਹੀਂ ਪਤਾ ਕਿ ਕਿਹੜਾ ਮੁੰਡਾ ਜਾਂ ਕਿਹੜਾ ਸ਼ਹਿਰ ਇਸ ਲਈ ਇਹ ਆਮ ਮੁੰਡੇ ਤੇ ਸ਼ਹਿਰ ਲਈ ਆਮ ਨਾਉਂ ਹੈ।

2. ਖਾਸ ਨਾਉਂ—ਉਹ ਨਾਉਂ ਜਿਹੜਾ ਕਿਸੇ ਖਾਸ ਵਸਤੂ ਜੀਵ ਜਾਂ ਆਦਿ ਨੂੰ ਦਰਸਾਵੇ ਅਤੇ ਉਸ ਨੂੰ ਆਮ ਤੋਂ ਖਾਸ ਇਸ ਤਰ੍ਹਾਂ ਬਣਾਵੇ ਕਿ ਉਹ ਚੀਜ਼ ਆਪਣੇ ਵਰਗੀ ਆਪ ਹੀ ਹੋਵੇ ਉਸਨੂੰ ਖਾਸ ਨਾਉਂ ਆਖਦੇ ਹਨ, ਜਿਵੇਂ—ਗੁਰਦੀਪ ਸਿੰਘ, ਜਲੰਧਰ, ਹਿਮਾਲਿਆ ਤੇ ਰਾਵੀ ਆਦਿਕ।

3. ਇਕੱਠ ਵਾਚਕ ਨਾਉਂ—ਉਹ ਨਾਉਂ ਜੋ ਅੱਡੋ ਅੱਡ ਚੀਜ਼ਾਂ, ਜੀਵਾਂ ਜਾਂ ਇਕੋ ਜਹੀਆਂ ਚੀਜ਼ਾਂ ਜੀਵਾਂ ਨੂੰ ਇਕ ਹੀ ਇਕੱਠ ਵਿਚ ਪ੍ਰਗਟ ਕਰੇ ਉਸ ਨੂੰ ਇਕੱਠ ਵਾਚਕ ਨਾਉਂ ਆਖਿਆ ਜਾਂਦਾ ਹੈ ਜਿਵੇਂ—ਜਮਾਤ, ਇੱਜੜ, ਤ੍ਰਿੰਝਣ, ਕਮੇਟੀ, ਫ਼ੌਜ ਆਦਿਕ।

4. ਵਸਤੂ ਵਾਚਕ ਨਾਉਂ—ਉਹ ਨਾਉਂ ਜੋ ਕਿਸੇ ਇਹੋ ਜਿਹੀ ਚੀਜ਼ ਨੂੰ ਪ੍ਰਗਟ ਕਰੇ ਜੋ ਤੋਲੀ ਜਾਂ ਮਿਣੀ ਜਾ ਸਕੇ, ਉਸ ਨੂੰ ਵਸਤੂ ਵਾਚਕ ਨਾਉਂ ਆਖਿਆ ਜਾਂਦਾ ਹੈ ਜਿਵੇਂ :—ਪਾਣੀ, ਚਾਂਦੀ, ਸੋਨਾ, ਦੁਧ, ਆਟਾ, ਤੇਲ ਆਦਿਕ।

5. ਭਾਵ ਵਾਚਕ ਨਾਉਂ—ਉਹ ਨਾਉਂ ਜਿਹੜਾ ਕਿਸੇ ਹਾਲਤ, ਸੁਆਦ, ਭਾਵ, ਗੁਣ ਅਤੇ ਹੁਨਰ ਨੂੰ ਪ੍ਰਗਟ ਕਰੇ ਜਾਂ ਉਹਨਾਂ ਚੀਜ਼ਾਂ ਨੂੰ ਦਰਸਾਵੇ ਜੋ ਦੇਖੀਆਂ ਜਾਂ ਛੋਹੀਆਂ ਨਾ ਜਾ ਸਕਣ ਤੇ ਕੇਵਲ ਉਹਨਾਂ ਨੂੰ ਅਨੁਭਵ ਹੀ ਕੀਤਾ ਜਾ ਸਕੇ ਉਸ ਨੂੰ ਭਾਵ ਵਾਚਕ ਨਾਉਂ ਆਖਿਆ ਜਾਂਦਾ ਹੈ, ਜਿਵੇਂ :—ਗਰੀਬੀ, ਮਿਠਾਸ, ਪਿਲੱਤਣ ਤੇ ਸਚਾਈ ਆਦਿਕ।

ਲਿੰਗ (Gender)

ਇਸਤਰੀ ਪੁਰਸ਼ ਦੇ ਭੇਦ ਨੂੰ ਦੱਸਣ ਦਾ ਨਾਂ ਲਿੰਗ ਹੈ, ਇਹ ਦੋ ਪ੍ਰਕਾਰ ਦੇ ਹੁੰਦੇ ਹਨ :—

1. ਪੁਲਿੰਗ (Mesculine Gender)—ਨਾਂਵ ਦੇ ਮਰਦਾਵੇਂ ਰੂਪ ਨੂੰ ਪੁਲਿੰਗ ਆਖਿਆ ਜਾਂਦਾ ਹੈ, ਜਿਵੇਂ :—

ਆਦਮੀ, ਕੁੱਤਾ, ਮੁੰਡਾ ਆਦਿਕ।

2. ਇਸਤਰੀ ਲਿੰਗ (Feminine Gender) ਨਾਂਵ ਦ ਜਨਾਨੇ

ਰੂਪ ਨੂੰ ਇਸਤਰੀ ਲਿੰਗ ਆਖਿਆ ਜਾਂਦਾ ਹੈ, ਜਿਵੇਂ :—

ਕੁੜੀ, ਕੁੱਤੀ, ਸ਼ੇਰਨੀ ਆਦਿਕ।

ਲਿੰਗ ਦੀ ਪਛਾਣ

1. ਪੁਲਿੰਗ ਤੇ ਇਸਤਰੀ ਲਿੰਗ ਦੀ ਸਭ ਤੋਂ ਵਡੀ ਪਛਾਣ ਨਾਂਵ ਨਾਲ ਵਰਤੀ ਗਈ ਕਿਰਿਆ ਤੋਂ ਹੋ ਸਕਦੀ ਹੈ। ਜੇ ਕਿਰਿਆ ਦੇ ਅੰਤ ਵਿਚ ਕੰਨਾ (ਾ) ਵਰਤਿਆ ਗਿਆ ਹੈ ਤਾਂ ਫਿਰ ਨਾਂਵ ਆਮ ਤੌਰ ਤੇ ਪੁਲਿੰਗ ਹੀ ਹੋਵੇਗਾ ਪਰ ਜੇ ਕਿਰਿਆ ਦੇ ਅੰਤ ਵਿਚ ਬਿਹਾਰੀ (ੀ) ਹੈ ਤਾਂ ਆਮ ਤੌਰ ਤੇ ਇਸਤਰੀ ਲਿੰਗ ਹੋਵੇਗਾ, ਜਿਵੇਂ :—

ਪੁਲਿੰਗ—ਬੈਠਦਾ, ਜਾਂਦਾ, ਖਾਵੇਗਾ ਆਦਿਕ।

ਇਸਤਰੀ ਲਿੰਗ—ਬੈਠਦੀ, ਜਾਂਦੀ, ਖਾਵੇਗੀ ਆਦਿਕ।

1. ਉਹ ਪੜਨਾਂਵ ਜਿਨ੍ਹਾਂ ਦੇ ਅੰਤ ਵਿਚ (ਾ) ਹੋਵੇ ਪੁਲਿੰਗ ਹੁੰਦੇ ਹਨ, ਪਰ ਜਿਨ੍ਹਾਂ ਪੜਨਾਵਾਂ ਦੇ ਅੰਤ ਵਿਚ ਕੰਨਾ ਨਾ ਹੋਵੇ ਉਹਨਾਂ ਦੇ ਲਿੰਗ ਆਪਣੇ ਨਾਵਾਂ ਅਨੁਸਾਰ ਹੁੰਦੇ ਹਨ ਜਿਨ੍ਹਾਂ ਦੀ ਥਾਂ ਉਹ ਵਰਤੇ ਗਏ ਹੋਣ, ਜਿਵੇ :—

ਪੁਲਿੰਗ--ਕਾਕਾ ਸਕੂਲ ਗਿਆ ਹੋਇਆ ਹੈ। ਉਹ ਅਜੇ ਨਹੀਂ ਆਇਆ।

ਇਸਤਰੀ ਲਿੰਗ—ਕਾਕੀ ਸਕੂਲ ਗਈ ਹੋਈ ਹੈ। ਉਹ ਅਜੇ ਨਹੀਂ ਆਈ।

ਨੋਟ—ਪਹਿਲੇ ਵਾਕ ਵਿਚ ਉਹ ਪੁਲਿੰਗ ਹੈ ਅਤੇ ਦੂਜੇ ਵਾਕ ਵਿਚ ਨਾਉਂ ਦੇ ਅਨੁਸਾਰ ਉਹ ਇਸਤਰੀ ਲਿੰਗ ਹੈ।

3. ਉਹ ਸਾਰੇ ਵਿਸ਼ੇਸ਼ਣ ਜਿਨ੍ਹਾਂ ਵਿਚ ਕੰਨਾ (ਾ) ਲਗਾ ਹੁੰਦਾ ਹੈ, ਪੁਲਿੰਗ ਹੁੰਦੇ ਹਨ। ਜਿਨ੍ਹਾਂ ਦੇ ਅੰਤ ਵਿਚ ਕੰਨਾ ਨਹੀਂ ਹੁੰਦਾ ਇਸਤਰੀ ਲਿੰਗ ਹੁੰਦੇ ਹਨ; ਜਿਵੇਂ :—

ਪੁਲਿੰਗ—ਕਾਲਾ ਘੋੜਾ, ਚਿੱਟਾ ਖੇਸ ਆਦਿਕ।

ਇਸਤਰੀ ਲਿੰਗ ਬਣਾਉਣ ਦੇ ਕੁਝ ਨੇਮ

1. ਕਈ ਵਾਰੀ ਜੇ ਪੁਲਿੰਗ ਦੇ ਅੰਤਲੇ ਸ਼ਬਦ ਨਾਲ ਕੰਨਾ ਹੋਵੇ ਤਾਂ ਉਸ ਨੂੰ ਬਿਹਾਰੀ ਵਿਚ ਬਦਲ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਇਸਤਰੀ ਲਿੰਗ ਬਣ ਜਾਂਦਾ ਹੈ; ਜਿਵੇਂ :—

ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
ਮਾਮਾ	ਮਾਮੀ	ਚਰਖਾ	ਚਰਖੀ
ਦਾਦਾ	ਦਾਦੀ	ਕੁੱਤਾ	ਕੁੱਤੀ

(2) ਕਈ ਵਾਰੀ ਜੇ ਪੁਲਿੰਗ ਨਾਂਵ ਦਾ ਅੰਤਮ ਸ਼ਬਦ ਮੁਕਤਾ ਹੋਵੇ ਤਾਂ ਉਸ ਨਾਲ ਬਿਹਾਰੀ ਵਧਾਇਆਂ ਉਹ ਇਸਤਰੀ ਲਿੰਗ ਵਿਚ ਬਦਲ ਜਾਂਦਾ ਹੈ; ਜਿਵੇਂ—

ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
ਮੱਟ	ਮੱਟੀ	ਹੱਡ	ਹੱਡੀ
ਜੱਟ	ਜੱਟੀ	ਟੋਪ	ਟੋਪੀ

(3) ਕਈ ਵਾਰੀ ਜੇ ਪੁਲਿੰਗ ਨਾਂਵ ਦਾ ਅੰਤਮ ਸ਼ਬਦ ਮੁਕਤਾ ਹੋਵੇ ਤਾਂ ਉਸ ਨਾਲ 'ਨੀ' ਜਾਂ 'ਣੀ' ਵਧਾਉਣ ਨਾਲ ਉਹ ਇਸਤਰੀ ਲਿੰਗ ਵਿਚ ਬਦਲ ਜਾਂਦਾ ਹੈ, ਜਿਵੇ :—

ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
(ੳ) ਸ਼ੇਰ	ਸ਼ੇਰਨੀ	(ਅ) ਨਟ	ਨਟਣੀ
ਫ਼ਕੀਰ	ਫ਼ਕੀਰਣੀ	ਊਠ	ਊਠਣੀ

ਨੋਟ—(ੳ) ਵਾਲੇ ਭਾਗ ਵਿਚ ਮੁਕਤਾ ਵਾਲੇ ਸ਼ਬਦ ਨੂੰ ਇਸਤਰੀ ਲਿੰਗ ਬਣਾਉਣ ਵਾਸਤੇ 'ਨੀ' ਵਰਤੀ ਗਈ ਪਰ (ਅ) ਵਾਲੇ ਵਿਚ 'ਣੀ' ਵਰਤੀ ਗਈ ਹੈ।

(4) ਕਈ ਵਾਰੀ ਜੇ ਪੁਲਿੰਗ ਨਾਵਾਂ ਦਾ ਅੰਤਮ ਸ਼ਬਦ ਮੁਕਤਾ ਹੋਵੇ ਤਾਂ ਉਸ ਨਾਲ 'ੜੀ' ਵਧਾਇਆਂ ਇਸਤਰੀ-ਲਿੰਗ ਵਿਚ ਬਦਲ ਜਾਂਦੇ ਹਨ; ਜਿਵੇਂ :—

ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ
ਖੰਭ	ਖੰਭੜੀ	ਲਾਲ	ਲਾਲੜੀ
ਬਾਲ	ਬਾਲੜੀ	ਸੰਦੂਕ	ਸੰਦੂਕੜੀ

(5) ਕਈ ਵਾਰੀ ਪੁਲਿੰਗ ਨਾਵਾਂ ਦਾ ਅੰਤਮ ਸ਼ਬਦ ਮੁਕਤਾ ਹੋਵੇ ਤਾਂ (ਾ) ਕੰਨਾ ਤੇ 'ਣੀ' ਲਾਇਆਂ ਉਹ ਇਸਤਰੀ-ਲਿੰਗ ਵਿਚ ਬਦਲ ਜਾਂਦੇ ਹਨ, ਜਿਵੇਂ—

ਪੁਲਿੰਗ	**ਇਸਤਰੀ-ਲਿੰਗ**	**ਪੁਲਿੰਗ**	**ਇਸਤਰੀ-ਲਿੰਗ**
ਪੰਡਤ	ਪੰਡਤਾਣੀ	ਜੇਠ	ਜੇਠਾਣੀ
ਸੇਠ	ਸੇਠਾਣੀ	ਦਿਉਰ	ਦਿਉਰਾਣੀ

(6) ਕਈ ਵਾਰੀ ਬਿਹਾਰੀ ਪੁਲਿੰਗ ਨਾਂਵ ਦੇ ਅੰਤ ਵਿਚ ਹੁੰਦੀ ਹੈ। ਬਿਹਾਰੀ ਨੂੰ ਹਟਾ ਕੇ 'ਣ' ਅਤੇ 'ਨ' ਲਗਾਉਣ ਨਾਲ ਇਸਤਰੀ ਲਿੰਗ ਬਣਾਇਆ ਜਾਂਦਾ ਹੈ; ਜਿਵੇਂ :—

(ੳ) **ਪੁਲਿੰਗ**	**ਇਸਤਰੀ ਲਿੰਗ**	(ਅ) **ਪੁਲਿੰਗ**	**ਇਸਤਰੀ ਲਿੰਗ**
ਮੋਚੀ	ਮੋਚਣ	ਪੰਸਾਰੀ	ਪੰਸਾਰਣ
ਤੇਲੀ	ਤੇਲਣ	ਲਿਖਾਰੀ	ਲਿਖਾਰਣ

7. ਕਈ ਵਾਰੀ ਪੁਲਿੰਗ ਨਾਂਵ ਨਾਲੋਂ 'ਬਿਹਾਰੀ' ਤੇ 'ਆ' ਹਟ ਕੇ 'ਨ' ਲਗਾਇਆ ਇਸਤਰੀ ਲਿੰਗ ਬਣ ਜਾਂਦਾ ਹੈ, ਜਿਵੇਂ :—

ਪੁਲਿੰਗ	**ਇਸਤਰੀ-ਲਿੰਗ**	**ਪੁਲਿੰਗ**	**ਇਸਤਰੀ-ਲਿੰਗ**
ਪਹਾੜੀਆ	ਪਹਾੜਨ	ਲਾਹੌਰੀਆ	ਲਾਹੌਰਨ
ਪਸ਼ੌਰੀਆ	ਪਸ਼ੌਰਨ	ਹਟਵਾਣੀਆ	ਹਟਵਾਣਨ

8. ਕਈ ਵਾਰੀ ਬਿਹਾਰੀ ਅੰਤ ਨਾਵਾਂ ਨਾਲੋਂ ਬਿਹਾਰੀ ਹਟਾ ਕੇ 'ਣ' ਲਗਾਇਆਂ ਇਸਤਰੀ ਲਿੰਗ ਬਣ ਜਾਂਦੇ ਹਨ ਜਿਵੇਂ :—

ਦੁਆਬੀਆ ਤੋਂ ਦੁਆਬਣ ਜਾਂ ਪੂਰਬੀਆ ਤੋਂ ਪੂਰਬਣ ਆਦਿਕ।

9. ਕਈ ਵਾਰੀ ਬਿਹਾਰੀ ਤੋਂ ਅੰਤ ਨਾਵਾਂ ਨਾਲੋਂ ਬਿਹਾਰੀ ਹਟਾ ਕੇ ਉਸ ਦੀ ਥਾਂ 'ਨੀ' ਜਾਂ ਆਣੀ ਲਾਇਆਂ ਇਸਤਰੀ ਲਿੰਗ ਬਣ ਜਾਂਦੇ ਹਨ ਜਿਵੇਂ—

ਖਤਰੀ ਤੋਂ ਖਤਰਾਣੀ ਜਾਂ ਹਾਥੀ ਤੋਂ ਹਥਣੀ।

10. ਜਦੋਂ ਕਦੀ ਪੁਲਿੰਗ ਨਾਂਵਾਂ ਦੇ ਅੰਤ ਵਿਚ ਔਂਕੜ (ੁ) ਜਾਂ ਦੁਲੈਂਕੜੇ (ੂ) ਹੋਣ, ਉਨ੍ਹਾਂ ਨਾਵਾਂ ਦੇ ਇਸਤਰੀ ਲਿੰਗ ਬਣਾਉਣ ਲਈ 'ਆਣੀ' 'ਵਾਣੀ' 'ਜਾਂ 'ਣ' ਲਗਾਉਣੀ ਪੈਂਦੀ ਹੈ, ਜਿਵੇਂ—

ਪੇਂਡੂ ਤੋਂ ਪੇਂਡੂਆਣੀ ਜਾਂ ਹਿੰਦੂ ਤੋਂ ਹਿੰਦੂਵਾਣੀ।

11. ਕਈ ਪੁਲਿੰਗ ਨਾਂਵਾਂ ਦੇ ਅੰਤ ਵਿਚ ਬਿਹਾਰੀ ਹੋਵੇ ਤਾਂ ਇਸ ਨੂੰ ਹਟਾ ਦਿਤਾ ਜਾਂਦਾ ਹੈ ਤੇ 'ਇਣ' ਜਾਂ 'ਆਇਣ' ਲਾਇਆ ਇਸਤ੍ਰੀ ਲਿੰਗ ਬਣਾਇਆ

ਜਾਂਦਾ ਹੈ; ਜਿਵੇਂ:—

ਪੁਲਿੰਗ	ਇਸਤਰੀ-ਲਿੰਗ	ਪੁਲਿੰਗ	ਇਸਤ੍ਰੀ-ਲਿੰਗ
ਨਾਈ	ਨਾਇਣ	ਸੁਦਾਈ	ਸੁਦਾਇਣ

12. ਕਈ ਵਾਰੀ ਪੁਲਿੰਗ ਨਾਵਾਂ ਨੂੰ ਇਸਤਰੀ ਲਿੰਗ ਵਿਚ ਬੋਲਣ ਲਈ ਕੋਈ ਭੀ ਨੇਮ ਲਾਗੂ ਨਹੀਂ ਹੁੰਦਾ; ਜਿਵੇਂ:—

ਪੁਲਿੰਗ	ਇਸਤ੍ਰੀ-ਲਿੰਗ	ਪੁਲਿੰਗ	ਇਸਤ੍ਰੀ-ਲਿੰਗ
ਪਿਤਾ	ਮਾਤਾ	ਸਾਹਿਬ	ਮੇਮ
ਭਰਾ	ਭੈਣ	ਭੂਤ	ਚੁੜੇਲ
ਜੁਆਈ	ਧੀ	ਵਹਿੜਕਾ	ਵਛੀ
ਮੁੰਡਾ	ਕੁੜੀ	ਦਿਉ	ਪਰੀ
ਮਰਦ	ਤੀਵੀਂ	ਝੋਟਾ	ਮੱਝ
ਸਾਂਢੂ	ਸਾਲੀ	ਨਵਾਬ	ਬੇਗਮ
ਫੁਫੜ	ਭੂਆ	ਖਸਮ	ਰੰਨ
ਦੇਵਤਾ	ਦੇਵੀ	ਫਫਿਔਰਾ	ਫੁਫੇਹਸ
ਸਹੁਰਾ	ਸੱਸ	ਦਦਿਔਰਾ	ਦਦਹੇਸ

13. ਕਈ ਅਜਿਹੇ ਸ਼ਬਦ ਭੀ ਹਨ ਜਿਨ੍ਹਾਂ ਦਾ ਲਿੰਗ ਬਦਲਿਆ ਹੀ ਨਹੀਂ ਜਾ ਸਕਦਾ ਭਾਵ ਕਈ ਇਸਤਰੀ ਲਿੰਗਾਂ ਦੇ ਪੁਲਿੰਗ ਨਹੀਂ ਬਣਾਏ ਜਾਂਦੇ ਅਤੇ ਨਾ ਹੀ ਪੁਲਿੰਗ ਨੂੰ ਇਸਤਰੀ ਲਿੰਗ ਵਿਚ ਬਦਲਿਆ ਜਾ ਸਕਦਾ ਹੈ; ਜਿਵੇਂ :—

ਪੁਲਿੰਗ—ਅਕਾਸ਼, ਪਾਣੀ, ਗੁੱਸਾ, ਚੰਨ, ਸੂਰਜ ਆਦਿਕ।

ਇਸਤਰੀ ਲਿੰਗ—ਅੱਗ, ਧਰਤੀ, ਸ਼ਾਂਤੀ, ਹਵਾ ਆਦਿਕ।

ਕਈ ਵਾਰੀ ਇਕ ਪੁਲਿੰਗ ਦੇ ਦੋ ਇਸਤਰੀ ਲਿੰਗ ਵੀ ਹੋ ਸਕਦੇ ਹਨ, ਜਿਵੇਂ :—

ਪੁਲਿੰਗ	ਇਸਤਰੀ ਲਿੰਗ	ਇਸਤਰੀ ਲਿੰਗ
ਸਾਲਾ	ਸਾਲੇਹਾਰ	ਸਾਲੀ
ਭਰਾ	ਭਰਜਾਈ	ਭੈਣ

14. ਕਈ ਵਾਰੀ ਇਕ ਇਸਤਰੀ ਲਿੰਗ ਦੇ ਦੋ ਪੁਲਿੰਗ ਭੀ ਹੋ ਜਾਂਦੇ ਹਨ, ਜਿਵੇਂ :—

ਇਸਤਰੀ ਲਿੰਗ	ਪੁਲਿੰਗ	ਪੁਲਿੰਗ (ਸਮਪਦਵੀ)
ਧੀ	ਜੁਆਈ	ਪੁੱਤਰ
ਭੈਣ	ਭਣਵਈਆ	ਭਰਾ

(15) ਕਈ ਪੁਲਿੰਗ ਕੇਵਲ ਬਣਦੇ ਹੀ ਇਸਤਰੀ ਲਿੰਗ ਤੋਂ ਹਨ, ਜਿਵੇਂ—

ਇਸਤਰੀ ਲਿੰਗ—ਮਾਮੀ, ਭੈਣ, ਨਿਨਾਣ, ਧੀ ਆਦਿ ।

ਪੁਲਿੰਗ—ਮਾਮੜ, ਭਣਵਈਆ ਨਿਣਾਨਵਈਆ ਆਦਿ ।

(16) ਕਈ ਇਸਤਰੀ ਲਿੰਗ ਤੋਂ ਬਣੇ ਹੋਏ ਪੁਲਿੰਗ ਕੇਵਲ ਉਹਨਾਂ ਚੀਜ਼ਾਂ ਨੂੰ ਵੱਡਾ ਦਰਸਾਉਣ ਲਈ ਹੀ ਵਰਤੇ ਜਾਂਦੇ ਹਨ ਜਿਵੇਂ :—

ਇਸਤਰੀ-ਲਿੰਗ	ਪੁਲਿੰਗ	ਇਸਤਰੀ-ਲਿੰਗ	ਪੁਲਿੰਗ
ਥਾਲੀ	ਥਾਲ	ਕੈਂਚੀ	ਕੈਂਚ
ਦਾਤਰੀ	ਦਾਤ	ਬਾਟੀ	ਬਾਟਾ
ਛੁਰੀ	ਛੁਰਾ	ਪਹਾੜੀ	ਪਹਾੜ
ਪੋਥੀ	ਪੋਥਾ	ਤੱਕੜੀ	ਤੱਕੜ

(17) ਕਈ ਸ਼ਬਦ ਇਸ ਤਰ੍ਹਾਂ ਦੇ ਭੀ ਹੁੰਦੇ ਹਨ ਜੋ ਇਸਤਰੀ-ਲਿੰਗ ਕਰਕੇ ਵੀ ਅਤੇ ਪੁਲਿੰਗ ਕਰ ਕੇ ਭੀ ਵਰਤੇ ਜਾ ਸਕਦੇ ਹਨ । ਪਰ ਉਹਨਾਂ ਦੋਹਾਂ ਹਾਲਤਾਂ ਵਿਚ ਉਸਨਾਂ ਦੇ ਅਰਥਾ ਵਿਚ ਫਰਕ ਹੋਵੇਗਾ ਜਿਵੇਂ :—

(1) ਵਾਰ—(ਪੁਲਿੰਗ) ਸ਼ਿਵਾ ਜੀ ਨੇ ਸ਼ਾਇਸਤਾ ਖਾਂ ਤੇ ਬਧਨਖੇ ਦਾ ਵਾਰ ਕੀਤਾ ਤੇ ਉਹ ਮਰ ਗਿਆ । (ਧਾਵਾ)

ਵਾਰ—(ਇਸਤਰੀ-ਲਿੰਗ) ਕਲ੍ਹ ਨੂੰ ਪਹਿਰੇ ਜਾਣ ਦੀ ਮੇਰੀ ਵਾਰ ਹੈ । (ਵਾਰ)

ਵਾਰ—(,, ,,) ਅਜ ਮੈਂ ਆਸਾ ਦੀ ਵਾਰ ਸੁਣੀ (ਬਾਣੀ)

(2) ਪੱਤ (ਪੁਲਿੰਗ) ਪਤਝੜ ਦੀ ਰੁੱਤੇ ਪਿਪਲ ਦੇ ਪੱਤੇ ਝੜ ਜਾਂਦੇ ਹਨ । (ਪੱਤੇ)

ਪੱਤ—(ਇਸਤਰੀ-ਲਿੰਗ) ਅਜ ਗੁੜ ਦੀਆਂ ਸਾਰੀਆਂ ਪੱਤਾਂ ਖਰਾਬ ਹੋ ਗਈਆਂ ਹਨ । (ਇਕ ਪ੍ਰਕਾਰ ਦਾ ਆਪ ਬਣਾਇਆ ਹੋਇਆ ਗੁੜ)

(3) ਵੰਡ —(ਪੁਲਿੰਗ) ਗਾਂ ਨੇ ਵੰਡ ਖਾ ਲਿਆ । (ਛੋਲਿਆਂ ਦੀ ਦਾਲ)

ਵੰਡ—(ਇਸਤਰੀ-ਲਿੰਗ) ਸਾਡੇ ਸਕੂਲ ਵਿਚ ਇਨਾਮਾਂ ਦੀ ਵੰਡ ਅਜ ਸ਼ਾਮ ਨੂੰ ਹੋਵੇਗੀ। (ਤਕਸੀਮ)

(4) ਹਾਰ—(ਪੁਲਿੰਗ) ਮੁੰਡਿਆਂ ਨੇ ਹੈਡਮਾਸਟਰ ਜੀ ਦੇ ਗਲ ਵਿਚ ਹਾਰ ਪਾਏ। (ਫੁਲਾਂ ਦੇ ਹਾਰ)

ਹਾਰ—(ਇਸਤਰੀ ਲਿੰਗ) ਕਲ੍ਹ ਸਾਡੀ ਫੁਟਬਾਲ ਦੀ ਟੀਮ ਨੂੰ ਹਾਰ ਹੋਈ ਹੈ। (ਹਾਰਨਾ)

ਵਚਨ (Number)

ਸ਼ਬਦਾਂ ਦਾ ਉਹ ਰੂਪ ਜਿਸ ਤੋਂ ਉਹਨਾਂ ਦੀ ਗਿਣਤੀ ਦਾ ਭੇਦ ਪ੍ਰਗਟ ਹੋਵੇ 'ਵਚਨ' ਅਖਵਾਉਂਦਾ ਹੈ। ਇਹ ਦੋ ਪ੍ਰਕਾਰ ਦੇ ਹੁੰਦੇ ਹਨ—

(1) ਇਕ ਵਚਨ **(2) ਬਹੁ ਵਚਨ**

(1) ਇਕ ਵਚਨ (Singular)—ਜੋ ਸ਼ਬਦ ਇਕ ਚੀਜ਼ ਦੀ ਗਿਣਤੀ ਨੂੰ ਪ੍ਰਗਟ ਕਰੇ ਉਸ ਨੂੰ 'ਇਕ ਵਚਨ' ਆਖਿਆ ਜਾਂਦਾ ਹੈ।

(2) ਬਹੁ ਵਚਨ (Plural)—ਇਕ ਤੋਂ ਵਧੀਕ ਦੀ ਗਿਣਤੀ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਬਹੁ ਵਚਨ ਅਖਵਾਂਦਾ ਹੈ:—ਕੁੜੀਆਂ, ਅਸੀਂ, ਪੀਂਦੇ, ਭੈੜੇ ਆਦਿਕ।

ਬਹੁ ਵਚਨ ਬਣਾਉਣ ਦੇ ਕੁਝ ਨੇਮ

(1) ਜੇ ਪੁਲਿੰਗ ਇਕ ਵਚਨ ਸ਼ਬਦ ਦੇ ਅੰਤ ਵਿਚ ਕੰਨਾ ਹੋਵੇ ਤਾਂ ਉਸ ਨੂੰ ਹਟਾ ਕੇ ਲਾਂ ਲਗਾਉਣ ਨਾਲ ਬਹੁ ਵਚਨ ਬਣ ਜਾਂਦਾ ਹੈ, ਜਿਵੇਂ :—

ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਖੋਤਾ	ਖੋਤੇ	ਨਿੱਕਾ	ਨਿੱਕੇ
ਸੰਢਾ	ਸੰਢੇ	ਪੰਜਾ	ਪੰਜੇ

ਪਰ ਇਸ ਗੱਲ ਨੂੰ ਯਾਦ ਰੱਖਣਾ ਅਤੀ ਜਰੂਰੀ ਹੈ ਕਿ ਉਤੇ ਲਿਖਿਆ ਨੇਮ ਤੋੜਿਆ ਭੀ ਜਾ ਸਕਦਾ ਹੈ, ਜਿਵੇਂ—

ਮੇਰਾ ਛੋਟਾ ਭਰਾ ਵਕੀਲ ਹੈ। (ਇਕ ਵਚਨ)
ਮੇਰੇ ਤਿੰਨ ਭਰਾ ਹੁਸ਼ਿਆਰਪੁਰ ਰਹਿੰਦੇ ਹਨ। (ਬਹੁ ਵਚਨ)

(2) ਉਹ ਪੁਲਿੰਗ ਨਾਂਵ ਜਿਨ੍ਹਾਂ ਦੇ ਅੰਤ ਵਿਚ ਕੰਨਾ ਨਾ ਹੋਵੇ ਉਨ੍ਹਾਂ ਦੇ ਰੂਪ ਵਿਚ ਕੋਈ ਵੀ ਫਰਕ ਨਹੀਂ ਪੈਂਦਾ। ਭਾਵ ਉਨ੍ਹਾਂ ਦਾ ਰੂਪ ਇਕ ਵਚਨ ਤੇ

ਬਹੁ ਵਚਨ ਦੀ ਹਾਲਤ ਵਿਚ ਇਕੋ ਜਿਹਾ ਹੀ ਰਹਿੰਦਾ ਹੈ, ਜਿਵੇਂ—

ਦੋਸਤ, ਹਾਥੀ, ਮੋਰ ਤੇ ਮਾਲੀ ਆਦਿਕ ।

ਉਹ ਮੇਰਾ ਦੋਸਤ ਹੈ । (ਇਕ ਵਚਨ)

ਇਸ ਤਰ੍ਹਾਂ ਤੇ ਪੁਲਿੰਗ ਸ਼ਬਦਾਂ ਨਾਲ 'ਲੋਕ' ਜਾਂ 'ਹਨ' ਸ਼ਬਦ ਵਧਾਉਣ ਨਾਲ ਜਾਂ ਕੋਈ ਵਚਨ ਸੰਖਿਅਕ ਵਰਤਣ ਨਾਲ ਬਹੁ ਵਚਨ ਹੋ ਜਾਂਦੇ ਹਨ; ਜਿਵੇਂ :—

(ੳ) ਸਾਧ ਲੋਕ ਬਹੁਤ ਚੰਗੇ ਹੁੰਦੇ ਹਨ ।

(ਅ) ਸੰਤ ਜਨ ਵਾਹਿਗੁਰੂ ਦੇ ਪੂਰੇ ਭਗਤ ਹੁੰਦੇ ਹਨ ।

(3) ਜਦ ਇਸਤਰੀ ਲਿੰਗ ਪ੍ਰਗਟ ਕਰਨ ਵਾਲਿਆਂ ਦੇ ਅੰਤ ਵਿਚ 'ਕੰਨਾ' ਹੋਵੇ ਤਾਂ ਉਹ ਹਟਾਕੇ 'ਇ' ਜਾਂ 'ਵਾਂ' ਲਾ ਕੇ ਬਹੁ ਵਚਨ ਬਣਾਇਆ ਜਾਂਦਾ ਹੈ, ਜਿਵੇਂ :—

ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਗਾਂ	ਗਾਵਾਂ, ਗਾਈਂ	ਬਲਾ	ਬਲਾਈਂ, ਬਲਾਵਾਂ
ਹਵਾ	ਹਵਾਵਾਂ, ਹਵਾਈਂ	ਸਰਾਂ	ਸਰਾਈਂ, ਸਰਾਵਾਂ

ਪਰ ਯਾਦ ਰੱਖੋ ਕਈ ਵਾਰੀ ਇਸ ਤਰ੍ਹਾਂ ਦੇ ਨਾਵਾਂ ਦੇ ਅੰਤਲੇ ਕੰਨੇ ਉਤੇ ਬਿੰਦੀ ਲਗਾਇਆਂ ਹੀ ਬਹੁ ਵਚਨ ਰੂਪ ਵਿਚ ਬਦਲ ਜਾਂਦੇ ਹਨ, ਜਿਵੇਂ—

ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਕਵਿਤਾ	ਕਵਿਤਾਵਾਂ	ਕਥਾ	ਕਥਾਵਾਂ

(4) ਜਦੋਂ ਇਸਤਰੀ ਲਿੰਗ ਦੇ ਅੰਤ ਵਿਚ ਔਂਕੜ ਦੁਲੈਂਕੜੇ 'ਹੋੜਾ' ਕਨੌੜਾ ਜਾਂ ਬਿਹਾਰੀ ਹੋਵੇ ਤਾਂ ਉਹਨਾਂ ਸ਼ਬਦਾਂ ਨਾਲ 'ਆਂ' ਵਧਾਇਆਂ ਉਹ ਬਹੁ ਵਚਨ ਦਾ ਰੂਪ ਧਾਰ ਲੈਂਦੇ ਹਨ, ਜਿਵੇਂ—

ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਬਹੂ	ਬਹੂਆਂ	ਸੌ	ਸੌਆਂ
ਕੌਲੀ	ਕੌਲੀਆਂ	ਰੌ	ਰੌਆਂ

ਉਤੇ ਲਿਖਿਆ ਨੇਮ ਕੇਵਲ ਨਾਉਂ ਲਈ ਹੀ ਨਹੀਂ ਲਾਗੂ ਹੁੰਦਾ ਸਗੋਂ

ਪੜਨਾਂਵ, ਵਿਸ਼ੇਸ਼ਣ, ਕਿਰਿਆ ਤੇ ਸਬੰਧ-ਪਦ ਨਾਲ ਵੀ ਲਾਗੂ ਹੁੰਦਾ ਹੈ, ਜਿਵੇਂ—

	ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਸਬੰਧ ਪਦ	ਮੇਰੀ	ਮੇਰੀਆਂ	ਤੇਰੀ	ਤੇਰੀਆਂ
ਪੜਨਾਂਵ	ਕਿਹੜੀ	ਕਿਹੜੀਆਂ	ਜਿਹੜੀ	ਜਿਹੜੀਆਂ
ਵਿਸ਼ੇਸ਼ਣ	ਚੰਗੀ	ਚੰਗੀਆਂ	ਭੈੜੀ	ਭੈੜੀਆਂ
ਕਿਰਿਆ	ਪੀਂਦੀ	ਪੀਂਦੀਆਂ	ਗਾਉਂਦੀ	ਗਾਉਂਦੀਆਂ

(5) ਕਈ ਵਾਰੀ ਜਦ ਇਸਤਰੀ ਲਿੰਗ ਨਾਂਵ ਦੇ ਅੰਤ ਵਿਚ ਮੁਕਤਾ ਹੋਵੇ ਤਾਂ ਉਹਨਾਂ ਨੂੰ ਬਹੁਤ ਵਚਨ ਦੇ ਲਈ ਕੇਵਲ ਕੰਨੇ ਉਤੇ ਬਿੰਦੀ ਹੀ (ਾਂ) ਲਗਾਉਣੀ ਪੈਂਦੀ ਹੈ, ਜਿਵੇਂ—

ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਕਿਤਾਬ	ਕਿਤਾਬਾਂ	ਲੱਤ	ਲੱਤਾਂ
ਜ਼ੁਲਮ	ਜ਼ੁਲਮਾਂ	ਕਲਮ	ਕਲਮਾਂ

(6) ਕਈ ਵਾਰੀ ਜੇ ਇਸਤਰੀ ਲਿੰਗ ਨਾਵਾਂ ਦੇ ਅੰਤ ਵਿਚ ਬਿੰਦੀ ਜਾਂ ਟਿਪੀ ਲਗੀ ਹੋਈ ਤਾਂ ਉਹਨਾਂ ਨੂੰ ਬਹੁਤ ਵਚਨ ਰੂਪ ਦੇਣ ਲਈ ਉਹਨਾਂ ਨਾਲੋਂ ਬਿੰਦੀ ਟਿੱਪੀ ਹਟਾ ਕੇ 'ਆਂ' ਜਾਂ 'ਵਾਂ' ਲਗਾਇਆ ਜਾਂਦਾ ਹੈ; ਜਿਵੇਂ—

ਇਕ ਵਚਨ	ਬਹੁ ਵਚਨ	ਇਕ ਵਚਨ	ਬਹੁ ਵਚਨ
ਜੂੰ	ਜੂੰਆਂ	ਮਾਂ	ਰੂਹਾਂ
ਸਹੁੰ	ਸਹੁੰਆਂ	ਰੂਹ	ਰੂਹਾਂ

(7) ਜਦੋਂ ਕਦੀ ਕਿਸੇ ਸ਼ਬਦ ਨਾਲ ਆਦਰ ਵਾਚਕ ਸ਼ਬਦ ਭੀ ਵਰਤਿਆ ਜਾਏ ਤਾਂ ਉਸ ਦੀ ਕਿਰਿਆ ਬਹੁ ਵਚਨ ਵਰਤੀ ਜਾਵੇਗੀ ਜਿਵੇਂ—

ਲੰਬਰਦਾਰ ਚੰਗਾ ਆਦਮੀ ਹੈ ।

ਲੰਬਰਦਾਰ ਜੀ ਚੰਗੇ ਆਦਮੀ ਹਨ ।

(8) ਕਈ ਸ਼ਬਦ ਵਰਤੇ ਹੀ ਕੇਵਲ ਬਹੁ ਵਚਨ ਰੂਪ ਵਿਚ ਜਾਂਦੇ ਹਨ, ਜਿਵੇਂ—ਪੇਕੇ, ਸਹੁਰੇ ਆਦਿਕ ।

(9) ਕਈ ਵਾਰੀ ਆਪਣੇ ਤੋਂ ਵੱਡਿਆਂ ਨੂੰ ਬੁਲਾਉਣ ਲਗਿਆਂ ਆਦਰ ਲਈ ਇਕ ਵਚਨ ਦੀ ਥਾਂ ਬਹੁਵਚਨ ਸ਼ਬਦ ਵਰਤ ਲਿਆ ਜਾਂਦਾ ਹੈ, ਜਿਵੇਂ—

( ) ਮਾਤਾ ਜੀ ਤੁਸੀਂ ਕਿਥੇ ਚੱਲੇ ਹੋ ?

(2) ਮਾਤਾ ਜੀ ਤੁਸੀਂ ਵੀ ਨਾਲ ਮਿਲੋ ਚੱਲੋ ? (ਇਕ ਵਚਨ ਲਈ)

10. ਕਈ ਵਾਰੀ ਲੈਕਚਰ ਕਰਨ ਵਾਲੇ ਕਵੀ ਅਤੇ ਲੇਖਕ ਆਪਣੇ ਆਪ ਨੂੰ ਬਹੁ ਵਚਨ ਵਰਤ ਲੈਂਦੇ ਹਨ, ਜਿਵੇਂ—

ਅਸੀਂ ਤੁਹਾਨੂੰ ਪਹਿਲਾਂ ਹੀ ਦੱਸ ਚੁਕੇ ਹਾਂ। (ਇਕ ਵਚਨ) ਲਈ

ਕਾਰਕ (Case)

ਉਹ ਸ਼ਬਦ ਜੋ ਨਾਂਵ ਜਾਂ ਪੜਨਾਵ ਦਾ ਸੰਬੰਧ ਆਪਣੇ ਵਾਕ ਦਿਆਂ ਸ਼ਬਦਾਂ ਤੇ ਕਿਰਿਆ ਨਾਲ ਪ੍ਰਗਟ ਕਰਨ ਉਹਨਾਂ ਨੂੰ ਕਾਰਕ ਆਖਿਆ ਜਾਂਦਾ ਹੈ ਕਾਰਕ ਅੱਠ ਪ੍ਰਕਾਰ ਦੇ ਹੁੰਦੇ ਹਨ; ਜਿਵੇਂ :—

1. ਕਰਤਾ ਕਾਰਕ

ਜਿਹੜਾ ਕੰਮ ਵਾਕ ਦੀ ਕਿਰਿਆ ਤੋਂ ਪ੍ਰਗਟ ਹੋਵੇ ਉਸਦੇ ਕਰਨ ਵਾਲੇ ਨੂੰ ਆਖਿਆ ਜਾਂਦਾ ਹੈ, ਪਰ ਉਹ ਸ਼ਬਦ ਦਾ ਰੂਪ ਨਾਂਵ ਹੋਣ ਕਰਕੇ ਉਹ ਕਰਤਾ ਅਖਵਾਉਂਦਾ ਹੈ; ਜਿਵੇਂ—

ਮੋਹਨ ਨੇ ਰੋਟੀ ਖਾਧੀ

ਉਤੇ ਲਿਖੇ ਵਾਕ ਨੂੰ **ਧਿਆਨ** ਨਾਲ ਪੜ੍ਹਏ ਤਾਂ ਪਤਾ ਲੱਗ ਜਾਂਦਾ ਹੈ ਕਿ ਰੋਟੀ ਖਾਣ ਦਾ ਕੰਮ ਮੋਹਨ ਨੇ ਕੀਤਾ ਹੈ। ਸੋ ਇਸ ਵਿਚ ਕਰਤਾ ਕਾਰਕ 'ਮੋਹਨ' ਹੈ।

ਪਛਾਣ—ਕਰਤਾ ਕਾਰਕ ਲੱਭਣ ਦੀ ਸਭ ਤੋਂ ਵਡੀ ਪਛਾਣ ਇਹ ਹੈ ਕਿ ਵਾਕ ਦੀ ਕਿਰਿਆ ਨਾ **ਕਿਸ ਨੇ** ਜਾਂ **ਕੌਣ** ਲਗਾ ਕੇ ਪ੍ਰਸ਼ਨ ਕਰੋ ਜੋ ਇਸ ਦਾ ਉਤਰ ਹੋਵੇਗਾ; ਜਿਵੇਂ—

ਪ੍ਰਸ਼ਨ—ਕਿਸ ਨੇ ਰੋਟੀ ਖਾਧੀ ?

ਉੱਤਰ—ਮੋਹਨ ਨੇ।

ਸੋ ਇਸ ਵਾਕ ਵਿਚ ਮੋਹਨ ਕਰਤਾ ਕਾਰਕ ਹੈ।

ਜ਼ਰੂਰੀ ਨੋਟ—ਠੀਕ ਚਿੰਨ੍ਹ ਕਰਤਾ ਦਾ 'ਨੇ' ਹੈ ਪਰ ਇਹ ਕਦੀ ਕਦੀ ਵਰਤਿਆ ਜਾਂਦਾ ਹੈ ਤੇ ਕਦੀ ਨਹੀਂ ਜਾਂ ਕਦੇ ਲੋਪ ਵੀ ਹੁੰਦਾ ਹੈ।

2. ਕਰਮ ਕਾਰਕ

ਵਾਕ ਦੇ ਕਰਤਾ ਦਾ ਅਸਰ ਵਾਕ ਵਿਚਲੇ ਜਿਸ ਦੂਜੇ ਨਾਂਵ ਤੇ ਹੁੰਦਾ ਹੈ ਭਾਵ ਵਾਕ ਦੀ ਕਿਰਿਆ ਦੇ ਕੰਮ ਦਾ ਫਲ ਕਰਤਾ ਤੋਂ ਛੁਟ ਜਿਸ ਦੂਜੇ ਨਾਉਂ ਤੇ ਪਵੇ ਉਸ ਨੂੰ **ਕਰਮ ਕ·ਰਕ** ਆਖਿਆ ਜਾਂਦਾ ਹੈ; ਜਿਵੇਂ—

ਸੋਹਨ ਨੇ ਰੋਟੀ ਖਾਧੀ

ਇਸ ਵਾਕ ਵਿਚ ਖਾਣ ਦਾ ਕੰਮ ਰੋਟੀ ਦਸਿਆ ਹੈ। ਸੋ ਰੋਟੀ ਕਰਮ ਕਾਰਕ ਹੈ।

ਪਛਾਣ—ਕਰਮ ਕਾਰਕ ਦੀ ਪਛਾਣ ਇਹ ਹੈ ਕਿ ਜੋ ਕਿਰਿਆ ਨਾਲ **ਕਿਸ ਨੂੰ ਕਿਥੇ** ਜਾਂ **ਕੀ** ਲਗਾ ਕੇ ਪ੍ਰਸ਼ਨ ਕੀਤਾ ਜਾਵੇ ਤਾਂ ਉਤਰ ਵਿਚ ਕਰਮ ਕਾਰਕ ਹੋਵੇਗਾ ਜਿਵੇਂ :—

ਪ੍ਰਸ਼ਨ—ਕਿਸ ਨੂੰ ਖਾਂਦਾ ਹੈ ਜਾਂ ਕੀ ਖਾਂਦਾ ਹੈ ?

ਉੱਤਰ—ਰੋਟੀ ਨੂੰ ਜਾਂ ਰੋਟੀ (ਇਸ ਵਿਚ ਰੋਟੀ ਕਰਮ ਹੈ) ਕਰਮ ਦੋ ਪ੍ਰਕਾਰ ਦੇ ਹੁੰਦੇ ਹਨ ਤੇ ਇਹ ਦੋਵੇਂ ਇਕ ਹੀ ਵਾਕ ਵਿਚ ਆ ਜਾਂਦੇ ਹਨ। ਇਕ ਨੂੰ ਪ੍ਰਧਾਨ ਕਰਮ ਤੇ ਦੂਜੇ ਨੂੰ ਅਪ੍ਰਧਾਨ ਕਰਮ ਆਖਦੇ ਹਨ। ਜਿਵੇਂ :—

ਮੋਹਨ ਦੀ ਰੋਟੀ ਨੂੰ ਜੋਗਿੰਦਰ ਲੈ ਗਿਆ।

ਪਛਾਣ—ਕੀ ਖਾਂਦਾ ਹੈ ? ਰੋਟੀ ਨੂੰ ਕੌਣ ਲੈ ਗਿਆ ? ਜੋਗਿੰਦਰ।

ਇਥੇ "ਰੋਟੀ ਨੂੰ' ਪ੍ਰਧਾਨ ਕਰਮ ਹੈ ਤੇ ਜੋਗਿੰਦਰ ਅਪ੍ਰਧਾਨ ਕਰਮ ਹੈ।

ਕਰਮ ਕਾਰਕ ਦਾ ਚਿੰਨ੍ਹ 'ਨੂੰ' ਹੈ। ਪਰ ਕਈ ਵਾਰੀ ਇਹ ਚਿੰਨ੍ਹ ਵਰਤਿਆ ਜਾਂਦਾ ਹੈ ਤੇ ਕਈ ਵਾਰੀ ਲੋਪ ਵੀ ਹੋ ਜਾਂਦਾ ਹੈ; ਜਿਵੇਂ—

ਮੋਹਨ ਰੋਟੀ ਖਾਂਦਾ ਹੈ।

3. ਕਰਣ ਕਾਰਕ

ਵਾਕ ਦਾ ਕਰਤਾ ਜਿਸ ਸਾਧਨ ਦੁਆਰਾ ਕੰਮ ਕਰੇ ਉਸ ਸਾਧਨ ਕਰਨ ਵਾਲੇ ਨੂੰ 'ਕਰਣ ਕਾਰਕ ਆਖਿਆ ਜਾਂਦਾ ਹੈ: ਜਿਵੇਂ—

(1) ਸੋਹਨ ਨੇ ਸੱਪ ਨੂੰ 'ਲਾਠੀ ਨਾਲ' ਮਾਰਿਆ।

(2) ਸ਼ੀਲਾ ਨੇ ਸਬਜ਼ੀ ਨੂੰ 'ਚਾਕੂ ਨਾਲ' ਕੱਟਿਆ।

ਉਤੇ ਲਿਖੇ ਵਾਕਾਂ ਨੂੰ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਪਹਿਲੇ ਵਾਕ ਵਿਚ ਸੱਪ, ਦੇ ਮਾਰਨ ਦਾ ਕੰਮ ਕਰਤਾ ਨੇ 'ਲਾਠੀ ਨਾਲ' ਕੀਤਾ ਹੈ। ਸੋ ਪਹਿਲੇ ਵਾਕ ਵਿਚ **ਲਾਠੀ ਨਾਲ** 'ਕਰਣ ਕਾਰਕ' ਹੈ। ਇਸੇ ਤਰ੍ਹਾਂ ਦੂਜੇ ਵਾਕ ਵਿਚ ਸਬਜ਼ੀ ਕੱਟਣ ਦਾ ਕੰਮ 'ਚਾਕੂ ਨਾਲ' ਕੀਤਾ ਗਿਆ ਹੈ। ਸੋ ਇਸ ਵਿਚ **ਚਾਕੂ ਨਾਲ** ਕਰਣ ਕਾਰਕ ਹੈ।

ਕਰਣ ਕਾਰਕ ਦਾ ਚਿੰਨ੍ਹ 'ਰਾਹੀਂ' ਨਾਲ;' ਦੁਆਰਾ, ਤੋਂ (ੀਂ), ਆਦਿਕ ਹਨ।

4. ਸੰਪ੍ਰਦਾਨ

ਵਾਕ ਦੀ ਕਿਰਿਆ ਤੋਂ ਹੋਇਆ ਕੰਮ ਜਿਸ ਲਈ ਕੀਤਾ ਜਾਵੇ ਉਸ ਨਾਂਵ ਜਾਂ ਪੜਨਾਂਵ ਨੂੰ ਸੰਪ੍ਰਦਾਨ ਕਾਰਕ ਆਖਿਆ ਜਾਂਦਾ ਹੈ, ਜਿਵੇਂ—

(1) ਮੋਹਣੀ ਆਪਣੇ ਪਤੀ ਲਈ ਦੁਧ ਲਿਆਈ।

(2) ਸੱਚੇ ਦੇਸ਼ ਭਗਤ ਆਪਣੇ ਦੇਸ਼ ਦੀ ਖਾਤਰ ਆਪਣਾ ਆਪ ਕੁਰਬਾਨ ਕਰ ਦੇਂਦੇ ਹਨ।

ਇਨ੍ਹਾਂ ਵਾਕਾਂ ਨੂੰ ਪੜ੍ਹੀਏ ਤਾਂ ਪਤਾ ਲਗ ਜਾਂਦਾ ਹੈ ਕਿ ਪਹਿਲੇ ਵਾਕ ਵਿਚ ਦੁਧ ਲਿਆਉਣ ਦਾ ਕੰਮ 'ਪਤੀ ਲਈ' ਹੋਇਆ ਹੈ। ਇਸ ਲਈ ਇਹ ਸੰਪ੍ਰਦਾਨ ਕਾਰਕ ਹੈ। ਇਸੇ ਤਰ੍ਹਾਂ ਦੂਜੇ ਵਾਕ ਵਿਚ ਕੁਰਬਾਨੀ ਦਾ ਕੰਮ ਦੇਸ਼ ਵਾਸਤੇ ਕੀਤਾ ਗਿਆ ਹੈ। ਇਸ ਲਈ ਇਸ ਵਿਚ 'ਦੇਸ਼ ਦੀ ਖਾਤਰ' ਸੰਪ੍ਰਦਾਨ ਕਾਰਕ ਹੈ।

ਸੰਪ੍ਰਦਾਨ ਕਾਰਕ ਦੇ ਚਿੰਨ੍ਹ ਲਈ 'ਵਾਸਤੇ' ਅਤੇ 'ਦੀ ਖਾਤਰ' ਹੁੰਦੇ ਹਨ।

5. ਅਪਾਦਾਨ ਕਾਰਕ

ਜਿਸ ਚੀਜ਼ ਤੋਂ ਵਾਕ ਦੀ ਕਿਰਿਆ ਦਾ ਕੰਮ ਸ਼ੁਰੂ ਹੋਵੇ ਜਾਂ ਜਿਸ ਚੀਜ਼ ਤੋਂ ਵਾਕ ਦੀ ਕਿਰਿਆ ਵਧ ਹੋਵੇ ਉਸ ਨੂੰ 'ਅਪਾਦਾਨ ਕਾਰਕ ਆਖਿਆ ਜਾਂਦਾ ਹੈ; ਜਿਵੇਂ—

(1) ਮੁੰਡਾ ਸਾਈਕਲ ਤੋਂ ਡਿੱਗ ਪਿਆ।

(2) ਉਹ ਦੁਕਾਨੋਂ ਤੁਰਿਆ ਸੀ।

ਉਤੇ ਲਿਖੇ ਹੋਏ ਵਾਕਾਂ ਨੂੰ ਪੜ੍ਹੀਏ ਤਾਂ ਪਤਾ ਲੱਗ ਜਾਂਦਾ ਹੈ ਕਿ 'ਸਾਈਕਲ' ਤੋਂ ਵਖ ਹੋਣ ਦਾ ਕੰਮ ਹੋਇਆ ਹੈ। ਇਸ ਲਈ ਸਾਈਕਲ 'ਅਪਾਦਾਨ ਕਾਰਕ' ਵਿਚ ਹੈ। ਦੂਜੇ ਵਾਕ ਵਿਚ ਤੁਰਨ ਦਾ ਕੰਮ ਦੁਕਾਨ ਤੋਂ ਹੋਇਆ ਹੈ, ਇਸ ਲਈ

ਦੁਕਾਨ ਅਪਾਦਾਨ ਕਾਰਕ ਵਿਚ ਹੈ।

ਅਪਾਦਾਨ ਕਾਰਕ ਦੇ ਚਿੰਨ੍ਹ 'ਥੀਂ' 'ਥੋਂ' (ੋਂ) ਆਦਿਕ ਹਨ।

6. ਸੰਬੰਧ ਕਾਰਕ

ਜਦੋਂ ਕਿਸੇ ਇਕ ਚੀਜ਼ ਦਾ ਦੂਜੀ ਚੀਜ਼ ਉਤੇ ਮਾਲਕੀ ਜਾਂ ਅਧਿਕਾਰ ਦਸਿਆ ਜਾਵੇ ਤਾਂ ਅਜਿਹੀ ਹਾਲਤ ਵਿਚ ਜਿਸ ਚੀਜ਼ ਉਤੇ ਆਪਨੀ ਮਾਲਕੀਅਤ ਪ੍ਰਗਟ ਕਰੇ ਉਸਨੂੰ ਸੰਬੰਧ ਕਾਰਕ ਆਖਿਆਂ ਜਾਂਦਾ ਹੈ ਤੇ ਜਿਸ ਚੀਜ਼ ਤੇ ਮਾਲਕ ਦਾ ਅਧਿਕਾਰ ਹੋਵੇ, ਉਸ ਨੂੰ 'ਸਬੰਧਮਾਨ' ਆਖਿਆ ਜਾਂਦਾ ਹੈ; ਜਿਵੇਂ—

(1) ਵਿਦਿਆਰਥੀ ਦੀਆਂ ਪੁਸਤਕਾਂ ਬਹੁਤ ਸਾਫ ਹਨ।

(2) ਸੋਹਣ ਦਾ ਘਰ ਬਹੁਤ ਸੁਥਰਾ ਹੈ।

ਉਪਰ ਲਿਖੇ ਦੋਹਾਂ ਵਾਕਾਂ ਨੂੰ ਪੜ੍ਹੀਏ ਤੋਂ ਪਤਾ ਲੱਗਦਾ ਹੈ ਕਿ ਪਹਿਲੇ ਵਾਕ ਵਿਚ ਵਿਦਿਆਰਥੀ ਦੀ ਮਲਕੀਅਤ ਪੁਸਤਕਾਂ ਉਤੇ ਹੈ, ਇਸ ਲਈ ਇਸ ਵਾਕ ਵਿਚ ਵਿਦਿਆਰਥੀ 'ਸੰਬੰਧ ਕਾਰਕ' ਹੈ। ਦੂਜੇ ਵਿਚ ਸੋਹਣ ਦੀ ਮਲਕੀਅਤ ਘਰ ਉਤੇ ਹੈ ਤੇ ਇਸ ਵਾਕ ਵਿਕ ਸੋਹਨ, 'ਸੰਬੰਧ ਕਾਰਕ' ਹੈ। ਦੂਜੇ ਵਾਕ ਵਿਚ ਸੋਹਨ '**ਸੰਬੰਧੀ** ਅਤੇ ਘਰ **ਸੰਬੰਧ-ਮਾਨ** ਹੈ।

ਸੰਬੰਧ ਕਾਰਕ ਦੇ ਚਿੰਨ੍ਹ ਦਾ, ਦੇ, ਦੀ ਣਾ, ਣੇ, ਣੀ, ਅਤੇ ਡਾ. ਡੇ. ਡੀ ਆਦਿਕ ਹੁੰਦੇ ਹਨ।

7. ਅਧਿਕਰਣ ਕਾਰਕ

ਜਿਹੜਾ ਕੰਮ ਵਾਕ ਦੀ ਕਿਰਿਆ ਤੋਂ ਪ੍ਰਗਟ ਹੋਵੇ ਉਹ ਜਿਸ ਦੇ ਆਸਰੇ ਜਾਂ ਜਿਸ ਜਗ੍ਹਾ ਹੋਵੇ ਉਸ ਦੇ ਪ੍ਰਗਟ ਕਰਨ ਵਾਲੇ ਨਾਂਵ ਜਾਂ ਪੜਨਾਵ ਦਾ ਰੂਪ 'ਅਧਿਕਰਣ' 'ਕਾਰਕ' ਹੁੰਦਾ ਹੈ, ਜਿਵੇਂ :—

(1) ਦੁਆਤ ਮੇਜ਼ ਤੇ ਪਈ ਹੈ।

(2) ਮਾਸਟਰ ਸਾਹਿਬ ਕੁਰਸੀ ਤੇ ਬੈਠੇ ਹਨ।

ਉਤੇ ਲਿਖ ਵਾਕਾਂ ਨੂੰ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ 'ਦੁਆਤ ਮੇਜ ਦੇ ਆਸਰੇ ਪਈ ਹੈ, ਸੋ 'ਮੇਜ਼ ਤੇ' ਅਧਿਕਰਣ ਕਾਰਕ ਇਸੇ ਤਰ੍ਹਾਂ ਵਾਕ ਵਿਚ ਮਾਸਟਰ ਸਾਹਿਬ ਕੁਰਸੀ ਦੇ ਆਸਰੇ ਬੈਠੇ ਹਨ। ਇਸ ਲਈ ਇਸ ਵਾਕ ਵਿਚ 'ਕੁਰਸੀ ਉਤੇ' ਅਧਿਕਰਣ ਕਾਰਕ ਹੈ।

ਅਧਿਕਰਣ ਕਾਰਕ ਦੇ ਚਿੰਨ੍ਹ—ਪਾਰ, ਕੋਲ, ਅੰਦਰ ਅਤੇ ਸੇਤੀ

ਆਦਿਕ ਹਨ ।

8. ਸੰਬੋਧਨ ਕਾਰਕ

ਸੰਬੋਧਨ ਦੇ ਅਰਥ ਹਨ ਕਿਸੇ ਨੂੰ ਬੁਲਾਉਣਾ ਜਾਂ ਕਿਸੇ ਨੂੰ ਆਵਾਜ਼ ਦੇਣੀ । ਇਸ ਲਈ ਨਾਂਵ ਦਾ ਜਿਹੜਾ ਰੂਪ ਬੁਲਾਉਣ ਲਈ ਵਰਤਿਆ ਜਾਵੇ ਉਸ ਨੂੰ ਸੰਬੋਧਨ ਕਾਰਕ ਆਖਿਆ ਜਾਂਦਾ ਹੈ, ਜਿਵੇਂ :—

(1) ਓ ਮੁੰਡਿਆ । ਐਧਰ ਆ ।

(2) ਪਿਤਾ ਜੀ ! ਜ਼ਰਾ ਇਧਰ ਆਉਣਾ ।

ਉਤੇ ਲਿਖਿਆਂ ਵਾਕਾਂ ਨੂੰ ਪੜ੍ਹੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਪਹਿਲੇ ਵਾਕ ਵਿਚ 'ਓ ਮੁੰਡਿਆ' ਬੁਲਾਉਣ ਲਈ ਵਰਤਿਆ ਗਿਆ ਹੈ । ਇਸ ਲਈ ਇਹ 'ਸੰਬੋਧਨ ਕਾਰਕ' ਹੈ । ਇਸੇ ਤਰ੍ਹਾਂ ਦੂਜੇ ਵਾਕ ਵਿਚ 'ਪਿਤਾ ਜੀ' ਵੀ ਬੁਲਾਉਣ ਲਈ ਵਰਤਿਆ ਹੈ ।

ਸੰਬੋਧਨ ਪਿਛੇਤਰਾਂ ਦੇ ਚਿੰਨ੍ਹ ਓ, ਵੇ, ਨੀ ਆਦਿਕ ਹਨ । ਇਨ੍ਹਾਂ ਤੋਂ ਬਿਨਾਂ ਸੰਬੋਧਨ ਪਿਛੇਤਰਾਂ ਦੀ ਵਰਤੋਂ ਨਾਲ ਭੀ ਇਸ ਕਾਰਕ ਦਾ ਪਤਾ ਲਗ ਜਾਂਦਾ ਹੈ, ਜਿਵੇਂ—ਆ, ਾ, ੇ, ਉ ਆਦਿਕ ।

੨. ਪੜਨਾਉਂ (Pronouns)

ਜਿਹੜੇ ਸ਼ਬਦ ਨਾਉਂ ਦੀ ਥਾਂ ਵਰਤੇ ਜਾਣ ਉਹਨਾਂ ਨੂੰ ਪੜਨਾਉਂ ਆਖਦੇ ਹਨ ਜਿਵੇਂ— ਮੈਂ, ਉਹ, ਇਹ ਤੂੰ ਆਦਿ ।

ਪੜਨਾਂਵ ਦੀਆਂ ਛੇ ਕਿਸਮਾਂ ਹੁੰਦੀਆਂ ਹਨ । ਜਿਵੇਂ :—

(1) **ਪੁਰਖ ਵਾਚਕ ਪੜਨਾਉਂ** (Personal Pronoun) :—**ਜਿਹੜੇ ਪੜਨਾਉਂ ਕੇਵਲ ਪੁਰਖ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਪੁਰਖ ਵਾਚਕ ਪੜਨਾਉਂ ਆਖਿਆ ਜਾਂਦਾ ਹੈ, ਜਿਵੇਂ** :—ਪੜਨਾਂਵ ਮੈਂ ਤੂੰ, ਤੁਸੀਂ, ਅਸੀਂ ਆਦਿ ।

ਗੱਲ ਬਾਤ ਦੇ ਆਧਾਰ ਤੇ ਪੁਰਖ ਤਿੰਨ ਪ੍ਰਕਾਰ ਦੇ ਹੋਇਆ ਕਰਦੇ ਹਨ ।

(ੳ) **ਉੱਤਮ ਪੁਰਖ** (First Person) :—**ਜਿਹੜਾ ਪੁਰਖ ਗੱਲ ਬਾਤ ਕਰਦਾ ਹੋਵੇ, ਉਸ ਨੂੰ, 'ਉੱਤਮ ਪੁਰਖ' ਆਖਿਆ ਜਾਂਦਾ ਹੈ;**

ਜਿਵੇਂ :—ਮੈਂ, ਅਸੀਂ, ਆਦਿ ।

(ਅ) ਮਧਮ ਪੁਰਖ (Second Person) :—ਜਿਸ ਪੁਰਖ ਨਾਲ ਗੱਲ ਕੀਤੀ ਜਾਵੇ, ਉਸ ਨੂੰ 'ਮਧਮ ਪੁਰਖ' ਆਖਦੇ ਹਨ, ਜਿਵੇਂ :—ਤੂੰ, ਤੁਸੀਂ ਅਦਿਕ ।

(ੲ) ਅੰਨਯ ਪੁਰਖ (Third Person) :—ਜਿਸ ਪੁਰਖ ਬਾਬਤ ਗੱਲ ਕੀਤੀ ਜਾਵੇ, ਉਸ ਨੂੰ 'ਅੰਨਯ ਪੁਰਖ' ਆਖਿਆ ਜਾਂਦਾ ਹੈ, ਜਿਵੇਂ :— ਉਹ, ਉਹਨਾਂ ਆਦਿ ।

2. ਨਿਜਵਾਚਕ ਪੜਨਾਉਂ :—ਉਹ ਪੜਨਾਉਂ ਜੋ ਕਰਤਾ ਨਾਲ ਆਵੇ ਤੇ ਉਸ ਨੂੰ ਖਾਸ ਵਿਸ਼ੇਸ਼ਤਾ ਦੇਣ ਦਾ ਕੰਮ ਜਾਂ ਕਰਤਾ ਦੀ ਥਾਂ ਵਰਤਿਆ ਜਾਵੇ ਤਾਂ ਉਸ ਨੂੰ ਨਿਜਵਾਚਕ ਪੜਨਾਉਂ ਆਖਿਆ ਜਾਂਦਾ ਹੈ, ਜਿਵੇਂ :—

(1) ਉਹ ਆਪ ਆ ਕੇ ਰੋਟੀ ਖਾਏਗਾ ।

(2) ਤੁਹਾਨੂੰ ਆਪ ਉਥੇ ਜਾਣਾ ਚਾਹੀਦਾ ਹੈ ।

ਉੱਤੇ ਲਿਖੇ ਵਾਕਾਂ ਵਿਚ 'ਆਪ' ਆਪਣੀ ਹੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ ।

(3) ਸੰਬੰਧ ਵਾਚਕ ਪੜਨਾਉਂ :—ਉਹ ਸ਼ਬਦ ਜਿਹੜੇ ਪੜਨਾਉਂ ਭੀ ਹੋਣ ਅਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਜੋੜਨ ਦਾ ਕੰਮ ਭੀ ਕਰਨ, ਉਹਨਾਂ ਨੂੰ ਸੰਬੰਧ ਵਾਚਕ ਪੜਨਾਉਂ ਆਖਿਆ ਜਾਂਦਾ ਹੈ, ਜਿਵੇਂ :—ਜੋ, ਸੋ, ਆਦਿਕ ਜਾਂ ਜੋ ਕਰੇਗਾ ਸੋ ਭਰੇਗਾ, ਵਿਚ 'ਜੋ ਤੇ ਸੋ, ਆਦਿ ।

(4) ਪ੍ਰਸ਼ਨ ਵਾਚਕ ਪੜਨਾਉਂ :—ਉਹ ਸ਼ਬਦ ਜਿਹੜੇ ਪੜਨਾਉਂ ਭੀ ਹੋਣ ਅਤੇ ਪ੍ਰਸ਼ਨ ਕਰਨ ਲਈ ਭੀ ਵਰਤੇ ਜਾ ਸਕਣ ਉਹਨਾਂ ਨੂੰ ਪ੍ਰਸ਼ਨ ਵਾਚਕ ਪੜਨਾਉਂ ਆਖਿਆ ਜਾਂਦਾ ਹੈ, ਜਿਵੇਂ :—ਅਜ ਤੁਹਾਡੇ ਘਰ ਪ੍ਰਾਹੁਣਾ ਕੌਣ ਆਇਆ ਹੈ ? ਇਸ ਵਿਚ 'ਕੌਣ' ਪ੍ਰਸ਼ਨ ਵਾਚਕ ਪੜਨਾਉਂ ਹੈ ।

(5) ਨਿਸਚੇ ਵਾਚਕ ਪੜਨਾਉਂ :—ਉਹ ਸ਼ਬਦ ਜੋ ਸਾਹਮਣੇ ਪਈਆਂ ਹੋਈਆਂ ਵਸਤੂਆਂ ਵਲ ਇਸ਼ਾਰਾ ਕਰ ਕੇ ਉਹਨਾਂ ਵਸਤੂਆਂ ਦੇ ਨਾਵਾਂ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿਸਚੇਵਾਚਕ ਪੜਨਾਉਂ ਆਖਿਆ ਜਾਂਦਾ ਹੈ, ਜਿਵੇਂ :—ਇਹ ਤੇ ਉਹ ।

ਨੋਟ :—ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਜਦੋਂ 'ਇਹ' 'ਉਹ' ਨਾਲ 'ਨਾਂਵ' ਨਾ ਹੋਵੇ ਤਾਂ ਇਹ ਪੜਨਾਉਂ ਹੋਣਗੇ, ਪਰ ਜਦੋਂ ਇਹ ਨਾਂਵ ਨਾਲ ਵਰਤੇ ਗਏ ਹੋਣ ਤਾਂ ਇਹ ਵਿਸ਼ੇਸ਼ਣ ਬਣ ਜਾਂਦੇ ਹਨ; ਜਿਵੇਂ :—

ਪੜਨਾਂਵ	ਵਿਸ਼ੇਸ਼ਣ
(ੳ) ਉਹ ਰੋਟੀ ਖਾਂਦਾ ਹੈ।	ਉਹ ਮੁੰਡਾ ਰੋਟੀ ਖਾਂਦਾ ਹੈ।
(ਅ) ਮੈਨੂੰ ਉਹ ਚਾਹੀਦੀ ਹੈ।	ਮੈਨੂੰ ਉਹ ਪੁਸਤਕ ਚਾਹੀਦੀ ਹੈ।

6. **ਅਨਿਸਚਿਤ ਪੜਨਾਉਂ** :—ਉਹ ਪੜਨਾਂਵ ਜੋ ਚੀਜ਼ਾਂ ਦੀ ਗਿਣਤੀ ਬਾਰੇ ਪੂਰਾ ਪੂਰਾ ਗਿਆਨ ਨਾ ਕਰ ਸਕਣ ਉਹਨਾਂ ਨੂੰ 'ਅਨਿਸਚਿਤ ਪੜਨਾਉਂ' ਆਖਦੇ ਹਨ, ਜਿਵੇਂ :—ਕੋਈ, ਸਭ, ਸਰਬੱਤ, ਹੋਰ, ਅਨੇਕ ਆਦਿ।

੩ ਵਿਸ਼ੇਸ਼ਣ (Adjective)

ਉਹ ਸ਼ਬਦ ਜੋ ਨਾਂਵ ਜਾਂ ਪੜਨਾਂਵ ਦੇ ਗੁਣ ਔਗੁਣ ਜਾਂ ਗਿਣਤੀ ਮਿਣਤੀ ਨੂੰ ਬਿਆਨ ਕਰੇ ਤੇ ਉਸ ਨੂੰ ਆਮ ਤੋਂ ਖਾਸ ਬਣਾਵੇ, 'ਵਿਸ਼ੇਸ਼ਣ' ਅਖਵਾਉਂਦਾ ਹੈ। ਜਿਸ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਕੀਤੀ ਜਾਵੇ ਉਸ ਨੂੰ 'ਵਿਸ਼ੇਸ਼' ਆਖਿਆਂ ਜਾਂਦਾ ਹੈ, ਜਿਵੇਂ :—ਇਹ ਸੋਹਣੀ ਪੁਸਤਕ ਹੈ, ਇਸ ਵਾਕ ਵਿਚ 'ਸੋਹਣੀ' ਪੁਸਤਕ ਦੀ ਵਿਸੇਸ਼ਤਾ ਕਰਦੀ ਹੈ। ਇਸ ਲਈ ਸੋਹਣੀ ਵਿਸ਼ੇਸ਼ਣ ਹੈ ਅਤੇ 'ਪੁਸਤਕ' ਦੀ ਵਿਸ਼ੇਸ਼ਤਾ ਕੀਤੀ ਗਈ ਹੈ। 'ਪੁਸਤਕ' ਵਿਸ਼ੇਸ਼ ਹੈ।

ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ, ਜਿਵੇਂ :—

(1) **ਗੁਣ ਵਾਚਕ ਵਿਸ਼ੇਸ਼ਣ** :—ਜਿਹੜਾ ਵਿਸ਼ੇਸ਼ਣ ਆਪਣੇ 'ਵਿਸ਼ੇਸ਼' ਦੇ ਗੁਣ ਜਾਂ ਔਗੁਣ ਪ੍ਰਗਟ ਕਰਨ ਉਹਨਾਂ ਨੂੰ ਗੁਣ ਵਾਚਕ 'ਵਿਸ਼ੇਸ਼ਣ' ਆਖਿਆ ਜਾਂਦਾ ਹੈ, ਜਿਵੇਂ—ਚੰਗਾ, ਭੈੜਾ, ਗੋਰਾ, ਕਾਲਾ, ਦੁਖੀ, ਸੁਖੀ ਆਦਿ।

(2) **ਸੰਖਿਆ ਵਾਚਕ ਵਿਸ਼ੇਸ਼** :—ਜਿਹੜੇ ਵਿਸ਼ੇਸ਼ਣ ਵਸਤੂਆਂ ਦੀ ਗਿਣਤੀ ਜਾਂ ਦਰਜਾ ਦੱਸਣ, ਉਹਨਾ 'ਨੂੰ ਸੰਖਿਅਕ ਵਿਸ਼ੇਸ਼ਣ' ਆਖਿਆ ਜਾਂਦਾ ਹੈ, ਜਿਵੇਂ :—ਦੂਜਾ, ਚੌਥਾ, ਤੀਜਾ, ਆਦਿ।

(3) **ਪਰਿਮਾਣ ਵਾਚਕ ਵਿਸ਼ੇਸ਼ਣ :—ਉਹ ਵਿਸ਼ਸ਼ਣ ਜਿਹੜੇ ਆਪਣੇ ਵਿਸ਼ੇਸ਼ ਦੀ ਮਿਣਤੀ ਜਾਂ ਤੋਲ ਮਾਪ ਦਾ ਅੰਦਾਜ਼ਾ ਦੱਸਣ ਉਹ ਪਰਿਮਾਣ ਵਾਚਕ 'ਵਿਸ਼ੇਸ਼ਣ ਕਹਾਉਂਦੇ** ਹਨ, ਜਿਵੇਂ :—ਤੋਲਾ, ਭਰ, ਮਨ ਭਰ ਫੁਟ ਭਰ ਆਦਿ ।

ਖਿਆਲ ਰੱਖੋ ਜਿਹੜੇ ਵਿਸ਼ੇਸ਼ਣ ਪੂਰੀ ਪੂਰੀ ਮਿਣਤੀ ਜਾਂ ਮਾਪ ਤੋਲ ਦੱਸਣ ਉਹ **ਨਿਸਚਿਤ ਪਰਿਮਾਣ ਵਾਚਕ** ਅਤੇ ਜਿਹੜਾ ਪੂਰਾ ਪੂਰਾ ਤੋਲ ਜਾਂ ਮਾਪ ਨਾ ਦੱਸਣ ਉਹ **ਅਨਿਸਚਿਤ ਪਰਿਮਾਣ ਵਾਚਕ** ਅਖਵਾਉਂਦੇ ਹਨ ਜਿਵੇਂ :—

'ਸੇਰ ਭਰ, ਨਿਸਚਿਤ ਪਰਿਮਾਣ ਵਾਚਕ ਅਤੇ ਥੋੜ੍ਹਾ ਕੁ ਅਨਿਸਚਿਤ ਪਰਿਮਾਣ ਵਾਚਕ ਵਿਸ਼ੇਸ਼ਣ ਹੈ।

(4) **ਨਿਸਚੇ ਵਾਚਕ ਵਿਸ਼ੇਸ਼ਣ :—ਉਹ ਵਿਸ਼ੇਸ਼ਣ ਜਿਹੜੇ ਵਿਸ਼ੇਸ਼ ਨੂੰ ਇਸ਼ਾਰੇ ਨਾਲ ਆਮ ਤੋਂ ਖਾਸ ਬਣਾਉਣ, ਨਿਸਚੇ ਵਾਚਕ ਵਿਸ਼ੇਸ਼ਣ ਅਖਵਾਉਂਦੇ ਹਨ,** ਜਿਵੇਂ :—

ਇਹ ਕੁੜੀ, ਉਹ ਮੁੰਡਾ, ਔਹ ਘਰ, ਐਹ ਪਿੰਡ ।

ਇਹਨਾਂ ਵਾਕਾਂ ਵਿਚ 'ਇਹ ਤੇ ਉਹ' ਔਹ ਤੇ ਐਹ ਨਿਸਚੇ ਵਾਚਕ ਵਿਸ਼ੇਸ਼ਣ ਹਨ ।

ਇਹ ਦੋ ਤਰ੍ਹਾਂ ਦੇ ਹੁੰਦੇ ਹਨ । (1) **ਨਿਕਟ ਵਰਤੀ ਤੇ** (2) **ਦੂਰ ਵਰਤੀ ।** 'ਇਹ' ਤੇ 'ਐਹ' ਨਿਕਟ ਵਰਤੀ 'ਉਹ' ਤੇ 'ਔਹ' ਦੂਰ ਵਰਤੀ ਹਨ ।

(5) **ਪੜਨਾਂਵੀ ਵਿਸ਼ੇਸ਼ਣ :—ਜਿਹੜੇ ਸ਼ਬਦ ਅਸਲ ਵਿਚ ਪੜਨਾਂਵ ਹੋਣ ਜਾਂ ਪੜਨਾਵਾਂ ਤੋਂ ਬਣਨ ਅਤੇ ਨਾਂਵਾਂ ਨਾਲ ਆ ਕੇ ਵਿਸ਼ੇਸ਼ਣ ਦਾ ਕੰਮ ਦੇਣ, ਉਹ ਪੜਨਾਂਵੀ ਵਿਸ਼ੇਸ਼ਣ ਅਖਵਾਉਂਦੇ ਹਨ ।**

ਇਹ ਦੋ ਤਰ੍ਹਾਂ ਦੇ ਹੁੰਦੇ ਹਨ :—

(ੳ) **ਮੂਲ ਰੂਪ :—ਉਹ ਪੜਨਾਂਵ ਜੋ ਆਪਣੇ ਅਸਲ ਰੂਪ ਵਿਚ ਵੀ ਵਿਸ਼ੇਸ਼ਣ, ਹੋ ਜਾਵੇ,** ਜਿਵੇਂ: :—

'ਕੋਣ ਪੁਰਸ਼', 'ਕਿਹੜਾ ਘਰ', 'ਕੀ ਚੀਜ਼', ਆਦਿ ।

(ਅ) **ਉਤਪੰਨ ਰੂਪ :—ਜਿਹੜਾ ਸ਼ਬਦ ਹੋਵੇ ਤਾਂ ਪੜਨਾਂਵ ਪਰ ਬਣ ਜਾਵੇ ਵਿਸ਼ੇਸਣ** ਜਿਵੇਂ :—

ਇਹ, ਉਹ, ਜਿਹਾ, ਕਿਹਾ, ਉੱਨਾ, ਜਿੰਨਾ, ਆਦਿ ।

੪. ਕਿਰਿਆ (Verb)

ਜਿਹੜਾ ਸ਼ਬਦ ਕਿਸੇ ਚੀਜ਼ ਦੇ ਕੰਮ ਨੂੰ ਉਸ ਦੇ ਕਾਲ ਸਣੇ ਪ੍ਰਗਟ ਕਰੇ ਉਸ ਨੂੰ ਕਿਰਿਆ ਆਖਿਆ ਜਾਂਦਾ ਹੈ, ਜਿਵੇਂ :—

ਜਾਂਦਾ ਹੈ, ਆਖਿਆ ਸੀ, ਜਾਵੇਗਾ ਆਦਿ ।

ਕਿਰਿਆ ਦੀਆਂ ਦੋ ਕਿਸਮਾਂ ਹੁੰਦੀਆਂ ਹਨ ।

ਅਕਰਮਕ ਕਿਰਿਆ :—ਜਿਸ ਕਿਰਿਆ ਨਾਲ ਕਰਮ ਨਾ ਹੋਵੇ ਜਿਵੇ :—

(1) ਸੀਤਲ ਸਿੰਘ ਆਇਆ ।

(2) ਮੁੰਡਾ ਹੋਇਆ ।

ਇਹਨਾਂ ਦੁਹਾਂ ਵਾਕਾਂ ਵਿਚ 'ਆਇਆ' ਤੇ ਹੋਇਆ ਅਕਰਮਕ ਕਿਰਿਆ ਹਨ । ਕਿਉਂਕਿ ਇਹਨਾਂ ਨਾਲ ਕਰਤਾ ਹੈ ਕਰਮ ਨਹੀਂ ।

(2) **ਸਕਰਮਕ ਕਿਰਿਆ** :—ਜਿਸ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਵਾਕ ਵਿਚ ਆਏ ਹੋਣ ਉਸ ਨੂੰ ਸਕਰਮਕ ਕਿਰਿਆ ਆਖਿਆ ਜਾਂਦਾ ਹੈ ।

ਸੀਤਲ ਨੇ ਪਾਣੀ ਪੀਤਾ ।

ਉੱਤੇ ਲਿਖੇ ਵਾਕ ਵਿਚ 'ਸੀਤਲ' ਕਰਤਾ ਤੇ 'ਪਾਣੀ' ਕ਼ਰਮ ਹੈ ਸੋ ਇਸ ਵਾਕ ਵਿਚ ਆਈ ਕਿਰਿਆ 'ਸਕਰਮਕ ਕਿਰਿਆ' ਹੈ ।

ਕਾਲ (Tense)

(ੳ) ਵਰਤਮਾਨ ਕਾਲ :—ਉਹ ਕਿਰਿਆ ਜਿਸ ਦਾ ਕੰਮ ਬੀਤ ਰਹੇ ਅਥਵਾ ਵਰਤਮਾਨ ਸਮੇਂ ਵਿਚ ਹੁੰਦਾ ਦਸਿਆ ਜਾਵੇ ਜਾਂ ਹਰ ਸਮੇਂ ਹੁੰਦਾ ਰਹਿੰਦਾ ਪ੍ਰਗਟ ਹੋਵੇ, ਵਰਤਮਾਨ ਕਾਲ ਦੀ ਕਿਰਿਆ ਅਖਵਾਉਂਦੀ ਹੈ, ਜਿਵੇਂ :—ਮੈਂ ਪਾਣੀ ਪੀਂਦਾ ਹਾਂ, ਮਾਸਟਰ ਜੀ ਜਾਂਦੇ ਹਨ । ਸੋਹਣਾ ਦੌੜਦਾ ਹੈ । ਇਹਨਾਂ ਵਾਕਾਂ ਵਿਚ ਜਾਂਦੇ ਹਨ, ਦੌੜਦਾ ਹੈ ਤੇ ਪੀਂਦਾ ਹੈ ਆਦਿ ਵਰਤਮਾਨ ਕਾਲ ਦੀਆਂ ਕਿਰਿਆਵਾਂ ਹਨ ।

(ਅ) ਭੂਤ ਕਾਲ :—ਉਹ ਕਿਰਿਆ ਜਿਸ ਦਾ ਕੰਮ ਪਿਛੇ ਬੀਤ ਚੁਕੇ ਸਮੇਂ ਵਿਚ ਪ੍ਰਗਟ ਹੋਵੇ, ਭੂਤ ਕਾਲ ਦੀ ਕਿਰਿਆ ਅਖਵਾਉਂਦੀ ਹੈ, ਜਿਵੇਂ—

ਮੈਂ ਪਾਣੀ ਪੀਤਾ । ਮਾਸਟਰ ਜੀ ਗਏ । ਸੋਹਨ ਦੌੜਿਆ ਸੀ । ਇਨ੍ਹਾਂ ਵਾਕਾਂ ਵਿਚ ਪੀਤਾ, ਗਏ, ਦੌੜਿਆ ਸੀ । ਭੂਤ ਕਾਲ ਦੀਆਂ ਕਿਰਿਆਵਾਂ ਹਨ ।

(ੲ) ਭਵਿੱਖਤ ਕਾਲ :—ਉਹ ਕਿਰਿਆ ਜਿਸ ਦਾ ਕੰਮ ਅਗੇ ਆਉਣ ਵਾਲੇ ਸਮੇਂ ਵਿਚ ਹੋਣਾ ਦਸਿਆ ਜਾਵੇ, ਭਵਿੱਖਤ ਕਾਲ ਦੀ ਕਿਰਿਆ ਅਖਵਾਉਂਦੀ ਹੈ, ਜਿਵੇਂ :—ਮਾਸਟਰ ਜੀ ਜਾਣਗੇ, ਮੈਂ ਪਾਣੀ ਪੀਵਾਂਗਾ ਤੇ ਸੋਹਣਾ ਦੌੜੇਗਾ। ਇਨ੍ਹਾਂ ਵਾਕਾਂ ਵਿਚੋਂ ਜਾਣਗੇ, ਪੀਵਾਂਗੇ ਤੇ ਦੌੜਾਂਗੇ ਸਭ ਭਵਿੱਖਤ ਕਾਲ ਦੀਆਂ ਕਿਰਿਆਵਾਂ ਹਨ।

੫. ਕਿਰਿਆ ਵਿਸ਼ੇਸ਼ਣ (Adverb)

ਜਿਹੜੇ ਸ਼ਬਦ ਕਿਸੇ ਕਿਰਿਆ ਜਾਂ ਕਿਰਿਆ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦੱਸਣ ਜਾਂ ਵਾਕ ਦੀ ਕਿਰਿਆ ਦੇ ਕੰਮ ਦੇ ਹੋਣ ਦਾ ਸਮਾਂ ਟਿਕਾਣਾ ਜਾਂ ਪ੍ਰਕਾਰ ਆਦਿ ਦੱਸਣ ਉਨ੍ਹਾਂ ਨੂੰ 'ਕਿਰਿਆ ਵਿਸ਼ੇਸ਼ਣ' ਆਖਦੇ ਹਨ, ਜਿਵੇਂ :—

ਮੋਟਰ ਬਹੁਤ 'ਤੇਜ਼' ਜਾਂਦੀ ਹੈ।

ਇਸ ਵਾਕ ਵਿਚ 'ਤੇਜ਼' ਸ਼ਬਦ ਕਿਰਿਆ ਵਿਸ਼ੇਸ਼ਣ ਹੈ ਜੇ 'ਤੇਜ਼' ਸ਼ਬਦ ਦੀ ਵਰਤੋਂ ਇਸ ਵਾਕ ਵਿਚ ਨਾ ਹੁੰਦੀ ਤਾਂ ਸਾਨੂੰ ਇਹ ਪਤਾ ਨਹੀਂ ਸੀ ਲਗ ਸਕਦਾ ਕਿ ਮੋਟਰ 'ਤੇਜ਼' ਜਾਂਦੀ ਹੈ ਜਾਂ 'ਹੋਲੀ'। ਤੇਜ਼ ਸ਼ਬਦ ਨੇ ਕਿਰਿਆ ਦੀ ਵਿਸ਼ੇਸ਼ਤਾ ਦੱਸੀ ਹੈ ਇਸ ਲਈ ਇਹ ਕਿਰਿਆ ਵਿਸ਼ੇਸ਼ਣ ਹੈ।

ਭਾਵੇਂ 'ਕਿਰਿਆ ਵਿਸ਼ੇਸ਼ਣ' ਕਈਆਂ ਤਰ੍ਹਾਂ ਦੇ ਹੁੰਦੇ ਹਨ ਪਰ ਇਨ੍ਹਾਂ ਦੇ ਮੁਖ ਭੇਦ ਅੱਠ ਹਨ, ਜਿਵੇਂ :—

(1) **ਕਾਲ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਵਾਕ ਦੀ ਕਿਰਿਆ ਦੇ ਕੰਮ ਦੇ ਹੋਣ ਦਾ ਸਮਾਂ ਦੱਸਣ ਉਨ੍ਹਾਂ ਨੂੰ 'ਕਾਲ' ਵਾਚਕ ਕਿਰਿਆ ਵਿਸ਼ੇਸ਼ਣ ਆਖਿਆ ਜਾਂਦਾ ਹੈ** ਜਿਵੇਂ ਹੁਣ, ਜਦੋਂ, ਤਦੋਂ, ਕਦੋਂ ਆਦਿਕ।

(2) **ਸਥਾਨ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਵਾਕ ਦੀ ਕਿਰਿਆ ਦੇ ਹੋਣ ਦਾ ਟਿਕਾਣਾ ਦਸਣ ਉਸ ਨੂੰ 'ਸਥਾਨ ਵਾਚਕ ਕਿਰਿਆ-ਵਿਸ਼ੇਸ਼ਣ' ਆਖਿਆ ਜਾਂਦਾ ਹੈ ਜਿਵੇਂ** :—ਕਿਥੇ, ਕਿਧਰ, ਉਧਰ, ਉੱਥੇ ਆਦਿਕ।

(3) **ਪ੍ਰਕਾਰ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਵਾਕ ਦੀ ਕਿਰਿਆ ਦੇ ਕੰਮ ਹੋਣ ਦਾ ਢੰਗ ਜਾਂ ਪ੍ਰਕਾਰ ਦੱਸਣ ਉਨ੍ਹਾਂ ਨੂੰ ਪ੍ਰਕਾਰ ਵਾਚਕ ਕਿਰਿਆ-ਵਿਸ਼ੇਸ਼ਣ ਆਖਿਆ ਜਾਂਦਾ ਹੈ,** ਜਿਵੇਂ :—ਹੌਲੀ ਹੌਲੀ, ਸਹਿਜੇ ਤੇ ਜਿਸ ਤਰ੍ਹਾਂ।

(4) **ਪਰਿਮਾਣ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਵਾਕ**

ਦੀ ਕਿਰਿਆ ਦੇ ਕੰਮ ਦੇ ਹੋਣ ਦੀ ਮਿਕਦਾਰ ਦੱਸਣ ਉਨ੍ਹਾਂ ਨੂੰ ਪਰਿਮਾਣ ਵਾਚਕ ਕਿਰਿਆ-ਵਿਸ਼ਸ਼ਣ ਆਖਿਆ ਜਾਂਦਾ ਹੈ :—ਜਿਵੇਂ :—ਥੋੜ੍ਹਾ ਬਹੁਤਾ, ਨਿਰਾ ਪੂਰਾ ਆਦਿਕ ।

(5) ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜਾ ਸ਼ਬਦ ਕੰਮ ਜਾਂ ਨੰਬਰ ਬਾਰੇ ਪਤਾ ਦੇਣ, ਉਨ੍ਹਾਂ ਨੂੰ 'ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ 'ਆਖਿਆ ਜਾਂਦਾ ਹੈ, ਜਿਵੇਂ :—ਇਕੇਰਾਂ, ਦੁਬਾਰਾ, ਕਈ ਵਾਰ ਆਦਿਕ ।

(6) ਨਿਰਨੇ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਕਿਰਿਆ ਦੇ ਕੰਮ ਦੇ ਹੋਣ ਜਾਂ ਨਾ ਹੋਣ, ਬਾਰੇ ਨਿਰਨਾ ਕਰਨ ਉਹਨਾਂ ਨੂੰ ਨਿਰਨਾ ਵਾਚਕ-ਕਿਰਿਆ ਵਿਸ਼ੇਸ਼ਣ ਆਖਿਆ ਜਾਂਦਾ ਹੈ, ਜਿਵੇਂ :—

ਜ਼ਰੂਰ, ਜੀ, ਨਹੀਂ, ਠੀਕ, ਆਹੋ ਜੀ ਆਇਆ ।

(7) ਕਾਰਨ ਵਾਚਕ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਕਿਰਿਆ ਦੇ ਹੋਣ ਜਾਂ ਨਾ ਹੋਣ ਬਾਰੇ ਨਿਰਨਾ ਕਰਨ ਉਹਨਾਂ ਨੂੰ 'ਕਾਰਨ ਵਾਚਕ ਕਿਰਿਆ-ਵਿਸ਼ੇਸ਼ਣ' ਆਖਿਆ ਜਾਂਦਾ ਹੈ ਜਿਵੇਂ—ਇਸ ਲਈ, ਇਸ ਕਰਕੇ, ਇਸ ਵਾਸਤੇ, ਤਾਂ ਭੀ, ਆਦਿਕ ।

(8) ਤਾਕੀਦੀ ਕਿਰਿਆ ਵਿਸ਼ੇਸ਼ਣ :—ਜਿਹੜੇ ਸ਼ਬਦ ਕਿਸੇ ਕਿਰਿਆ ਦੇ ਹੋਣ ਜਾਂ ਕਰਨ ਦੀ ਤਾਕੀਦ ਜਾਂ ਪਰੋੜ੍ਹਤਾ ਲਈ ਵਰਤੇ ਜਾਣ ਉਹਨਾਂ ਨੂੰ ਤਾਕੀਦੀ ਕਿਰਿਆ-ਵਿਸ਼ੇਸ਼ਣ ਆਖਿਆ ਜਾਂਦਾ ਹੈ, ਜਿਵੇਂ :—ਹੀ, ਤਕ, ਨਾਂਹ, ਆਦਿਕ ।

੬. ਸੰਬੰਧਕ (Preposition)

ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੇ ਪਿਛੇ ਆ ਕੇ ਵਾਕ ਦੀ ਕਿਰਿਆ ਜਾਂ ਹੋਰ ਕਿਸੇ ਸ਼ਬਦ ਨਾਲ ਉਸ ਨਾਂਵ ਜਾਂ ਪੜਨਾਂਵ ਦਾ ਸੰਬੰਧ ਪ੍ਰਗਟ ਕਰਨ, ਉਹਨਾਂ ਨੂੰ ਸੰਬੰਧਕ ਆਖਿਆ ਜਾਂਦਾ ਹੈ, ਜਿਵੇਂ :—ਸੀਤਲ ਨੇ ਸੱਪ ਨੂੰ ਲਾਠੀ ਨਾਲ ਮਾਰਿਆ ।

ਇਸ ਵਾਕ ਵਿਚ 'ਨੇ' ਤੇ 'ਨੂੰ' ਆਦਿ ਸ਼ਬਦ ਸੰਬੰਧਕ ਹਨ ।

ਖਿਆਲ ਰੱਖੋ ਜਿਸ ਨਾਂਵ ਜਾਂ ਪੜਨਾਂਵ ਨਾਲ ਸੰਬੰਧਕ ਵਰਤਿਆ ਜਾਵੇ ਉਸ ਨੂੰ ਸੰਬੰਧੀ ਆਖਦੇ ਹਨ ਤੇ ਜਿਸ ਸ਼ਬਦ ਨਾਲ ਸੰਬੰਧੀ ਦਾ ਸੰਬੰਧ ਹੋਵੇ ਉਸ ਨੂੰ ਸੰਬੰਧਮਾਨ ਆਖਿਆ ਜਾਂਦਾ ਹੈ ।

੭. ਯੋਜਕ (Conjuction)

ਜਿਹੜੇ ਸ਼ਬਦ ਦੋ ਸ਼ਬਦਾਂ ਜਾਂ ਵਾਕਾਂ ਨੂੰ ਜੋੜ ਦੇਣ ਉਹਨਾਂ ਨੂੰ ਯੋਜਕ ਆਖਿਆ ਜਾਂਦਾ ਹੈ ਜਿਵੇਂ :—ਪਰ, ਤੇ ਕਿਉਂਕਿ ਜਿਹੜਾ ਅਧਿਕ ।

(1) ਮੈਂ ਤੇ ਕੁਮਾਰੀ ਭੈਣ ਹਾਂ ।

(2) ਜੇ ਤੂੰ ਮਿਹਨਤ ਕਰਦਾ ਤਾਂ ਪਾਸ ਹੋ ਜਾਂਦਾ ।

ਪਹਿਲੇ ਵਾਕ ਵਿਚ 'ਤੇ' ਯੋਜਕ ਹੈ ਤੇ ਦੂਜੇ ਵਾਕ ਵਿਚ 'ਤਾਂ' ਯੋਜਕ ਹੈ, ਇਨ੍ਹਾਂ ਨਾਲ ਵਾਕ ਜੁੜੇ ਹੋਏ ਜ ਪਦੇ ਹਨ ।

ਯੋਜਕ ਦੇ ਦੋ ਭੇਦ ਹਨ ।

(1) ਸਮਾਨ ਯੋਜਕ :—ਜਿਹੜੇ ਯੋਜਕ ਦੋ ਸਾਧਾਰਨ ਜਾਂ ਸੁਤੰਤਰ ਵਾਕਾਂ ਨੂੰ ਜੁੜ ਕੇ ਸੰਯੁਕਤ ਵਾਕ ਬਣਾਉਣ ਉਨ੍ਹਾਂ ਨੂੰ 'ਸਮਾਨ ਯੋਜਕ' ਆਖਿਆ ਜਾਂਦਾ ਹੈ, ਜਿਵੇਂ :—ਅਤੇ, ਤੇ ਪਰ ਆਦਿਕ ।

ਉਦਾਹਰਣ :—ਮੋਹਣ ਅਤੇ ਸੋਹਨ ਨੇ ਦੁਧ ਪੀਤਾ ।

(2) ਅਧੀਨ ਯੋਜਕ :—ਜਿਨ੍ਹਾਂ ਯੋਜਕ ਦੀ ਸਹਾਇਤਾ ਨਾਲ ਮਿਸ਼ਰਤ ਵਾਕ ਬਣਦੇ ਹਨ, ਉਹਨਾਂ ਨੂੰ 'ਅਧੀਨ ਯੋਜਕ' ਆਖਿਆ ਜਾਂਦਾ ਹੈ, ਜਿਵੇਂ :— ਜੋ, ਕਿ, ਤਾਂ ਭੀ, ਇਸ ਲਈ ਆਦਿਕ ।

ਉਦਾਹਰਣ :—ਮੈਨੂੰ ਪਤਾ ਸੀ ਕਿ ਉਹ ਤੇਰਾ ਪਿਤਾ ਹੈ ।

ਇਸ ਵਾਕ 'ਕਿ' ਨੇ ਅਧੀਨ ਵਾਕ ਉਹ ਤੇਰਾ, ਪਿਤਾ ਹੈ ਪਹਿਲੇ ਵਾਕ ਨਾਲ ਜੋੜ ਦਿੱਤਾ ਹੈ । ਇਸ ਲਈ 'ਕਿ' ਅਧੀਨ ਯੋਜਕ ਹੈ ।

੮. ਵਿਸਮਿਕ (Interjection)

ਜਿਹੜੇ ਸ਼ਬਦ ਕਿਸੇ ਨੂੰ ਬੁਲਾਉਣ ਲਈ ਵਰਤੇ ਜਾਣ ਜਾਂ ਖੁਸ਼ੀ ਗਮੀ ਤੇ ਹੈਰਾਨੀ ਪ੍ਰਗਟ ਕਰਨ ਉਹਨਾਂ ਨੂੰ 'ਵਿਸਮਿਕ' ਆਖਿਆ ਜਾਂਦਾ ਹੈ, ਜਿਵੇਂ :—

ਹੇ ਰਾਮ ! ਵਾਹ ਭਾਈ ਵਾਹ ! ਆਹ ! ਊਈ ! ਆਦਿ ।

ਵਾਕ ਵੰਡ (Analysis)

ਮਿਡਲ ਸ਼ਰੇਣੀ ਵਿਚ ਕਦੀ ਕਦੀ ਵਾਕ ਵੰਡ ਬਾਰੇ ਵੀ ਪ੍ਰਸ਼ਨ ਆ ਜਾਂਦਾ

ਹੈ । ਇਸ ਲਈ ਹੇਠਾਂ ਇਸ ਬਾਰੇ ਗਿਆਨ ਦਿੱਤਾ ਜਾਂਦਾ ਹੈ :—

ਵਾਕ :—ਦੋ ਜਾਂ ਦੋ ਤੋਂ ਵਧ ਸ਼ਬਦਾਂ ਦਾ ਉਹ ਸੰਗ੍ਰਿਹ ਜੋ ਇਕ ਪੂਰੀ ਗੱਲ ਨੂੰ ਪ੍ਰਗਟ ਕਰੇ ਵਾਕ ਆਖਦੇ ਹਨ । ਜਿਵੇਂ—

(1) ਰਾਮ ਸਿੰਘ ਪੜ੍ਹਦਾ ਹੈ ।

(2) ਰਾਜ ਖੇਡਦਾ ਹੈ ।

(3) ਲੈ ਫੜ ।

ਵਾਕ ਤਿੰਨ ਪ੍ਰਕਾਰ ਦੇ ਹੁੰਦੇ ਹਨ; ਜਿਵੇਂ—

1. ਸਾਧਾਰਨ ਵਾਕ—ਉਹ ਵਾਕ ਜਿਸਦੇ ਵਿਚ ਇਕ ਕਿਰਿਆ ਹੋਵੇ ਸਾਧਾਰਨ ਵਾਕ ਅਖਵਾਂਦਾ ਹੈ; ਜਿਵੇਂ—

1. ਹਰਨਾਮ ਸਿੰਘ ਪੜ੍ਹਦਾ ਹੈ ।
2. ਰਾਜ ਹਸਦਾ ਹੈ ।

2. ਸੰਯੁਕਤ ਵਾਕ—ਅਜਿਹੇ ਵਾਕ ਜਿਨ੍ਹਾਂ ਵਿਚ ਇਕ ਤੋਂ ਵਧ ਕਿਰਿਆਵਾਂ ਹੋਣ ਤੇ ਉਹਨਾਂ ਨੂੰ ਸਮਾਨ ਯੋਜਕਾਂ ਨਾਲ ਜੋੜਿਆ ਹੋਵੇ, ਸੰਯੁਕਤ ਵਾਕ ਆਖਦੇ ਹਨ । ਜਿਵੇਂ :—

ਮੋਹਨ ਅਤੇ ਸੋਹਨ ਰੋਟੀ ਖਾਂਦੇ ਹਨ ।

ਉਪਰ ਲਿਖਿਆ ਵਾਕ ਦੋ ਸਾਧਾਰਨ ਵਾਕਾਂ ਨੂੰ ਜੋੜ ਕੇ ਬਣਾਇਆ ਗਿਆ ਹੈ; ਜਿਵੇਂ :—

ਮੋਹਨ ਰੋਟੀ ਖਾਂਦਾ ਹੈ ।
ਸੋਹਨ ਰੋਟੀ ਖਾਂਦਾ ਹੈ ।

ਇਹਨਾਂ ਦੁਹਾਂ ਵਾਕਾਂ ਨੂੰ 'ਅਤੇ' ਸਮਾਨ ਯੋਜਕ ਨਾਲ ਜੋੜਿਆ ਗਿਆ ਹੈ ।

(3) **ਮਿਸ਼ਰਤ ਵਾਕ**—ਮਿਸ਼ਰਤ ਵਾਕ ਵਿਚ ਇਕ ਤੋਂ ਵਧ ਉਪਵਾਕਾਂ ਨੂੰ 'ਅਧੀਨ ਯੋਜਕ' ਨਾਲ ਜੋੜਿਆ ਹੁੰਦਾ ਹੈ । ਜਿਵੇਂ :—

ਦੁਹਾਂ ਦੇਸ਼ਾਂ ਵਿਚ ਇਤਿਹਾਦੀ ਨਿਰੀਖਕ ਆ ਗਏ, ਫੌਜਾਂ ਆਮੋ ਸਾਹਮਣੇ ਖੜੀਆਂ ਤਨਾਉ ਦਾ ਕਾਰਨ ਬਣੀਆਂ ਸਨ ।

ਹੇਠਾਂ ਸਾਧਾਰਨ ਵਾਕ ਵੰਡ ਦਾ ਤਰੀਕਾ ਦਸਿਆ ਹੈ । ਸਾਧਾਰਨ ਵਾਕ ਦੋ ਭਾਗ ਹੁੰਦੇ ਹਨ, ਜਿਵੇਂ :—

(1) **ਆਦਮ**—ਸਾਧਾਰਨ ਵਾਕ ਦਾ ਉਹ ਭਾਗ ਜਿਸ ਵਿਚ ਵਾਕ ਦਾ ਕਰਤਾ ਹੋਵੇ ਉਸਨੂੰ ਆਦਮ ਆਖਦੇ ਹਨ ।

(2) **ਅੰਤਮ**—ਸਾਧਾਰਨ ਵਾਕ ਦਾ ਉਹ ਭਾਗ ਜਿਸ ਵਿਚ ਕਰਤਾ ਦਾ ਕੀਤਾ ਹੋਇਆ ਕੰਮ ਦਸਿਆ ਹੋਵੇ ਅੰਤਮ ਕਹਾਉਂਦਾ ਹੈ ।

ਉਦਾਹਰਣ ਲਈ—ਹਰੀ ਚੰਦ ਪੜ੍ਹਦਾ ਹੈ ।

ਇਸ ਵਾਕ ਦਾ ਕਰਤਾ 'ਹਰੀ ਚੰਦ' ਵਾਕ ਦਾ ਆਦਮ ਅਤੇ ਪੜ੍ਹਦਾ ਹੈ ਦਾ ਅੰਤਮ ਹੈ । ਇਸ ਨੂੰ ਖਾਣਿਆਂ ਵਿਚ ਇਸ ਤਰ੍ਹਾਂ ਲਿਖਦੇ ਹਨ ;—

————

ਦੂਜਾ ਭਾਗ

ਮੁਹਾਵਰੇ

ਸ਼ਬਦਾਂ ਦੇ ਉਸ ਇਕੱਠ ਨੂੰ ਜੋ ਵਾਕ ਨਾ ਹੋਵੇ, ਪਰ ਕਿਸੇ ਸਾਫ ਭਾਵ ਨੂੰ ਪ੍ਰਗਟ ਕਰੇ 'ਵਾਕੰਸ਼' ਆਖਦੇ ਹਨ। ਇਸ ਦੀਆਂ ਅੱਗੇ ਦੋ ਕਿਸਮਾਂ ਹੁੰਦੀਆਂ ਹਨ।

1. **ਸਾਧਾਰਨ ਵਾਕੰਸ਼**—ਜਿਨ੍ਹਾਂ ਵਾਕੰਸ਼ਾਂ ਨੂੰ ਅਖਰੀ ਸ਼ਬਦਾਂ ਵਿਚ ਵਰਤਿਆ ਜਾਵੇ ਉਹ ਸਾਧਾਰਨ ਵਾਕੰਸ਼ ਅਖਵਾਂਦੇ ਹਨ।

2. **ਖਾਸ ਵਾਕੰਸ਼**—ਪਰ ਉਹ ਵਾਕ ਜਿਸ ਤੋਂ ਅਖਰੀ ਸ਼ਬਦਾਂ ਤੋਂ ਛੁਟ ਹੋਰ ਅਰਥ ਵੀ ਨਿਕਲਦੇ ਹਨ। ਖਾਸ ਵਾਕੰਸ਼ (ਮੁਹਾਵਰੇ) ਆਖਦੇ ਹਨ।

ਜਿਵੇਂ—ਅੱਖਾਂ ਫੇਰ ਲਈਆਂ, ਲਹੂ ਪੀਣਾ ਆਦਿ।

ਹੇਠਾਂ ਅਸੀਂ ਕੁਝ ਮੁਹਾਵਰੇ ਵਾਕਾਂ ਵਿਚ ਵਰਤ ਕੇ ਦਸਦੇ ਹਾਂ। ਫਿਰ ਕੇਵਲ ਉਹਨਾਂ ਦੇ ਅਰਥ ਦੇਵਾਂਗੇ।

1. **ਉੱਨੀ ਇੱਕੀ ਦਾ ਫਰਕ** (ਮਾਮੂਲੀ ਫਰਕ)—ਸੀਤਾ ਤੇ ਸੋਹਨ ਦੀ ਦੀ ਉਮਰ ਵਿਚ ਉੱਨੀ ਇੱਕੀ ਦਾ ਫਰਕ ਹੈ।

2, **ਉਸਤਾਦੀ ਕਰਨੀ** (ਚਲਾਕੀ ਕਰਨੀ)—ਆਪਣੇ ਤੋਂ ਵੱਡਿਆਂ ਨਾਲ ਉਸਤਾਦੀ ਕਰਨੀ ਚੰਗੇ ਬੱਚਿਆਂ ਦਾ ਕੰਮ ਨਹੀਂ।

3. **ਅੱਖਾਂ ਵਿਚ ਰੜਕਣਾ** (ਬੁਰਾ ਲਗਣਾ)—ਜਦ ਦੀ ਧਰਮੇ ਸਕੂਲੇ ਚੋਰੀ ਕੀਤੀ ਹੈ ਸਭਨਾਂ ਮਾਸਟਰਾਂ ਦੀਆਂ ਅੱਖਾਂ ਵਿਚ ਰੜਕਦਾ ਹੈ।

4. **ਅਕਲ ਤੇ ਪਰਦਾ ਪੈਣਾ** (ਮੱਤ ਮਾਰੀ ਜਾਣੀ)—ਪ੍ਰੀਖਿਆ ਹਾਲ ਵਿਚ ਪਤਾ ਨਹੀਂ ਮੇਰੀ ਅਕਲ ਤੇ ਕਿਉਂ ਪੜਦਾ ਪੈ ਗਿਆ ਹੈ ਮੈਨੂੰ ਜਿਹੜੇ ਸੁਆਲ ਆਉਂਦੇ ਸਨ ਉਹ ਵੀ ਭੁਲ ਗਏ।

5. **ਇੱਟ ਨਾਲ ਇੱਟ ਖੜਕਾਉਣੀ** (ਤਬਾਹੀ ਕਰਨਾ)—ਬੰਦਾ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

6: **ਸਰ ਕਰਨਾ** (ਜਿੱਤ ਲੈਣਾ)—ਮਹਾਰਾਜਾ ਰਣਜੀਤ ਸਿੰਘ ਜਿਸ ਪਾਸੇ ਚੜ੍ਹਾਈ ਕਰਦਾ ਸੀ ਉਸੇ ਨੂੰ ਸਰ ਕਰ ਲੈਂਦਾ ਸੀ।

7. **ਹਰਨ ਹੋ ਜਾਣਾ** (ਦੌੜ ਜਾਣਾ)—ਮੁਸਲਮਾਨ ਐਨੇ ਬੁਜ਼ਦਿਲ ਸਨ ਕਿ ਸਾਡੀਆਂ ਫੌਜਾਂ ਦੇ ਆਉਣ ਦੀ ਖਬਰ ਸੁਣ ਕੇ ਹੀ ਹਰਨ ਹੋ ਜਾਂਦੇ ਸਨ।

8. **ਕੁੱਤੇ ਦੀ ਮੌਤ ਮਰਨਾ** (ਬੁਰੀ ਤਰ੍ਹਾਂ ਮਰਨਾ)—ਗੁਰਨਾਮ ਦੇ ਪਿਤਾ ਪਾਸ ਰੁਪਿਆ ਤਾਂ ਬਹੁਤ ਸੀ, ਪਰ ਉਹ ਗਰੀਬਾਂ ਨੂੰ ਬਹੁਤ ਤੰਗ ਕਰਦਾ ਹੁੰਦਾ ਸੀ। ਇਸੇ ਲਈ ਆਪ ਵੀ ਕੁੱਤੇ ਦੀ ਮੌਤੇ ਮਰਿਆ।

9. **ਗੁਲਛੱਰੇ ਉਡਾਉਣੇ** (ਫਜ਼ੂਲ ਖਰਚੀਆਂ ਕਰਨੀਆਂ)—ਗੁਰਦੇਵ ਦੇ ਪਿਤਾ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਉਸ ਨੇ ਆਪਣੇ ਪਿਤਾ ਦੀ ਜਾਇਦਾਦ ਦੇ ਗੁਲਛੱਰੇ ਉਡਾ ਦਿੱਤੇ।

10. **ਡੰਕੇ ਦੀ ਚੋਟ ਨਾਲ ਆਖਣਾ** (ਐਲਾਨੀਆ ਆਖਣਾ)—ਗੁਰਪਾਲ ਨੇ ਜਦੋਂ ਜ਼ਿਲੇ ਵਿਚ ਪਹਿਲਵਾਨੀ ਦਾ ਪਹਿਲਾ ਇਨਾਮ ਲਿਆ ਸੀ ਤਾਂ ਡੰਕੇ ਦੀ ਚੋਟ ਨਾਲ ਸਭ ਨੂੰ ਆਖਿਆ ਸੀ ਕਿ ਜੇ ਕੋਈ ਹੈ ਤਾਂ ਆ ਕੇ ਉਸਦਾ ਮੁਕਾਬਲਾ ਕਰੇ।

ਹੇਠਾਂ ਮੁਹਾਵਰੇ ਤੇ ਉਨ੍ਹਾਂ ਦੇ ਅਰਥ ਭੀ ਦਿੱਤੇ ਜਾਂਦੇ ਹਨ।

(ੳ)

ਉਂਗਲ ਕਰਨੀ—ਦੋਸ਼ ਲਗਾਉਣਾ, ਊਜ ਲਗਾਉਣੀ।
ਉਫ ਨਾ ਕਰਨੀ—ਸਭ ਕੁਝ ਸਹਿ ਲੈਣਾ, ਚੁਪ ਕਰ ਜਾਣਾ।
ਉਜਾੜ ਮੱਲਣੀ—ਫਕੀਰ ਹੋ ਜਾਣਾ।
ਉਧੜ ਧੁੰਮੀ ਚੁਕਣੀ—ਬਹੁਤ ਰੌਲਾ ਪਾਉਣਾ, ਅੱਤ ਚੁਕਣੀ।
ਊਟ ਪਟਾਂਗ ਬੋਲਣਾ—ਵਿਅਰਥ ਬੋਲਣਾ।
ਉਸਤਾਦੀ ਕਰਨੀ—ਚਲਾਕੀ ਕਰਨੀ।

(ਅ)

ਅੱਖ ਉੱਚੀ ਕਰਨੀ—ਅਗੋਂ ਸਾਹਮਣੇ ਹੋਣਾ, ਅੱਗੇ ਬੋਲਣਾ।
ਅੱਖ ਖੁਲ੍ਹਣੀ—ਹੋਸ਼ ਆ ਜਾਣੀ, ਜਾਗ ਆ ਜਾਣੀ।

ਅੱਖ ਨੀਵੀਂ ਕਰਨੀ—ਸ਼ਰਮਾਣਾ ਜਾਂ ਸ਼ਰਮ ਕਰਨੀ।
ਅੱਖ ਦਿਖਾਉਣੀ—ਧਮਕਾਉਣਾ, ਡਰਾਉਣਾ।
ਅੱਖ ਵਿਚ ਘੱਟਾ ਪਾਉਣਾ—ਧੋਖਾ ਦੇਣਾ।
ਆਪਾ ਧਾਪੀ ਪੈਣੀ—ਘਬਰਾਹਟ ਹੋ ਜਾਣੀ।
ਅੱਖਾਂ ਵਿਚ ਰਾਤ ਲੰਘਾਉਣੀ—ਜਗਰਾਤਾ ਕਰਨਾ।
ਅੱਗਾ ਪਿਛਾ ਸੋਚਣਾ—ਹਾਣ ਲਾਭ ਵਿਚਾਰਨਾ।
ਅੱਗੇ ਲੱਗ ਟੁਰਨਾ—ਕਿਸੇ ਤੋਂ ਹਾਰ ਮੰਨ ਲੈਣੀ।

(ੲ)

ਇੱਕੋ ਡੱਗੇ ਪਿੰਡ ਮੰਗਣਾ—ਇਕੋ ਸਾਹ ਇਕ ਵਡੇ ਸਾਰੇ ਕੰਮ ਨੂੰ ਮੁਕਾਉਣਾ ਦੀ ਕਾਹਲੀ ਕਰਨੀ।

ਇਕ ਲਾਠੀ ਨਾਲ ਸਭ ਨੂੰ ਹਿੱਕਣਾ—ਸਭਨਾਂ ਨਾਲ ਇਕੋ ਜਿਹਾ ਵਿਉਹਾਰ ਕਰਨਾ।

ਇੱਟ ਖੜਿੱਕਾ ਲਗਾਉਣਾ—ਝਗੜਾ ਕਰਨਾ।
ਇਕ ਮੁੱਠ ਹੋਣਾ—ਏਕਾ ਕਰਨਾ।
ਇਕ ਮਿਕ ਹੋਣਾ—ਬਹੁਤ ਪਿਆਰ ਹੋਣਾ।
ਇਕ ਅੱਖ ਨਾਲ ਵੇਖਣਾ—ਸਭ ਨੂੰ ਇਕੋ ਜਿਹਾ ਸਮਝਣਾ।
ਇੱਟ ਕੁੱਤੇ ਦਾ ਵੈਰ—ਬਹੁਤ ਸਖਤ ਵੈਰ ਹੋਣਾ।

(ਸ)

ਸਿਰ ਚੜ੍ਹ ਕੇ ਮਰਨਾ—ਅਪਰਾਧ ਕਿਸੇ ਦੇ ਸਿਰ ਤੇ ਲਾ ਕੇ ਮਰਨਾ।
ਸਿਰੋਂ ਨੰਗੀ ਹੋ ਜਾਣਾ—ਪਤੀ ਗੁਜ਼ਰ ਜਾਣਾ, ਰੰਡੀ ਹੋ ਜਾਣਾ।
ਸਿਰ ਤੇ ਕੁੰਡਾ ਹੋਣਾ—ਕਿਸੇ ਵੱਡੇ ਦਾ ਡਰ ਸਿਰ ਤੇ ਨਾ ਰਹਿਣਾ।
ਸੱਤਰ ਬਹੱਤਰ ਜਾਣਾ—ਬੁਧ ਖਰਾਬ ਹੋ ਜਾਣੀ।
ਸਰੀਰ ਵਿਚ ਬਿਜਲੀ ਦੌੜਨੀ—ਚੇਤੰਨਤਾ ਆਉਣੀ।
ਸ਼ਿਕਾਰ ਹੱਥ ਆਉਣਾ—ਕੋਈ ਆਦਮੀ ਕਾਬੂ ਹੋਣਾ।

(ਹ)

ਹੱਕਾ ਬੱਕਾ ਹੋਣਾ—ਹੈਰਾਨ ਰਹਿ ਜਾਣਾ।
ਹਜਾਮਤ ਕਰਨੀ—ਠੱਗ ਲੈਣਾ।

ਹੱਡੀਆਂ ਦੀ ਮੁੱਠ—ਬਹੁਤ ਲਿੱਸਾ ਹੋਣਾ ।
ਹੱਡੀਆਂ ਨਿਕਲ ਆਉਣੀਆਂ—ਬਹੁਤ ਕਮਜ਼ੋਰ ਹੋ ਜਾਣਾ ।
ਹੱਡਾਂ ਪੈਰਾਂ ਦਾ ਖੁਲ੍ਹਾ ਹੋਣਾ—ਬਾਂਕਾ ਜੁਆਨ ਹੋਣਾ ।

(ਕ)

ਕਿਨਾਰਾ ਕਰਨਾ—ਇਕ ਪਾਸੇ ਹੋ ਜਾਣਾ ।
ਕਾਇਆ ਪਲਟਨੀ—ਤਬਦੀਲੀ ਆਉਣੀ ।
ਕੱਖ ਭੰਭ ਕੇ ਦੂਹਰਾ ਨਾ ਕਰਨਾ—ਬਿਲਕੁਲ ਵਿਹਲੇ ਬੈਠੇ ਰਹਿਣਾ ।
ਕੰਮ ਵਿਚ ਲਿਆਉਣਾ—ਵਰਤੋਂ ਵਿਚ ਲਿਆਉਣਾ ।
ਕੰਨ ਤੇ ਜੂੰ ਨਾ ਸਰਕਣ ਦੇਣੀ—ਰਤਾ ਅਸਰ ਨਾ ਹੋਣਾ ।
ਕੁੱਤੇ ਦੀ ਮੌਤ ਮਰਨਾ—ਨਿਰਾਦਰੀ ਨਾਲ ਮਰਨਾ ।
ਕੰਡੇ ਬੀਜਣੇ—ਅਟਕਾਉ ਪੈਦਾ ਕਰਨੀ ਜਾਂ ਰੋਕ ਪਾਉਣੀ ।
ਕਾਗਜ਼ੀ ਘੋੜੇ ਦੁੜਾਉਣੇ—ਸੋਚਾਂ ਵਿਚ ਸਮਾਂ ਖਿਤਾਉਣਾ ।
ਕਰਵਟ ਬਦਲਣਾ—ਬੇ ਅਰਾਮ ਹੋਣਾ, ਪਾਸੇ ਮਾਰਨੇ ।

(ਖ)

ਖੁਰੀ ਪਿਛੇ ਮੱਤ ਹੋਣੀ—ਇਸਤਰੀ ਦੀ ਉਲਟੀ ਮੱਤ ਹੋਣੀ ।
ਖੂਨ ਦੇ ਘੁੱਟ ਪੀਣੇ—ਵੱਡੀ ਭਾਰੀ ਨਿਰਾਦਰੀ ਸਹਾਰਨੀ ।
ਖੱਟੇ ਪਾਉਣੀ—ਕਿਸੇ ਗੱਲ ਨੂੰ ਢਿੱਲਾ ਕਰ ਦੇਣਾ, ਨਿਸਚੇ ਨਾ ਕਰ ਸਕਣਾ ।

(ਗ)

ਗੱਡੇ ਮੁਰਦੇ ਪੁਟਣੇ—ਬੀਤੀਆਂ ਗੱਲਾਂ ਨੂੰ ਯਾਦ ਕਰਨਾ ।
ਗਲ਼ ਪਿਆ ਢੋਲ ਵਜਾਉਣਾ—ਸਿਰ ਪਿਆ ਕੰਮ ਔਖੇ ਸੌਖੇ ਕਰਨਾ ।
ਗਿੱਲਾ ਪੀਹਣਾ—ਉਹ ਕੰਮ ਕਰਨਾ ਜਿਹੜਾ ਮੁਕਣ ਵਿਚ ਨਾ ਆਵੇ ।
ਗੰਢ ਵਿਚ ਬੰਨ੍ਹਣਾ—ਚੰਗੀ ਤਰ੍ਹਾਂ ਯਾਦ ਰਖਣਾ ।
ਗਿਰਗਿਟ ਵਾਂਗ ਰੰਗ ਬਦਲਣਾ—ਇਕ ਤਰ੍ਹਾਂ ਨਾ ਰਹਿਣਾ । ਸਦਾ ਹੀ ਬਦਲਦੇ ਰਹਿਣਾ ।
ਗੰਗਾ ਜਲੀ ਚੁੱਕਣੀ—ਧਰਮ ਦੀ ਸਹੁੰ ਖਾਣੀ ।
ਗੁੜ ਦਾ ਗੋਹਾ ਕਰਨਾ—ਚੰਗੇ ਕੰਮ ਦਾ ਨੁਕਸਾਨ ਕਰਨਾ ।

(ਘ)

ਘਰ ਦਾ ਮੂੰਹ ਦੂਜੇ ਪਾਸੇ ਲਾਉਣਾ—ਝਗੜਾ ਚੋੜ ਕਰਨਾ।

ਘੱਟੇ ਕੌਡੀਆਂ ਰਲਾਉਣੀਆਂ—ਪੂਰਾ ਪਤਾ ਨਾ ਦੇਣਾ।

ਘੋੜੇ ਵੇਚ ਕੇ ਸੌਂ ਜਾਣਾ—ਬੇ ਫਿਕਰੀ।

ਘੋੜੇ ਕੰਨ ਬਰਾਬਰ ਹੋਣਾ—ਹਾਣ ਲਾਭ ਇਕੋ ਜਿਹਾ ਹੋਣਾ।

ਘਾਟ ਘਾਟ ਦਾ ਪਾਣੀ ਪੀਣਾ—ਦੇਸ਼ ਵਿਦੇਸ਼ ਫਿਰਨਾ ਜਾਂ ਕਈ ਥਾਈਂ ਨੌਕਰੀ ਕਰਨੀ।

ਘਿਉ ਦੇ ਦੀਵੇ ਬਾਲਣਾ—ਖੁਸ਼ੀਆਂ ਮਨਾਉਣੀਆਂ।

(ਚ)

ਚਾਦਰ ਤਾਣ ਕੇ ਸੌਣਾ—ਨਿਸਚਿੰਤ (ਬੇਫਿਕਰ ਹੋ ਜਾਣਾ।

ਚਲਦੀ ਗੱਡੀ ਵਿਚ ਰੋੜਾ ਅਟਕਾਉਣਾ—ਕੰਮ ਵਿਚ ਵਿਘਨ ਪਾਉਣਾ।

ਚਾਂਦੀ ਦੀ ਜੁੱਤੀ ਮਾਰਨੀ—ਵੱਢੀ ਦੇਣੀ।

ਚੜ੍ਹ ਮਚਣੀ—ਕਿਸੇ ਦੀ ਗੱਲ ਸੱਚੀ ਨਿਕਲ ਆਵੇ ਤਾਂ ਆਖਦੇ ਹਨ ਜਾਂ ਗੁੱਡੀ ਚੜ੍ਹਨੀ।

ਚੂੜੀਆਂ ਪਹਿਨਣੀਆਂ—ਬੁਜ਼ਦਿਲ ਬਣਨਾ।

(ਛ)

ਛਾਤੀ ਤੇ ਸੱਪ ਲੇਟਣੇ—ਈਰਖਾ ਕਰਨੀ, ਸਾੜਾ ਕਰਨਾ

ਛਪਰ ਪਾੜ ਦੇ ਦੇਣਾ—ਅਚਨਚੇਤ ਅਮੀਰ ਹੋ ਜਾਣਾ।

ਛੱਕੇ ਛੁਟ ਜਾਣੇ—ਘਾਬਰ ਜਾਣਾ।

(ਜ)

ਜਾਨ ਛੁੜਾਉਣੀ—ਪੱਲਾ ਛੁਡਾਉਣਾ।

ਜਾਨ ਤੋਂ ਹੱਥ ਧੋ ਬਹਿਣਾ—ਪਰਾਣ ਦੇਣੇ।

ਜਾਨ ਤੇ ਖੇਡਣਾ—ਕੁਰਬਾਨੀ ਦੇਣੀ।

ਜੰਗਲ ਵਿਚ ਮੰਗਲ ਹੋਣਾ—ਉਜਾੜ ਵਿਚ ਰੌਣਕ ਹੋਣੀ।

ਜੌਹਰ ਵਿਖਾਉਣਾ—ਤਾਕਤ ਵਖਾਉਣੀ।

(ਝ)

ਝਾੜੂ ਫੇਰਨਾ—ਨਾਸ ਕਰਨਾ।

ਝੱਗ ਛੱਡਣੀ—ਬਹੁਤ ਗੁੱਸੇ ਵਿਚ ਆਉਣਾ।
ਝੜੀ ਲਗਾ ਦੇਣੀ—ਕਿਸੇ ਗੱਲ ਵਿਚ ਅਤੀ ਦੇਰ ਕਰਨੀ।

(ਟ)

ਟਾਲ ਮਟੋਲ ਕਰਨੀ—ਬਹਾਨੇ ਕਰਨਾ।
ਟਕੇ ਚਾਲ ਚਲਣਾ—ਹੋਲੀ ਹੋਲੀ ਕੰਮ ਕਰਨਾ।
ਟਿਕਾਣੇ ਲਾਉਣਾ—ਅਸਲ ਗੱਲ ਕਰਨੀ।
ਟਕੇ ਵਰਗਾ ਮੂੰਹ ਲੈ ਕੇ ਬਹਿ ਜਾਣਾ—ਸ਼ਰਮਿੰਦਾ ਹੋਣਾ।

(ਠ)

ਠੋਕ ਵਜਾ ਕੇ ਵੇਖਣਾ—ਚੰਗੀ ਤਰ੍ਹਾਂ ਵੇਖਣਾ।
ਠਨ ਠਨ ਗੁਪਾਲ—ਨਿਰਧਨ ਜਾਂ ਕੰਗਾਲ ਹੋਣਾ।
ਠੂੰਗਾ ਮਾਰਨਾ—ਘੱਟ ਤੋਲ ਕੇ ਦੇਣਾ।
ਠੰਢੇ ਸਾਹ ਕਰਨਾ—ਹਉਕੇ ਲੈਣੇ।
ਠੰਢੇ ਦੁਧ ਫੂਕਾਂ ਮਾਰਨੀਆਂ—ਆਕੜ ਕਰਨਾ।

(ਡ)

ਡਕਾਰ ਮਾਰ ਜਾਣਾ—ਦੂਜੇ ਦੀ ਚੀਜ਼ ਹੜੱਪ ਕਰ ਜਾਣਾ।
ਡੰਕਾ ਵਜਉਣਾ—ਨਾਉਂ ਖੱਟ ਲੈਣਾ।
ਡਕਾਰ ਤਕ ਨਾ ਮਾਰਨਾ—ਚੁਪ ਚਾਪ ਹਜ਼ਮ ਕਰ ਜਾਣਾ।
ਡੰਕੇ ਦੀ ਚੋਟ ਆਖਣਾ—ਐਲਾਨ ਕਰਨਾ।
ਡੁਬਦੀ ਬੇੜੀ ਪਾਰ ਲੰਘਾਉਣੀ—ਬਿਪਤਾ ਤੋਂ ਬਚਾਉਣਾ।
ਡੁਬਦੇ ਨੂੰ ਤੀਲੇ ਦਾ ਸਹਾਰਾ—ਬੇ ਸਹਾਰਾ ਮਨੁੱਖ ਨੂੰ ਮਾਮੂਲੀ ਸਹਾਰਾ ਵੀ ਕਿਸੇ ਵੇਲੇ ਬਹੁਤ ਹੁੰਦਾ ਹੈ।

(ਢ)

ਢਾਈ ਦਿਨਾਂ ਦੀ ਬਾਦਸ਼ਾਹੀ—ਕੁਝ ਸਮੇਂ ਲਈ ਅਧਿਕਾਰ ਮਿਲਣਾ।
ਢਿੱਡੀਂ ਪੀੜਾਂ ਪੈਣੀਆਂ—ਬਹੁਤ ਹਸਣਾ।
ਢੇਰੀ ਢਾਉਣੀ—ਦਿਲ ਛੱਡ ਦੇਣਾ।
ਢਿਡ ਵਿਚ ਝੁਲਕਾ ਫਿਰਨਾ—ਵਡੀ ਚਿੰਤਾ ਕਰ ਕੇ ਵਿਆਕੁਲ ਹੋਣਾ ਜਾਂ ਖੋਹ ਪੈਣੀ।

(ਤ)

ਤਲਵਾਰ ਦੇ ਘਾਟ ਉਤਾਰਨਾ—ਜਾਨੋਂ ਮਾਰ ਦੇਣਾ।
ਤਖਤਾ ਉਲਟਾਉਣਾ—ਇਨਕਲਾਬ (ਕ੍ਰਾਂਤੀ) ਲਿਆਉਣਾ।
ਤੱਤੀ ਵਾ ਨਾ ਲਗਣੀ—ਕੋਈ ਦੁਖ ਨਾ ਹੋਣਾ।
ਤਾ ਭਰ ਦਾ ਫਰਕ ਹੋਣਾ—ਬਹੁਤ ਥੋੜ੍ਹਾ ਫਰਕ ਹੋਣਾ।
ਤਾਰੇ ਤੋੜਨੇ—ਹੈਰਾਨ ਕਰ ਦੇਣ ਵਾਲੇ ਕੰਮ ਕਰਨੇ।
ਤਾੜੀਆਂ ਵਜਾਉਣਾ—ਸ਼ਰਮਿੰਦਾ ਕਰਨਾ ਜਾਂ ਕਿਸੇ ਦੀ ਇਜ਼ਤ ਕਰਨੀ, ਹੌਂਸਲਾ ਦੇਣਾ।

(ਥ)

ਥੁੱਕੀਂ ਵੜੇ ਪਕਾਉਣਾ—ਮੁਫਤੋਂ ਮੁਫਤ ਕੰਮ ਸਿਰੇ ਚੜ੍ਹਾਉਣਾ।
ਥੁੱਕਾਂ ਮੋਢੇ ਉਤੇ ਸੁੱਟਣੀਆਂ—ਬਹੁਤਾ ਹੰਕਾਰ ਕਰਨਾ।

(ਦ)

ਦਿਲ ਫੜ ਕੇ ਰਹਿ ਜਾਣਾ—ਭਾਰੀ ਸੱਟ ਸਹਾਰਨੀ।
ਦੰਦ ਖਟੇ ਹੋਣੇ—ਹਾਰ ਹੋ ਜਾਣੀ।
ਦਾਈ ਪਾਸੋਂ ਪੇਟ ਲੁਕਾਉਣਾ—ਵਾਕਫ ਤੋਂ ਭੇਦ ਛੁਪਾਉਣਾ।
ਦਰ ਦਰ ਮਾਰੇ ਫਿਰਨਾ—ਕਾਰਜ ਸਿਧੀ ਲਈ ਭਟਕਦੇ ਫਿਰਨਾ।
ਦੱਬੇ ਪੈਰ ਨਿਕਲਣਾ—ਚੁਪ ਚਾਪ ਚਲੇ ਜਾਣਾ।
ਦਾਲ ਨਾ ਗਲਣੀ—ਕਿਸੇ ਨਾਲ ਨਾ ਨਿਭਣੀ।

(ਧ)

ਧੂੜ ਵਿਚ ਮਿਲ ਜਾਣਾ—ਨਾਸ ਹੋ ਜਾਣਾ।
ਧਾਗਾ ਕਰਾਉਣਾ—ਟੂਣਾ ਕਰਾਉਣਾ।
ਧੌਲਿਆਂ ਦੀ ਲਾਜ ਰੱਖਣੀ—ਬਜ਼ੁਰਗੀ ਦੀ ਇਜ਼ਤ ਰੱਖਣੀ।
ਧੂਣੀ ਰਮਾਉਣਾ—ਇਕ ਥਾਂ ਜੰਮ ਕੇ ਬੈਠ ਜਾਣਾ।
ਧੁਪੇ ਵਾਲ ਚਿੱਟੇ ਕਰਨੇ—ਅਨੁਭਵ ਹੀਨ ਹੋਣਾ।

(ਨ)

ਨੱਕ ਦੀ ਸੇਧ ਵਿਚ ਜਾਣਾ—ਠੀਕ ਕੰਮ ਕਰਨਾ, ਬਿਲਕੁਲ ਸਿੱਧਾ ਹੋ ਜਾਣਾ।

ਨੱਕ ਤੇ ਮੱਖੀ ਨਾ ਬਹਿਣ ਦੇਣਾ—ਆਪਣੇ ਆਪ ਨੂੰ ਬਹੁਤ ਉੱਚਾ ਸੁਚਾ ਪ੍ਰਗਟ ਕਰਨਾ ।

ਨੱਕ ਨਾ ਰਹਿਣਾ—ਬੇਪਤੀ ਹੋਣਾ ।

ਨਮਕ ਹਰਾਮ ਕਰਨਾ—ਕਿਸੇ ਦਾ ਖਾ ਕੇ ਉਸ ਨੂੰ ਧੋਖਾ ਦੇਣਾ ।

ਨਗਾਰੇ ਦੀ ਚੋਟ ਨਾਲ ਆਖਣਾ—ਖੁਲ੍ਹਮ ਖੁਲ੍ਹਾ ਆਖਣਾ ।

ਨੀਲਾ ਪੀਲਾ ਹੋਣਾ—ਗੁੱਸੇ ਵਿਚ ਆਉਣਾ ।

ਨੱਕ ਵਿਚ ਦਮ ਆਉਣਾ—ਬਹੁਤ ਤੰਗ ਹੋਣਾ ।

ਨਜ਼ਰ ਹੇਠ ਨਾ ਲਿਆਉਣਾ—ਪਰਵਾਹ ਨਾ ਕਰਨੀ ।

ਨਮਕ ਹਲਾਲ ਕਰਨਾ—ਕੀਤੇ ਨੂੰ ਜਾਨਣਾ ।

(ਪ)

ਪੱਗ ਲਾਹੁਣੀ—ਬੇਇਜ਼ਤੀ ਕਰਨੀ ।

ਪਿੱਠ ਦੇ ਜਾਣਾ—ਨੱਸ ਜਾਣਾ ਛੱਡ ਜਾਣਾ ।

ਪਰਾਈ ਅੱਗ ਵਿਚ ਕੁੱਦਣਾ—ਦੁਖੀਆਂ ਦੀ ਥਾਂ ਦੁੱਖ ਝਲਣਾ ।

ਪਿਓ ਦੇ ਪਿਓ ਨੂੰ ਫੜਨਾ—ਬਹੁਤ ਖੋਜ ਕਰਨੀ ।

ਪਕੇ ਪੈਰਾਂ ਉਤੇ ਖਲੋਣਾ—ਆਪਣੀ ਵਲੋਂ ਪੂਰਾ ਤਾਣ ਲਗਾਉਣਾ ।

(ਫ)

ਫੂਲੇ ਨਾ ਸਮਾਉਣਾ—ਚੰਗਾ ਪ੍ਰਸੰਨ ਹੋਣਾ ।

ਫੁਲ ਚੁਗਣੇ—ਕਿਸੇ ਸਸਕਾਰੇ ਹੋਏ ਮਨੁੱਖ ਦੀਆਂ ਹਡੀਆਂ ਸਿਵਿਆਂ ਵਿਚੋਂ ਚੁਕਣਾ ।

ਫਹੁ ਮਾਰਣੀ—ਕੋਈ ਗੱਲ ਝੂਠ ਮੂਠ ਕਹਿ ਦੇਣੀ ।

(ਬ)

ਬੁੱਢੇ ਤੋਤੇ ਪੜ੍ਹਾਉਣੇ—ਬੁਢੇ ਮਨੁਖ ਨੂੰ ਪੜ੍ਹਾਉਣਾ ।

ਬਾਂਦਰ ਘੁਰਕੀ—ਬਣਾਉਟੀ ਡਰ ਵਿਖਾਉਣਾ ।

ਬਾਂਹ ਭੱਜਣੀ—ਕਿਸੇ ਮਿਤਰ ਦੀ ਮੌਤ ਹੋਣੀ ।

ਬਿਟਰ ਬਿਟਰ ਤਕਣਾ—ਬਹੁਤ ਹੈਰਾਨ ਹੋਣਾ ।

ਬਾਲੂ ਦੀ ਭੀਤ—ਛੇਤੀ ਨਾਸ਼ਵਾਨ ਹੋਣ ਵਾਲਾ ।

ਬੇੜੀ ਪਾਰ ਕਰਨੀ—ਕਿਸੇ ਦਾ ਕੰਮ ਬਣਾ ਦੇਣਾ ।

ਬੇੜੀਆਂ ਵਿਚ ਵੱਟੇ ਪਾਉਣ—ਤਬਾਹੀ ਸ਼ੁਰੂ ਕਰਨੀ ।

(ਭ)

ਭਾਰ ਚਾੜ੍ਹਨਾ --ਕਿਸੇ ਦਾ ਹੋਣਾ ਜਾਂ ਕਰਜਾ ਚੜ੍ਹਣਾ ।

ਭਾਰ ਉਤਾਰਨਾ—ਕਿਸੇ ਭਾਰੀ ਜ਼ਿੰਮੇਵਾਰੀ ਦੇ ਕੰਮ ਨੂੰ ਪੂਰਾ ਕਰਨਾ ।

ਭਾਰਾਂ ਤੇ ਪੈਣਾ—ਮਿੰਨਤਾਂ ਕਰਵਾਉਣ ਲਈ ਟਾਲ ਮਟੋਲ ਕਰਨੀ ।

ਭਾਗਾਂ ਦਾ ਫਿਰਨਾ—ਹਾਲਾਤ ਬਦਲ ਜਾਣੀ ।

ਭੁਗਤ ਸੁਆਰਨੀ—ਸ਼ਿੱਧਿਆਂ ਕਰਨਾ ।

ਭੂੰਡਾਂ ਦੀ ਖੱਖਰ ਨੂੰ ਛੇੜਨਾ—ਕਿਸੇ ਭੈੜੇ ਆਦਮੀ ਨੂੰ ਗਲ ਪਾ ਲੈਣਾ ।

(ਮ)

ਮੂੰਹ ਵਿਚ ਫਿਰਨਾ—ਕੋਈ ਭੁੱਲੀ ਹੋਈ ਗੱਲ ਥੋੜ੍ਹੀ ਥੋੜ੍ਹੀ ਯਾਦ ਆਉਣੀ ।

ਮੂੰਹ ਨੂੰ ਲਹੂ ਲੱਗਣਾ—ਹਰਾਮ ਦੀ ਚੀਜ਼ ਖਾਣ ਦਾ ਸੁਆਦ ਪੈ ਜਾਣਾ ।

ਮੂੰਹ ਧੋ ਛੱਡਣਾ—ਆਸ ਨਾ ਰੱਖਣੀ ।

ਮੂੰਹ ਤੋਂ ਲੋਈ ਲਾਹੁਣੀ—ਸ਼ਰਮ ਹਯਾ ਤੋਂ ਹੱਥ ਧੋ ਬਹਿਣਾ ।

ਮੂੰਹ ਦੇਖਦੇ ਰਹਿ ਜਾਣਾ—ਅੱਖਾਂ ਸਾਹਮਣੇ ਕੋਈ ਕੰਮ ਵਿਗੜ ਜਾਣਾ ।

(ਯ)

ਯਾਦ ਆਉਣਾ—ਚੇਤੇ ਆਉਣਾ ।

ਯੁਗ ਯੁਗ—ਚਿਰਾਂ ਤਕ ।

(ਰ)

ਰਾਈ ਦਾ ਪਹਾੜ—ਸਾਧਾਰਨ ਗੱਲ ਵਧਾ ਚੜ੍ਹਾ ਕੇ ਦਸਣਾ ।

ਰੰਗ ਰਲੀਆਂ ਮਨਾਉਣਾ—ਬੁਲੇ ਲੁੱਟਣੇ, ਅਨੰਦ ਲੈਣੇ ।

ਰੋਂਗਟੇ ਖੜੇ ਹੋ ਜਾਣਾ—ਡਰ ਜਾਣਾ ਲੂੰ ਕੰਡੇ ਹੋਣਾ ।

ਰਾਮ ਕਹਾਣੀ ਕਹਿਣੀ—ਲੰਮੀ ਕਹਾਣੀ ਬਿਆਨ ਕਰਨੀ ।

ਰਾਤ ਅੱਖਾਂ ਵਿਚ ਕੱਟਣੀ—ਸਾਰੀ ਰਾਤ ਜਾਗਦੇ ਰਹਿਣਾ ।

ਦਿਨ ਰਾਤ ਇਕ ਕਰਨਾ—ਬਹੁਤ ਮਿਹਨਤ ਕਰਨੀ ।

(ਲ)

ਲੇਡਾ ਫੂਲ ਜਾਣਾ—ਬਹੁਤ ਹੰਕਾਰ ਹੋ ਜਾਣਾ ।

ਲੂੰ ਕੰਡੇ ਖੜੇ ਹੋਣਾ—ਗੁੱਸੇ ਵਿਚ ਆਉਣਾ ।

ਲਿਖਤ ਪੜਤ ਹੋਣੀ—ਲਿਖਤੀ ਇਕਰਾਰ ਹੋਣਾ ।

ਲਪੇਟ ਵਿਚ ਆਉਣਾ—ਫਸ ਜਾਣਾ ਜਾਂ ਧੋਖੇ ਵਿਚ ਆਉਣਾ ।

ਲਹੂ ਪਾਣੀ ਇਕ ਕਰਨਾ—ਬਹੁਤ ਮਿਹਨਤ ਕਰਨੀ ।

ਲਹੂ ਨਾਲ ਹੱਥ ਭਰਨਾ—ਖ਼ੂਨ ਕਰ ਦੇਣਾ ।

ਲਹੂ ਦਾ ਘੁਟ ਪੀਣਾ—ਕਰੋਧ ਕਰਨਾ ।

ਲਟੂ ਹੋ ਜਾਣਾ—ਮਸਤ ਹੋ ਜਾਣਾ ।

ਲੱਤ ਹੇਠੋਂ ਕੱਢਣਾ—ਹੇਠੀ ਕਰਨੀ ।

(ਵ)

ਵਧਾਣ ਵਧ ਜਾਣਾ—ਮਾਰੂ ਰੋਗ ਵਧਾ ਕੇ ਵੱਡਾ ਹੋ ਜਾਣਾ ।

ਵਿਲੂੰ ਵਿਲੂੰ ਕਰਨਾ—ਚੀਕਣਾ ।

ਵਿਤਕਰਾ ਰੱਖਣਾ—ਸਭ ਨਾਲ ਇਕੋ ਜਿਹਾ ਨਾ ਵਰਤਣਾ ।

ਵਾ ਨੂੰ ਤਲਵਾਰਾਂ ਮਾਰਨੀਆਂ—ਬਹੁਤੀਆ ਫੜਾਂ ਮਾਰਨੀਆਂ ।

ਅਖਾਉਤਾਂ ਜਾਂ ਅਖਾਣ

ਅਖਾਣ ਉਹਨਾਂ ਸ਼ਬਦਾਂ ਦੇ ਸਮੂਹ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਅਟਲ ਸਚਾਈ ਜਾਂ ਕਿਸੇ ਸਿਆਣੇ ਜੀਵਨ ਦੇ ਤਜਰਬੇ ਨੂੰ ਸੰਖੇਪ ਤੇ ਢੁਕਵੇਂ ਸ਼ਬਦਾਂ ਵਿਚ ਦਸਿਆ ਹੋਵੇ, ਜਿਵੇਂ ਆਂਡੇ ਕਿਤੇ ਤੇ ਕੁੜ ਕੜ ਕਿਤੇ। ਵਰਤੋਂ ਸਮੇਂ ਇਹਨਾਂ ਦਾ ਲਿੰਗ ਤੇ ਵਚਨ ਆਦਿ ਨਹੀਂ ਬਦਲਣਾ ਇਹ ਆਪਣੇ ਅਸਲੀ ਰੂਪ ਵਿਚ ਹੀ ਰਹਿੰਦੀਆਂ ਹਨ ।

ਪ੍ਰੀਖਿਆ ਵਿਚ ਅਖਾਣ ਦੇ ਅਰਥ ਪੁਛੇ ਜਾ ਸਕਦੇ ਹਨ । ਵਾਕ ਵਿਚ ਵਰਤੋਂ ਭੀ ਪੁਛੀ ਜਾ ਸਕਦੀ ਹੈ ਜਾਂ ਇਹ ਵੀ ਪੁਛਿਆ ਜਾ ਸਕਦਾ ਹੈ ਕਿ ਇਹ ਅਖਾਣ ਕਿਸ ਸਮੇਂ ਵਰਤੀ ਜਾਂਦੀ ਹੈ। ਹੇਠਾਂ ਅਸੀਂ ਪ੍ਰਸਿਧ ਅਖਾਣ ਦਿੰਦੇ ਹਾਂ :—

(ੳ)

1. ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ—ਨੂੰ ਜਦੋਂ ਕਿਸੇ ਆਦਮੀ ਨੂੰ ਕਿਸੇ ਤੋਂ ਲਾਭ ਦੀ ਆਸ ਹੋਵੇ, ਪਰ ਉਹ ਅਗੋਂ ਨੁਕਸਾਨ ਪੁਚਾਵੇ ਤਾਂ ਇਸ ਦੀ ਵਰਤੋਂ ਹੁੰਦੀ ਹੈ ।

2. ਉਸ਼ਨਾਕ ਬਾਹਮਣੀ ਸੀਂਢ ਦਾ ਤੜਕਾ—ਜਦੋਂ ਕੋਈ ਬੜੀ ਫੂੰ ਫਾਂ ਰਖੇ, ਪਰ ਅਸਲ ਵਿਚ ਬਹੁਤ ਨਾ ਹੋਵੇ ਤਾਂ ਇਹ ਅਖਾਣ ਵਰਤਿਆ ਜਾਂਦਾ ਹੈ ।

3. ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ—ਜਦੋਂ ਕਿਸੇ ਕੁਚੱਜੇ ਪੁਰਸ਼ ਤੋਂ ਕਿਸੇ ਕੰਮ ਦੀ ਆਸ ਰੱਖੀ ਜਾਵੇ ਤਾਂ ਇਹ ਅਖਾਣ ਵਰਤਦੇ ਹਨ।

4. ਉਹ ਕਿਹੜੀ ਗਲੀ ਜਿਥੇ ਭਾਗੋ ਨ ਹੀਂ ਖਲੀ ਜਾਂ ਹਰ ਮਸਾਲੇ ਪਿਪਲਾ ਮੂਲ—ਇਹ ਅਖਾਣ ਉਸਦੇ ਲਈ ਵਰਤਿਆ ਜਾਂਦਾ ਹੈ ਜੋ ਹਰ ਥਾਂ ਖੜਪੈਂਚ ਬਣਿਆ ਰਹੇ।

5. ਉਹ ਨਾ ਭੁੱਲਾ ਜਾਣੀਏ ਜੋ ਮੁੜ ਘਰ ਆਵੇ। ਜਦੋਂ ਕਿਸੇ ਨੂੰ ਗਲਤੀ ਲੱਗ ਜਾਵੇ ਪਰ ਫਿਰ ਉਹ ਗਲਤੀ ਨੂੰ ਦੂਰ ਕਰ ਦੇਵੇ ਤਾਂ ਇਹ ਅਖਾਣ ਵਰਤਿਆ ਜਾਂਦਾ ਹੈ।

6. ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁਕ ਦੇਂਦੀ ਸੀ—ਜਦੋਂ ਮਨੁਖ ਦੁਖੀ ਸਮੇਂ ਸੁਖ ਦੀ ਆਸ ਕਰੇ ਤਾਂ ਆਖਿਆ ਹੈ।

7. ਉਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ—ਜਦੋਂ ਕੋਈ ਔਖੇ ਕੰਮ ਨੂੰ ਹੱਥ ਪਾ ਲਵੇ ਤਾਂ ਦੁਖਾਂ ਤੋਂ ਨਾ ਡਰਦਾ ਹੋਇਆ ਆਖਦਾ ਹੈ।

(ਅ)

8. ਅੱਖਰ ਇਕ ਨਾ ਜਾਣਦਾ, ਨਾਉਂ ਏ ਇਲਮਦੀਨ—ਉਸ ਵੇਲੇ ਵਰਤਿਆ ਜਾਂਦਾ ਹੈ, ਜਿਸ ਦਾ ਨਾਂ ਬਹੁਤ ਵੱਡਾ ਹੋਵੇ ਤੇ ਉਸ ਵਿਚ ਅਸਲੀਅਤ ਬਹੁਤ ਘਟ ਹੋਵੇ।

9. ਅਕਾਸ਼ ਤੇ ਥੁੱਕਿਆਂ ਆਪਣੇ ਉੱਤੇ ਹੀ ਪੈਂਦਾ ਹੈ—ਕਿਸੇ ਚੰਗੇ ਉਘੇ ਪੁਰਸ਼ ਦੀ ਬੇਇਜ਼ਤੀ ਜਾਂ ਨਿਖੇਧੀ ਕਰਨ ਤੇ ਇਹ ਆਖਿਆ ਜ਼ਾਂਦਾ ਹੈ।

10 ਅੰਨ੍ਹਾ ਕੁਤਾ ਵਾ ਨੂੰ ਭੌਂਕੇ ਜਾਂ ਅੰਨਾ ਕੁੱਤਾ ਹਰਨਾਂ ਮਗਰ—ਜਿਸ ਵੇਲੇ ਕਿਸੇ ਨੂੰ ਪੂਰੀ ਗੱਲ ਦਾ ਪਤਾ ਨਾ ਹੋਵੇ ਤੇ ਉਹ ਐਵੇਂ ਲੜਨ ਝਗੜਨ ਲੱਗ ਪਵੇ ਤਾਂ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ।

11. ਅੱਗ ਖਾਊ ਅੰਗਿਆਰ ਹੱਗੂ—ਇਹ ਦੱਸਣ ਲਈ ਕਿ ਜਿਸ ਤਰ੍ਹਾਂ ਦਾ ਕੋਈ ਕੰਮ ਕਰੇਗਾ ਉਸ ਤਰ੍ਹਾਂ ਦਾ ਸਿੱਟਾ ਨਿਕਲਦਾ ਹੈ ਤਾਂ ਇਹ ਅਖਾਣ ਵਰਤਦੇ ਹਨ।

12. ਅਕਲਾਂ ਬਾਝੋਂ ਖੂਹ ਖਾਲੀ—ਜਦ ਕੋਈ ਅਕਲ ਵਾਲੀ ਗੱਲ ਨਾ ਕਰੇ ਤਾਂ ਉਸ ਨੂੰ ਸਮਝਾਉਣ ਲਈ ਇਹ ਅਖਾਣ ਵਰਤਦੇ ਹਨ।

(ਦ)

13. ਇੱਲਾਂ ਦੇ ਆਲ੍ਹਣਿਉਂ ਮਾਸ ਦੀਆਂ ਮੁਰਾਦਾਂ—ਉਸ ਸਮੇਂ ਵਰਤਿਆ ਜਾਂਦਾ ਹੈ ਜਿਸ ਵੇਲੇ ਆਦਮੀ ਕੋਈ ਐਸੀ ਚੀਜ਼ ਦੀ ਆਸ ਰਖੇ, ਜਿਸ ਨੂੰ ਵਰਤਣ ਵਾਲੇ ਪਹਿਲਾਂ ਉੱਥੇ ਬਹੁਤ ਹੋਣ।

14. ਇਕ ਅਨਾਰ ਸੌ ਬਿਮਾਰ ਜਾਂ ਇਕ ਨਿੰਬੂ ਪਿੰਡ ਭੁਸਿਆਂ ਦਾ ਜਾਂ ਇਕ ਚਣਾ ਹੇੜ ਕਬੂਤਰਾਂ ਦੀ ਜਾਂ ਇਕ ਬੋਟੀ ਸੌ ਕੁਤੇ :—

ਨੋਟ :—ਭੁਸਿਆਂ—ਇਹ ਇਕ ਰੋਗ ਹੈ ਜਿਸ ਨਾਲ ਢਿੱਡ ਵਧ ਜਾਇਆ ਕਰਦਾ ਹੈ ਤੇ ਰੰਗ ਪੀਲਾ ਹੋ ਜਾਂਦਾ ਹੈ।

ਜਿਸ ਵੇਲੇ ਕੋਈ ਚੀਜ਼ ਬਹੁਤ ਥੋੜ੍ਹੀ ਹੋਵੇ ਉਸ ਦੇ ਲੋੜ ਵਾਲੇ ਜਾਂ ਚਾਹੁਣ ਵਾਲੇ ਬਹੁਤ ਹੋਣ ਤਾਂ ਇਹ ਵਰਤਦੇ ਹਨ।

15. ਇਕ ਮਛੀ ਸਾਰਾ ਜਲ ਗੰਦਾ ਕਰ ਦੇਂਦੀ ਹੈ—ਜਦ ਕੋਈ ਭੈੜਾ ਆਦਮੀ ਬਾਕੀ ਦੂਜਿਆਂ ਨੂੰ ਭੀ ਨੁਕਸਾਨ ਦੇਵੇ ਤਾਂ ਇਹ ਅਖਾਣ ਵਰਤਿਆ ਜਾਂਦਾ ਹੈ।

16. ਈਦੋਂ ਪਿਛੋਂ ਤੰਬਾ ਫੂਕਣਾ ਏ—ਜਦ ਕੋਈ ਮਨੁੱਖ ਕੋਈ ਚੀਜ਼ ਸਮੇਂ ਸਿਰ ਨਾ ਲਿਆਵੇ ਤੇ ਕੁਵੇਲੇ ਆ ਮਥੇ ਮਾਰੇ ਤਾਂ ਉਸ ਨੂੰ ਇਹ ਦੱਸਣ ਲਈ ਵਰ-ਤਿਆ ਜਾਂਦਾ ਹੈ।

(ਸ)

17. ਸਭੇ ਭੇਡਾਂ ਮੂੰਹ ਕ ਲੀਆਂ—ਜਿਥੇ ਸਾਰੇ ਮਨੁਖ ਭੈੜੇ ਨਿਕਲ ਆਉਣ ਤਾਂ ਇਹ ਅਖਾਣ ਬੋਲਦੇ ਹਨ।

18. ਸੱਚ ਕਹੁ ਤੇ ਪਰੇ ਹੋ ਕੇ ਬਹੁ—ਜਦੋਂ ਇਹ ਦੱਸਣਾ ਹੋਵੇ ਕਿ ਸਚ ਬੋਲਣ ਵਾਲੇ ਨੂੰ ਆਦਰ ਮਿਲਦਾ ਹੈ ਤਾਂ ਇਹ ਅਖਾਣ ਆਖਦੇ ਹਨ।

19. ਸਰਫਾ ਕਰਕੇ ਸੁੱਤੀ ਆਟਾ ਖਾ ਗਈ ਕੁੱਤੀ—ਜਦੋਂ ਕੋਈ ਬਹੁਤ ਕੰਜੂਸੀ ਕਰੇ, ਪਰ ਉਸ ਦੀ ਚੀਜ਼ ਬੇ-ਅਰਥ ਚਲੀ ਜਾਵੇ ਤਾਂ ਇਹ ਕਿਹਾ ਜਾਂਦਾ ਹੈ।

20. ਸੱਪਾਂ ਦੇ ਪੁਤ ਕਦੇ ਨਾ ਹੁੰਦੇ ਮਿੱਤ—ਜਿਸ ਸਮੇਂ ਇਹ ਦੱਸਣਾ ਹੋਵੇ ਕਿ ਭੈੜੇ ਆਦਮੀਆਂ ਦਾ ਵਿਸਾਹ ਨਹੀਂ ਕਰਨਾ ਚਾਹੀਦਾ ਤਾਂ ਇਹ ਅਖਾਣ ਵਰਤਦੇ ਹਨ।

21. ਸ਼ੇਰਾਂ ਦੇ ਮੂੰਹ ਧੋਤੇ ਨੇ—ਜੇ ਕਿਤੇ ਬੱਚਿਆਂ ਦੇ ਮੂੰਹ ਧੋਤੇ ਹੋਏ ਨਾ ਹੋਣ ਤਾਂ ਉਹਨਾਂ ਦੀ ਮਾਂ ਪਾਸੋਂ ਜੇ ਕੋਈ ਇਸ ਦਾ ਕਾਰਨ ਪੁਛੇ ਤਾਂ ਉਹ ਆਪਣੀ ਕਮ-ਜ਼ੋਰੀ ਛੁਪਾਉਣ ਲਈ ਅਗੋਂ ਇਹ ਅਖਾਣ ਆਖ ਦੇਂਦੀ ਹੈ ।

22. ਸ਼ਰੀਕ ਸਿਹਰਾ ਬੰਨ੍ਹ ਕੇ ਨਹੀਂ ਢੁਕਦਾ ਹੋਰ ਸਭ ਕੁਝ ਕਰਦਾ ਹੈ—ਜਦ ਇਹ ਦੱਸਣਾ ਹੋਵੇ ਸ਼ਰੀਕ ਹਰ ਹੁੰਦੇ ਯਤਨ ਨਾਲ ਬੇਇਜ਼ਤੀ ਕਰਦਾ ਤਾਂ ਇਹ ਅਖਾਣ ਬੋਲਿਆ ਜਾਂਦਾ ਹੈ ।

(ਹ)

23. ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ ਜਾਂ ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ—ਜਿਸ ਸਮੇਂ ਕੋਈ ਬੱਚਾ ਛੋਟੀ ਉਮਰ ਵਿਚ ਚੰਗੇ ਗੁਣਾਂ ਤੇ ਚੰਗੀ ਅਕਲ ਦੀਆਂ ਨਿਸ਼ਾਨੀਆਂ ਦੇਣ ਲੱਗ ਜਾਵੇ ਤਾਂ ਇਹ ਅਖਾਣ ਕਹਿੰਦੇ ਹਨ ।

24. ਹੱਥ ਪੁਰਾਣੇ ਖੌਸੜੇ ਬਸੰਤੇ ਹੋਰੀ ਆਏ ਨੇ—ਬਹੁਤ ਘਾਲਣਾ ਜਾਂ ਮਿਹ-ਨਤ ਪਿਛੋਂ ਭੀ ਕਿਸੇ ਦੀ ਹਾਲਤ ਚੰਗੀ ਨਾ ਹੋ ਸਕੇ ਤਾਂ ਇਹ ਅਖਾਣ ਵਰਤਦੇ ਹਨ।

25. ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਣ ਦੇ ਹੋਰ—ਜਦ ਕੋਈ ਮਨੁਖ ਕਹੇ ਕੁਝ ਤੇ ਕਰੇ ਕੁਝ ਤਾਂ ਇਹ ਅਖਾਣ ਕਹਿੰਦੇ ਹਨ ।

26. ਹੱਥਾਂ ਦੀਆਂ ਦਿੱਤੀਆਂ ਹੋਈਆਂ ਦੰਦੀਆਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ—ਜਦੋਂ ਇਹ ਦਸਣਾ ਹੋਵੇ ਕਿ ਭੈੜੇ ਕੰਮ ਕਰਨੇ ਸੌਖੇ ਹਨ, ਪਰ ਉਹਨਾਂ ਦਾ ਫਲ ਭੁਗਤਣਾ ਬਹੁਤ ਔਖਾ ਹੁੰਦਾ ਹੈ ਤਾਂ ਕਹਿੰਦੇ ਹਨ ।

27. ਹਾਥੀ ਲੰਘ ਗਿਆ ਪੂਛ ਅੜ ਗਈ—ਜਦੋਂ ਸਾਰਾ ਕੰਮ ਸਿਰੇ ਚੜ੍ਹ ਜਾਏ ਤੇ ਮਾਮੂਲੀ ਜਿਹਾ ਰਹਿ ਜਾਏ ਤਾਂ ਇਹ ਕਹਿੰਦੇ ਹਨ ।

28. ਹੁਣ ਤੇ ਭੇਡਾਂ ਵੀ ਮੱਕੇ ਚਲੀਆਂ ਨੇ, ਜਾਂ ਹੁਣ ਤੇ ਟਿੱਡੀਆਂ ਨੂੰ ਭੀ ਥਨ ਲੱਗ ਗਏ ਹਨ—ਜਦ ਇਸ ਤਰ੍ਹਾਂ ਦਾ ਮਨੁਖ ਜਿਸ ਤੋਂ ਕੰਮ ਦੀ ਹੋ ਸਕਣ ਦੀ ਕੋਈ ਆਸ ਨਾ ਹੋਵੇ ਤੇ ਕਰ ਕੇ ਦਿਖਾ ਦੇਵੇ ਤਾਂ ਇਹ ਅਖਾਣ ਕਹਿੰਦੇ ਹਨ ।

29. ਹਾੜ ਸੁੱਕੇ ਨਾ ਸਾਉਣ ਹਰੇ—ਜਦੋਂ ਕੋਈ ਆਦਮੀ ਸਦਾ ਇਕੋ ਜਿਹਾ ਰਹੇ ਤਾਂ ਇਹ ਅਖਾਣ ਕਹਿੰਦੇ ਹਨ ।

30. ਕੁਝ ਬਤਾਊਂ ਗਰਮ ਕੁਝ ਲਾਲਾ ਜੀ ਗਰਮ ਜਾਂ ਬਾਬਾ ਭੀ ਗਰਮ ਤੇ ਬਾਬੇ ਦੀਆਂ ਗੋਲੀਆਂ ਭੀ ਗਰਮ—ਜਿਸ ਸਮੇਂ ਕੋਈ ਆਦਮੀ ਘਬਰਾਇਆ ਹੋਇਆ

ਹੋਵੇ ਤੇ ਕੁਝ ਉਸ ਵੇਲੇ ਦੇ ਹਾਲਤ ਵੀ ਉਹੋ ਜਿਹੇ ਹੋਣ ਤਾਂ ਇਹ ਅਖਾਣ ਕਹਿੰਦੇ ਹਨ।

31. ਕੁੱਕੜ, ਕਾਂ ਕੰਬੋ ਕਬੀਲਾ ਪਾਲਦੇ, ਜਟ ਮਹਿੰ ਸੰਸਾਰ ਕਬੀਲਾ ਗਾਲਦੇ—ਕੁੱਕੜ ਜਾਂ ਕਾਂ ਨੂੰ ਆਪਣਾ ਕਬੀਲਾ ਪਾਲਦੇ ਦੇਖ ਕੇ ਜਾਂ ਕਿਸੇ ਜਟ ਨੂੰ ਆਪਣਾ ਘਰ ਉਜਾੜਦਾ ਦੇਖ ਕੇ ਇਹ ਕਹਾਉਤ ਬੋਲਦੇ ਹਨ।

32. ਕੁੱਤਾ ਰਾਜ ਬਹਾਲੀਏ ਫਿਰ ਚੱਕੀ ਚੱਟੇ—ਜਦੋਂ ਕੋਈ ਭੈੜਾ ਆਦਮੀ ਉੱਚੀ ਪਦਵੀ ਤੇ ਹੋ ਕੇ ਭੀ ਭੈੜੇ ਕੰਮ ਕਰਨ ਤੋਂ ਨਾ ਹਟੇ ਤਾਂ ਆਖਿਆ ਜਾਂਦਾ ਹੈ।

33. ਕੁੱਤੇ ਦੀ ਮੌਤ ਆਵੇ ਤਾਂ ਮਸੀਤੇ ਚੜ੍ਹ ਕੇ ਮੂਤਦਾ ਹੈ—ਜਦੋਂ ਕੋਈ ਆਦਮੀ ਭੈੜੇ ਕੰਮ ਕਰਨ ਲੱਗ ਪਏ ਤਾਂ ਇਹ ਅਖਾਣ ਕਹਿੰਦੇ ਹਨ।

34. ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸਾ ਪੀਵੇ—

ਜਦੋਂ ਕੋਈ ਆਦਮੀ ਕਿਸੇ ਦੇ ਦੁਖ ਸੁਖਾਂ ਵਿਚ ਸਾਂਝੀਵਾਲ ਨਾ ਬਣੇ ਤਾਂ ਇਹ ਕਹਿੰਦੇ ਹਨ।

35. ਕੁੱਤੇ ਨੂੰ ਹੱਡੀ ਦਾ ਸੁਆਦ—ਜਦੋਂ ਪਤਾ ਹੋਵੇ ਕਿ ਲਾਭ ਹੋ ਰਿਹਾ ਹੈ, ਪਰ ਅਸਲ ਤੋਰ ਤੇ ਲਾਭ ਨਾ ਹੋਵੇ ਤਾਂ ਇਹ ਅਖਾਣ ਕਹਿੰਦੇ ਹਨ।

(ਖ)

36. ਖੁਆਜੇ ਦਾ ਗੁਆਹ ਡੱਡੂ—ਉਸ ਸਮੇਂ ਵਰਤਿਆ ਜਾਂਦਾ ਹੈ ਜਿਸ ਵੇਲੇ ਭੈੜੇ ਦਾ ਭੈੜਾ ਦੋਸਤ ਉਸ ਦੀ ਸਹਾਇਤਾ ਕਰੇ ਜਾਂ ਉਸ ਦੇ ਦੋਸ਼ਾਂ ਦੀ ਉਗਾਹੀ ਭਰੇ।

37. ਖਸਮ ਕੀਤਾ ਚੁਗੱਤਾ ਉਹੋ ਚੱਕੀ ਤੇ ਉਹੋ ਹੱਥਾ ਜਾਂ ਖਸਮ ਕੀਤਾ ਭੜ੍ਹਭੂੰਜਾ, ਉਹੋ ਭੱਠੀ ਉਹੋ ਹੂੰਝਾ—ਜਦ ਕੋਈ ਮਨੁੱਖ ਉੱਨਤੀ ਕਰਨ ਦਾ ਯਤਨ ਕਰੇ; ਪਰ ਉਸ ਦਾ ਹਾਲ ਪਹਿਲਾਂ ਵਰਗਾ ਹੀ ਰਹੇ ਤਾਂ ਇਹ ਅਖਾਣ ਕਹਿੰਦੇ ਹਨ।

38. ਖੂਹ ਪੁਟਦੇ ਨੂੰ ਖਾਤਾ ਤਿਆਰ ਉ—ਜਦ ਕੋਈ ਆਦਮੀ ਕਿਸੇ ਦਾ ਬੁਰਾ ਤਕੇ ਪਰ ਉਸ ਦਾ ਆਖਣਾ ਹੀ ਬੁਰਾ ਹੋ ਜਾਏ ਤਾਂ ਇਹ ਅਖਾਣ ਕਹਿੰਦੇ ਹਨ।

(ਗ)

39. ਗੁੰਗੇ ਦੀਆਂ ਸੈਨਤਾਂ ਗੁੰਗਾ ਜਾਣੇ ਜਾਂ ਉਸ ਦੀ ਮਾਂ—ਜਿਸ ਸਮੇਂ ਕੋਈ ਆਦਮੀ ਪੇਚ ਵਾਲੀ ਗੱਲ ਕਰੇ ਤਾਂ ਉਹ ਦੀ ਪੂਰੀ ਤਰ੍ਹਾਂ ਜਾਣੇ—ਸਮਝ ਆਉਣ ਤੇ

ਇਹ ਅਖਾਣ ਕਹਿੰਦੇ ਹਨ ।

40. ਗੰਦੀ ਉਂਗਲ ਨੂੰ ਝਟਪਟ ਵਢ ਦਿਉ—ਜਦੋਂ ਇਹ ਦਸਣਾ ਹੋਵੇ ਕਿ ਭੈੜੇ ਮਨੁਖ ਨਾਲੋਂ ਸੰਬੰਧ ਤੋੜਨਾ ਹੀ ਚੰਗਾ ਹੈ ਤਾਂ ਇਹ ਅਖਾਣ ਕਹਿੰਦੇ ਹਨ ।

41. ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿਧ—ਜਦੋਂ ਘਰ ਦੀ ਚੀਜ਼ ਦਾ ਕੋਈ ਮੁੱਲ ਨਹੀਂ ਸਮਝਦੇ ਤਦ ਆਖਦੇ ਹਨ ।

42. ਘਿਉ ਡੁਲ੍ਹਾ ਥਾਲ ਨਾ ਮਿਹਣਾ ਨਾ ਗਾਲ—ਜਦੋਂ ਕੋਈ ਧਾਤੂ ਖਰਾਬ ਹੁੰਦੀ ਹੁੰਦੀ ਬਚ ਜਾਏ ਤਾਂ ਇਹ ਕਹਾਉਤ ਕਹਿੰਦੇ ਹਨ ।

(ਚ)

43. ਚੋਰ ਉੱਚਕਾ ਚੋਧਰੀ ਤੇ ਗੁੰਡੀ ਰੰਨ ਪ੍ਰਧਾਨ—ਜਦੋਂ ਭੈੜਾ ਆਦਮੀ ਹੀ ਹਰ ਥਾਂ ਮੋਹਰੀ ਹੋਵੇ ਤਾਂ ਇਹ ਕਹਾਉਤ ਕਹਿੰਦੇ ਹਨ।

44. ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ—ਜਦੋਂ ਕੋਈ ਡਾਢਾ ਪੁਰਸ਼ ਦੂਜੇ ਗਰੀਬ ਨੂੰ ਬਹੁਤ ਔਖਾ ਕਰੇ ਪਰ ਆਪ ਹੱਸੀ ਜਾਵੇ ਤਾਂ ਇਹ ਕਹਾਉਤ ਕਹਿੰਦੇ ਹਨ ।

45. ਚਾਰ ਦਿਨਾਂ ਦੀ ਚਾਨਣੀ ਫਿਰ ਹਨੇਰੀ ਰਾਤ—ਜਦੋਂ ਇਹ ਦਸਣਾ ਹੋਵੇ ਕਿ ਦੁਨੀਆਂ ਸਦਾ ਖੁਸ਼ੀ ਰਹਿਣ ਵਾਲੀ ਨਹੀਂ ਤਦ ਇਹ ਅਖਾਣ ਕਹਿੰਦੇ ਹਨ ।

46. ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕਜਾਈਂ—ਜਦੋਂ ਕੋਈ ਬੁਰਾ ਕਰੇ ਤੇ ਅਗੋਂ ਉਸ ਦਾ ਵੀ ਬੁਰਾ ਹੋ ਜਾਵੇ ਤਾਂ ਇਹ ਅਖਾਣ ਕਹਿੰਦੇ ਹਨ ।

(ਛ)

47. ਛਿਕੇ ਹੱਥ ਨਾ ਅਪੜੇ ਆਖੇ ਥੂਹ ਕੌੜੀ—ਜਿਸ ਸਮੇਂ ਕਿਸੇ ਨੂੰ ਕੋਈ ਚੀਜ਼ ਨਾ ਮਿਲ ਸਕੇ ਤਾਂ ਉਹ ਆਪਣੀ ਅਸਫਲਤਾ ਨੂੰ ਲੁਕਾਉਣ ਲਈ ਉਸ ਦੀ ਨਿੰਦਿਆ ਕਰੇ ਤਾਂ ਇਹ ਅਖ਼ਾਣ ਆਖਿਆ ਜਾਂਦਾ ਹੈ ।

48. ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ—ਜਦੋਂ ਇਹ ਦਸਣਾ ਹੋਵੇ ਕਿ ਕਿਸੇ ਨੁਕਸ ਵਾਲਾ ਆਦਮੀ ਦੂਜਿਆਂ ਉਤੇ ਨੁਕਤਾ ਚੀਨੀ ਕਿਉਂ ਕਰੇ ਤਾਂ ਇਹ ਅਖਾਣ ਆਖਦੇ ਹਨ ।

49. ਛਿਕਾ ਟੁੱਟਾ ਬਿੱਲੀ ਦੇ ਭਾਗੀਂ—ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਦਾ ਅਚਨਚੇਤ ਨੁਕਸਾਨ ਹੋਣ ਕਰਕੇ ਕਿਸੇ ਦੂਜੇ ਨੂੰ ਲਾਭ ਹੋ ਗਿਆ ਤਾਂ ਇਸ ਅਖਾਣ ਦੀ ਵਰਤੋਂ ਕਰਦੇ ਹਨ ।

50. ਜਿਹੀ ਕੋਕੋ ਤੇਹੇ ਬਚੇ, ਜਾਂ ਜਿਹੋ ਜਿਹਾ ਗੁਰੂ ਤਿਹੋ ਜਿਹੇ ਚੇਲੇ। ਜਦੋਂ ਇਹ ਦੱਸਣਾ ਹੋਵੇ ਕਿ ਜਿਸ ਤਰ੍ਹਾਂ ਦੇ ਮਾਪੇ ਉਸੇ ਤਰ੍ਹਾਂ ਦੀ ਉਲਾਦ ਹੁੰਦੀ ਹੈ ਤਾਂ ਇਹ ਅਖਾਣ ਕਹਿੰਦੇ ਹਨ।

51. ਜੰਝ ਕੁਪੱਤੀ ਤੇ ਸੁਥਰਾ ਭਲਾ ਮਾਣਸ—ਜਦ ਕੋਈ ਆਦਮੀ ਹਰ ਕਿਸੇ ਨੂੰ ਭੈੜਾ ਕਹੇ ਤਾਂ ਇਹ ਅਖਾਣ ਉਸ ਲਈ ਵਰਤਿਆ ਜਾਂਦਾ ਹੈ।

(ਝ)

52. ਝੂਠ ਦੇ ਪੈਰ ਨਹੀਂ ਹੁੰਦੇ—ਜਦੋਂ ਇਹ ਦੱਸਣਾ ਹੋਵੇ ਕਿ ਝੂਠੇ ਆਦਮੀ ਦਾ ਦਿਲ ਕਮਜ਼ੋਰ ਹੁੰਦਾ ਹੈ ਤਾਂ ਇਹ ਅਖਾਣ ਕਹਿੰਦੇ ਹਨ।

53. ਝੱਟ ਮੰਗਣੀ ਪੱਟ ਵਿਆਹ—ਜਦੋਂ ਕੋਈ ਕੰਮ ਝੱਟ ਪੱਟ ਹੋ ਜਾਵੇ ਤਾਂ ਇਹ ਅਖਾਣ ਆਖਦੇ ਹਨ।

54. ਝੁੱਗੀਆਂ ਵਿਚ ਰਹਿਣਾ ਤੇ ਮਹੱਲਾਂ ਦੇ ਸੁਪਨੇ—ਜਦ ਕੋਈ ਹੋਵੇ ਤਾਂ ਬਹੁਤ ਗਰੀਬ, ਪਰ ਸੁਪਨੇ ਬਹੁਤ ਉੱਚੇ ਵੇਖਦਾ ਹੋਵੇ ਤਾਂ ਇਹ ਅਖਾਣ ਵਰਤਦੇ ਹਨ।

(ਟ)

55. ਟੁੱਟੀ ਬਾਂਹ ਚੂੜੀਆਂ ਦਾ ਚਾਅ ਜਾਂ ਪਲੇ ਨਾ ਧੇਲਾ ਕਰਦੀ ਮੇਲਾ ਮੇਲਾ ਜਾਂ ਅੰਨ੍ਹੇ ਦੀ ਰੀਝ ਗੁਲੇਲੇ ਉੱਤੇ :—ਜਦੋਂ ਕਿਸੇ ਦੇ ਪਲੇ ਕੁਝ ਭੀ ਨਾ ਹੋਵੇ ਪਰ ਰੀਝਾਂ ਵੱਡੀਆਂ ਹੋਣ ਤਾਂ ਇਹ ਆਖਦਾ ਹੈ।

56. ਟੱਟੂ ਭਾੜੇ ਕਰਨਾ ਏ ਤੇ ਕੁੜਮਾਂ ਦਾ ਈ ਕਰਨਾ ਏ—ਜਿਸ ਸਮੇਂ ਕਿਸੇ ਪੁਰਸ਼ ਤੋਂ ਕੰਮ ਕਰਾਉਣ ਲਈ ਬਦਲੇ ਵਿਚ ਉਸ ਦਾ ਕੁਝ ਸੁਆਰਨਾ ਪਵੇ ਤਾਂ ਇਹ ਅਖਾਣ ਵਰਤਦਾ ਹੈ।

57. ਟੁੱਟੀਆਂ ਬਾਹਾਂ ਗਲਾਂ ਨੂੰ ਆਉਂਦੀਆਂ ਹਨ—ਜਦੋਂ ਇਹ ਦਸਣਾ ਹੋਵੇ ਕਿ ਭੈੜੀ ਉਲਾਦ ਭੀ ਨਹੀਂ ਛੱਡੀ ਜਾਂਦੀ ਤਾਂ ਇਹ ਅਖਾਣ ਵਰਤਦਾ ਹੈ।

58. ਟਕਿਆਂ ਦੇ ਸਾਰੇ ਖੇਡ ਹਨ—ਜਦੋਂ ਇਹ ਦਸਣਾ ਹੋਵੇ ਕਿ ਸਾਰੇ ਕੰਮ ਰੁਪਿਆਂ ਦੇ ਹੀ ਹਨ, ਤਾਂ ਇਹ ਅਖਾਉਤ ਵਰਤਦੇ ਹਨ।

59. ਟਿੰਡਾਂ ਪੱਥ ਨਾ ਜਾਣਦਾ ਤੇ ਮੱਘੀਆਂ ਦਾ ਉਸਤਾਦ—ਜਦੋਂ ਕੋਈ ਕੰਮ ਤਾਂ ਆਉਂਦਾ ਨਾਂ ਹੋਵੇ, ਤੇ ਉਹ ਉਸਦਾ ਜਾਣੂ ਬਣਿਆ ਫਿਰੇ ਤਾਂ ਉਸ ਨੂੰ ਇਹ ਅਖਾਣ ਆਖਦੇ ਹਨ।

(ਠ)

60. ਠੰਢੇ ਦੁੱਧ ਨੂੰ ਫੂਕਾਂ ਮਾਰਨੀਆਂ—ਜਦੋਂ ਕੋਈ ਐਵੇਂ ਹੀ ਹੁੱਜਤਾਂ ਕਰੇ ਤਾਂ ਇਹ ਅਖਾਣ ਆਖਦੇ ਹਨ ਜਾਂ ਕੋਈ ਡਰਿਆ ਪਹਿਲੇ ਕਿਸੇ ਹੋਰ ਚੀਜ਼ ਤੋਂ ਹੋਵੇ ਤੇ ਫਿਰ ਐਵੇਂ ਨਾ ਡਰਨ ਵਾਲੀ ਚੀਜ਼ ਤੋਂ ਭੀ ਡਰਦਾ ਰਹੇ ਤਾਂ ਇਹ ਅਖਾਣ ਉਸ ਲਈ ਆਖਦੇ ਹਨ।

61. ਠੰਡਾ ਲੋਹਾ ਤਤੇ ਨੂੰ ਵੱਢਣਾ ਹੈ—ਜਦੋਂ ਇਹ ਦੱਸਣਾ ਹੋਵੇ ਕਿ ਸ਼ਾਂਤ ਸੁਭਾ ਦਾ ਆਦਮੀ ਕਰੋਧੀ ਨੂੰ ਜਿੱਤ ਜਾਂਦਾ ਹੈ ਤਾਂ ਇਹ ਅਖਾਣ ਉਸ ਲਈ ਕਹਿੰਦੇ ਹਨ।

(ਡ)

62. ਡੰਡਾ ਪੀਰ ਹੈ, ਵਿਗੜਿਆ ਤਿਗੜਿਆਂ ਦਾ—ਜਦੋਂ ਇਹ ਦੱਸਣਾ ਹੋਵੇ ਕਿ ਕੋਈ ਵਿਗੜਿਆ ਹੋਇਆ ਆਦਮੀ ਡੰਡੇ ਤੋਂ ਬਿਨਾਂ ਨਹੀਂ ਸਵਾਰਿਆ ਜਾ ਸਕਦਾ ਤਾਂ ਇਹ ਅਖਾਣ ਕਹਿੰਦੇ ਸਨ।

63. ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ—ਜਿਸ ਸਮੇਂ ਇਹ ਦੱਸਣਾ ਹੋਵੇ ਕਿ ਅਜੇ ਭੀ ਠੀਕ ਰਾਹ ਤੇ ਆਉਣ ਨਾਲ ਠੀਕ ਹੋ ਸਕਦਾ ਹੈ ਤਾਂ ਇਹ ਅਖਾਉਤ ਕਹਿੰਦੇ ਹਨ।

64. ਡਿੱਗ ਡਿੱਗ ਕੇ ਸੁਆਰ ਹੋਈਦਾ ਹੈ—ਜਿਸ ਸਮੇਂ ਇਹ ਦੱਸਣਾ ਹੋਵੇ ਕਿ ਦੁਖ ਸਹਾਰਨ ਤੋਂ ਪਿਛੋਂ ਹੀ ਸੁਖ ਜਾਂ ਸਫਲਤਾ ਮਿਲਦੀ ਹੈ ਤਾਂ ਇਹ ਅਖਾਉਤ ਕਹਿੰਦੇ ਹਨ।

65. ਡਾਢਾ ਮਾਰੇ ਵੀ ਤੇ ਰੋਣ ਭੀ ਨਾ ਦੇਵੇ—ਜਦੋਂ ਕੋਈ ਮਨੁੱਖ ਦੁੱਖ ਵੀ ਦੇਵੇ ਤੇ ਫਰਿਆਦ ਵੀ ਨਾ ਕਰਨ ਦੇਵੇ ਤਾਂ ਇਹ ਅਖਾਣ ਆਖਿਆ ਜਾਂਦਾ ਹੈ।

(ਢ)

66. ਢੱਕੀ ਰਿਝੇ ਕੋਈ ਨਾ ਬੁਝੇ—ਜਿਸ ਸਮੇਂ ਕੋਈ ਆਪਣੇ ਦੁਖ ਨਾ ਪ੍ਰਗਟ ਕਰਨਾ ਚਾਹੇ ਤਾਂ ਇਹ ਅਖਾਣ ਆਖਿਆ ਜਾਂਦਾ ਹੈ।

67. ਢਾਈ ਘਰ ਤੇ ਡੈਣ ਵੀ ਛਡ ਲੈਂਦੀ ਹੈ—ਜਿਸ ਸਮੇਂ ਕੋਈ ਆਪਣਾ, ਨੇੜੇ ਦਾ ਸਬੰਧੀ ਹੀ ਨੁਕਸਾਨ ਪੁਚਾਵੇ ਤਾਂ ਉਸ ਨੂੰ ਇਹ ਅਖਾਣ ਆਖਿਆ ਜਾਂਦਾ ਹੈ।

68. ਢਿੱਡ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ :—ਜਦ ਇਹ

ਦਸਣਾ ਹੋਵੇ ਕਿ ਪਹਿਲਾਂ ਆਪਣੇ ਢਿੱਡ ਨੂੰ ਭਰਨਾ ਚਾਹੀਦਾ ਹੈ ਤੇ ਫਿਰ ਬਾਕੀ ਹੋਰ ਗੱਲਾਂ ਪਿਛੋਂ ਚਾਹੀਦੀਆਂ ਹਨ ਤਾਂ ਇਹ ਅਖਾਣ ਵਰਤਦੇ ਹਨ।

69. ਢੋਲ ਦੇ ਅੰਦਰੋਂ ਪੋਲ—ਜਦੋਂ ਇਹ ਦਸਣਾ ਹੋਵੇ ਕਿ ਬਹੁਤ ਬੋਲਣ ਵਾਲਾ ਫੋਕਾ ਹੁੰਦਾ ਹੈ, ਤਾਂ ਇਹ ਅਖਾਣ ਕਿਹਾ ਜਾਂਦਾ ਹੈ।

(ਤ)

70. ਤੇਲ ਵੇਖੋ ਤੇਲ ਦੀ ਧਾਰ ਵੇਖੋ ਜਾਂ ਊਠ ਕਿਹੜੇ ਪਾਸੇ ਪਸਰਦਾ ਹੈ—ਜਦੋਂ ਇਹ ਦਸਣਾ ਹੋਵੇ ਨਤੀਜਾ ਨਿਕਲਣ ਤੋਂ ਪਹਿਲਾਂ ਨਹੀਂ ਘਬਰਾਉਣਾ ਚਾਹੀਦਾ ਹੈ ਤਾਂ ਇਹ ਅਖਾਣ ਕਹਿੰਦੇ ਹਨ।

71. ਤੀਰ ਕਮਾਨੋਂ, ਗੱਲ ਜ਼ਬਾਨੋਂ—ਜਦੋਂ ਇਸ ਗੱਲ ਦਾ ਉਪਦੇਸ਼ ਦੇਣਾ ਹੋਵੇ ਕਿ ਮੂੰਹੋਂ ਗੱਲ ਕਹਿਣ ਤੋਂ ਪਹਿਲਾਂ ਆਦਮੀ ਨੂੰ ਸੋਚਣਾ ਚਾਹੀਣਾ ਹੈ ਤਾਂ ਇਹ ਅਖਾਣ ਵਰਤਦੇ ਹਨ।

(ਥ)

72. ਥੁੱਕਾਂ ਨਾਲ ਵੜੇ ਤਲਦਾ ਏ—ਜਿਸ ਸਮੇਂ ਕੋਈ ਆਦਮੀ ਬਿਨਾਂ ਖਰ੍ਚ ਚੋਂ ਹੀ ਕਿਸੇ ਵਡੇ ਕੰਮ ਨੂੰ ਸਿਰੇ ਚੜ੍ਹਾਏ ਤਾਂ ਇਹ ਅਖਾਣ ਕਹਿੰਦੇ ਹਨ।

73. ਥੋੜੀ ਛੱਡ ਬਹੁਤੀ ਨੂੰ ਧਾਵੇ, ਅਗਲੀ ਵੀ ਉਸ ਹੱਥੋਂ ਜਾਵੇ—ਇਹ ਦੱਸਣ ਲਈ ਕਿ ਲਾਲਚ ਬਹੁਤ ਬੁਰੀ ਬਲਾ ਹੈ ਤਾਂ ਇਹ ਅਖਾਣ ਕਹਿੰਦੇ ਹਨ।

74. ਥੋਥਾ ਚਨਾ ਵਾਜੇ ਘਨਾ—ਜਦੋਂ ਇਹ ਦਸਣਾ ਹੋਵੇ ਕਿ ਬਹੁਤੀਆਂ ਗੱਲਾਂ ਕਰਨ ਵਾਲਾ ਆਦਮੀ ਕੰਮ ਨਹੀਂ ਕਰ ਸਕਦਾ ਤਾਂ ਇਹ ਅਖਾਣ ਕਹਿੰਦੇ ਹਨ।

(ਦ)

75. ਦਾਲ ਵਿਚ ਕੁਝ ਕਾਲਾ ਕਾਲਾ ਦਿਸਦਾ ਹੈ—ਜਦੋਂ ਇਹ ਦੱਸਣਾ ਹੋਵੇ ਕਿ ਕਿਸੇ ਕੰਮ ਵਿਚ ਧੋਖਾ ਜਾਂ ਵਧੇਰੇ ਫਰੇਬ ਹੁੰਦਾ ਹੈ ਤਾਂ ਇਹ ਅਖਾਣ ਆਖਦੇ ਹਨ।

76. ਦਿੱਲੀ ਦੇ ਬਾਂਕੇ ਤੇ ਬੋਝੇ ਵਿਚ ਗਾਜਰਾਂ—ਕਿਸੇ ਫੂੰ ਖਾਲੀ ਫਾਂ ਕਰਨ ਵਾਲੇ ਲਈ ਇਹ ਅਖਾਣ ਆਖਦੇ ਹਨ।

77. ਦਾਤਾ ਦਾਨ ਕਰੇ ਭੰਡਾਰੀ ਦਾ ਪੇਟ ਫਟੇ :—ਜਿਸ ਸਮੇਂ ਇਕ ਪੁਰਸ਼ ਨੂੰ ਕੋਈ ਸਹਾਇਤਾ ਦੇਵੇ ਤਾਂ ਦੂਜਾ ਆਦਮੀ ਉਸ ਨੂੰ ਦੇਖ ਕੇ ਸੜੇ ਤਾਂ ਇਹ ਅਖਾਣ ਵਰਤਦੇ ਹਨ।

78. ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ—ਜਦੋਂ ਕੋਈ ਦੁਖਾਂ ਵਿਚ ਬਹੁਤ ਫਸਿਆ ਹੋਵੇ ਤਾਂ ਉਸਨੂੰ ਧੀਰਜ ਦੇਣ ਲਈ ਇਹ ਅਖਾਣ ਕਹਿੰਦੇ ਹਨ।

79. ਦੇਣਾ ਭਲਾ ਨਾ ਬਾਪ ਦਾ, ਬੇਟੀ ਭਲੀ ਨਾ ਏਕ—ਜਦੋਂ ਕੋਈ ਕਰਜ਼ੇ ਦੇ ਵਿਰੁਧ ਤੇ ਧੀਆਂ ਦੇ ਵਿਰੁਧ ਆਖਣਾ ਚਾਹੇ ਤਾਂ ਦਿਹ ਅਖਾਣ ਕਹਿੰਦੇ ਹਨ।

80. ਦੂਰ ਦੇ ਢੋਲ ਸੁਹਾਵਣੇ, ਬੁਰੇ ਲਗਦੇ ਨੇ ਜਦੋਂ ਕੋਲ ਖੜਕਣ—ਜਦੋਂ ਇਹ ਦਸਣਾ ਹੋਵੇ ਕਿ ਸਾਰੀਆਂ ਚੀਜ਼ਾਂ ਦੂਰੋਂ ਹੀ ਚੰਗੀਆਂ ਲਗਦੀਆਂ ਹਨ, ਪਰ ਪੂਰਾ ਪਤਾ ਲਾਗੇ ਜਾ ਕੇ ਲਗਦਾ ਹੈ ਤਾਂ ਇਹ ਅਖਾਣ ਕਿਹਾ ਜਾਂਦਾ ਹੈ।

81. ਦੋ ਤਾਂ ਮਿੱਟੀ ਦੇ ਵੀ ਬੁਰੇ ਹੁੰਦੇ ਹਨ—ਜਿਸ ਸਮੇਂ ਕਿਸੇ ਇਕ ਆਦਮੀ ਨੂੰ ਦੋ ਆਦਮੀ ਪੈ ਜਾਣ ਤਾਂ ਕਹਿੰਦੇ ਹਨ ਜਾਂ ਜਿਸ ਸਮੇਂ ਏਕਤਾ ਦੀ ਸਿਫਤ ਕਰਨੀ ਹੋਵੇ ਤਾਂ ਵੀ ਆਖਦੇ ਹਨ।

82. ਪਿੰਡ ਨੂੰ ਅੱਗ ਲਗੀ ਤੇ ਕੁੱਤਾ ਰੂੜੀਆਂ ਉੱਤੇ—ਜਦੋਂ ਔਖਿਆਈ ਵਿਚ ਕੋਈ ਸਾਥ ਛੱਡ ਜਾਵੇ ਤਾਂ ਇਹ ਅਖਾਣ ਕਹਿੰਦੇ ਹਨ।

83. ਪੈਂਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉੱਥੇ ਦਾ ਉੱਥੇ—ਜਦੋਂ ਕੋਈ ਆਦਮੀ ਕਿਸੇ ਦਾ ਹੁਕਮ ਜਾਂ ਨਸੀਹਤ ਮੰਨ ਤਾਂ ਲਵੇ, ਪਰ ਉਸ ਤੇ ਅਮਲ ਨਾ ਕਰੇ ਤਾਂ ਇਹ ਅਖਾਣ ਕਹਿੰਦੇ ਹਨ।

(ਫ)

84. ਫਸੀਆਂ ਨੂੰ ਛੱਡ ਕੇ ਉਡਦੀਆਂ ਮਗਰ ਨਹੀਂ ਪਈਦਾ—ਜਦੋਂ ਇਹ ਸਿਖਿਆ ਦੇਣੀ ਹੋਵੇ ਕਿ ਆਪਣੇ ਪਾਸ ਥੋੜ੍ਹੀ ਚੀਜ਼ ਨੂੰ ਛੱਡ ਕੇ ਦੂਜਿਆਂ ਦੀ ਬਹੁਤੀ ਚੀਜ਼ ਮਗਰ ਨਹੀਂ ਲਗੀਦਾ ਤਾਂ ਇਹ ਅਖਾਣ ਕਹਿੰਦੇ ਹਨ।

85. ਫੂਹੀ ਫੂਹੀ ਤਲਾ ਭਰ ਜਾਂਦਾ ਹੈ—ਜਦੋਂ ਇਹ ਦਸਣਾ ਹੋਵੇ ਕਿ ਥੋੜ੍ਹੀ ਚੀਜ਼ ਮਿਲ ਕੇ ਬਹੁਤੀ ਬਣ ਜਾਂਦੀ ਹੈ ਤਾਂ ਇਹ ਅਖਾਣ ਕਹਿੰਦੇ ਹਨ।

86. ਬਿੱਲੀ ਨੂੰ ਚੂਹਿਆਂ ਦੇ ਸੁਪਨੇ—ਜਦੋਂ ਕੋਈ ਹਰ ਵਾਰੀ ਆਪਣੇ ਮਤਲਬ ਦੀ ਗੱਲ ਕਰੇ ਤਾਂ ਇਹ ਅਖਾਣ ਕਹਿੰਦੇ ਹਨ।

———

ਭਾਗ ਤੀਜਾ

ਚਿੱਠੀ ਪੱਤਰ

ਹੋਰਨਾਂ ਹੁਨਰ (Fine art) ਵਾਂਗ ਚਿੱਠੀ ਲਿਖਣਾ ਵੀ ਇਕ ਹੁਨਰ ਹੈ। ਇਸ ਤੇ ਪੂਰਾ ਕਾਬੂ ਪਾਉਣ ਲਈ ਜਿਥੇ ਅਭਿਆਸ ਦੀ ਲੋੜ ਹੈ ਉਥੇ ਇਸ ਦੇ ਕੁਝ ਨਿਯਮ ਵੀ ਹਨ ਜੋ ਹੇਠਾਂ ਦਿੱਤੇ ਜਾਣਗੇ!

ਚਿੱਠੀ ਕੀ ਹੈ ?

ਅਜ ਤੋਂ ਕਈ ਸਾਲ ਪਹਿਲਾਂ ਮਨੁਖ ਇਕ ਜੰਗਲੀ ਜੀਵਨ ਬਤੀਤ ਕਰਦਾ ਹੁੰਦਾ ਸੀ। ਫਿਰ ਲੋੜ ਅਨੁਸਾਰ ਬੋਲ ਬਣਾ ਲਏ ਤੇ ਫਿਰ ਹੌਲੀ ਹੌਲੀ ਉੱਨਤੀ ਦੀਆਂ ਪੌੜੀਆਂ ਚੜ੍ਹਦਾ ਹੁਣ ਦੀ ਹਾਲਤ ਵਿਚ ਆ ਗਿਆ ਹੈ।

ਅਜ ਤੋਂ ਕਈ ਚਿਰ ਪਹਿਲਾਂ ਜਦੋਂ ਕਾਰਖਾਨੇ ਨਹੀਂ ਸਨ ਤਾਂ ਅਸੀਂ ਇਕ ਥਾਂ ਆਪਣੇ ਦਿਲੀ ਭਾਵਾਂ ਨੂੰ ਭੇਜਣ ਲਈ ਮਨੁਖ ਭੇਜਦੇ ਸਾਂ ਜਾਂ ਕਬੂਤਰ ਆਦਿ ਪੰਛੀਆਂ ਰਾਹੀਂ ਭੀ ਸਾਡੀਆਂ ਚਿੱਠੀਆਂ ਹੁੰਦੀਆਂ ਸਨ। ਪਰ ਹੁਣ ਵਿਗਿਆਨ ਬਹੁਤ ਉੱਨਤੀ ਕਰ ਗਿਆ ਹੈ ਤੇ ਹਰ ਚੀਜ਼ ਜੋਬਨ ਵਲ ਜਾ ਰਹੀ ਹੈ। ਮਨੁਖੀ ਜੀਵਨ ਵੀ ਸੌਖਾ ਬਣ ਗਿਆ ਹੈ ਤੇ ਅਸੀਂ ਆਪਣੇ ਮਨੋ ਭਾਵ ਬਹੁਤ ਛੇਤੀ ਦੂਰ ਬੈਠੇ ਹੋਏ ਆਪਣੇ ਸਨੇਹੀਆਂ ਪਾਸ ਭੇਜ ਸਕਦੇ ਹਾਂ। ਤਾਰਾਂ ਬਣ ਗਈਆਂ ਤੇ ਟੈਲੀਫੂਨ ਬਣ ਗਏ ਹਨ। ਗੱਲ ਕੀ ਇਕ ਥਾਂ ਤੋਂ ਦੂਜੀ ਥਾਂ ਤੇ ਆਪਣੇ ਦਿਲੀ ਭਾਵਾਂ ਨੂੰ ਭੇਜਣ ਦਾਂ ਨਾਂ ਹੀ 'ਚਿੱਠੀ ਹੈ'।

ਵਰਤਮਾਨ ਯੁਗ ਵਿਚ ਵਿਦਿਆ ਬਹੁਤ ਉੱਨਤੀ ਕਰਦੀ ਜਾ ਰਹੀ ਹੈ, ਥਾਂ ਥਾਂ ਤੇ ਸਕੂਲ ਖੁਲ੍ਹ ਰਹੇ ਹਨ ਅਤੇ ਇਸ ਨਾਲ ਹਰ ਹੁਨਰ ਭੀ ਜੋਬਨ ਫੜਦਾ ਜਾ ਰਿਹਾ ਹੈ। ਹਰ ਸ਼ੈ ਨਵੀਨਤਾ ਫੜਦੀ ਜਾ ਰਹੀ ਹੈ। ਚਿੱਠੀ ਵਿਚ ਵੀ ਨਵੀਨਤਾ ਆਉਣ ਤੋਂ ਘਟ ਨਹੀਂ ਹੋਈ। ਚਿੱਠੀ ਸਾਡੇ ਸਰੀਰ ਦਾ ਜ਼ਰੂਰੀ ਅੰਗ ਜਿਹਾ ਬਣ ਗਿਆ ਹੈ। ਸਾਡੇ ਸਾਰੇ ਕਾਰੋਬਾਰ ਇਨ੍ਹਾਂ ਦੇ ਸਿਰ ਤੇ ਹੀ ਚਲਦੇ ਹਨ। ਇਕ ਦਫ਼ਤਰ ਨੂੰ

ਸਾਰੇ ਖਿਆਲ ਚਿੱਠੀ ਰਾਹੀਂ ਭੇਜੇ ਜਾਂਦੇ ਹਨ। ਅਸੀਂ ਆਪਣੇ ਸਾਰੇ ਸੁਨੇਹੇ ਤੇ ਹੋਰ ਗੱਲ ਬਾਤ ਚਿੱਠੀਆਂ ਰਾਹੀਂ ਹੀ ਦੂਰ ਬੈਠੇ ਸੱਜਣਾਂ ਤਕ ਪੁਚਾ ਸਕਦੇ ਹਾਂ ! ਇਥੇ ਹੀ ਬਸ ਨਹੀਂ ਆਪਣੇ ਵਪਾਰ ਆਦਿ ਭੀ ਚਿੱਠੀਆਂ ਰਾਹੀਂ ਚਲਾਉਂਦੇ ਹਾਂ। ਇਨ੍ਹਾਂ ਤੋਂ ਬਿਨਾਂ ਸਾਡੇ ਵਿਚ ਮੇਲ ਜੋਲ ਰਹਿੰਦਾ ਹੈ ਤੇ ਦੂਰ ਬੈਠੇ ਮਿੱਤਰਾਂ ਦੀ ਖਬਰ ਵੀ ਨਹੀਂ ਪੁਛੀ ਜਾ ਸਕਦੀ।

ਜਿਸ ਤਰ੍ਹਾਂ ਬਾਕੀ ਕੋਮਲ ਹੁਨਰ (Fine art) ਹਨ ਉਸ ਤਰ੍ਹਾਂ ਚਿੱਠੀ ਭੀ ਉਹਨਾਂ ਵਿਚੋਂ ਇਕ ਹੁਨਰ ਹੈ। ਬਿਨਾਂ ਹੁਨਰ ਦੇ ਕੋਈ ਭੀ ਨਹੀਂ ਆਉਂਦਾ। ਚਿੱਠੀ ਲਿਖਣ ਵਾਲੇ ਦੀ ਯੋਗਤਾ ਦਾ ਪਤਾ ਉਸ ਦੀ ਯੋਗਤਾ ਤੋਂ ਹੀ ਲਗ ਜਾਂਦਾ ਹੈ। ਠੀਕ ਤਾਂ ਹੈ ਜਿਥੇ ਲੇਖਕ ਦੀ ਲਿਖਤ ਉਨ੍ਹਾਂ ਦੇ ਜੀਵਨ ਤੋਂ ਦੂਰ ਨਹੀਂ ਹੋ ਸਕਦੀ। ਚਿੱਠੀ ਵਿਚ ਹੋ ਰਹੀਆਂ ਨਿੱਕੀਆਂ ਨਿੱਕੀਆਂ ਗਲਤੀਆਂ ਲਿਖਣ ਦੀ ਲਾਪਰਵਾਹੀ ਦੀਆਂ ਸੂਚਕ ਬਣ ਜਾਂਦੀਆਂ ਹਨ।

ਪਰ ਸਾਨੂੰ ਬਹੁਤ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਹੁਨਰ ਵਲ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ। ਜਿਸ ਤਰ੍ਹਾਂ ਇਹ ਹੁਨਰ ਭੀ ਬੂਟਾ ਬਿਨਾਂ ਪਾਣੀ ਮੁਰਝਾ ਜਾਂਦਾ ਹੈ। ਇਸ ਤਰ੍ਹਾਂ ਇਹ ਹੁਨਰ ਭੀ ਬਿਨਾਂ ਧਿਆਨ ਤੋਂ ਮੁਰਝਾ-ਇਆ ਜਿਹਾ ਜਾਪਦਾ ਹੈ। ਅਸੀਂ ਪੁਰਾਣੀਆਂ ਪੁਸ਼ਤਾਂ ਤੇ ਹੀ ਤੁਰੇ ਆਉਂਦੇ ਹਾਂ ਤੇ ਨਵੇਂ ਜੁਗ ਨੂੰ ਨਹੀਂ ਦੇਖਦੇ। ਅਸੀਂ ਹੁਣ ਜ਼ਰੂਰ ਕੁਝ ਉੱਨਤੀ ਦਾ ਹੰਭਲਾ ਮਾਰਿਆ ਹੈ।

ਚਿੱਠੀਆਂ ਦੀਆਂ ਕਿਸਮਾਂ

ਚਿੱਠੀਆਂ ਦੀਆਂ ਮੋਟੀਆਂ ਕਿਸਮਾਂ ਇਹ ਹਨ :—

(1) **ਨਿੱਜੀ ਜਾਂ ਘਰੋਗੀ ਚਿੱਠੀਆਂ** :—ਉਹ ਚਿੱਠੀਆਂ ਜੋ ਆਪਣੇ ਸਾਕ ਸੰਬੰਧੀ ਦੋਸਤਾਂ ਮਿੱਤਰਾਂ ਤੇ ਜਾਣੂਆਂ ਪਛਾਣੂਆਂ ਵੱਲ ਲਿਖੀਆਂ ਜਾਣ, ਨਿੱਜੀ ਚਿੱਠੀਆਂ ਅਖਵਾਉਂਦੀਆਂ ਹਨ।

(2) **ਸਰਕਾਰੀ ਚਿੱਠੀਆਂ** :—ਜਿਨ੍ਹਾਂ ਚਿੱਠੀਆਂ ਵਿਚ ਸਰਕਾਰੀ ਕੰਮਾਂ ਬਾਰੇ ਬਿਆਨ ਕੀਤਾ ਗਿਆ ਹੋਵੇ ਤੇ ਜਿਹੜੀਆਂ ਇਕ ਦਫਤਰ ਤੋਂ ਦੂਜੇ ਸਰਕਾਰੀ ਦਫ਼ਤਰ ਵੱਲ ਲਿਖੀਆਂ ਜਾਣ 'ਸਰਕਾਰੀ' ਅਖਵਾਉਂਦੀਆਂ ਹਨ।

(3) **ਵਿਉਪਾਰਕ ਚਿੱਠੀਆਂ** :—ਉਹ ਚਿੱਠੀਆਂ ਜੋ ਵਪਾਰੀ ਆਪਣੇ ਵਿਉਪਾਰ ਦੇ ਸੰਬੰਧ ਵਿਚ ਇਕ ਦੂਜੇ ਵਪਾਰੀ ਨੂੰ ਲਿਖਣ, ਉਹ ਵਿਉਪਾਰਕ ਚਿੱਠੀਆਂ

ਅਖਵਾਉਂਦੀਆਂ ਹਨ ।

ਚਿੱਠੀ ਲਿਖਣ ਲਈ ਧਿਆਨ ਯੋਗ ਗੱਲਾਂ

(1) **ਸੁੰਦਰ ਕਾਗਜ਼ ਤੇ ਚੰਗੀ ਸਿਆਹੀ ਹੋਵੇ** :—ਚਿੱਠੀ ਲਿਖਣ ਲਈ ਚੰਗਾ ਕਾਗਜ਼ ਤੇ ਪੱਕੀ ਸਿਆਹੀ ਹੋਣੀ ਅਤੀ ਜ਼ਰੂਰੀ ਹੈ ਕਿਉਂਕਿ ਭੈੜੀ ਸਿਆਹੀ ਤੇ ਗੰਦੀ ਕਲਮ ਭੈੜੀਆਂ ਆਦਤਾਂ ਦਾ ਮੂਲ ਬਣ ਜਾਂਦੀਆਂ ਹਨ । ਗੰਦੇ ਕਾਗਜ਼ ਤੇ ਲਿਖੀਆਂ ਚਿੱਠੀਆਂ ਤੋਂ ਤੁਹਾਡੀ ਲਾਪਰਵਾਹੀ ਦੀ ਉਗਾਹੀ ਮਿਲ ਜਾਂਦੀ ਹੈ ।

(2) **ਲਿਖਤ ਵਿਚ ਨਿੰਮਰਤਾ ਹੋਵੇ** :—ਚਿੱਠੀ ਲਿਖਣ ਲਗਿਆਂ ਸਦਾ ਨਿੰਮਰਤਾ ਸਹਿਤ ਸ਼ਬਦ ਵਰਤਣੇ ਚਾਹੀਦੇ ਹਨ ।

(3) **ਸੁਥਰੀ ਲਿਖਤ** :—ਸਦਾ ਬਹੁਤ ਸੁਹਣਾ ਤੇ ਸਾਫ਼ ਲਿਖਣ ਦਾ ਯਤਨ ਕਰੋ । ਭਾਵੇਂ ਸਮੇਂ ਦੀ ਬੱਚਤ ਕਰਨੀ ਭੀ ਬਹੁਤ ਜ਼ਰੂਰੀ ਹੈ । ਪਰ ਉਹ ਗੱਲ ਭੀ ਨਹੀਂ ਹੋਣੀ ਚਾਹੀਦੀ "ਲਿਖੇ ਮੂਸਾ ਤੇ ਪੜ੍ਹੇ ਖ਼ੁਦਾ ।"

(4) **ਲਿਖਤ ਵਿਚ ਸਰਲਤਾ ਹੋਵੇ** :—ਚਿੱਠੀ ਵਿਚ ਖਾਸ ਕਰ ਕੇ ਸੌਖੇ ਤੇ ਸਰਲ ਸ਼ਬਦ ਵਰਤਣੇ ਚਾਹੀਦੇ ਹਨ ਤਾਂ ਪੜ੍ਹਨ ਵਾਲਾ ਚਿੱਠੀ ਨੂੰ ਛੇਤੀ ਹੀ ਸਮਝ ਸਕੇ । ਔਖੇ ਸ਼ਬਦ ਚਿੱਠੀ ਸਮਝਣ ਲਈ ਔਖਿਆਈ ਦਾ ਕਾਰਣ ਬਣ ਜਾਂਦੇ ਹਨ ।

(5) **ਵਪਾਰਕ ਪੱਤਰ** :—ਵਪਾਰਕ ਚਿੱਠੀਆਂ ਵਿਚ ਮਨੁੱਖ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ । ਇਹਨਾਂ ਚਿੱਠੀਆਂ ਵਿਚ ਖਾਸ ਕਰ ਕੇ ਲਗਾਂ ਮਾਤਰਾਂ ਦਾ ਬਹੁਤ ਖਿਆਲ ਰਖਣਾ ਚਾਹੀਦਾ ਹੈ । ਉਹ ਇਸ ਲਈ ਕਿ ਲਗਾਂ ਮਾਤਰਾਂ ਅਰਥਾਂ ਵਿਚ ਬਹੁਤ ਫ਼ਰਕ ਪਾ ਦਿੰਦੀਆਂ ਹਨ ।

(6) **ਦੁਹਾਈ** :—ਚਿੱਠੀ ਲਿਖ ਕੇ ਦੂਜੀ ਵਾਰੀ ਪੜ੍ਹਨੀ ਅਤੀ ਜ਼ਰੂਰੀ ਹੈ ਕਿਉਂਕਿ ਚਿੱਠੀ ਵਿਚ ਹੋਈਆਂ ਭੁੱਲਾਂ ਠੀਕ ਕੀਤੀਆਂ ਜਾ ਸਕਦੀਆਂ ਹਨ ।

(7) **ਛੋਟੇ ਵਾਕ** :—ਵਾਕ ਬਹੁਤ ਛੋਟੇ ਛੋਟੇ ਹੋਣੇ ਚਾਹੀਦੇ ਹਨ । ਕਈ ਵਾਰੀ ਲੰਬੇ ਵਾਕ ਅਰਥਾਂ ਵਿਚ ਫਰਕ ਪਾ ਦਿੰਦੇ ਹਨ ।

(8) **ਆਦਰ** :—ਚਿੱਠੀ ਵਿਚ ਚਿੱਠੀ ਲਿਖਣ ਵਾਲੇ ਸੰਬੰਧੀ ਲਈ ਬਹੁਤ ਆਦਰ ਭਰਪੂਰ ਸ਼ਬਦ ਵਰਤਣੇ ਚਾਹੀਦੇ ਹਨ ।

(9) **ਲਫਾਫੇ ਦੀ ਵਰਤੋਂ** :—ਕਿਸੇ ਵਡੇ ਆਦਮੀ ਵੱਲ ਚਿੱਠੀ ਜਾਂ ਅਰਜ਼ੀ ਭੇਜਣੀ ਹੋਵੇ ਤਾਂ ਸਦਾ ਚਿੱਠੀ ਲਫਾਫੇ ਵਿਚ ਬੰਦ ਕਰ ਕੇ ਭੇਜਣੀ ਚਾਹੀਦੀ ਹੈ ।

(10) **ਸਿਰਨਾਵਾਂ** :—ਚਿੱਠੀ ਤੇ ਸਿਰਨਾਵਾਂ ਸੋਹਣਾ ਤੇ ਪੂਰਾ ਲਿਖਿਆ ਹੋਣਾ ਚਾਹੀਦਾ ਹੈ ਕਿਉਂਕਿ ਕਈ ਵਾਰੀ ਸਿਰਨਾਵਾਂ ਗੰਦਾ ਲਿਖਿਆ ਹੋਣ ਕਰ ਕੇ ਪੜ੍ਹਿਆ ਨਹੀਂ, ਜਾ ਸਕਦਾ ਤੇ ਚਿੱਠੀ ਪੁਜਣ ਵਾਲੀ ਥਾਂ ਤੇ ਨਹੀਂ ਪੁਜ ਸਕਦੀ।

(11) **ਦੂਹਰੀਆਂ ਗੱਲਾਂ** :—ਯਾਦ ਰੱਖੋ ਕਿ ਇਕ ਗੱਲ ਨੂੰ ਮੁੜ ਮੁੜ ਨਹੀਂ ਲਿਖਣਾ ਚਾਹੀਦਾ। ਇਸ ਨਾਲ ਚਿੱਠੀ ਦਾ ਰਸ ਤੇ ਸੁਆਦ ਖਰਾਬ ਹੋ ਜਾਂਦਾ ਹੈ।

(12) **ਚਿੱਠੀ ਦਾ ਮੈਟਰ** :—ਚਿੱਠੀ ਲਿਖਣ ਤੋਂ ਪਹਿਲਾਂ ਸਾਰੀਆਂ ਗੱਲਾਂ ਆਪਣੇ ਮਨ ਵਿਚ ਸੋਚ ਲੈਣੀਆਂ ਚਾਹੀਦੀਆਂ ਹਨ ਤੇ ਫਿਰ ਉਹਨਾਂ ਨੂੰ ਇਕੱਲੇ ਇਕੱਲੇ ਪੈਰੇ ਵਿਚ ਲਿਖਣਾ ਚਾਹੀਦਾ ਹੈ।

(13) **ਲੇਖਕ ਕ੍ਰੋਧੀ ਨਾ ਹੋਵੇ** :—ਚਿੱਠੀ ਨੂੰ ਗੁੱਸੇ ਵਿਚ ਲਿਖ ਕੇ ਡਾਕਖਾਨੇ ਵਿਚ ਨਹੀਂ ਪਾਉਣਾ ਚਾਹੀਦਾ ਸਗੋਂ ਉਸ ਤੇ ਵਿਚਾਰ ਕਰਨੀ ਚਾਹੀਦੀ ਹੈ।

(14) **ਚਿੱਠੀ ਇਕ ਹੁਨਰ ਹੈ** :—ਚਿੱਠੀ ਲਿਖਣਾ ਇਕ ਹੁਨਰ ਹੈ, ਇਸ ਲਈ ਹਰ ਇਕ ਨੂੰ ਇਸ ਹੁਨਰ ਵਿਚ ਯੋਗਤਾ ਪ੍ਰਾਪਤ ਕਰਨੀ ਚਾਹੀਦੀ ਹੈ।

(15) **ਕਿਉਂਕਿ ਪਿਨਸਲ ਦੀ ਲਿਖਤ ਮਿਟ ਜਾਂਦੀ ਹੈ** :—ਚਿੱਠੀ ਜਾਂ ਇਸ ਦਾ ਸਰਨਾਵਾਂ ਕਦੀ ਪਿਨਸਲ ਨਾਲ ਨਹੀਂ ਲਿਖਣਾ ਚਾਹੀਦਾ।

ਨੋਟ :—ਹੇਠਾਂ ਕੁਝ ਨਮੂਨੇ ਦੀਆਂ ਚਿੱਠੀਆਂ ਦਿਤੀਆਂ ਜਾਂਦੀਆਂ ਹਨ। ਇਹਨਾਂ ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ।

1. ਪਿਤਾ ਵੱਲ ਪੁੱਤਰ ਵਲੋਂ ਪੈਸਿਆਂ ਦੀ ਮੰਗ ਲਈ।

ਗੋਰਮਿੰਟ ਹਾਇਰ ਸੈਕੰਡਰੀ ਸਕੂਲ,
ਹੁਸ਼ਿਆਰਪੁਰ।
3 ਜੁਲਾਈ, 1972.

ਸਤਿਕਾਰ ਯੋਗ ਪਿਤਾ ਜੀਓ,

ਸਤਿ ਸ੍ਰੀ ਅਕਾਲ! ਮੈਂ ਪਿਛੇ ਇਸ ਲਈ ਆਪ ਨੂੰ ਪੱਤਰ ਨਹੀਂ ਲਿਖ ਸਕਿਆ ਕਿ ਸਾਡੀ ਛੇਮਾਹੀ ਪ੍ਰੀਖਿਆ ਸ਼ੁਰੂ ਸੀ। ਉਹ ਕਲ੍ਹ ਹੀ ਖਤਮ ਹੋਈ ਹੈ ਤੇ ਅੱਜ ਪੱਤਰ ਲਿਖ ਰਿਹਾ ਹਾਂ। ਮੇਰੇ ਪਰਚੇ ਚੰਗੇ ਹੋ ਗਏ ਹਨ।

ਬਾਕੀ ਤੁਸੀਂ ਜਾਣਦੇ ਹੋ ਕਿ 7 ਜੁਲਾਈ ਤੋਂ ਸਾਡੇ ਸਕੂਲ ਦੋ ਮਹੀਨਿਆਂ ਲਈ ਬੰਦ ਹੋ ਰਿਹਾ ਹੈ। ਮੈਂ ਸਾਰਾ ਪਿਛਲਾ ਹਿਸਾਬ ਮੁਕਾਉਣਾ ਹੈ। ਮੇਰਾ ਖਰਚ

ਕੁਝ ਪਿਛੇ ਬੀਮਾਰੀ ਤੇ ਵੀ ਆ ਗਿਆ ਸੀ ਤੇ ਆਪ ਦੇ ਹੁਕਮ ਅਨੁਸਾਰ ਫਲ ਵੀ ਚੰਗੇ ਖਾਧੇ ਸਨ। ਫਿਰ ਘਰ ਆਉਣ ਵਾਸਤੇ ਕਿਰਾਇਆ ਵੀ ਚਾਹੀਦਾ ਹੈ। ਇਸ ਲਈ ਕਿਰਪਾ ਕਰ ਕੇ ਅੱਸੀ ਰੁਪਏ ਭੇਜ ਦੇਵੋ ਤਾਂ ਜੋ ਮੈਂ ਸਭ ਦੇ ਪੈਸੇ ਨਿਬੇੜ ਕੇ ਤੁਹਾਡੇ ਕੋਲ ਆ ਜਾਵਾਂ।

ਜੋ ਚੀਜ਼ ਮੰਗਾਉਣੀ ਹੋਵੇ ਲਿਖ ਦੇਣਾ। ਮੈਂ ਆਉਂਦਾ ਹੋਇਆ ਲੈ ਆਵਾਂਗਾ ਮਾਤਾ ਜੀ ਨੂੰ ਮੱਥਾ ਟੇਕਣਾ ਤੇ ਟੀਟੂ ਤੇ ਭੋਲੀ ਨੂੰ ਪਿਆਰ।

ਆਪ ਦਾ ਪੁੱਤਰ,
ਹਰਨੇਕ ਸਿੰਘ,
ਅਠਵੀਂ ਏ।

2. ਪਿਤਾ ਵਲੋਂ ਪਹਿਲੀ ਚਿੱਠੀ ਦਾ ਉੱਤਰ।

ਸਿਰਹਾਲਾ ਮੂੰਡੀਆ,
ਜ਼ਿਲਾ ਹੁਸ਼ਿਆਰ।
10 ਜੁਲਾਈ, 1972.

ਪਿਆਰੇ ਹਰਨੇਕ,

ਚਿਰੰਜੀਵ ਰਹੁ ?

ਤੇਰਾ ਖਤ ਹੁਣੇ ਹੀ ਮਿਲਿਆ। ਅਸੀਂ ਕਈਆਂ ਦਿਨਾਂ ਤੋਂ ਤੇਰਾ ਖਤ ਉਡੀਕ ਰਹੇ ਸੀ। ਤੇਰੀ ਮਾਤਾ ਤਾਂ ਬਹੁਤ ਬੇਚੈਨ ਸੀ। ਜੇ ਅਜ ਤੇਰਾ ਪੱਤਰ ਨਾ ਆਉਂਦਾ ਤਾਂ ਮੈਂ ਕਲ੍ਹ ਤੇਰੇ ਤੁਰ ਪੈਣਾ ਸੀ।

ਬਾਕੀ ਕਾਕਾ ਸਾਡੀ ਕਮਾਈ ਕਿਸ ਲਈ ਜੇ ਤੂੰ ਔਖਾ ਰਹੇਂ। ਮੈਂ ਤੈਨੂੰ ਸੌ ਰੁਪਿਆ ਭੇਜ ਰਿਹਾ ਹਾਂ ਜੋ ਤੂੰ ਖੁਲ੍ਹੀ ਤਰ੍ਹਾਂ ਹਿਸਾਬ ਨਿਬੇੜ ਸਕੇਂ। ਕਾਕਾ ਤੇਰਾ ਹੀ ਸਭ ਕੁਝ ਹੈ। ਪਰ ਤੂੰ ਜਾਣਦਾ ਹੀ ਹੈਂ ਕਿ ਕਮਾਈ ਕਿਵੇਂ ਹੁੰਦੀ ਹੈ। ਇਸ ਲਈ ਸੋਚ ਸਮਝ ਕੇ ਖਰਚ ਕਰਨਾ ਚਾਹੀਦਾ ਹੈ। ਮੈਂ ਇਹ ਐਵੇਂ ਲਿਖਿਆ ਹੈ ਤਾਂ ਜੋ ਤੈਨੂੰ ਸੋਚ ਸਮਝ ਕੇ ਖ਼ਰਚ ਕਰਨ ਦੀ ਆਦਤ ਪੈ ਜਾਵੇ ਤੇ ਤੂੰ ਆਉਣ ਵਾਲੀ ਉਮਰ ਵਿਚ ਸੌਖਾ ਰਹਿ ਸਕੇਂ।

ਹੋਰ ਆਉਂਦਾ ਹੋਇਆ ਆਪਣੀ ਮਾਤਾ ਲਈ ਉਹ ਅੱਖੀਆਂ ਦਾ ਚਿੱਟਾ ਦਾਰੂ ਆਇਆ ਸਿੰਘ ਵੈਦ ਦਾ ਬਣਾਇਆ ਹੋਇਆ ਲੈ ਆਵੀਂ, ਜੋ ਤੂੰ ਅਗੇ

ਲਿਆਇਆ ਸੀ । ਉਸ ਨਾਲ ਤੇਰੀ ਮਾਤਾ ਦੀਆਂ ਅੱਖੀਆਂ ਵਿਚੋਂ ਪਾਣੀ ਜਾਣਾ ਕਾਫ਼ੀ ਬੰਦ ਹੋ ਗਿਆ ਹੈ ।

ਬਾਕੀ ਟੀਟੂ ਤੇ ਭੋਲੀ ਤੈਨੂੰ ਬਹੁਤ ਯਾਦ ਕਰਦੇ ਹਨ ।

ਤੇਰਾ ਪਿਤਾ,
ਹਰਦੇਵ ਸਿੰਘ ਨੰਬਰਦਾਰ ।

ਸਿਰਨਾਵਾਂ ਕਾਕਾ ਹਰਨੇਕ ਸਿੰਘ—ਸਪੁੱਤਰ ਹਰਦੇਵ ਸਿੰਘ ਨੰਬਰਦਾਰ—ਜਮਾਤ ਅੱਠਵੀਂ ਏ । ਸਿਰਹਾਲਾ ਮੁੰਡੀਆਂ—ਗੌਰਮਿੰਟ ਹਾਇਰ ਸੈਕੰਡਰੀ ਸਕੂਲ ਜ਼ਿਲਾ ਹੁਸ਼ਿਆਰ ਪੁਰ ਹੁਸ਼ਿਆਰ ਪੁਰ ।	ਟਿਕਟ

3. ਮਿੱਤਰ ਵਲ ਨਹਿਰ ਦੀ ਸੈਰ ਬਾਬਤ ।

ਜ਼ਿਲਾ ਬਠਿੰਡਾ,
ਜੈ ਹਿੰਦ ! ਮਿੱਤੀ 23 ਫਰਵਰੀ, 1972.

ਭਾਵੇਂ ਤੂੰ ਹੈਰਾਨ ਜ਼ਰੂਰ ਹੋਵੇਂਗਾ ਕਿ ਇਸ ਵਾਰੀ ਇਕ ਹਫਤੇ ਵਿਚ ਦੋ ਚਿੱਠੀਆਂ ਆ ਗਈਆਂ ਹਨ ਤੇ ਕਦੀ ਵਾਰੀ ਦੋ ਹਫ਼ਤਿਆਂ ਵਿਚ ਇਕ ਵੀ ਚਿੱਠੀ ਨਹੀਂ ਆਉਂਦੀ । ਉਸ ਦਾ ਕਾਰਨ ਇਹ ਹੈ ਕਿ ਇਹ ਚਿਠੀ ਮੈਂ ਤੁਹਾਨੂੰ ਨਹਿਰ ਤੇ ਕੀਤੀ ਸੈਰ ਬਾਬਤ ਲਿਖ ਰਿਹਾ ਹਾਂ ।

ਛੁਟੀਆਂ ਦਾ ਪਹਿਲਾ ਦਿਨ ਸੀ ਸਭ ਮੁੰਡੇ ਰਲ ਗਏ ਕੁਝ ਨੇ ਮੁਖ ਅਧਿਆਪਕ ਤੋਂ ਆਗਿਆ ਵੀ ਲੈ ਲਈ । ਆਖਿਆ ਅਜ ਤੇ ਠੀਕ ਕੁਦਰਤ ਨੇ ਭੀ ਸਾਡੇ ਨਹਿਰ ਤੇ ਜਾਣ ਵਾਲੇ ਦਿਨ ਸੂਰਜ ਨੂੰ ਛੁਟੀ ਦੇ ਦਿੱਤੀ ਹੈ ਭਾਵ ਸੂਰਜ ਦੇਵਤੇ ਨੇ ਉਸ ਤੇ ਆਪਣੀ ਗਰਮੀ ਦਾ ਕੋਈ ਪ੍ਰਭਾਵ ਨਾ ਪਾਇਆ । ਮੀਂਹ ਦੀਆਂ ਬਰੀਕ ਬਰੀਕ ਕਣੀਆਂ ਪੈ ਰਹੀਆਂ ਸਨ ਜਿਸ ਤੋਂ ਸਾਡੀ ਖੁਸ਼ੀ ਭੀ ਜੋਬਨ ਫੜਦੀ ਜਾ ਰਹੀ ਸੀ । ਗਰਮੀ ਦੇ ਦਿਨਾਂ ਵਿਚ ਜੇ ਕੋਈ ਠੰਢਾ ਦਿਨ ਹੋਵੇ ਤਾਂ ਲੋਕੀਂ ਉਸ ਨੂੰ ਸਹਿਜ ਹੀ ਭਾਗਾਂ ਵਾਲਾ ਦਿਨ ਆਖ ਦਿੰਦੇ ਹਨ । ਸੋ ਇਹ ਦਿਨ ਭਾਗਾਂ ਵਾਲਾ ਹੀ ਸੀ । ਠੰਢ ਦਾ ਦਿਨ ਤੇ ਅਸੀਂ ਅੰਬਾਂ ਦੇ ਟੋਕਰੇ ਤੇ ਹੋਰ ਮਠਿਆਈ ਆਦਿ ਲੈ ਕੇ ਟਾਂਗੇ

ਦੀ ਸਹਾਇਤਾ ਨਾਲ ਨਹਿਰ ਤੇ ਪੁੱਜ ਗਏ। ਕੋਈ ਸਾਈਕਲ ਤੇ ਗਿਆ, ਕਿਸੇ ਦੌੜ ਹੀ ਲਾ ਲਈ ਤੇ ਕਈ ਗੱਪਾਂ ਮਾਰਨ ਵਾਲਾ ਪੈਦਲ ਹੀ ਤੁਰ ਪਏ।

ਨਹਿਰ ਦਾ ਸੀਤਲ ਤੇ ਨਿਰਮਲ ਪਾਣੀ ਆਪਣੀ ਹੌਲੀ ਜਿਹੀ ਰਵਾਨੀ ਅਤੇ ਮਿੱਠੀ ਜਿਹੀ ਆਵਾਜ਼ ਫੜੀ ਤੁਰਿਆ ਜਾ ਰਿਹਾ ਸੀ, ਇਸ ਦੇ ਕੰਢੇ ਦੀਆਂ ਹਰੀਆਂ ਭਰੀਆਂ ਖੇਤੀਆਂ ਇਸ ਦੀ ਸੁਤੰਤਰਤਾ ਨੂੰ ਹੋਰ ਭੀ ਜੋਬਣ ਵੱਲ ਲਿਆ ਰਹੀਆਂ ਸਨ। ਸਾਰਿਆਂ ਜਣਿਆਂ ਨੇ ਨਹਿਰ ਤੇ ਪੁੱਜ ਕੇ ਕਈ ਟੋਲੀਆਂ ਬਣਾ ਲਈਆਂ। ਪਹਿਲਾਂ ਸਾਰਿਆਂ ਨੇ ਅੰਬਾਂ ਦਾ ਆਨੰਦ ਮਾਣਿਆਂ ਤੇ ਫਿਰ ਕਪੜੇ ਉਤਾਰ ਕੇ ਇਸ਼-ਨਾਨ ਕਰਨ ਲਗ ਪਏ। ਅਧਿਆਪਕਾਂ ਨੇ ਜੋ ਥੋੜ੍ਹੀ ਜਿਹੀ ਵਿੱਥ ਤੇ ਇਸ਼ਨਾਨ ਕੀਤਾ ਤੇ ਤਾਰੀਆਂ ਦਾ ਅਨੰਦ ਮਾਣਿਆਂ। ਤਾਰੀਆਂ ਜਾਂ ਇਸ਼ਨਾਨ ਪਿਛੋਂ ਅਸੀਂ ਬਚੇ ਹੋਏ ਅੰਬਾਂ ਨੂੰ ਫਿਰ ਚੂਪਿਆ ਤੇ ਬਾਕੀ ਦੀਆਂ ਮਠਿਆਈਆਂ ਭੀ ਖਾਧੀਆਂ। ਇਸ ਤੋਂ ਬਾਅਦ ਸਾਡੀ ਜਮਾਤ ਦੇ ਕਵੀਆਂ ਤੇ ਕਵਿਤ੍ਰੀਆਂ ਨੇ ਆਪਣੇ ਮਨ ਭਾਉਂਦੇ ਗੀਤ ਸੁਣਾਏ। ਅਧਿਆਪਕਾਂ ਨੇ ਕਾਫੀ ਹਾਸੇ ਵਾਲੀਆਂ ਕਹਾਣੀਆਂ ਸੁਣਾਈਆਂ। ਇਸ ਤੋਂ ਪਿਛੋਂ ਅਸੀਂ ਲਾਊਡ ਸਪੀਕਾਰ ਵੀ ਨਾਲ ਲੈ ਗਏ ਸੀ। ਫਿਰ ਮਨ ਭਾਉਂਦੇ ਤੇ ਸੁਰੀਲੇ ਗਾਣਿਆਂ ਨੇ ਸਾਨੂੰ ਚੰਗਾ ਦਿਲ ਪਰਚਾਵਾ ਦਿੱਤਾ। ਸਾਰਾ ਦਿਨ ਮਖੌਲ ਹੁੰਦਾ ਰਿਹਾ, ਫਿਰ ਸ਼ਾਮ ਰਾਣੀ ਦਾ ਰਾਜ ਆਉਂਦਾ ਵੇਖ ਕੇ ਅਸੀਂ ਘਰਾਂ ਨੂੰ ਮੁੜ ਆਏ। ਇਸ ਤਰ੍ਹਾਂ ਅਸੀਂ ਨਦੀ ਦੀ ਸੈਰ ਕੀਤੀ। ਬਾਕੀ ਸਭ ਠੀਕ ਹੈ। ਉੱਤਰ ਛੇਤੀ ਦੇਣਾ। ਕੂਕੂ ਤੇ ਗੋਗੀ ਨੂੰ ਪਿਆਰ।

ਆਪ ਦਾ ਮਿੱਤਰ,
ਪੀ. ਐਸ ਪ੍ਰੇਮ...
ਪਿੰਡ ਮੱਤੀ।

4. ਮਿੱਤਰ ਵਲੋਂ ਉੱਤਰ

ਗੋਰਮਿੰਟ ਮਿਡਲ ਸਕੂਲ,
ਡਿਹਰਾ (ਗੋਪੀਪੁਰ),
2 ਮਾਰਚ, 1972.

ਪਿਆਰੇ ਪ੍ਰੇਮ

ਜੈ ਹਿੰਦ !

ਆਪ ਦਾ ਪੱਤਰ ਮਿਲਿਆ ਪੜ੍ਹ ਕੇ ਬਹੁਤ ਖੁਸ਼ੀ ਹੋਈ। ਆਪ ਦੇ ਦੋਵੇਂ ਪੱਤਰ

ਮਿਲ ਗਏ। ਦੂਜੇ ਪੱਤਰ ਵਿਚ ਜੋ ਆਪ ਨਹਿਰ ਦੀ ਕੀਤੀ ਹੋਈ ਸੈਰ ਦਾ ਹਾਲ ਲਿਖਿਆ ਹੈ ਉਹ ਤਾਂ ਇਉਂ ਲੱਗਦਾ ਹੈ ਕਿ ਆਪ ਨੇ ਅੱਖਰਾਂ ਰਾਹੀਂ ਚਿੱਤਰ ਹੀ ਖਿੱਚ ਦਿੱਤਾ ਹੈ।

ਮੈਂ ਵੀ ਆਪਣੇ ਜਮਾਤ ਦਿਆਂ ਵਿਦਿਆਰਥੀਆਂ ਨਾਲ ਆਪ ਦੀ ਇਸ ਸੈਰ ਦੀ ਗੱਲਬਾਤ ਕੀਤੀ ਹੈ। ਉਹ ਬਹੁਤ ਪ੍ਰਭਾਵਤ ਹੋਏ ਹਨ। ਸਭ ਨੇ ਰਲ ਕੇ ਆਪਣੇ ਇਨਚਾਰਜ ਅਧਿਆਪਕ ਜੀ ਨਾਲ ਗੱਲ ਕੀਤੀ ਤੇ ਆਪ ਦੀ ਚਿੱਠੀ ਦਾ ਹਵਾਲਾ ਦਿੱਤਾ। ਅਧਿਆਪਕ ਸਾਹਿਬ ਜੀ ਬਹੁਤ ਖੁਸ਼ ਹੋਏ ਹਨ। ਉਹਨਾਂ ਸਾਡੀ ਬੇਨਤੀ ਕਬੂਲ ਕਰ ਲਈ ਹੈ।

ਇਸ ਲਈ ਅਸੀਂ ਅਗਲੇ ਐਤਵਾਰ ਨਹਿਰ ਤੇ ਜਾਣ ਦੀ ਸਲਾਹ ਕੀਤੀ ਹੈ। ਤੂੰ ਜਾਣਦਾ ਹੀ ਹੋਵੇਂਗਾ ਕਿ ਸਾਨੂੰ ਛੁਟੀਆਂ ਨਹੀਂ ਹੋਈਆਂ। ਅੱਠਵੀਂ ਦੀ ਕਲਾਸ ਹੋਣ ਕਰਕੇ ਛੁਟੀਆਂ ਵਿਚ ਵੀ ਕਲਾਸ ਲਗਦੀ ਹੈ। ਇਸ ਅਗਲੇ ਐਤਵਾਰ ਅਸੀਂ ਵੀ ਨਹਿਰ ਦੀ ਸੈਰ ਲਈ ਜਾਵਾਂਗੇ।

ਆਪ ਨੂੰ ਫਿਰ ਮੈਂ ਪੂਰਾ ਹਾਲ ਲਿਖਾਂਗਾ। ਇਸ ਸੁਝਾ ਦੇਣ ਲਈ ਅਸੀਂ ਸਭ ਆਪ ਦੇ ਧਨਵਾਦੀ ਹਾਂ।

ਬਾਕੀ ਸਭ ਠੀਕ ਹੈ। ਪੱਤਰ ਲਿਖਦੇ ਰਿਹਾ ਕਰੋ।

ਆਪ ਦਾ ਮਿੱਤਰ,
ਮੋਹਨ ਸਿੰਘ,
ਅਠਵੀਂ ਬੀ,

4. ਪਿਤਾ ਵਲੋਂ ਪੁੱਤਰ ਨੂੰ ਪ੍ਰੀਖਿਆ ਲਈ ਸੂਚਨਾ।

ਸੁਜਾਨ ਪੁਰ,
ਜ਼ਿਲਾ ਹੁਸ਼ਿਆਰ ਪੁਰ,
3 ਅਗਸਤ, 1972.

ਪਿਆਰੇ ਸੰਤੋਖ

ਚਿਰੰਜੀਵ ਰਹੁ!

ਮੈਂ ਤੈਨੂੰ ਪਹਿਲਾਂ ਵੀ ਇਕ ਪੱਤਰ ਪਾਇਆ ਸੀ ਤੇ ਨਾਲੇ ਰੁਪੈ ਭੇਜੇ ਸਨ। ਆਸ ਹੈ ਮਿਲ ਗਏ ਹੋਣਗੇ ਇਹ ਕੇਵਲ ਤੈਨੂੰ ਪ੍ਰੀਖਿਆ ਜਾਣ ਤੋਂ ਪਹਿਲਾਂ ਕੁਝ ਸਤਰਾਂ ਲਿਖਦਾ ਹਾਂ।

ਕਾਕਾ ਤੇਰੀ ਪ੍ਰੀਖਿਆ ਹੁਣ ਸ਼ੁਰੂ ਹੋਣ ਵਾਲੀ ਹੈ। ਤੈਨੂੰ ਇਸ ਤੋਂ ਡਰਨਾ ਨਹੀਂ

ਚਾਹੀਦਾ। ਤੇਰੇ ਜਿਹੇ ਲਾਇਕ ਬੱਚੇ ਲਈ ਇਹ ਪ੍ਰੀਖਿਆ ਕੁਝ ਵੀ ਨਹੀਂ ਹੈ। ਨਾਲੇ ਤੂੰ ਸਾਰਾ ਸਾਲ ਮਿਹਨਤ ਵੀ ਤਾਂ ਡਟ ਕੇ ਕੀਤੀ ਹੈ। ਤੈਨੂੰ ਕੀ ਡਰ ਹੋ ਸਕਦਾ ਹੈ। ਡਰ ਤਾਂ ਉਹਨਾਂ ਨੂੰ ਹੋਵੇਗਾ ਜਿਨ੍ਹਾਂ ਨੇ ਕੁਝ ਕੀਤਾ ਨਹੀਂ।

ਪ੍ਰੀਖਿਆ ਬੜੇ ਧੀਰਜ ਨਾਲ ਦਿਉ। ਜੋ ਪ੍ਰਭੂ ਕਰੇਗਾ ਠੀਕ ਹੋਵੇਗਾ। ਇਹਨਾਂ ਦਿਨਾਂ ਵਿਚ ਸੁਸਤੀ ਨਹੀਂ ਕਰਨੀ ਚਾਹੀਦੀ ਰਾਤ ਨੂੰ ਬਹੁਤ ਦੇਰ ਤਕ ਪੜ੍ਹਨ ਦਾ ਕੋਈ ਲਾਭ ਨਹੀਂ। ਹਾਂ, ਜੇ ਸੌਂ ਸਕੇ ਤਾਂ ਅੰਮ੍ਰਿਤ ਵੇਲੇ ਉਠ ਕੇ ਪੜ੍ਹਨਾ ਚੰਗਾ ਹੈ।

ਪ੍ਰੀਖਿਆ ਹਾਲ ਵਿਚ ਜਾ ਕੇ ਘਾਬਰਨ ਦੀ ਲੋੜ ਨਹੀਂ। ਪਹਿਲਾਂ ਜਿਹੜਾ ਚੰਗਾ ਸੁਆਲ ਆਉਂਦਾ ਹੈ ਉਹੀ ਕਰਨਾ ਹੈ। ਬਹੁਤ ਤੇਜ਼ੀ ਨਹੀਂ ਕਰਨੀ। ਲਿਖਾਈ ਪੜ੍ਹਨ ਵਾਲੀ ਹੋਵੇ। ਫਿਰ ਦੂਜਾ ਪ੍ਰਸ਼ਨ ਵੀ ਇਸੇ ਤਰ੍ਹਾਂ ਧੀਰਜ ਨਾਲ ਕਰਨਾ ਹੈ। ਜੋ ਪੁਛਿਆ ਹੈ ਉਹੀ ਦਸਣਾ ਚਾਹੀਦਾ ਹੈ। ਬਾਕੀ ਪਰਚੇ ਨੂੰ ਮੁੜ ਪੜ੍ਹਨ ਲਈ ਪੰਦਰਾਂ ਵੀਹ ਮਿੰਟ ਜ਼ਰੂਰ ਕਢ ਲੈਣੇ ਚਾਹੀਦੇ ਹਨ ਤਾਂ ਜੋ ਪਹਿਲਾਂ ਹੋਈਆਂ ਭੁੱਲਾਂ ਠੀਕ ਕੀਤੀਆਂ ਜਾ ਸਕਣ।

ਹਰ ਪਰਚੇ ਪਿਛੋਂ ਮੈਨੂੰ ਪੱਤਰ ਲਿਖਦਾ ਰਹੀਂ ਤਾਂ ਜੋ ਮੈਨੂੰ ਵੀ ਹੌਂਸਲਾ ਰਹੇ ਤੇਰੀ ਮਾਤਾ ਵਲੋਂ ਤੇ ਭੈਣ ਵਲੋਂ ਪਿਆਰ।

ਆਪਦਾ ਪਿਤਾ,
ਹਰਨਾਮ ਸਿੰਘ,
ਸੁਜਾਨ ਪੁਰ।

5. ਪੁਤਰ ਵਲੋਂ ਪਿਤਾ ਦੀ ਚਿੱਠੀ ਦਾ ਉੱਤਰ।

ਗੋਰਮਿੰਟ ਹਾਈ ਸਕੂਲ,
ਲੁਧਿਆਣਾ,
9 ਅਗਸਤ, 1972.

ਸਤਿਕਾਰ ਯੋਗ ਪਿਤਾ ਜੀਉ,

ਸਤਿ ਸ੍ਰੀ ਅਕਾਲ। ਆਪ ਦਾ ਪੱਤਰ ਐਨ ਉਸ ਸਮੇਂ ਮਿਲਿਆ ਜਦੋਂ ਮੈਂ ਪੰਜਾਬੀ ਦਾ ਪਰਚਾ ਦੇਣ ਜਾਂ ਰਿਹਾ ਸੀ। ਜਾਣ ਤੋਂ ਪਹਿਲਾਂ ਮੈਂ ਆਪ ਦੀਆਂ ਦਿੱਤੀਆਂ ਹੋਈਆਂ ਸਾਰੀਆਂ ਸੂਚਨਾਵਾਂ ਨੂੰ ਪੜ੍ਹਿਆ ਤੇ ਵਿਚਾਰਿਆ ਤੇ ਪ੍ਰੀਖਿਆ ਵਿਚ ਉਹਨਾਂ ਤੇ ਪੂਰੀ ਤਰ੍ਹਾਂ ਅਮਲ ਕੀਤਾ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਮੈਂ ਸਾਰੇ ਛੇ ਦੇ ਛੇ ਪ੍ਰਸ਼ਨ ਕਰ

ਦਿੱਤੇ ਹਨ। ਹਾਂ, ਦੋ ਨੰਬਰਾਂ ਦੇ ਲਿੰਗ ਪੁਲਿੰਗ ਗਲਤ ਹੋ ਗਏ ਹਨ। ਆਪ ਦੀ ਕਿਰਪਾ ਨਾਲ ਪਰਚਾ ਚੰਗਾ ਹੋ ਗਿਆ ਹੈ। ਹੁਣ ਕਲ ਦੀ ਛੁੱਟੀ ਹੈ ਤੇ ਪਰਸੋਂ ਨੂੰ ਅੰਗਰੇਜ਼ੀ ਦਾ ਪਰਚਾ ਹੈ। ਮੈਂ ਉਸ ਦੀ ਤਿਆਰੀ ਵਿਚ ਵੀ ਜੁਟਿਆ ਪਿਆ ਹਾਂ। ਪਰਚਾ ਹੋਣ ਤੇ ਫਿਰ ਲਿਖਾਂਗਾ।

ਮਾਤਾ ਜੀ ਨੂੰ ਸਤਿ ਸ੍ਰੀ ਅਕਾਲ, ਭੈਣ ਜੀ ਨੂੰ ਪਿਆਰ।

ਆਪ ਦਾ ਪੁੱਤਰ,
ਸੰਤੋਖ ਸਿੰਘ,
ਅਠਵੀਂ ਸੀ।

6. ਮਿੱਤਰ ਵਲੋਂ ਛੁਟੀਆਂ ਕਟਣ ਲਈ ਸੱਦਾ

ਜਗਰਾਉਂ
ਜ਼ਿਲਾ ਲੁਧਿਆਣਾ,
3 ਜੁਲਾਈ 1972.

ਪਿਆਰੇ ਈਸ਼ਰ,

ਸਤਿ ਸ੍ਰੀ ਅਕਾਲ ! ਮੈਂ ਪਹਿਲਾਂ ਵੀ ਆਪ ਨੂੰ ਇਕ ਪੱਤਰ ਲਿਖ ਚੁਕਾ ਹਾਂ, ਪਰ ਆਪ ਨੇ ਕੋਈ ਉੱਤਰ ਨਹੀਂ ਦਿੱਤਾ। ਇਸ ਦਾ ਕੀ ਕਾਰਨ ਹੈ, ਉੱਤਰ ਦੇਣਾ। ਬਹੁਤ ਫਿਕਰ ਹੋ ਰਿਹਾ ਹੈ।

ਬਾਕੀ ਆਪਨੂੰ ਪਤਾ ਹੀ ਹੈ ਕਿ 22 ਜੁਲਾਈ ਤੋਂ ਸਾਡੇ ਸਕੂਲ ਦੋ ਮਹੀਨਿਆਂ ਦੀਆਂ ਛੁਟੀਆਂ ਲਈ ਬੰਦ ਹੋ ਰਹੇ ਹਨ। ਮੇਰੀ ਸਲਾਹ ਹੈ ਕਿ ਭਰਾ ਜੀ ਪਾਸ ਜਾਵਾਂ ਉਥੇ ਹੀ ਛੁਟੀਆਂ ਕੱਟਾਂ ਤੇ ਨਾਲੇ ਆਪਣੀ ਅੰਗਰੇਜ਼ੀ ਦੀ ਕਮਜ਼ੋਰੀ ਨੂੰ ਦੂਰ ਕਰ ਲਵਾਂ। ਜੇ ਤੂੰ ਵੀ ਛੁਟੀਆਂ ਮਿਲਦੇ ਸਾਰ ਹੀ ਮੇਰੇ ਪਿੰਡ ਪੁਜ ਜਾਵੇਂ ਤਾਂ ਜੋ ਅਸੀਂ ਦੋਵੇਂ ਇਕੱਠੇ ਹੀ ਉੱਥੇ ਚਲੀਏ ਤੂੰ ਵੀ ਇਸ ਤਰ੍ਹਾਂ ਡੇਹਰਾਦੂਨ ਵੇਖ ਲਵੇਂਗਾ।

ਉੱਥੇ ਅਸੀਂ ਖੂਬ ਪੜ੍ਹਾਂਗੇ। ਸਿਹਤ ਬਣਾਵਾਂਗੇ। ਚਿੱਠੀ ਲਿਖੀ ਜਿਸ ਦਿਨ ਜਿਸ ਸਮੇਂ ਤੂੰ ਪੁਜ ਰਿਹਾ ਹੈਂ। ਮੈਂ ਤੇਰੀ ਚਿੱਠੀ ਦੀ ਉਡੀਕ ਕਰਾਂਗਾ।

ਆਪ ਦੇ ਮਿੱਤਰ ਨੂੰ ਸਤਿ ਸ੍ਰੀ ਅਕਾਲ।

ਆਪਦਾ ਮਿੱਤਰ,
ਵੇਦ ਪ੍ਰਕਾਸ਼।

7. ਮਿੱਤਰ ਵਲੋਂ ਉੱਤਰ।

ਬੁਢਲਾਡਾ,
ਜ਼ਿਲਾ ਬਠਿੰਡਾ,
7 ਜੁਲਾਈ, 1972

ਪਿਆਰੇ ਵੇਦ,

ਨਮਸਤੇ ! ਆਪ ਦਾ ਪੱਤਰ ਮਿਲਿਆ ਤੇ ਪਹਿਲਾ ਵੀ ਮਿਲ ਗਿਆ ਸੀ। ਉੱਤਰ ਇਸ ਲਈ ਨਹੀਂ ਦੇ ਸਕਿਆ ਕਿ ਸਾਡੀ ਪ੍ਰੀਖਿਆ ਸ਼ੁਰੂ ਸੀ। ਅਜ ਹੀ ਮੁਕੀ ਹੈ। ਦੂਜੇ ਪੱਤਰ ਵਿਚ ਜੋ ਆਪ ਨੇ ਸੱਦਾ ਦਿੱਤਾ ਹੈ ਇਸ ਲਈ ਬਹੁਤ ਬਹੁਤ ਧੰਨਵਾਦ।

ਮੈਂ ਤੇਰੀ ਚਿੱਠੀ ਆਉਣ ਤੋਂ ਪਹਿਲਾਂ ਹੀ ਸੋਚ ਰਿਹਾ ਸੀ ਕਿਥੇ ਜਾਵਾਂ ਪਰ ਤੂੰ ਜਾਣਦਾ ਹੀ ਹੈਂ ਕਿ ਸਾਡਾ ਬਾਹਰ ਕੋਈ ਨਹੀਂ ਹੈ। ਸੋ ਮੈਂ ਜ਼ਰੂਰ ਹੀ ਛੁਟੀਆਂ ਹੋਣ ਤੋਂ ਤੀਜੇ ਦਿਨ ਤੇਰੇ ਪਿੰਡ ਪੁਜ ਜਾਵਾਂਗਾ। ਉਸ ਸ਼ਾਮ ਨੂੰ ਮੈਂ ਆਪ ਦੇ ਘਰ ਹੋਵਾਂਗਾ। ਮੈਂ ਬਿਸਤਰਾ ਆਦਿ ਨਾਲ ਲੈ ਆਵਾਂਗਾ।

ਆਪ ਦੇ ਮਿੱਤਰਾਂ ਨੂੰ ਨਮਸਤੇ।

ਆਪਦਾ ਮਿੱਤਰ,
ਈਸ਼ਰ ਸਿੰਘ।

8. ਚਾਚੇ ਵਲ ਧੰਨਵਾਦ ਲਈ ਚਿੱਠੀ

ਐਸ. ਡੀ. ਹਾਇਰ ਸਕੈਂਡਰੀ ਸਕੂਲ,
ਅੰਬਾਲਾ,
3 ਮਈ, 1972.

ਸਤਿਕਾਰ ਯੋਗ ਚਾਚਾ ਜੀਉ,

ਨਮਸਤੇ।

ਆਪ ਦਾ ਪੱਤਰ ਪੁੱਜਾ ਤੇ ਨਾਲ ਹੀ ਜੋ ਰੁਪਏ ਆਪ ਨੇ ਮੇਰੇ ਜਨਮ ਦਿਨ ਤੇ ਭੇਜੇ ਹਨ ਉਹ ਮਿਲ ਗਏ ਹਨ। ਚਾਚਾ ਜੀ ਇਹ ਆਪ ਤੇ ਬਹੁਤ ਖੇਚਲ ਕੀਤੀ ਹੈ। ਭਾਵੇਂ ਇਹ ਠੀਕ ਹੈ ਕਿ ਮੇਰਾ ਆਪ ਪਾਸੋਂ ਲੈਣਾ ਹੱਕ ਹੈ ਪਰ ਆਪ ਨੇ ਤਾਂ ਬਹੁਤ ਹੀ ਰੁਪਏ ਭੇਜ ਦਿੱਤੇ। ਮੈਂ ਆਪ ਦੇ ਦਿਲ ਦੀਆਂ ਡੂੰਘਾਈਆਂ ਤੋਂ ਧੰਨਵਾਦੀ ਹਾਂ। ਆਪ ਦੇ ਇਸ ਪਿਆਰ ਭਰੇ ਤੋਹਫੇ ਨੂੰ ਮੈਂ ਇਸ ਤਰ੍ਹਾਂ ਵਰਤਿਆ ਹੈ ਕਿ ਉਹ

ਸਾਰੀਆਂ ਚੀਜ਼ਾਂ ਜੋ ਆਪ ਦੀ ਮਾਇਆ ਨਾਲ ਲਈਆਂ ਹਨ ਸਦਾ ਹੀ ਮੇਰੀਆਂ, ਅੱਖਾਂ ਅੱਗੇ ਰਹਿਣਗੀਆਂ ਤੇ ਆਪ ਦੀ ਪਿਆਰੀ ਯਾਦ ਦਿਵਾਂਦੀਆਂ ਰਹਿਣਗੀਆਂ।

ਆਪ ਦੇ ਸੌ ਰੁਪਏ ਵਿਚੋਂ ਇਕ ਤਾਂ ਜੂਨੀਅਰ ਪਾਰਕਰ ਪੈਨ ਲੈ ਲਿਆ ਹੈ। ਜਿਸ ਨੂੰ ਆਪਣੇ ਪੜ੍ਹਨ ਦੇ ਮੇਜ਼ ਤੇ ਰਖਦਾ ਹਾਂ ਕਿਉਂਕਿ ਉਸ ਤਰ੍ਹਾਂ ਜੇਬ ਨਾਲ ਲਾਈ ਰੱਖਣ ਨਾਂਲ ਡਿੱਗਣ ਦਾ ਡਰ ਹੈ ਇਸ ਤੋਂ ਬਿਨਾਂ ਮੈਂ ਇਕ ਟਾਂਈਮ ਪੀਸ ਲਿਆ ਹੈ ਜੋ ਮੈਨੂੰ ਰੋਜ਼ ਸਵੇਰੇ ਚਾਰ ਵਜੇ ਉਠਾਂਦਾ ਹੈ ਤੇ ਨਾਲ ਹੀ ਆਪ ਦੀ ਯਾਦ ਤਾਜ਼ਾ ਕਰਵਾਉਂਦਾ ਹੈ।

ਮੈਂ ਇਸ ਤੋਂ ਬਿਨਾਂ ਕੁਝ ਤੁਸਤਕਾਂ ਖਰੀਦੀਆਂ ਹਨ ਜੋ ਸਦਾ ਹੀ ਮੇਰੇ ਲਈ ਲਾਭਦਾਇਕ ਰਹਿਣਗੀਆਂ। ਇਸ ਤਰ੍ਹਾਂ ਮੈਂ ਆਪਣੀਆਂ ਜ਼ਰੂਰੀ ਚੀਜ਼ਾਂ ਖਰੀਦ ਕੇ ਆਪ ਦੀ ਭੇਜੀ ਹੋਈ ਮਾਇਆ ਨੂੰ ਸਫਲ ਕੀਤਾ ਹੈ।

ਮੈਨੂੰ ਪੂਰਨ ਉਮੀਦ ਹੈ ਕਿ ਆਪ ਨੂੰ ਮੇਰੇ ਹਰ ਪੱਤਰ ਦਾ ਉਤਰ ਦੇਈ ਜਾਇਆ ਕਰੋਗੇ। ਇਸ ਤੋਂ ਬਿਨਾਂ ਗਰਮੀਆਂ ਦੀਆਂ ਛੁਟੀਆਂ ਨੂੰ ਨਿਜੀ ਰੂਪ ਵਿਚ ਆਪ ਦਾ ਧੰਨਵਾਦ ਕਰਾਂਗਾ। ਪੜ੍ਹਾਈ ਮੈਂ ਚੰਗੀ ਕਰੀ ਜਾ ਰਿਹਾ ਹਾਂ। ਆਪ ਦੀ ਕਿਰਪਾ ਦੀ ਲੋੜ ਹੈ। ਉਤਰ ਛੇਤੀ ਦੇਣ ਦੀ ਕਿਰਪਾਲਤਾ ਕਰਨੀ।

ਚਾਚੀ ਜੀ ਨੂੰ ਸਤਿ ਸ੍ਰੀ ਅਕਾਲ।

ਆਪ ਦਾ ਸਪੁੱਤਰ,
ਚਮਨ ਲਾਲ ਮਹਿਤਾ,
ਅੱਠਵੀਂ ਏ।

9. ਪੋਸਟ ਮਾਸਟਰ ਵਲ ਡਾਕੀਏ ਦੀ ਸ਼ਕਾਇਤ

ਸੇਵਾ ਵਿਖੇ,

ਪੋਸਟ ਮਾਸਟਰ,
ਜ਼ਿਲਾ ਜਲੰਧਰ,
ਜਲੰਧਰ ਸ਼ਹਿਰ।

ਸ੍ਰੀ ਮਾਨ ਜੀ,

ਜੈ ਹਿੰਦ ! ਬੇਨਤੀ ਹੈ ਕਿ ਮੈਂ ਆਪ ਦਾ ਧਿਆਨ ਡਾਕੀਆ ਨੰਬਰ '3' 'ਸੀਤਲ' ਵਲ ਦੁਆਉਣਾ ਚਾਹੁੰਦਾ ਹਾਂ, ਉਹ ਮੇਰੀ ਹੀ ਨਹੀਂ ਸਗੋਂ ਸਾਰੇ ਮਹੱਲੇ

ਦੀ ਡਾਕ ਬੜੀ ਲਾਪ੍ਰਵਾਹੀ ਤੇ ਗੈਰ ਜ਼ਿੰਮੇਵਾਰੀ ਨਾਵ ਵੰਡਿਆ ਕਰਦਾ ਹੈ। ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਕਈਆਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ। ਕਲ੍ਹ ਦੀ ਗੱਲ ਹੈ ਕਿ ਮੈਨੂੰ 50 ਰੁਪਏ ਦੀਆਂ ਪੁਸਤਕਾਂ ਭੇਜਣ ਦਾ ਆਰਡਰ ਆਇਆ ਸੀ, ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਉਹ ਹੋਰ ਕਿਸੇ ਆਦਮੀ ਨੂੰ ਮਿਲ ਗਿਆ। ਉਸ ਵਿਦਿਆਰਥੀ ਨੂੰ ਪੁਸਤਕਾਂ ਕਲ੍ਹ ਹੀ ਚਾਹੀਦੀਆਂ ਸਨ, ਪਰ ਮੈਨੂੰ ਉਹ ਆਰਡਰ ਅਜ ਪੰਜ ਦਿਨ ਪਿਛੋਂ ਮਿਲਿਆ ਹੈ। ਇਸ ਤੋਂ ਇਹ ਸਾਬਤ ਹੋਇਆ ਕਿ ਉਹ ਆਰਡਰ ਆਪਣੇ ਆਪ ਹੀ ਮੁਕ ਗਿਆ।

ਠੀਕ ਇਹ ਸਚਾਈ ਹੈ ਕਿ ਮੇਰਾ ਉਸ ਦਾ ਕੋਈ ਵੈਰ ਨਹੀਂ, ਅਸੀਂ ਉਸ ਨੂੰ ਬਹੁਤ ਸਮਝਾਇਆ ਹੈ, ਪਰ ਪਤਾ ਨਹੀਂ ਕੁਝ ਥੋੜ੍ਹਾ ਪੜ੍ਹਿਆ ਹੋਣ ਕਰਕੇ ਉਸ ਦੇ ਖਾਨੇ ਵਿਚ ਕੋਈ ਗੱਲ ਨਹੀਂ ਪੈਂਦੀ ਭਾਵੇਂ ਉਹ ਭਲਾਮਾਣਸ ਆਦਮੀ ਹੈ, ਪਰ ਉਹ ਡਿਊਟੀ ਵਿਚ ਪੂਰਾ ਨਹੀਂ ਉਤਰਦਾ ਇਸ ਕਰਕੇ ਸਾਨੂੰ ਉਸ ਦੇ ਵਿਰੁਧ ਕਲਮ ਚੁਕਣ ਦਾ ਹੀਆ ਕਰਨਾ ਪਿਆ।

ਮੈਂ ਇਹ ਚਿੱਠੀ ਉਸ ਨੂੰ ਕੋਈ ਨੁਕਸਾਨ ਪੁਚਾਣ ਵਾਸਤੇ ਨਹੀਂ ਲਿਖ ਰਿਹਾ। ਮੈਂ ਤਾਂ ਕੇਵਲ ਆਪਣੀ ਆਵਾਜ਼ ਤੁਹਾਡੇ ਤਾਈਂ ਪਹੁੰਚਾਉਣੀ ਚਾਹੁੰਦਾ ਹਾਂ। ਸੋ ਤੁਸੀਂ ਹੀ ਉਸ ਨੂੰ ਸਦ ਕੇ ਇਸ ਵਾਰੀ ਆਖ ਦੇਵੋ ਤਾਂ ਜੋ ਉਹ ਆਪਣੇ ਕੰਮ ਨੂੰ ਵੇਲੇ ਸਿਰ ਕਰ ਦੇਵੇ ਤੇ ਸਾਡਾ ਭੀ ਕੋਈ ਹਾਣ ਨਾ ਹੋਵੇ।

ਆਪ ਦਾ ਸ਼ੁਭ ਚਿੰਤਕ,
ਗੁਰਨਾਮ ਸਿੰਘ,
3 ਜੁਲਾਈ, 1972. ਦੋਲੀਕੇ (ਜਲੰਧਰ)।

10. ਪੁਲਸ ਅਫਸਰ ਵਲ ਥਾਣੇਦਾਰ ਦੀਆਂ ਵਧੀਕੀਆਂ ਬਾਬਤ।

ਸੇਵਾ ਵਿਖੇ,

ਸ੍ਰੀ ਮਾਨ ਸੁਪਰਿਨਟੈਂਡੈਂਟ ਸਾਹਿਬ ਪੁਲੀਸ,
ਜ਼ਿਲਾ ਜਲੰਧਰ,
ਜਲੰਧਰ ਸ਼ਹਿਰ।

ਸ੍ਰੀ ਮਾਨ ਜੀਓ,

ਮੈਂ ਆਪ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਸਾਡੇ ਪਿੰਡ ਵਿਚ ਜੋ ਪਿਛੇ ਜਿਹੇ ਸੀਤਲ ਸਿੰਘ ਸਪੁਤਰ ਦੀਨਾ ਸਿੰਘ ਦੇ ਘਰ ਚੋਰੀ ਹੋ ਗਈ ਸੀ, ਉਸ ਤੇ

ਇਲਾਕੇ ਦੇ ਥਾਣੇਦਾਰ ਨੇ ਆ ਕੇ ਸਾਡੇ ਪਿੰਡ ਤੇ ਬਹੁਤ ਵਧੀਕੀਆਂ ਕੀਤੀਆਂ ਹਨ। ਜੋ ਆਪ ਨੂੰ ਉਹ ਵਧੀਕੀਆਂ ਦਸਣਾ ਚਾਹੁੰਦਾ ਹਾਂ ਤੇ ਉਹ ਇਸ ਤਰ੍ਹਾਂ ਹਨ—

ਭਾਵੇਂ ਇਹ ਮੰਨ ਲੈਣ ਦੀ ਗੱਲ ਹੈ ਕਿ ਪੁਲੀਸ ਮਾਰ ਦੇ ਹੱਕ ਵਿਚ ਹੈ, ਪਰ ਤਾਂ ਮੈਂ ਜ਼ਰੂਰ ਆਖਾਂਗਾ ਕਿ ਪਿੰਡ ਦੇ ਪਤਵੰਤੇ ਬੰਦਿਆਂ ਦੀ ਬੇ-ਪਤੀ ਕਰਨੀ ਤਾਂ ਕਿਸੇ ਵੀ ਕਾਨੂੰਨ ਵਿਚ ਨਹੀਂ ਲਿਖੀ ਹੋਈ। ਥਾਣੇਦਾਰ ਗੁਰਦਾਸ ਸਿੰਘ ਨੇ ਇਸ ਦੁਰਘਟਨਾ ਤੇ ਆ ਕੇ ਸਾਡੇ ਪਿੰਡ ਦਿਆਂ ਸਾਰਿਆਂ ਮੁਖੀਆਂ ਨੂੰ ਗਾਲੀਆਂ ਕੱਢੀਆਂ ਕਿ ਤੌਬਾ ਹੀ ਭਲੀ। ਭਾਵੇਂ ਉਨ੍ਹਾਂ ਸਾਰਿਆਂ ਦੇ ਮੂੰਹਾਂ ਵਿਚ ਜ਼ਬਾਨ ਸੀ, ਪਰ ਉਸ ਦੇ ਹੰਟਰ ਤੋਂ ਡਰ ਕੇ ਆਪਣੀ ਇੱਜ਼ਤ ਆਪਣੇ ਹੱਥ ਸੋਚ ਕੇ ਸਾਰਿਆਂ ਨੇ ਆਪਣੇ ਆਪ ਨੂੰ ਬੇਜ਼ਬਾਨ ਸਾਂਬਤ ਕਰ ਦਿੱਤਾ।

ਥਾਣੇਦਾਰ ਦਾ ਹੱਕ ਉਨ੍ਹਾਂ ਨੂੰ ਮਾਰਨਾ ਸੀ, ਜਿਸ ਤੇ ਘਰ ਵਾਲਿਆਂ ਨੂੰ ਸ਼ੱਕ ਸੀ, ਬਦਮਾਸ਼ਾਂ ਨੂੰ ਭੀ ਕੁਟਿਆ ਜਾ ਸਕਦਾ ਹੈ, ਪਰ ਠੀਕ ਗੁਰਦਾਸ ਸਿੰਘ ਨੇ ਉਨ੍ਹਾਂ ਨਿਰਦੋਸ਼ਿਆਂ ਨੂੰ ਮਾਰਿਆ ਹੈ ਜਿਨ੍ਹਾਂ ਦੀਆਂ ਆਤਮਾਵਾਂ ਅਜੇ ਭੀ ਸੱਚੇ ਹੋਣ ਦਾ ਸਬੂਤ ਆਪਣੀਆਂ ਹਿੱਕਾਂ ਵਿਚ ਲੁਕਾਈ ਬੈਠੀਆਂ ਹਨ, ਪਰ ਕੌਣ ਕਹੇ ਰਾਣੀ ਅੱਗਾ ਢੱਕ। ਕਿਸੇ ਨੇ ਵੀ ਥਾਣੇਦਾਰ ਦਾ ਹੱਥ ਤਕ ਨਹੀਂ ਫੜਿਆ ਦੂਜੀ ਹੈਰਾਨਗੀ ਦੀ ਗੱਲ ਇਹ ਹੈ ਕਿ ਗੁਰਦਾਸ ਸਿੰਘ ਨੇ ਉਹਨਾਂ ਨੂੰ ਐਨੀਆਂ ਗਾਲੀਆਂ ਤੇ ਕੁੱਟਾਂ ਦਾ ਸਿੱਟਾ ਕੁਝ ਭੀ ਨਹੀਂ ਕੱਢਿਆ। ਹੁਣ ਤਕ ਉਸ ਚੋਰੀ ਦਾ ਪਤਾ ਨਹੀਂ ਲਗਾ ਤੇ ਨਾ ਹੀ ਉਮੀਦ ਹੈ।

ਮੈਂ ਠੀਕ ਆਖਦਾ ਹਾਂ ਕਿ ਮੈਨੂੰ ਥਾਣੇਦਾਰ ਗੁਰਦਾਸ ਸਿੰਘ ਨਾਲ ਨਿਜੀ ਵੈਰ ਨਹੀਂ ਹੈ। ਮੈਂ ਤੇ ਉਸਦੀਆਂ ਵਧੀਕੀਆਂ ਜੋ ਲੋਕਰਾਜ ਵਿਚ ਨਹੀਂ ਹੋਣੀਆਂ ਚਾਹੀਦੀਆਂ ਆਪ ਤਾਈਂ ਪੁਚਾਉਣਾ ਚਾਹੁੰਦਾ ਹਾਂ। ਸੋ ਮੈਨੂੰ ਪੂਰੀ ਆਸ ਹੈ ਕਿ ਆਪ ਵਰਗੇ ਮਹਾਂਪੁਰਸ਼ਾਂ ਦੀ ਕਮਾਂਡ ਹੇਠ ਜਨਤਾ ਉਤੇ ਇਸ ਤਰ੍ਹਾਂ ਦੀਆਂ ਬੇਇਨ-ਸਾਫੀਆਂ ਤੇ ਵਧੀਕੀਆਂ ਜ਼ਰੂਰ ਹੀ ਖਤਮ ਹੋ ਜਾਣਗੀਆਂ। ਸੋ ਆਪ ਇਸ ਬੇਨਤੀ ਨੂੰ ਅੱਗੇ ਰੱਖ ਕੇ ਇਸਦਾ ਕੋਈ ਐਕਸ਼ਨ ਜ਼ਰੂਰ ਲਓਗੇ ਤੇ ਧੰਨਵਾਦੀ ਬਣਾਉਗੇ।

ਆਪਦਾ ਸ਼ੁਭ ਚਿੰਤਕ,
ਈਸ਼ਰ ਸਿੰਘ ਅਰਸ਼ੀ,
ਪਿੰਡ ਅਈਆ ਪੁਰ,
ਜ਼ਿਲਾ ਹੁਸ਼ਿਆਰਪੁਰ।

ਮਿਤੀ 29 ਮਈ, 1972.

11. ਮੁਖ ਅਧਿਆਪਕ ਵਲ ਅਰਜ਼ੀ ਆਪਣੇ ਭਰਾ ਦੇ ਵਿਆਹ ਦੀ ਛੁਟੀ ਲਈ।

ਸੇਵਾ ਵਿਖੇ,

ਮੁਖ ਅਧਿਆਪਕ ਸਾਹਿਬ,
ਸਰਗੋਧਾ ਖਾਲਸਾ ਹਾਈ ਸਕੂਲ,
ਲੁਧਿਆਣਾ।

ਸ੍ਰੀ ਮਾਨ ਜੀਓ,

ਨਿਮਰਤਾ ਸਾਹਿਤ ਆਪ ਦੀ ਪਵਿੱਤਰ ਸੇਵਾ ਵਿਚ ਬੇਨਤੀ ਹੈ ਕਿ ਮੇਰੇ ਵੱਡੇ ਭਰਾ ਦਾ ਵਿਆਹ ਇਸ ਮਹੀਨੇ ਦੀ 27 ਤਰੀਖ ਦਾ ਮਿਥਿਆ ਹੈ। ਘਰ ਵਿਚ ਪਿਤਾ ਜੀ ਹਨ ਕਿਉਂਕਿ ਉਨ੍ਹਾਂ ਨੇ ਭੀ ਫੌਜ ਵਿਚੋਂ ਇਕ ਹਫਤਾ ਪਹਿਲਾਂ ਹੀ ਵਿਆਹ ਤੇ ਆਉਣਾ ਹੈ। ਘਰ ਵਿਚ ਕੰਮ ਦਾ ਬਹੁਤ ਜ਼ੋਰ ਹੈ। ਬਾਕੀ ਤੁਸੀਂ ਵਿਆਹ ਨੂੰ ਜਾਣਦੇ ਹੀ ਹੋ ਕੀ ਕੁਝ ਇਕੱਠਾ ਕਰਨਾ ਹੁੰਦਾ ਹੈ।

ਇਸ ਲਈ ਕਿਰਪਾ ਕਰਕੇ ਮੈਨੂੰ ਇਕ ਹਫਤੇ ਦੀ ਛੁਟੀ ਦਿੱਤੀ ਜਾਵੇ। ਮੈਂ ਆਪ ਦਾ ਦਿਲ ਦੀਆਂ ਡੂੰਘਾਈਆਂ ਤੋਂ ਧੰਨਵਾਦੀ ਹੋਵਾਂਗਾ।

ਆਪ ਦਾ ਆਗਿਆਕਾਰੀ ਦਾਸ,
ਅਜੀਤ ਸਿੰਘ ਜੀਤ,
ਅੱਠਵੀਂ ਜਮਾਤ ਸੈਕਸ਼ਨ ਏ,

20 ਮਾਰਚ, 1972.

12. ਮੁਖ ਅਧਿਆਪਕ ਨੂੰ ਗੈਰ ਹਾਜ਼ਰੀ ਦੇ ਜੁਰਮਾਨੇ ਦੀ ਮੁਆਫੀ ਲਈ।

ਸੇਵਾ ਵਿਖੇ,

ਹੈਡਮਾਸਟਰ ਸਾਹਿਬ,
ਗੌਰਮਿੰਟ ਹਾਈ ਸਕੂਲ,
ਲੁਧਿਆਣਾ।

ਸ੍ਰੀ ਮਾਨ ਜੀਉ,

ਨਿਮਰਤਾ ਸਾਹਿਤ ਆਪ ਜੀ ਦੀ ਪਵਿਤਰ ਸੇਵਾ ਵਿਚ ਬੇਨਤੀ ਹੈ ਕਿ ਮੈਂ ਪਿਛਲੇ ਹਫਤੇ ਸਕੂਲ ਤੋਂ ਛੁਟੀ ਕਰਕੇ ਪਿੰਡ ਨੂੰ ਜਾ ਰਿਹਾ ਸੀ। ਰਾਹ ਵਿਚ ਗਰਮੀ ਬਹੁਤ ਹੋਣ ਕਰਕੇ ਮੈਨੂੰ ਬੁਖਾਰ ਹੋਣਾ ਸ਼ੁਰੂ ਹੋ ਗਿਆ ਸੀ। ਮੈਂ ਤਕਰੀਬਨ

ਪੰਜ ਦਿਨ ਤੋਂ ਸਕੂਲ ਨਹੀਂ ਆ ਸਕਿਆ। ਆਪ ਨੂੰ ਸ਼ਾਇਦ ਪਤਾ ਹੋਣਾ ਹੈ ਕਿ ਸਾਡੇ ਪਿੰਡ ਦਾ ਕੋਈ ਵਿਦਿਆਰਥੀ ਵੀ ਸਾਡੇ ਸਕੂਲ ਵਿਚ ਨਹੀਂ ਪੜ੍ਹਦਾ ਜਿਸ ਹੱਥ ਮੈਂ ਅਰਜ਼ੀ ਭੇਜ ਸਕਦਾ ਸੋ ਇਸ ਲਈ ਮੇਰੀ ਗੈਰ-ਹਾਜ਼ਰੀ ਲਗਦੀ ਰਹੀ ਸੀ।

ਆਪ ਦੀ ਕਿਰਪਾਲਤਾ ਨਾਲ ਮੇਰੀ ਫੀਸ ਭੀ ਮੁਆਫ ਹੈ। ਮੈਂ ਬਹੁਤ ਹੀ ਗਰੀਬ ਮਾਂ ਪਿਉ ਦਾ ਪੁੱਤਰ ਹਾਂ। ਮੈਂ ਇਸ ਤੋਂ ਪਹਿਲਾਂ ਕਲਾਸ ਵਿਚ ਕਦੀ ਗ਼ੈਰ-ਹਾਜ਼ਰ ਨਹੀਂ ਰਿਹਾ। ਇਸ ਦੀ ਪੜਤਾਲ ਲਈ ਤੁਸੀਂ ਸਾਡੇ ਕਲਾਸ ਦੇ ਇਨਚਾਰਜ ਅਧਿਆਪਕ ਤੋਂ ਪੁੱਛ ਸਕਦੇ ਹੋ ਮੇਰੇ ਵਿਚ ਜੁਰਮਾਨਾ ਦੇਣ ਦੀ ਹਿੰਮਤ ਨਹੀਂ ਹੈ। ਸੋ ਬੇਨਤੀ ਹੈ ਕਿ ਤੁਸੀਂ ਮੇਰੇ ਤੇ ਲਗਾ ਹੋਇਆ ਜੁਰਮਾਨਾ ਮੁਆਫ ਕਰ ਦਿਓ। ਮੈਂ ਆਪ ਦਾ ਬਹੁਤ ਧੰਨਵਾਦੀ ਹੋਵਾਂਗਾ !

ਆਪ ਦਾ ਦਾਸ,

21 ਸਤੰਬਰ, 1972.

ਹਰੀ ਭਜਨ,

ਛੇਵੀਂ ਬੀ।

13. ਸਰਟੀਫੀਕੇਟ ਲਣ ਵਾਸਤੇ ਬਿਨੈ ਪੱਤਰ।

ਸੇਵਾ ਵਿਖੇ,

ਹੈਡਮਾਸਟਰ ਸਾਹਿਬ;
ਸਰਗੋਧਾ ਖਾਲਸਾ ਹਾਈ ਸਕੂਲ,
ਲੁਧਿਆਣਾ।

ਸ੍ਰੀ ਮਾਨ ਜੀਓ,

ਆਦਰ ਸਹਿਤ ਬੇਨਤੀ ਹੈ ਕਿ ਮੇਰੇ ਪਿਤਾ ਜੀ ਡੀ. ਸੀ. ਦੇ ਦਫਤਰ ਵਿਚ ਹੈਡ ਕਲਰਕ ਹਨ। ਉਹਨਾਂ ਦੀ ਤਬਦੀਲੀ ਇਸ ਸ਼ਹਿਰ ਤੋਂ ਅੰਮ੍ਰਿਤਸਰ ਹੋ ਗਈ ਹੈ। ਇਸ ਲਈ ਉਹਨਾਂ ਨਾਲ ਮੇਰਾ ਜਾਣਾ ਭੀ ਜ਼ਰੂਰੀ ਹੈ। ਇਸ ਸ਼ਹਿਰ ਵਿਚ ਸਾਡਾ ਕੋਈ ਰਿਸ਼ਤੇਦਾਰ ਭੀ ਨਹੀਂ ਜਿਸ ਪਾਸ ਮੈਂ ਪ੍ਰੀਖਿਆ ਤਕ ਰਹਿ ਸਕਾਂ।

ਇਸ ਲਈ ਕਿਰਪਾ ਕਰਕੇ ਮੇਰਾ ਡਿਸਚਾਰਜ ਸਰਟੀਫੀਕੇਟ ਦੇ ਦਿੱਤਾ ਜਾਵੇ ਜਿਸ ਨਾਲ ਮੈਂ ਅੰਮ੍ਰਿਤਸਰ ਸਕੂਲ ਵਿਚ ਦਾਖਲ ਹੋ ਸਕਾਂ। ਮੈਂ ਆਪ ਦਾ ਦਿਲ ਦੀਆਂ ਡੂੰਘਾਈਆਂ ਤੋਂ ਧੰਨਵਾਦੀ ਹੋਵਾਂਗਾ।

ਆਪ ਦਾ ਦਾਸ,
ਸੀਤਾ ਰਾਮ ਕਲਾਸ ਛੇਵੀਂ ਸੀ,

7 ਫਰਵਰੀ, 1972.

14. ਸਕੂਲ ਦੇ ਮੁਖ ਅਧਿਆਪਕ ਸਾਹਿਬ ਨੂੰ ਫੀਸ ਮੁਆਫ ਕਰਾਉਣ ਲਈ ਅਰਜ਼ੀ । (V. F. 1962)

ਸੇਵਾ ਵਿਖੇ,

ਮੁਖ ਅਧਿਆਪਕ ਸਾਹਿਬ,
ਗੌਰਮਿੰਟ ਹਾਇਰ ਸਕੈਂਡਰੀ ਸਕੂਲ,
ਧਰਮਸਾਲਾ ।

ਸ੍ਰੀਮਾਨ ਜੀ,

ਨਿਤਰਤਾ ਸਹਿਤ ਬੇਨਤੀ ਹੈ ਕਿ ਮੈਂ ਪਿਛਲੀ ਸਕੂਲ ਦੀ ਪ੍ਰੀਖਿਆ ਵਿਚ ਆਪਣੀ ਜਮਾਤ ਅਠਵੀਂ ਵਿਚੋਂ ਪਹਿਲਾ ਦਰਜਾ ਪ੍ਰਾਪਤ ਕੀਤਾ ਹੈ । ਜਦ ਮੈਂ ਸਤਵੀਂ ਪਾਸ ਕੀਤੀ ਤਾਂ ਭੀ ਪਹਿਲਾ ਦਰਜਾ ਪ੍ਰਾਪਤ ਕੀਤਾ ਸੀ ।

ਅਸੀਂ ਸ਼ਰਨਾਰਥੀ ਜਿਹਾ ਲਾਇਲਪੁਰ ਵਿਚੋਂ ਆਏ ਹਾਂ, ਮੇਰੇ ਪਿਤਾ ਜੀ ਨੂੰ ਸੁਰਗਵਾਸ ਹੋਇਆਂ ਅਜ ਲਗਪਗ ਸੱਤ ਸਾਲ ਹੋ ਗਏ ਹਨ । ਸਾਰੇ ਟੱਬਰ ਨੂੰ ਰੋਟੀ ਕਮਾ ਕੇ ਦੇਣ ਦਾ ਭਾਰ ਮੇਰੇ ਭਰਾ ਦੇ ਸਿਰ ਤੇ ਹੈ । ਉਹ ਵਿਚਾਰਾ ਸਵੇਰ ਤੋਂ ਰਾਤ ਤਕ ਕਈ ਵਾਰੀ ਰਾਤ ਵੀ ਰਿਕਸ਼ਾ ਚਲਾਉਣ ਤੋਂ ਘਟ ਨਹੀਂ ਕਰਦਾ । ਫਿਰ ਭੀ ਅਜ ਕਲ ਦੀ ਮਹਿੰਗਾਈ ਦੇ ਦਿਨਾਂ ਵਿਚ ਟੱਬਰ ਦਾ ਖ਼ਰਚ ਪੂਰਾ ਨਹੀਂ ਹੁੰਦਾ । ਮੈਂ ਭੀ ਸਕੂਲ ਤੋਂ ਜਾ ਕੇ ਛੁਟੀ ਵਾਲੇ ਦਿਨ ਛਾਬਾ ਲਾਉਂਦਾ ਹਾਂ ।

ਮੇਰੇ ਲਈ ਸਕੂਲ ਦੀ ਫ਼ੀਸ ਦੇਣੀ ਮੁਸ਼ਕਲ ਹੈ । ਭਾਵੇਂ ਮੈਂ ਆਪਣੇ ਦਿਲ ਵਿਚ ਪੜ੍ਹਾਈ ਦੀ ਤੀਬਰ ਇੱਛਾ ਲੁਕਾਈ ਬੈਠਾ ਹਾਂ; ਪਰ ਮੇਰੀ ਇਹ ਇੱਛਾ ਆਪ ਦੀ ਮੇਹਰਬਾਨੀ ਨਾਲ ਪੂਰੀ ਹੋ ਸਕਦੀ ਹੈ । ਸੋ ਆਪ ਹੀ ਕਿਰਪਾ ਕਰਕੇ ਮੇਰੀ ਇਸ ਇਛਿਆ ਨੂੰ ਪੂਰਾ ਕਰਨ ਲਈ ਮੇਰੀ ਫੀਸ ਪਹਿਲੇ ਸਾਲ ਵਾਂਗ ਮੁਆਫ ਕਰ ਦਿਉ । ਦਾਸ ਸਦਾ ਹੀ ਜਸ ਗਾਏਗਾ ।

ਆਪ ਦਾ ਦਾਸ,
ਸੂਰਜ ਪ੍ਰਕਾਸ਼ 'ਮਿਨਹਾਸ'

15 ਜੁਲਾਈ, 1972.

15. ਕਿਸੇ ਬੁਕਸੈਲਰ ਨੂੰ ਕੁਝ ਪੁਸਤਕਾਂ ਵੀ. ਪੀ. ਰਾਹੀਂ ਮੰਗਵਾਉਣ ਲਈ।

ਸੇਵਾ ਵਿਖੇ,

ਮੈਨੇਜਰ ਸਾਹਿਬ,
ਰਾਜ ਪਬਲਿਸ਼ਰਜ਼,
ਬੁਕਸੈਲਰਜ਼ ਐਂਡ ਪਬਲਿਸ਼ਰਜ,
ਅੱਡਾ ਟਾਂਡਾ ਜਲੰਧਰ ਸ਼ਹਿਰ।
7 ਮਾਰਚ, 1972.

ਸ੍ਰੀ ਮਾਨ ਜੀਉ,

ਬੇਨਤੀ ਹੈ ਕਿ ਕਿਰਪਾ ਕਰਕੇ ਹੇਠ ਲਿਖੀਆਂ ਪੁਸਤਕਾਂ ਜਲਦੀ ਹੀ ਵੀ. ਪੀ. ਕਰ ਕੇ ਭੇਜ ਦੇਣ ਦੀ ਖੇਚਲ ਕਰਨੀ । ਮੈਂ ਤੁਹਾਨੂੰ 20 ਰੁਪਏ ਪੇਸ਼ਗੀ ਭੇਜ ਰਿਹਾ ਹਾਂ ਤੇ ਬਾਕੀ ਰੁ: ਆਪ ਨੂੰ ਮਿਲ ਹੀ ਜਾਣਗੇ। ਮੇਰੀ ਛੋਟੀ ਭੈਣ ਬੁਧੀਮਾਨੀ ਦੀ ਪ੍ਰੀਖਿਆ ਦੇ ਰਹੀ ਹੈ। ਉਸ ਪਾਸੋਂ ਬੁਧੀਮਾਨੀ ਦੀਆਂ ਪੁਸਤਕਾਂ ਦੀ ਸੂਚੀ ਪੱਤਰ ਗੁੰਮ ਹੋ ਗਈ ਹੈ। ਆਪ ਇਕ ਨਿਉਬਕ ਦੀਆਂ ਪੁਸਤਕਾਂ ਦੀ ਸੂਚੀ ਪੱਤਰ ਭੇਜਣ ਦੀ ਕਿਰਪਾਲਤਾ ਕਰਨੀ। ਧੰਨਵਾਦੀ ਹੋਵਾਂਗਾ।

ਪੁਸਤਕਾਂ ਦਾ ਵੇਰਵਾ—

(1) ਸਵੈਨ ਪੰਜਾਬੀ ਮਿਡਲ ਲੇਖ ਕਿਰਤ ਮੋਹਨ ਸਿੰਘ ਮਾਨ ਐਮ. ਏ. —2 ਕਾਪੀਆਂ

(2) ਸਵੈਨ ਭੂਗੋਲ ਦਾ ਖੁਲਾਸਾ ਮਿਡਲ ਦਾ —2 ਕਾਪੀਆਂ

(3) ਮਿਡਲ ਪੰਜਾਬੀ ਗੈੱਸ ਪੇਪਰ —2 ਕਾਪੀਆਂ

ਆਪਦਾ ਸ਼ੁਭਚਿੰਤਕ,
ਕੇ. ਐਲ. ਬਾਲੀ,
ਪਿੰਡ ਤੇ ਡਾਕਖਾਨਾ ਤਲਣ,
ਜ਼ਿਲਾ ਜਲੰਧਰ।

ਕਾਨੂੰਨੀ ਲਿਖਤਾਂ

ਰਾਹਦਾਰੀ

ਡੰਗਰਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਵਾਸਤੇ ਇਕ ਲਿਖਤ ਹੁੰਦੀ ਹੈ, ਤਾਂ ਜੋ ਰਸਤੇ ਵਿਚ ਕਿਸੇ ਪ੍ਰਕਾਰ ਦੀ ਰੋਕ ਟੋਕ ਨਾ ਹੋਵੇ ਉਸ ਨੂੰ ਰਾਹਦਾਰੀ ਆਖਿਆ ਜਾਂਦਾ ਹੈ, ਇਸ ਦਾ ਨਮੂਨਾ ਇਉਂ ਹੈ :—

ਮੈਂ ਤਸਦੀਕ ਕਰਦਾ ਹਾਂ ਕਿ ਬਾਬੂ ਰਾਮ ਸਪੁੱਤਰ ਜੀਵਨ ਰਾਮ ਕੌਮ ਆਦਿ ਧਰਮੀ ਵਸਨੀਕ ਰਾਏ ਪੁਰ ਜ਼ਿਲਾ ਜਲੰਧਰ ਇਕ, ਵਹਿੜ ਜਿਸ ਦਾ ਰੰਗ ਸਾਂਵਲਾ ਪਿੱਠ ਕਾਲੀ, ਸਿੰਗ ਨਿਕੇ ਨਿਕੇ ਉਮਰ ਤਿੰਨ ਸਾਲ ਕਦ ਤਿੰਨ ਫੁਟ ਜੋ ਮੰਡੀ ਭੂੰਗਾ ਲੈ ਜਾ ਰਿਹਾ ਹੈ। ਇਹ ਵਹਿੜਾ ਇਸ ਦੇ ਘਰ ਵਿਚ ਪਾਲਿਆ ਹੋਇਆ ਹੈ, ਇਹ ਇਸ ਨੂੰ ਭੂੰਗੇ ਮੰਡੀ ਵਿਚ ਲਿਜਾ ਰਿਹਾ ਹੈ।

ਇਹ ਕੁਝ ਅੱਖਰ ਮੈਂ ਰਾਹਦਾਰੀ ਦੇ ਵਜੋਂ ਲਿਖ ਦਿੱਤੇ ਹਨ ਤਾਂ ਜੋ ਰਾਹ ਵਿਚ ਤਕਲੀਫ਼ ਜਾਂ ਰੋਕ ਟੋਕ ਨਾ ਹੋਵੇ ਤੇ ਨਾ ਹੀ ਕੋਈ ਸਰਕਾਰੀ ਆਦਮੀ ਪੁਛ ਸਕੇ।

ਦਸਖਤ,
ਹਰਨਾਮ ਸਿੰਘ ਸਪੁੱਤਰ ਦੀਵਾਨ ਸਿੰਘ,
ਨੰਬਰਦਾਰ ਰਾਏ ਪੁਰ,
ਜ਼ਿਲਾ ਜਲੰਧਰ।

27 ਅਗਸਤ, 1972.

ਰਸੀਦ

130 ਰੁਪਏ ਅੱਖਰੀ ਇਕ ਸੌ ਤੀਹ ਰੁਪਏ ਅੱਧੇ ਜਿਨ੍ਹਾਂ ਦੇ 65 ਰੁਪਏ ਅੱਖਰੀਂ ਪੈਂਠ ਰੁਪਏ ਹੁੰਦੇ ਹਨ ਬਾਬਤ ਸਾਈਕਲ ਨੰ: 17956 ਈ. ਸੀ. ਵੇਅਰ ਵੈਲ ਸਰਦਾਰ ਸੀਤਲ ਸਿੰਘ ਅਲਾਵਲ ਪੁਰ ਜ਼ਿਲਾ ਜਲੰਧਰ ਪਾਸੋਂ ਧੰਨਵਾਦ ਸਹਿਤ ਵਸੂਲ ਪਾਏ ਅਤੇ ਇਹ ਅੱਖਰ ਲਿਖ ਦਿੱਤੇ ਹਨ ਤਾਂ ਜੋ ਵੇਲੇ ਸਿਰ ਕੰਮ ਆ ਜਾਣ।

ਦਸਖਤ
ਅਮਰੀਕ ਸਿੰਘ ਸਪੁੱਤਰ ਭੋਲਾ ਸਿੰਘ,
ਪਿੰਡ ਕੋਟਲੀ ਜੱਟਾਂ,
ਜ਼ਿਲਾ ਹੁਸ਼ਿਆਰਪੁਰ।

ਪ੍ਰਨੋਟ

ਮੈਂ ਅਮਰ ਨਾਥ ਸਪੁੱਤਰ ਮੇਲਾ ਰਾਮ ਕੋਮ ਖੱਤਰੀ ਪਿੰਡ ਕੰਦੋਲਾ ਜ਼ਿਲਾ ਜਲੰਧਰ ਦਾ ਵਸਨੀਕ ਹਾਂ। ਮੈਂ 300 ਰੁਪਏ ਅਖਰੀਂ ਤਿੰਨ ਸੌ ਰੁਪਏ ਅੱਧੇ ਜਿਨ੍ਹਾਂ ਦਾ 150 ਰੁ: ਅਖਰੀਂ ਇਕ ਸੌ ਪੰਜਾਹ ਰੁਪਏ ਹੁੰਦੇ ਹਨ ਸਰਦਾਰ ਜਗਤ ਸਿੰਘ ਸਪੁਤਰ ਸਰਦਾਰ ਬਿਸ਼ਨ ਸਿੰਘ ਪਿੰਡ ਕਾਲਰਾ ਥਾਨਾ ਆਦਮਪੁਰ ਜ਼ਿਲਾ ਜਲੰਧਰ ਪਾਸੋਂ ਕੁੜੀ ਦੇ ਵਿਆਹ ਲਈ ਕਰਜ਼ ਲਏ ਹਨ। ਮੈਂ ਇਕਰਾਰ ਕਰਦਾ ਹਾਂ ਕਿ ਜਦੋਂ ਵੀ ਇਹ ਰਕਮ ਮੰਗੇਗਾ ਸਣੇ, ਸੂਦ 9 ਆ: ਮਹੀਨੇ 100 ਪ੍ਰਤੀ ਦੇ ਦਿਆਂਗਾ। ਰੁਪਿਆ ਨਗਦ ਵਸੂਲ ਪਾ ਲਿਆ ਹੈ ਤੇ ਪ੍ਰਨੋਟ ਲਿਖ ਦਿੱਤਾ ਹੈ ਤਾਂ ਜੋ ਸਮੇਂ ਸਿਰ ਕੰਮ ਆ ਸਕੇ।

ਦਸਖਤ

ਅਮਰਨਾਥ ਸਪੁਤਰ ਮੇਲਾ ਰਾਮ,

ਗਵਾਹ

ਕਮਲੇਸ਼ ਸਿੰਘ ਸਪੁਤਰ ਗੁਜਰ ਸਿੰਘ

ਭੀੜੀ ਗਲੀ ਕੁੰਦੋਲਾ (ਜਲੰਧਰ) 7 ਜੁਲਾਈ, 1972.

ਨੋਟਿਸ

ਬਿਆਸ ਪਿੰਡ,
7 ਜਨਵਰੀ, 1972.

ਸ੍ਰੀ ਮਾਨ ਜੀ,

ਆਪ ਜੀ ਵੱਲ ਕੋਈ 200 ਰੁਪਏ ਦੇ ਲਗ ਪਗ ਹਿਸਾਬ ਵਿਚੋਂ ਰਹਿੰਦੇ ਹਨ, ਉਹ ਰੁਪਏ ਅਜ ਇਕ ਸਾਲ ਹੋ ਗਿਆ ਹੈ, ਨਹੀਂ ਪੁਜੇ। ਆਪ ਨੂੰ ਜ਼ਬਾਨੀ ਵੀ ਕਈ ਵਾਰ ਯਾਦ ਕਰਾਇਆ ਹੈ ਤੇ ਕਈ ਵਾਰੀ ਮਿੰਨਤਾਂ ਵੀ ਕੀਤੀਆਂ ਹਨ।

ਹੁਣ ਅਖੀਰ ਵਿਚ ਆਪ ਨੂੰ ਨੋਟਿਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ 15 ਦਿਨ ਦੇ ਅੰਦਰ ਰੁਪਏ ਮੈਨੂੰ ਪੁਜ ਜਾਣ। ਨਹੀਂ ਤਾਂ ਫਿਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਿਸ ਦਾ ਸਾਰਾ ਖ਼ਰਚ ਆਪ ਤੇ ਪਵੇਗਾ।

ਆਪ ਦਾ ਹਿੱਤੂ,
ਸੀਤਲ ਕੁਮਾਰ,
ਬਿਆਸ ਪਿੰਡ (ਜਲੰਧਰ)।

ਕਿਰਾਇਆ ਨਾਮਾ

ਮੈਂ ਮੋਹਨ ਸਿੰਘ ਸਪੁੱਤਰ ਸਰਦਾਰ ਦੀਵਾਨ ਸਿੰਘ ਮਹੱਲਾ ਗੋਬਿੰਦਗੜ੍ਹ ਮਕਾਨ ਨੰਬਰ 17 ਈ. ਸੀ. ਵਿਚ ਰਹਿੰਦਾ ਹਾਂ। ਇਕ ਦੁਕਾਨ ਨੰਬਰ ਈ. ਪੀ. 1922 ਜੋ ਅੱਡਾ ਹੁਸ਼ਿਆਰਪੁਰ ਵਿਚ ਹੈ । ਸੰਤ ਸਿੰਘ ਪਾਸੋਂ 30 ਰੁਪਏ ਮਹੀਨਾ ਕਿਰਾਏ ਤੇ ਲਈ ਹੈ। ਕਿਰਾਇਆ ਨਾਮਾ ਲਿਖ ਦਿੱਤਾ ਹੈ, ਜਿਸ ਦੀਆਂ ਸ਼ਰਤਾਂ ਇਹ ਹਨ :—

ਕਿਰਾਇਆ ਹਰ ਮਹੀਨੇ ਦੀ ਦਸ ਤਰੀਕ ਨੂੰ ਦਿਆ ਕਰਾਂਗਾ ਕਿਰਾਏ ਦੀ ਵਖਰੀ ਰਸੀਦ ਲੈ ਲਿਆ ਕਰਾਂਗਾ। ਬਿਨਾਂ ਰਸੀਦ ਦੇ ਦਿਤਾ ਕਿਰਾਇਆ ਮਨਜ਼ੂਰ ਨਹੀਂ ਹੋਵੇਗਾ। ਮਕਾਨ ਛੱਡਣ ਲਈ ਜਾਂ ਛੁਡਾਉਣ ਲਈ ਤਿੰਨ ਮਹੀਨਿਆਂ ਦਾ ਨੋਟਿਸ ਦੇਣਾ ਹੋਵੇਗਾ। ਮੈਂ ਦੁਕਾਨ ਅਗੇ ਕਿਰਾਏ ਤੇ ਨਹੀਂ ਦੇਵਾਂਗਾ। ਜੇ ਮੁਰੰਮਤ ਦੀ ਲੋੜ ਹੋਵੇ ਤਾਂ ਮਾਲਕ ਦੁਕਾਨ ਦੇ ਜ਼ਿੰਮੇ ਹੋਵੇਗੀ।

ਇਹਨਾਂ ਸ਼ਰਤਾਂ ਸਮੇਤ ਕਿਰਾਏ ਨਾਮਾ ਲਿਖ ਰਿਹਾ ਹਾਂ ਤਾਂ ਜੋ ਵੇਲੇ ਸਿਰ ਕੰਮ ਆ ਸਕੇ।

30 ਜੂਨ, 1972.

ਗਵਾਹ
ਹਰਦੇਵ ਸਿੰਘ ਸਪੁਤਰ ਮੇਵਾ ਸਿੰਘ]
ਜਲੰਧਰ

ਦਸਖਤ
[ਮੋਹਨ ਸਿੰਘ ਸਪੁਤਰ ਦੀਵਾਨ ਸਿੰਘ
ਜਲੰਧਰ

ਬਿੱਲ

ਵਲੋਂ—ਖੰਨਾ ਪਬਲਿਸ਼ਰਜ਼,
ਅਡਾ ਟਾਂਡਾ, ਜਲੰਧਰ ਸ਼ਹਿਰ
ਸੇਵਾ ਵਿਖੇ,

ਸਰਦਾਰ ਅਜੀਤ ਸਿੰਘ ਜਮਾਤ ਦਸਵੀਂ,
ਸਰਗੋਧਾ ਖਾਲਸਾ ਹਾਈ ਸਕੂਲ, ਲੁਧਿਆਨਾ।
30 ਜੁਲਾਈ, 1972.

ਬਿਲ ਨੰਬਰ 151

ਗਿਣਤੀ	ਪੁਸਤਕਾਂ ਦਾ ਨਾਉਂ	ਭਾਅ	ਰਕਮ ਰੁਪਏ	ਨਵੇਂ ਪੈਸੇ
2	ਸ਼ਰੋਮਣੀ ਸਵੈਨ ਪੰਜਾਬੀ ਗਾਈਡ	2.50	5	0
2	ਮਿਡਲ ਪੰਜਾਬੀ ਟੈਸਟ ਪੇਪਰ	2.50	5	0
1	ਸਵੈਨ ਅੰਗਰੇਜ਼ੀ ਪੇਪਰ	3-0-0	3	0
1	ਨੋਟ ਮਿਡਲ ਦਾ ਭੂਗੋਲ	1-0-0	1	0
	ਡਾਕ ਖਰਚ		0	30
	ਕੁਲ ਜੋੜ		14	30

ਸੋਹਣ ਲਾਲ
ਖੰਨਾ ਮਾਲਕ
ਰਾਜ ਪਬਲਿਸ਼ਰਜ਼
ਜਲੰਧਰ ਸ਼ਹਿਰ

ਦਾਨ ਲਈ ਰਸੀਦ

ਬੁਕ ਨੰਬਰ 3 ਰਸੀਦ ਨੰਬਰ 80, 8 ਜਨਵਰੀ, 1972.

ਸ੍ਰੀ ਮਾਨ ਸਰਦਾਰ ਨਾਰਾਇਣ ਸਿੰਘ ਪਾਸੋਂ ਰਕਮ ਅੱਖਰੀ ਇਕ ਸੌ ਰੁਪਿਆ ਕੇਵਲ ਇਮਾਰਤ ਗੁਰਦਵਾਰਾ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਲਈ ਸਹਾਇਤਾ ਵਜੋਂ ਵਸੂਲ ਪਾਏ।

100/- ਦਸਖਤ-

ਮੈਨੇਜਰ ਖਜ਼ਾਨਚੀ,

ਸੋਹਨ ਸਿੰਘ 'ਸੀਤਲ' ਕੁਲਦੀਪ ਸਿੰਘ,

1. ਵਿਆਹ ਲਈ ਸੱਦਾ ਪੱਤਰ ।

ੴ ਸਤਿਗੁਰ ਪ੍ਰਸਾਦਿ

ਸਰਹਾਲ ਮੁੰਡੀਆਂ,
ਜ਼ਿਲਾ ਹੁਸ਼ਿਆਰਪੁਰ ।
3 ਜਨਵਰੀ, 1972 ।

ਸ਼੍ਰੀ ਮਾਨ ਸ਼ਾਮ ਲਾਲ ਜੀ,

ਬੇਨਤੀ ਹੈ ਕਿ ਦਾਸ ਦੇ ਵੱਡੇ ਵੀਰ ਬਲਬੀਰ ਸਿੰਘ ਦਾ ਵਿਆਹ ਗੁਜਰ ਸਿੰਘ ਦੀ ਸਪੁਤਰੀ ਕੁਲਦੀਪ ਕੋਰ ਨਾਲ ਦਿਨ ਬੁਧਵਾਰ 15 ਜਨਵਰੀ, 1972 ਨੂੰ ਹੋਣਾ ਨੀਯਤ ਹੋਇਆ ਹੈ । ਇਸ ਤਰ੍ਹਾਂ ਦੇ ਸੁਭਾਗ ਸਮੇਂ ਵਿਚ ਆਪ ਜਿਹੇ ਸੱਜਣਾਂ ਨਾਲ ਹੀ ਸ਼ੋਭਾ ਪਾਉਂਦੇ ਹਨ । ਸੋ ਆਪ ਕਿਰਪਾ ਕਰਕੇ ਪਰਵਾਰ ਸਮੇਤ ਦਰਸ਼ਨ ਦੇ ਕੇ ਰੋਣਕ ਨੂੰ ਵਧਾਉਣ ਦੀ ਖੇਚਲ ਕਰਨੀ ।

ਪਰੋਗਰਾਮ

(1) ਪ੍ਰੀਤੀ ਭੋਜਨ —11 ਜਨਵਰੀ 7 ਵਜੇ ਸਵੇਰੇ
(2) ਜੰਜ ਦੀ ਰਵਾਨਗੀ —11 ਜਨਵਰੀ 3 ਵਜੇ ਸ਼ਾਮ
(3) ਅਨੰਦ ਕਾਰਜ —13 ਜਨਵਰੀ 8 ਵਜੇ ਸਵੇਰੇ
(4) ਡੋਲੀ —13 ਜਨਵਰੀ 3 ਵਜੇ ਸ਼ਾਮ
(5) ਰਿਸ਼ਤੇਦਾਰਾਂ ਦੀ ਰਵਾਨਗੀ—14 ਜਨਵਰੀ 12 ਵਜੇ

ਆਪ ਦਾ ਹਿੱਤੂ,
ਨਿਰਮਲ ਸਿੰਘ 'ਸ਼ਾਹੀ'
ਪਿੰਡ ਸਿਰਹਾਲਾ,
ਜ਼ਿਲਾ ਹੁਸ਼ਿਆਰਪੁਰ ।

2. ਅਖੰਡ ਪਾਠ ਦੇ ਭੋਗ ਲਈ ਸੱਦਾ ਪੱਤਰ ।

ਨਿਆੜਾ,
ਜ਼ਿਲਾ ਜਲੰਧਰ,
10 ਮਾਰਚ, 1972.

ੴ ਸਤਿਗੁਰ ਪ੍ਰਸਾਦਿ

ਸ਼੍ਰੀ ਮਾਨ ਸ: ਦਲੀਪ ਸਿੰਘ ਜੀ,

ਬੇਨਤੀ ਹੈ ਕਿ ਕਾਕੇ ਦੇ ਜਨਮ ਦੀ ਖੁਸ਼ੀ ਵਿਚ ਸੋਮਵਾਰ 23 ਮਾਰਚ,

1972 ਨੂੰ ਸ੍ਰੀ ਅਰਸ਼ੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਅਰੰਭ ਹੋਵੇਗਾ। ਇਸ ਤਰ੍ਹਾਂ ਦੇ ਸੁਭਾਗ ਦਿਨ ਉਤੇ ਆਪ ਜਿਹੇ ਸੱਜਣਾਂ ਮਿੱਤਰਾਂ ਦਾ ਆਉਣਾ ਜ਼ਰੂਰੀ ਹੁੰਦਾ ਹੈ ਤੇ ਇਹਨਾਂ ਦੇ ਆਉਣ ਨਾਲ ਹੀ ਰੌਣਕ ਵਧਾਂਦੀ ਹੈ। ਇਸ ਲਈ ਸਮੇਤ ਪਰਿਵਾਰ ਇਸ ਸ਼ੁਭ ਦਿਹਾੜੇ ਤੇ ਦਰਸ਼ਨ ਦੇ ਕੇ ਧੰਨਵਾਦੀ ਬਣਾਓ।

ਪ੍ਰੋਗਰਾਮ

ਸੋਮਵਾਰ 23 ਮਾਰਚ, 1972.

5 ਵਜੇ ਤੋਂ 7 ਵਜੇ (ਸਵੇਰ)	ਕੀਰਤਨ ਆਸਾ ਦੀ ਵਾਰ
8 ਵਜੇ ਤੋਂ 9 ਵਜੇ (ਸਵੇਰ)	ਅਖੰਡ ਪਾਠ ਦਾ ਭੋਗ

ਬੁਧਵਾਰ 25 ਮਾਰਚ, 1972.

8—30 ਵਜੇ ਤੋਂ (ਸਵੇਰੇ)	ਅਰਦਾਸ ਤੇ ਸਮਾਪਤੀ

ਆਪ ਸ਼ੁਭ ਚਿੰਤਕ,
ਕਰਤਾਰ ਸਿੰਘ 'ਕਰਤਾਰ' ਐਮ. ਏ.
ਪਿੰਡ ਨਿਆੜਾ ਜ਼ਿਲਾ ਹੁਸ਼ਿਆਰਪੁਰ।

ਪ੍ਰਸ਼ਨ :—ਆਪਣੀ ਛੋਟੀ ਭੈਣ ਨੂੰ ਇਕ ਪੱਤਰ ਲਿਖੋ ਜਿਸ ਵਿਚ ਉਸ ਨੂੰ ਬੇਲੋੜੇ ਫਸ਼ਨ ਤੋਂ ਬਚਣ ਦੀ ਪਰੇਰਨਾ ਕਰੋ ?

ਪ੍ਰੀਖਿਆ ਭਵਨ,
......ਸ਼ਹਿਰ।
4 ਅਪ੍ਰੈਲ, 1972.

ਮੇਰੀ ਪਿਆਰੀ ਭੈਣ ਨਿਰਮਲਾ,

ਪਿਆਰ ਭਰੀ ਸਤਿ ਸ੍ਰੀ ਅਕਾਲ।

ਅਜ ਹੀ ਤੇਰਾ ਪੱਤਰ ਮਿਲਿਆ ਜਿਸ ਨੂੰ ਪੜ੍ਹ ਕੇ ਮਨ ਪ੍ਰਸੰਨ ਨਹੀਂ ਹੋਇਆ। ਤੇਰੀ ਪੜ੍ਹਾਈ ਤੇਰੀ ਆਪਣੀ ਚਿੱਠੀ ਅਨੁਸਾਰ ਕਮਜ਼ੋਰ ਜਾਪਦੀ ਹੈ। ਅਜ ਚਿੱਠੀ ਤੇਰੀ ਭਣ ਜੀ ਦੀ ਆਈ ਹੈ ਜਿਸ ਵਿਚ ਉਸ ਨੇ ਤੇਰੀ ਪੜ੍ਹਾਈ ਦੀ ਕਮਜ਼ੋਰੀ ਦੀ ਬਾਬਤ ਲਿਖਿਆ ਹੈ। ਉਥੇ ਤੇਰੇ ਵਿਰੁਧ ਇਕ ਇਹ ਵੀ ਗੱਲ ਲਿਖੀ ਹੈ ਕਿ ਨਿਰਮਲ ਨੂੰ ਲਿਖੋ ਕਿ ਉਹ ਵਿਦਿਆਰਥਣਾਂ ਵਾਂਗ ਸਾਦਗੀ ਵਿਚ ਰਿਹਾ ਕਰੇ। ਉਹ ਬੇਲੋੜੇ

ਫੈਸ਼ਨ ਕਰਕੇ ਸਕੂਲ ਆਉਂਦੀ ਹੈ। ਹੋਸਟਲ ਵਿਚ ਵੀ ਉਹ ਰੋਜ਼ ਵੰਨ ਸੁਵੰਨੇ ਫੈਸ਼ਨ ਕਰਦੀ ਹੈ। ਤੰਗ ਕਪੜੇ, ਪਾਊਡਰ, ਲਿਪਸਟਿਕ ਆਦਿਕ ਚੀਜ਼ਾਂ ਦੀ ਵਰਤੋਂ ਕਦੇ ਭਾਂਤ ਭਾਂਤ ਦੀਆਂ ਸਾੜ੍ਹੀਆਂ ਪਹਿਨਦੀ ਹੈ। ਇਹ ਸਭ ਗੱਲਾਂ ਸਾਡੇ ਹੋਸਟਲ ਤੇ ਸਕੂਲ ਦੀਆਂ ਵਿਦਿਆਰਥਣਾਂ ਤੇ ਬੁਰਾ ਪਰਭਾਵ ਪਾਂਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਹਾਡੇ ਮਾਤਾ ਪਿਤਾ ਅਮੀਰ ਹਨ, ਪਰ ਸਾਰੀਆਂ ਲੜਕੀਆਂ ਦੇ ਮਾਪੇ ਅਮੀਰ ਨਹੀਂ ਹੁੰਦੇ ਤੇ ਨਾ ਹੀ ਉਹ ਏਨੇ ਫੈਸ਼ਨ ਕਰਵਾ ਸਕਦੇ ਹਨ।

ਬੇਲੋੜਾ ਫੈਸ਼ਨ ਬੱਚਿਆਂ ਦੇ ਆਚਰਣ ਤੇ ਵੀ ਬੁਰਾ ਅਸਰ ਪਾਂਦਾ ਹੈ। ਜੋ ਕਿ ਵਿਦਿਆਰਥੀ ਅਵਸਥਾ ਵਿਚ ਬੱਚੀਆਂ ਲਈ ਬਹੁਤ ਮਾੜੀ ਹੈ। ਵਿਦਿਆਰਥੀ ਤੇ ਬ੍ਰਹਮਚਾਰੀ ਰਹਿ ਕੇ ਹੀ ਵਿਦਿਆ ਪ੍ਰਾਪਤ ਕਰ ਸਕਦੇ ਹਨ ਫ਼ੈਸ਼ਨ ਵਲ ਧਿਆਨ ਰੱਖਣ ਵਾਲੀਆਂ ਬੱਚੀਆਂ ਹਰ ਵੇਲੇ ਆਪਣਾ ਆਲਾ ਦੁਆਲਾ ਹੀ ਤਕਦੀਆਂ ਰਹਿੰਦੀਆਂ ਹਨ।

ਆਪਾ ਦਾ ਵੀਰ,

ਸ਼ਿਵ ਕੁਮਾਰ।

ਪ੍ਰਸ਼ਨ :—ਆਪਣੇ ਇਲਾਕੇ ਦੇ ਪੁਲਿਸ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿਚ ਮੰਗ ਕਰੋ ਕਿ ਉਹ ਨਸ਼ੇ ਦੀ ਅਯੋਗ ਵਰਤੋਂ ਕਰਨ ਵਾਲਿਆਂ ਵਿਰੁਧ ਯੋਗ ਕਾਰਵਾਈ ਕਰਨ।

ਸੇਵਾ ਵਿਖੇ,

ਮਾਨਯੋਗ ਸੁਪ੍ਰੰਟੈਂਡੈਂਟ ਪੁਲੀਸ,
ਜ਼ਿਲਾ ਜਲੰਧਰ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ ਕੁਝ ਦਿਨਾਂ ਤੋਂ ਨਸ਼ੇ ਦੀ ਵਧ ਰਹੀ ਵਰਤੋਂ ਤੇ ਨਸ਼ਈਆਂ ਦੀਆਂ ਅਯੋਗ ਹਰਕਤਾਂ ਵੇਖ ਵੇਖ ਕੇ ਬਹੁਤ ਦੁਖੀ ਹੋਇਆ ਹਾਂ ਤੇ ਆਪ ਦਾ ਧਿਆਨ ਇਸ ਪਾਸੇ ਵਲ ਦਿਵਾਂਦਾ ਹਾਂ।

(1) ਅਜ ਅਠ ਦਿਨ ਦੀ ਗੱਲ ਹੈ, ਮੈਂ ਮਾਈ ਹੀਰਾਂ ਗੇਟ ਖੜਾ ਸਾਂ ਕਿ ਦੋ ਸ਼ਰਾਬੀਆਂ ਨੇ ਸ਼ਾਮ ਵੇਲੇ ਦੋ ਤੁਰੀਆਂ ਜਾ ਰਹੀਆਂ ਕੁੜੀਆਂ ਦੇ ਸਿਰ ਤੋਂ ਦੁਪੱਟਾ ਖਿਚ ਲਿਆ ਤੇ ਨਸ ਗਏ। ਇਹ ਸਭ ਕੁਝ ਚੌਂਕ ਵਿਚ ਤੁਹਾਡਾ ਸਿਪਾਹੀ ਵੀ ਦੇਖ ਰਿਹਾ ਸੀ ਪਰ ਉਸ ਨੇ ਉਹਨਾਂ ਨੂੰ ਫੜਨ ਦਾ ਜਤਨ ਨਾ ਕੀਤਾ।

(2) ਇਕ ਹੋਟਲ ਵਿਚ ਦੋ ਸ਼ਰਾਬੀਆਂ ਨੇ ਭਠੂਰੇ ਖਾ ਰਹੀਆਂ ਲੜਕੀਆਂ ਨੂੰ ਬਦੋ ਬਦੀ ਬਾਹੋਂ ਪਕੜ ਲਿਆ ਤੇ ਉਹਨਾਂ ਦੀ ਬੇਇਜ਼ਤੀ ਕੀਤੀ। ਜੇ ਹੋਟਲ ਦਾ ਮਾਲਕ ਦਖਲ ਨਾ ਦੇਂਦਾ ਤਾਂ ਕੰਮ ਵੱਧ ਜਾਂਦਾ।

(3) ਅੱਜ ਇਕ ਬਸ ਵਿਚ ਦੋ ਸ਼ਰਾਬੀ ਚੜ੍ਹ ਬੈਠੇ। ਕੰਡਕਟਰ ਨੇ ਉਹਨਾਂ ਨੂੰ ਟਿਕਟ ਲੈਣ ਲਈ ਕਿਹਾ ਤਾਂ ਉਹਨਾਂ ਵਿਚੋਂ ਇਕ ਨੇ ਕੰਡਕਟਰ ਦੇ ਦੋ ਚਪੇੜਾਂ ਠੋਕ ਦਿੱਤੀਆਂ। ਕੰਡਕਟਰ ਨੇ ਬਸ ਖੜੀ ਕਰਵਾਈ ਤੇ ਉਹ ਬਸ ਤੋਂ ਉੱਤਰ ਕੇ ਨਸ ਗਏ।

(4) ਦੋ ਚਾਰ ਦਿਨ੍ਹਾਂ ਦੀ ਗੱਲ ਹੈ ਅੰਮ੍ਰਿਤਸਰ ਦੇ ਚਾਰ ਬੰਦੇ ਇਕ ਹੋਟਲ ਵਿਚ ਆਏ ਉੱਥੇ ਉਹਨਾਂ ਨੇ ਭਲੀ ਪ੍ਰਕਾਰ ਰੱਜ ਕੇ ਸ਼ਰਾਬ ਪੀਤੀ, ਭੋਜਨ ਛਕਿਆ ਜਦ ਬਿਲ ਦੇਣ ਦਾ ਵੇਲਾ ਆਇਆ ਤਾਂ ਉਹਨਾਂ ਨੇ ਹੋਟਲ ਦੇ ਨੌਕਰਾਂ ਤੇ ਮਾਲਕ ਨੂੰ ਖੂਬ ਕੁਟਿਆ, ਬੂਹੇ ਬਾਰੀਆਂ ਭੰਨ ਦਿੱਤੇ।

ਇਹ ਹਨ ਕੁਝ ਕੁ ਤਾਜ਼ਾ ਮਿਸਾਲਾਂ ਜੋ ਮੈਂ ਦੇ ਰਿਹਾ ਹਾਂ। ਅਜਿਹੀਆਂ ਕਈ ਘਟਨਾਵਾਂ ਰੋਜ਼ਾਨਾ ਹੁੰਦੀਆਂ ਹਨ ਜੋ ਆਂਢ ਗੁਆਂਢ ਦੇ ਗਲੀ ਮਹੱਲੇ ਦੇ ਲੋਕਾਂ ਦਾ ਦਿਲ ਹਿਲਾ ਦਿੰਦੀਆਂ ਹਨ ਤੇ ਲੋਕ ਤ੍ਰਾਹ ਤ੍ਰਾਹ ਕੰਬਣ ਲੱਗ ਪੈਂਦੇ ਹਨ।

ਇਹਨਾਂ ਨਿੱਤ ਦੀਆਂ ਬੁਰੀਆਂ ਘਟਨਾਵਾਂ ਨੂੰ ਸਖਤ ਹੱਥਾਂ ਨਾਲ ਰੋਕਣ ਦੀ ਲੋੜ ਹੈ ਕਿਉਂਕਿ ਨਸ਼ੇ ਦਾ ਅਧਿਕ ਸੇਵਨ ਸਾਡੇ ਕੌਮੀ ਜੀਵਨ ਨੂੰ ਕਮਜ਼ੋਰ ਕਰਦਾ ਹੈ। ਆਸ ਹੈ ਕਿ ਤੁਸੀਂ ਇਸ ਪਾਸੇ ਵੱਲ ਜ਼ਰੂਰ ਧਿਆਨ ਦਿਓਗੇ।

ਜਲੰਧਰ — ਮੈਂ ਹਾਂ ਤੁਹਾਡਾ ਦਾਸ,

ਤਾਰੀਕ 20—2—72 — ਪਰਮਿੰਦਰ ਸਿੰਘ।

ਪ੍ਰਸ਼ਨ :—ਆਪਣੀ ਸਹੇਲੀ ਜਾਂ ਮਿੱਤਰ ਨੂੰ ਪਿਛਲੀਆਂ ਛੁੱਟੀਆਂ ਵਿਚ ਤੁਹਾਡੇ ਕੋਲ ਨਾ ਆਉਣ ਤੇ ਉਲਾਂਭਾ ਪੱਤਰ ਲਿਖੋ ?

(ਮਿਡਲ ਪ੍ਰੀਖਿਆ 1972)

ਪ੍ਰੀਖਿਆ ਭਵਨ,
......ਸ਼ਹਿਰ।
18 ਫਰਵਰੀ, 1972.

ਪਿਆਰੇ ਹਰੀ,

ਜੈ ਹਿੰਦ !

ਤੈਨੂੰ ਪਤਾ ਹੀ ਹੈ ਕਿ ਮੈਂ ਤੈਨੂੰ ਕਿਉਂ ਪਤਰ ਨਹੀਂ ਪਾਇਆ ? ਕਾਫ਼ੀ ਚਿਰ

ਹੋਇਆ ਤੂੰ ਮੇਰੀ ਚਿੱਠੀ ਉਡੀਕਦਾ ਹੋਂਵੇਗਾ ਕਿਉਂਕਿ ਤੂੰ ਕਾਫ਼ੀ ਪੱਤਰ ਪਾ ਚੁਕਾ ਹੈਂ। ਕਾਰਨ ਤੇਰੇ ਪਾਸੋਂ ਲੁਕਿਆ ਹੋਇਆ ਨਹੀਂ ਹੈ।

ਮੈਨੂੰ ਅਫਸੋਸ ਨਾਲ ਆਖਣਾ ਪੈਂਦਾ ਹੈ ਕਿ ਪਿਛਲੀਆਂ ਛੁੱਟੀਆਂ ਵਿਚ ਮੈਂ ਤੁਹਾਨੂੰ ਆਪਣੇ ਪਾਸ ਬੁਲਾਇਆ ਸੀ, ਤੁਸੀਂ ਹਾਂ ਵੀ ਕਰ ਦਿੱਤੀ ਸੀ ਪਰ ਆਏ ਨਹੀਂ, ਠੀਕ ਤੁਸੀਂ ਬੜੇ ਆਦਮੀ ਹੋ ਸਾਡੇ ਗਰੀਬਾਂ ਪਾਸ ਕੌਣ ਆਉਂਦਾ ਹੈ? ਮੇਰੇ ਮਾਤਾ ਜੀ ਤੇ ਪਿਤਾ ਜੀ ਤਾਂ ਪਹਿਲੇ ਹੀ ਆਖਦੇ ਸਨ ਕਿ ਹਰੀ ਨੇ ਨਹੀਂ ਆਉਣਾ। ਮੈਂ ਤੇਰੇ ਤੇ ਬਹੁਤ ਮਾਣ ਕਰਦਾ ਸੀ। ਤੂੰ ਮੇਰਾ ਮਾਨ ਤੋੜ ਦਿੱਤਾ। ਮੈਂ ਤੇਰੇ ਲਈ ਸਾਰਾ ਪ੍ਰਬੰਧ ਕਰ ਰਖਿਆ ਸੀ। ਪਿਤਾ ਜੀ ਮੱਝ ਵੇਚਣ ਲੱਗੇ ਸਨ ਮੇਰੇ ਕਹਿਣ ਤੇ ਨਹੀਂ ਵੇਚੀ ਕਿ ਛੁੱਟੀਆਂ ਵਿਚ ਹਰੀ ਨੇ ਆਉਣਾ ਹੈ। ਅਸੀਂ ਇਕ ਵੱਖਰੇ ਕਮਰੇ ਦਾ ਵੀ ਪ੍ਰਬੰਧ ਕਰ ਲਿਆ। ਤਾਂ ਜੋ ਅਸੀਂ ਵੱਖਰੇ ਹੀ ਪੜ੍ਹ ਸਕੀਏ।

ਪਰ ਤੂੰ ਠੀਕ ਅਮੀਰਾਂ ਵਾਲੀ ਗੱਲ ਕੀਤੀ ਹੈ ਕਿ ਵਾਹਦਾ ਕੀਤਾ ਤੇ ਮੁਕਰ ਗਿਆ! ਖੈਰ ਤੇਰੀ ਮਰਜ਼ੀ ਸਾਡਾ ਤੇਰੇ ਤੇ ਜ਼ੋਰ ਵੀ ਕੀ ਹੈ, ਜੇ ਹੁੰਦਾ ਤਾਂ ਤੂੰ ਇਸ ਤਰ੍ਹਾਂ ਨਾ ਕਰਦਾ। ਜੀ ਤਾਂ ਕਰਦਾ ਸੀ ਕਿ ਤੇਰੇ ਨਾਲ ਨਾ ਬੋਲਾਂ, ਨਾਂ ਹੀ ਪੱਤਰ ਲਿਖਾਂ, ਪਰ ਕੀ ਕਰਾਂ ਮਿਤਰਤਾ, ਅਤੇ ਮਿਤਰਤਾ ਹੀ ਹੈ। ਇਹ ਛੱਡੀ ਨਹੀਂ ਜਾਂਦੀ ਇਸ ਲਈ ਪੱਤਰ ਲਿਖ ਰਿਹਾ ਹਾਂ। ਮੈਂ ਕੋਈ ਵਧੀਕੀ ਨਹੀਂ ਕੀਤੀ, ਸਚਾਈ ਲਿਖੀ ਹੈ। ਤੈਨੂੰ ਕੋਈ ਗੁੱਸਾ ਨਹੀਂ ਕਰਨਾ ਚਾਹੀਦਾ। ਦੀਪਾਂ ਨੂੰ ਪਿਆਰ।

ਤੇਰਾ ਮਿਤਰ,
ਰੋਲ ਨੰਬਰ 30101.

ਅਭਿਆਸ

ਵਿਦਿਆਰਥੀਆਂ ਨੂੰ ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ ਆਪ ਆਪਣੀ ਕਲਮ ਨਾਲ ਲਿਖਣੇ ਚਾਹੀਦੇ ਹਨ ਤਾਂ ਜੁ ਉਹਨਾਂ ਦੀ ਲੇਖਣੀ ਵਿਚ ਖਿਚ ਪੈਦਾ ਹੋ ਸਕੇ।

(1) ਆਪਣੇ ਮਿੱਤਰਾਂ ਨੂੰ ਤੀਰਥ ਯਾਤਰਾ ਦਾ ਹਾਲ ਲਿਖੋ ਤੇ ਇਹ ਭੀ ਲਿਖੋ ਕਿ ਤੁਸੀਂ ਆਪਣੀਆਂ ਅੱਖੀਆਂ ਨਾਲ ਕੀ ਕੀ ਨਜ਼ਾਰੇ ਵੇਖੇ ਹਨ।

(2) ਆਪਣੇ ਸਕੂਲ ਦੇ ਹੈਡਮਾਸਟਰ ਨੂੰ ਚਿੱਠੀ ਲਿਖੋ ਜਿਸ ਵਿਚ ਆਪਣੇ ਆਚਰਨ ਦੇ ਸਰਟੀਫੀਕੇਟ ਦੀ ਮੰਗ ਕੀਤੀ ਹੋਵੇ?

(3) ਪੁਲੀਸ ਕਪਤਾਨ ਨੂੰ ਇਕ ਚਿੱਠੀ ਲਿਖੋ ਜਿਸ ਵਿਚ ਇਲਾਕੇ ਵਿਚ ਫੈਲੀ ਹੋਈ ਬਦਅਮਨੀ ਦਾ ਬਿਆਨ ਕਰਦੇ ਹੋਏ ਉਸ ਪਾਸੋਂ ਯੋਗ ਪ੍ਰਬੰਧ ਦੀ ਮੰਗ ਕਰੋ?

(4) ਆਪਣੇ ਪਿਤਾ ਜੀ ਨੂੰ ਇਕ ਚਿਠੀ ਲਿਖੋ ਜਿਸ ਵਿਚ ਆਪਣੇ ਸਕੂਲ ਦੀਆਂ ਖੇਡਾਂ ਦਾ ਹਾਲ ਲਿਖੋ ?

(5) ਆਪਣੇ ਵੀਰ ਨੂੰ ਸਕੂਲ ਵਿਚ 'ਇਨਾਮੀ ਜਲਸੇ' ਦਾ ਪੂਰੀ ਤਰ੍ਹਾਂ ਹਾਲ ਖੋਲ੍ਹ ਕੇ ਲਿਖੋ ?

(6) ਆਪਣੀ ਭੈਣ ਨੂੰ ਚਿੱਠੀ ਲਿਖੋ ਤੇ ਪੁਛੋ ਕਿ ਤੂੰ ਦਸਵੀਂ ਪਾਸ ਕਰਨ ਤੋਂ ਪਿਛੋਂ ਪੜ੍ਹਾਈ ਕਰਨਾ ਚਾਹੁੰਦੀ ਹੈ ਜਾਂ ਨਹੀਂ ਜੇ ਨਹੀਂ ਤਾਂ ਕਿਉਂ ਨਹੀਂ ਤੇ ਹੋਰ ਕੀ ਕਰਨਾ ਚਾਹੁੰਦੀ ਹੈਂ ?

(7) ਆਪਣੇ ਕਿਸੇ ਮਿੱਤਰ ਨੂੰ ਤੁਹਾਡੇ ਤੇ ਇਕ ਹੋਰ ਸਕੂਲ ਵਿਚਕਾਰ ਹੋਏ ਫੁਟਬਾਲ ਮੈਚ ਦਾ ਹਾਲ ਲਿਖੋ ?

(8) ਆਪਣੇ ਪਿਤਾ ਜੀ ਪਾਸੋਂ ਆਪਣੇ ਮਿਤਰ ਨਾਲ ਗਰਮੀਆਂ ਦੀਆਂ ਛੁਟੀਆਂ ਗੁਜ਼ਾਰਨ ਲਈ ਛੁਟੀ ਦੀ ਮੰਗ ਕਰੋ ?

(9) ਆਪਣੇ ਭਰਾ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਦੇ ਨਾਲ ਆਪਣੀ ਸਿਹਤ ਦਾ ਵੀ ਖਿਆਲ ਰਖੇ । ਚਿੱਠੀ ਵਿਚ ਸਿਹਤ ਕਾਇਮ ਰਖਣ ਦੇ ਕੁਝ ਸਾਧਾਰਨ ਢੰਗ ਤੇ ਨੇਮ ਵੀ ਲਿਖੋ ?

(10) ਤੁਹਾਡੇ ਜਨਮ ਦਿਨ ਤੇ ਤੁਹਾਡੇ ਦਾਦਾ ਜੀ ਨੇ ਤੁਹਾਨੂੰ ਜੋ ਰੁਪਿਆ ਭੇਜਿਆ ਹੈ ਉਹਨਾਂ ਨੂੰ ਧੰਨਵਾਦ ਦੀ ਚਿੱਠੀ ਲਿਖੋ ਤੇ ਇਹ ਭੀ ਲਿਖੋ ਕਿ ਇਹ ਰਕਮ ਤੁਸੀਂ ਕਿਸ ਤਰ੍ਹਾਂ ਖਰਚ ਕਰੋਗੇ ?

(11) ਆਪਣੇ ਜਨਮ ਦਿਨ ਦੇ ਸ਼ੁਭ ਸਮੇਂ ਤੇ ਆਪਣੇ ਮਿੱਤਰ ਨੂੰ ਸੱਦਾ ਪਤਰ ਲਿਖੋ ਤੇ ਉਸ ਦਿਨ ਦਾ ਪੂਰਾ ਪਰੋਗਰਾਮ ਭੀ ਲਿਖੋ ?

(12) ਤੁਹਾਡੇ ਸਾਲੇ ਦਾ ਵਿਆਹ ਹੈ ਉਸ ਨੂੰ ਚਿੱਠੀ ਰਾਹੀਂ ਦੱਸੋ ਕਿ ਤੁਸੀਂ ਉਸ ਦੀ ਵਿਆਹ ਤੇ ਕੀ ਸਹਾਇਤਾ ਕਰ ਸਕਦੇ ਹੋ ?

(13) ਆਪਣੇ ਪਿਤਾ ਵੱਲ ਚਿੱਠੀ ਲਿਖੋ ਜਿਸ ਵਿਚ ਲੜਕੀਆਂ ਨੂੰ ਵਿਦਿਆ ਦੇਣ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ?

(14) ਆਪਣੀ ਸਹੇਲੀ ਨੂੰ ਚਿੱਠੀ ਲਿਖੋ ਜਿਸ ਵਿਚ ਉਸ ਨੂੰ ਵਧਾਈ ਦਿਓ ਕਿਉਂਕਿ ਉਸ ਨੇ ਦਸਵੀਂ ਦੀ ਪ੍ਰੀਖਿਆ ਵਿਚ ਵਜ਼ੀਫ਼ਾ ਪ੍ਰਾਪਤ ਕੀਤਾ ਹੈ ?

ਕਹਾਣੀਆਂ

ਮਨੁੱਖ ਦੇ ਨਾਲ ਹੀ ਕਹਾਣੀ ਦਾ ਜਨਮ ਲਿਖਿਆ ਜਾਂਦਾ ਹੈ ਇਹ ਗੱਲ ਸੋਲਾਂ ਆਨੇ ਠੀਕ ਭੀ ਹੈ। ਮਨੁੱਖ ਦੀ ਪਹਿਲੀ ਗੱਲ ਹੀ ਕਹਾਣੀ ਸੀ। ਇਹ ਮਨੁੱਖ ਜਿਉਂ ਜਿਉਂ ਉੱਨਤੀ ਕਰਦਾ ਗਿਆ ਕਹਾਣੀ ਵੀ ਨਾਲ ਹੀ ਵਧਦੀ ਗਈ।

ਜਿਵੇਂ ਮਨੁੱਖ ਦੇ ਵਿਕਾਸ ਵਿਚ ਕਈ ਪੜਾ ਆਏ ਹਨ ਇਸੇ ਤਰ੍ਹਾਂ ਕਹਾਣੀ ਦੇ ਵਿਕਾਸ ਵਿਚ ਵੀ ਕਈ ਪੜਾ ਆਏ ਹਨ। ਪਹਿਲਾਂ ਭੂਤਾਂ ਪਰੇਤਾਂ ਦੀਆਂ ਕਹਾਣੀਆਂ ਆਈਆਂ ਫਿਰ ਰਾਜੇ ਤੇ ਰਾਜਕੁਮਾਰਾਂ ਦੀਆਂ ਕਹਾਣੀਆਂ ਆਈਆਂ, ਇਹਨਾਂ ਕਹਾਣੀਆਂ ਵਿਚ ਕਲਪਨਾ ਤੋਂ ਕੰਮ ਲਿਆ ਗਿਆ ਹੁੰਦਾ ਸੀ ਤੇ ਅਸ-ਲੀਅਤ ਤੋਂ ਦੂਰ ਦੀਆਂ ਕਹਾਣੀਆਂ ਹੁੰਦੀਆਂ ਸਨ। ਵੀਹਵੀਂ ਸਦੀ ਵਿਚ ਮਨੁੱਖ ਦੀ ਕਹਾਣੀ ਆਈ। ਇਸਨੂੰ ਨਿੱਕੀ ਹੁਨਰੀ ਕਹਾਣੀ ਆਖਦੇ ਹਨ ਇਹਨਾਂ ਕਹਾਣੀਆਂ ਦਾ ਸੰਬੰਧ ਸਾਡੇ ਜੀਵਨ ਨਾਲ ਹੈ ਕਈ ਸਿਖਿਆਦਾਇਕ ਕਹਾਣੀਆਂ ਪਸ਼ੂ ਪੰਛੀਆਂ ਦੀਆਂ ਵੀ ਆ ਚੁਕੀਆਂ ਹਨ। ਇਹ ਸਾਡੇ ਜੀਵਨ ਲਈ ਚਾਨਣ ਮੁਨਾਰਾ ਹਨ। ਅਗੇ ਅਸੀਂ ਕੁਝ ਨਿਕੀਆਂ ੨ ਕਹਾਣੀਆਂ ਦਿੰਦੇ ਹਾਂ।

੧. ਚਾਲਾਕ ਲੂੰਮੜੀ

ਇਕ ਸਮੇਂ ਦੀ ਗੱਲ ਹੈ ਕਿ ਲੂੰਮੜੀ ਨੂੰ ਬਹੁਤ ਭੁੱਖ ਲੱਗੀ ਸੀ ਉਸਨੇ ਸਾਰਾ ਜੰਗਲ ਫਿਰ ਮਾਇਆ ਪਰ ਉਸ ਨੂੰ ਕੁਝ ਵੀ ਖਾਣ ਨੂੰ ਨਾ ਮਿਲਿਆ। ਲਾਚਾਰ ਹੋ ਕੇ ਇਕ ਰੁੱਖ ਹੇਠ ਆ ਬੈਠੀ।

ਪਰ ਉਥੇ ਕੀ ਦੇਖਦੀ ਹੈ ਕਿ ਇਕ ਕਾਂ ਦੀ ਚੁੰਝ ਵਿਚ ਮਾਸ ਦੀ ਬੋਟੀ ਹੈ। ਇਹ ਦੇਖ ਕੇ ਇਸ ਦੇ ਮੂੰਹ ਵਿਚ ਪਾਣੀ ਆ ਗਿਆ ਬੋਲੀ ਮੀਆਂ ਕਾਂ। ਸੁਣਿਆ ਹੈ ਤੂੰ ਬਹੁਤ ਚੰਗਾ ਗਾਉਂਦਾ ਹੈ। ਪਿਛਲੀ ਵਾਰੀ ਤੇਰਾ ਗਾਣਾ ਸੁਣ ਕੇ ਪੰਛੀ ਹੈਰਾਨ ਰਹਿ ਗਏ ਸਨ ਤੇ ਕਾਫ਼ੀ ਵਾਹ ਵਾਹ ਮਿਲੀ ਸੀ। ਅਜ ਵੀ ਜੇ ਤੂੰ ਗਾਣਾ ਸੁਣਾ ਦੇਵੇਂ ਤਾਂ ਬਹੁਤ ਚੰਗੀ ਗੱਲ ਹੈ।

ਕਾਂ ਲੂੰਮੜੀ ਦੀਆਂ ਗੱਲਾਂ ਵਿਚ ਆ ਗਿਆ ਤੇ ਗਾਉਣ ਲਗਾ ਜਦ ਹੀ

ਉਸ ਨੇ ਗਾਉਣ ਲਈ ਚੁੰਝ ਖੋਲ੍ਹੀ। ਉਸ ਦੀ ਮਾਸ ਦੀ ਬੋਟੀ ਧਰਤੀ ਤੇ ਡਿੱਗ ਪਈ। ਲੂੰਮੜੀ ਨੇ ਚੁੱਕ ਲਈ ਤੇ ਦੌੜ ਗਈ ਜਾਂਦੀ ਹੋਈ ਆਖ ਗਈ, ਮੀਆਂ ਕਾਂ ਅਜ ਤੇਰਾ ਗਲਾ ਖਰਾਬ ਹੈ ਫਿਰ ਕਦੀ ਤੇਰਾ ਗਾਣਾ ਸੁਣਾਂਗੀ।

ਸਿੱਟਾ—ਦੁਨੀਆਂ ਵਿਚ ਝੂਠੇ ਖੁਸ਼ਾਮਦੀ ਪਾਸੋਂ ਬਚਣਾ ਚਾਹੀਦਾ ਹੈ।

੨. ਸਿਆਣਾ ਕਾਂ

ਇਕ ਦਿਨ ਦੁਪਹਿਰ ਦੀ ਗੱਲ ਹੈ ਕਿ ਗਰਮੀ ਅਤਿਅੰਤ ਸੀ ਤੇ ਕਾਂ ਨੂੰ ਪਿਆਸ ਲਗੀ ਸੀ। ਉਹ ਬਹੁਤ ਫਿਰਿਆ ਪਰ ਕਿਤੇ ਪਾਣੀ ਨਾ ਮਿਲਿਆ। ਅੰਤ ਇਕ ਥਾਂ ਉਸ ਨੂੰ ਜੱਗ ਵਿਚ ਪਾਣੀ ਨਜ਼ਰੀਂ ਆਇਆ। ਉਸ ਦੀ ਜਾਨ ਵਿਚ ਜਾਨ ਆਈ।

ਜਦੋਂ ਉਸ ਨੇ ਜੱਗ ਵਿਚਲਾ ਪਾਣੀ ਦੇਖਿਆ ਤਾਂ ਉਹ ਉਸਦੀ ਪਹੁੰਚ ਤੋਂ ਦੂਰ ਸੀ। ਇਸ ਨਾਲ ਉਸ ਨੂੰ ਬਹੁਤ ਦੁਖ ਹੋਇਆ। ਪਰ ਉਸ ਨੇ ਦਿਮਾਗ ਤੋਂ ਕੰਮ ਲਿਆ, ਪਿਆਸ ਜੁ ਲਗੀ ਸੀ। ਉਸ ਨੇ ਬਰੀਕ ਕੰਕਰਾਂ ਪਾਣੀ ਵਿਚ ਪਾਉਣੀਆਂ ਸ਼ੁਰੂ ਕਰ ਦਿਤੀਆਂ, ਇਹਨਾਂ ਨਾਲ ਪਾਣੀ ਉਤੇ ਨੂੰ ਆ ਗਿਆ ਤੇ ਉਸਨੇ ਰੱਜਕੇ ਪਾਣੀ ਪੀਤਾ। ਜਿਸ ਨਾਲ ਉਸ ਨੂੰ ਸ਼ਾਂਤੀ ਆਈ।

ਸਿੱਟਾ—ਹਿੰਮਤ ਕਰਨ ਨਾਲ ਹਰ ਚੀਜ਼ ਦੀ ਪ੍ਰਾਪਤੀ ਹੋ ਸਕਦੀ ਹੈ।

੩. ਚਾਲਾਕ ਖੋਤਾ

ਇਕ ਵਿਉਪਾਰੀ ਪਾਸ ਇਕ ਖੋਤਾ ਸੀ। ਵਿਉਪਾਰੀ ਉਸਤੇ ਲੂਣ ਢੋਂਦਾ ਹੁੰਦਾ ਸੀ। ਇਕ ਦਿਨ ਕੁਦਰਤੀ ਹੀ ਪੈਰ ਤਿਲਕ ਕੇ ਖੋਤਾ ਨਦੀ ਵਿਚ ਡਿਗ ਪਿਆ ਜਦ ਪਾਣੀ ਵਿਚੋਂ ਨਿਕਲਿਆ ਤਾਂ ਉਸ ਦਾ ਭਾਰ ਹੋਲਾ ਸੀ। ਕਿਉਂਕਿ ਲੂਣ ਪਾਣੀ ਵਿਚ ਖੁਰ ਗਿਆ ਸੀ। ਇਸ ਲਈ ਜਦੋਂ ਵੀ ਉਹ ਨਦੀ ਪਾਰ ਆਉਂਦਾ ਜਾਣ ਕੇ ਵਿਚ ਡਿੱਗ ਪੈਂਦਾ। ਲੂਣ ਖੁਰ ਜਾਂਦਾ ਤੇ ਖੋਤਾ ਹੋਲਾ ਹੋ ਜਾਂਦਾ।

ਵਿਉਪਾਰੀ ਬਹੁਤ ਦੁਖੀ ਹੋਇਆ ਉਸ ਨੇ ਇਕ ਦਿਨ ਲੂਣ ਦੀ ਥਾਂ ਰੂੰ ਲੱਦ ਦਿੱਤੀ। ਗੱਧੇ ਨੇ ਫਿਰ ਛਾਲ ਮਾਰ ਦਿੱਤੀ ਇਸ ਵਾਰੀ ਖੋਤਾ ਹੋਲਾ ਹੋਣ ਦੀ ਥਾਂ ਭਾਰੀ ਹੋ ਗਿਆ ਤੇ ਘਰ ਪੁਜਣ ਤਕ ਅਧ ਮੋਇਆ ਹੋ ਗਿਆ ਕਿਉਂਕਿ ਭਾਰ ਉਸ ਦੇ ਚੁਕਣ ਤੋਂ ਬਾਹਰ ਸੀ।

ਸਿੱਟਾ—ਜਿਸ ਤਰ੍ਹਾਂ ਕੋਈ ਕਰੇਗਾ ।
ਉਸ ਤਰ੍ਹਾਂ ਉਹ ਭਰੇਗਾ ।

੪. ਏਕੇ ਵਿਚ ਬਰਕਤ

ਇਕ ਜੱਟ ਦੇ ਪੁੱਤਰ ਆਮ ਕੇ ਆਪਸ ਵਿਚ ਲੜਦੇ ਬਹੁਤ ਸਨ ਤੇ ਕੋਈ ਕਿਸੇ ਦੀ ਨਹੀਂ ਸੀ ਮੰਨਦਾ । ਜੱਟ ਬਹੁਤ ਦੁਖੀ ਹੋਇਆ । ਵਿਚਾਰਾ ਘੁਲ ਘੁਲ ਕੇ ਮਰਨ ਕੰਢੇ ਪੁਜ ਗਿਆ । ਤਾਂ ਉਸ ਦਾ ਅੰਤਲਾ ਸਮਾਂ ਆਇਆ ਤਾਂ ਉਸਨੇ ਆਪਣੇ ਪੁੱਤਰਾਂ ਨੂੰ ਬੁਲਾਇਆ ਤੇ ਆਖਿਆ ਕਿ ਦਾਤਨਾਂ ਦਾ ਮੁੱਠਾ ਲਿਆਓ । ਉਹਨਾਂ ਨੇ ਮਰਨ ਲਗੇ ਪਿਤਾ ਦੀ ਚਾਹ ਪੂਰੀ ਕਰਨ ਲਈ ਦਾਤਨਾਂ ਦਾ ਮੁੱਠਾ ਲੈ ਆਂਦਾ ।

ਪਿਤਾ ਨੇ ਆਖਿਆ ਕਿ ਇਕੱਲਾ ਇਕੱਲਾ ਉਸ ਸਾਰੇ ਮੁੱਠੇ ਨੂੰ ਤੋੜੋ । ਸਾਰੇ ਜੋਰ ਲਗਾ ਚੁਕੇ ਪਰ ਕੋਈ ਵੀ ਨਾ ਤੋੜ ਨਾ ਸਕਿਆ । ਅੰਤ ਪਿਤਾ ਨੇ ਆਖਿਆ ਕਿ ਇਕੱਲੀ ਇਕੱਲੀ ਦਾਤਨ ਤੋੜ ਕੇ ਵਿਖਾਓ ਤਾਂ ਸਾਰੇ ਹੀ ਪੈ ਗਏ । ਸਭ ਨੇ ਤੋੜ ਦਿੱਤੀਆਂ ।

ਜਟ ਕਹਿਣ ਲੱਗਾ ਪੁਤਰੋ । ਮੈਂ ਤਾਂ ਮਰ ਹੀ ਚਲਿਆ ਹਾਂ । ਜੇ ਤੁਸੀਂ ਇਸ ਦਾਤਨਾਂ ਦੇ ਮੁੱਠੇ ਵਾਂਗ ਇਕ ਰਹੋਗੇ ਤੇ ਤੁਹਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ ਜੇ ਇਕੱਲੇ ਇਕੱਲੇ ਹੋ ਗਏ ਤਾਂ ਦਾਤਣ ਵਾਂਗ ਹੀ ਦੁਸ਼ਮਣਾਂ ਨੇ ਤੁਹਾਨੂੰ ਭੰਨ ਸੁਟਣਾ ਹੈ ।

ਸਿੱਟਾ—ਏਕੇ ਵਿਚ ਬਰਕਤ ਹੈ ।

੫. ਸ਼ੇਰ ਤੇ ਚੂਹਾ

ਇਕ ਸਮੇਂ ਦੀ ਗੱਲ ਹੈ, ਜੰਗਲ ਦਾ ਬਾਦਸ਼ਾਹ ਸ਼ੇਰ ਸੁੱਤਾ ਪਿਆ ਸੀ । ਪਾਸ ਚੂਹੀ ਦੀ ਖੁੱਡ ਸੀ ਉਹ ਨਿਕਲ ਕੇ ਸ਼ੇਰ ਤੇ ਨੱਚਣ ਲਗ ਪਈ । ਸ਼ੇਰ ਜਾਗ ਪਿਆ ਤੇ ਉਸ ਨੂੰ ਬਹੁਤ ਗੁੱਸਾ ਆਇਆ ਉਸ ਨੇ ਚੂਹੀ ਨੂੰ ਪੰਜੇ ਵਿਚ ਫੜ ਲਿਆ ਤੇ ਪੁਛਿਆ ਤੈਨੂੰ ਇਸ ਗੁਸਤਾਖੀ ਦੀ ਕੀ ਸਜ਼ਾ ਮਿਲੇ ।

ਚੂਹੀ ਨੇ ਬੇਨਤੀ ਕੀਤੀ "ਕਿ ਜਾਨ ਬਖਸ਼ੀ ਕੀਤੀ ਜਾਵੇ ਸ਼ਾਇਦ ਮੈਂ ਆਪ ਦੇ ਕਿਤੇ ਕੰਮ ਆ ਸਕਾਂ ।" ਇਹ ਸੁਣ ਕੇ ਸ਼ੇਰ ਹੱਸ ਪਿਆ ਕਿ ਚੂਹੀ ਵੀ ਉਸਦੇ

ਕੰਮ ਆ ਸਕੇਗੀ, ਪਰ ਉਸ ਨੂੰ ਛੱਡ ਦਿੱਤਾ।

ਕੁਝ ਦਿਨਾਂ ਪਿਛੋਂ ਉਹ ਸ਼ੇਰ ਸ਼ਿਕਾਰੀਆਂ ਦੇ ਜਾਲ ਵਿਚ ਫਸ ਗਿਆ ਸੀ। ਉਸਦੀਆਂ ਆਵਾਜ਼ਾਂ ਸੁਣ ਕੇ ਚੂਹੀ ਖੁੱਡ ਵਿਚੋਂ ਨਿਕਲ ਆਈ ਤੇ ਉਸ ਨੇ ਜਾਲ ਦੀਆਂ ਸਾਰੀਆਂ ਰੱਸੀਆਂ ਕੱਟ ਦਿੱਤੀਆਂ ਤੇ ਸ਼ੇਰ ਨੂੰ ਸ਼ਿਕਾਰੀਆਂ ਦੇ ਪੰਜੇ ਵਿਚੋਂ ਛੁਡਾ ਦਿੱਤਾ ਸ਼ੇਰ ਨੇ ਉਸਦਾ ਧੰਨਵਾਦ ਕੀਤਾ।

ਸਿੱਟਾ—ਕੋਈ ਚੀਜ਼ ਐਵੇਂ ਨਹੀਂ ਹੈ।

ਹਰ ਛੋਟੀ ਚੀਜ਼ ਕੋਈ ਮਹੱਤਤਾ ਰਖਦੀ ਹੈ।

੬. ਲੂੰਮੜੀ ਤੇ ਅੰਗੂਰ

ਇਕ ਲੂੰਮੜੀ ਨੂੰ ਬਹੁਤ ਭੁੱਖ ਲਗੀ ਸੀ। ਉਹ ਆਪਣੀ ਖੁਰਾਕ ਦੀ ਭਾਲ ਵਿਚ ਸਾਰੇ ਜੰਗਲ ਵਿਚ ਫਿਰਦੀ ਰਹੀ। ਅੰਤ ਇਕ ਥਾਂ ਉਸਨੂੰ ਅੰਗੂਰ ਨਜ਼ਰੀਂ ਆਏ। ਅੰਗੂਰ ਬਹੁਤ ਸੋਹਣੀ ਤਰ੍ਹਾਂ ਪਕੇ ਹੋਏ ਸਨ। ਵੇਖ ਕੇ ਉਸਦੇ ਮੂੰਹ ਵਿਚ ਪਾਣੀ ਭਰ ਆਇਆ।

ਲੂੰਮੜੀ ਨੇ ਅੰਗੂਰਾਂ ਨੂੰ ਪ੍ਰਾਪਤ ਕਰਨ ਦਾ ਪੂਰਾ ਯਤਨ ਕੀਤਾ ਪਰ ਅੰਗੂਰ ਉਸ ਦੀ ਪਹੁੰਚ ਤੋਂ ਦੂਰ ਸਨ। ਬਹੁਤ ਟਕਰਾਂ ਮਾਰਨ ਪਿਛੋਂ ਵੀ ਉਸ ਦੇ ਹੱਥ ਨਾ ਆਏ ਤਾਂ ਅਖਾਣ ਲੱਗੀ ਇਹ ਅੰਗੂਰ ਖੱਟੇ ਹਨ। ਕਿਹੜਾ ਦੰਦ ਖਟੇ ਕਰੇ।

ਸਿੱਟਾ—ਦਾਖੇ ਹੱਥ ਨਾ ਅੱਪੜੇ ਆਖੇ ਥੂਹ ਕੌੜੀ।

੭. ਆਜੜੀ ਤੇ ਬਘਿਆੜ

ਇਕ ਮੁੰਡਾ ਜੰਗਲ ਵਿਚ ਹਰ ਰੋਜ਼ ਭੇਡਾਂ ਚਰਾਇਆ ਕਰਦਾ ਸੀ। ਇਕ ਦਿਨ ਉਸ ਨੂੰ ਕੀ ਸੁੱਝੀ ਕਿ ਪਿੰਡ ਵਾਲਿਆਂ ਦਾ ਮੌਜੂ ਬਣਾਈਏ। ਉਸਨੇ ਉਚੇ ਥਾਂ ਚੜ੍ਹ ਕੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ ਕਿ ਬਘਿਆੜ ਆ ਗਿਆ 'ਲੋਕੋ' ਬਘਿਆੜ ਆ ਗਿਆ।

ਉਸ ਦੀਆਂ ਆਵਾਜ਼ਾਂ ਸੁਣ ਕੇ ਪਿੰਡ ਦੇ ਲੋਕੀਂ ਉਸ ਨੂੰ ਬਚਾਉਣ ਲਈ ਦੌੜੇ। ਉਥੇ ਪੁਜੇ ਤਾਂ ਕੁਝ ਵੀ ਨਹੀਂ ਸੀ। ਸਗੋਂ ਮੁੰਡਾ ਹੱਸਣ ਲੱਗ ਪਿਆ। ਇਕ ਦੋ ਵਾਰੀ ਇਉਂ ਹੀ ਕੀਤਾ। ਲੋਕ ਆਉਂਦੇ ਰਹੇ। ਅੰਤ ਇਕ ਦਿਨ ਸੱਚੀ ਹੀ ਬਘਿਆੜ ਆ ਗਿਆ ਉਸ ਨੇ ਫਿਰ ਆਵਾਜ਼ਾਂ ਮਾਰੀਆਂ ਪਰ ਹੁਣ ਕੋਈ ਨਹੀਂ

ਆਇਆ। ਲੋਕਾਂ ਸੋਚਿਆ ਅਗੇ ਵਾਂਗ ਝੂਠ ਹੀ ਬੋਲਦਾ ਹੋਵੇਗਾ। ਇਸ ਤਰ੍ਹਾਂ ਬਘਿਆੜ ਉਸ ਦੀਆਂ ਸਾਰੀਆਂ ਭੇਡਾਂ ਖਾ ਗਿਆ ਤੇ ਉਹ ਰੋਂਦਾ ਰੋਂਦਾ ਪਿੰਡ ਨੂੰ ਆ ਗਿਆ।

ਸਿੱਟਾ—ਝੂਠ ਬੋਲਣਾ ਬੁਰਾ ਹੈ।

੮ ਲਾਲਚੀ ਕੁਤਾ

ਇਕ ਕੁੱਤੇ ਨੂੰ ਕਿਤੋਂ ਮਾਸ ਦਾ ਟੁਕੜਾ ਮਿਲਿਆ। ਉਸ ਨੂੰ ਮੂੰਹ ਵਿਚ ਫੜ ਕੇ ਬਾਹਰ ਨੂੰ ਤੁਰ ਪਿਆ ਤਾਂ ਜੋ ਹੋਰ ਕੁੱਤਾ ਉਸੇ ਪਾਸੋਂ ਇਹ ਖੋਹ ਨਾ ਲਵੇ।

ਰਾਹ ਵਿਚ ਇਕ ਨਦੀ ਆਉਂਦੀ ਸੀ। ਉਸ ਦੇ ਪਾਣੀ ਵਿਚ ਇਸ ਨੂੰ ਆਪਣੀ ਸ਼ਕਲ ਨਜ਼ਰੀਂ ਆਈ। ਇਸ ਸੋਚਿਆ ਕਿ ਸ਼ਾਇਦ ਦੂਸਰਾ ਕੁੱਤਾ ਹੋਰ ਮਾਸ ਦਾ ਟੁਕੜਾ ਫੜੀ ਜਾ ਰਿਹਾ ਹੈ। ਇਸ ਨੇ ਉਸ ਤੇ ਝੱਪਟਾ ਮਾਰਿਆ ਜਦੋਂ ਹੀ ਮੂੰਹ ਖੋਲ੍ਹਿਆ ਆਪਣਾ ਮਾਸ ਦਾ ਟੁਕੜਾ ਵੀ ਗੁਆ ਬੈਠਾ।

ਸਿੱਟਾ—ਲਾਲਚ ਬੁਰੀ ਬਲਾ ਹੈ।

੯. ਸ਼ੇਰ ਤੇ ਨੌਕਰ

ਇਕ ਨੌਕਰ ਆਪਣੇ ਮਾਲਕ ਤੋਂ ਬਹੁਤ ਤੰਗ ਆ ਗਿਆ ਸੀ ਕਿਉਂਕਿ ਨੌਕਰ ਨੇ ਨਜਾਇਜ਼ ਕੰਮ ਕਰਨ ਤੋਂ ਨਾਂਹ ਕਰ ਦਿਤੀ ਸੀ ਇਸ ਲਈ ਮਾਲਕ ਤੋਂ ਬਹੁਤ ਦੁਖੀ ਤੇ ਤੰਗ ਹੋ ਕੇ ਘਰੋਂ ਦੌੜ ਗਿਆ ਤੇ ਜੰਗਲ ਵਿਚ ਚਲਾ ਗਿਆ।

ਜੰਗਲ ਵਿਚ ਕੀ ਦੇਖਦਾ ਹੈ ਕਿ ਇਕ ਸ਼ੇਰ ਦੇ ਪੈਰ ਵਿਚ ਕੰਡਾ ਲਗਾ ਹੋਇਆ ਹੈ ਤੇ ਉਹ ਬਹੁਤ ਦੁਖੀ ਹੈ। ਨੌਕਰ ਨੇ ਆਪਣੀ ਜਾਨ ਦਾ ਖਿਆਲ ਨਾ ਕਰਦੇ ਹੋਇਆਂ ਸ਼ੇਰ ਦੇ ਪੈਰਾਂ ਵਿਚੋਂ ਕੰਡਾ ਕੱਢ ਦਿੱਤਾ। ਸ਼ੇਰ ਬਹੁਤ ਖੁਸ਼ ਹੋਇਆ।

ਸਮਾਂ ਪਾ ਕੇ ਨੌਕਰ ਫੜਿਆ ਗਿਆ। ਮਾਲਕ ਨੇ ਉਸ ਨੂੰ ਸ਼ੇਰ ਅਗੇ ਪਾਇਆ ਤਾਂ ਜੋ ਸ਼ੇਰ ਉਸ ਨੂੰ ਹੜੱਪ ਕਰ ਜਾਵੇ। ਪਰ ਇਹ ਸ਼ੇਰ ਉਹੀ ਸੀ ਜਿਸ ਦੇ ਪੈਰ ਵਿਚੋਂ ਨੌਕਰ ਨੇ ਕੰਡਾ ਕੱਢਿਆ ਸੀ। ਇਸ ਲਈ ਸ਼ੇਰ ਨੇ ਪਛਾਣ ਲਿਆ ਤੇ ਇਜ਼ਤ ਦੇ ਤੌਰ ਤੇ ਨੌਕਰ ਦੇ ਪੈਰਾਂ ਨੂੰ ਚੱਟਣ ਲਗ ਪਿਆ, ਖਾਣਾ ਤਾਂ ਇਕ

ਪਾਸੇ ਰਿਹਾ।

ਸਿੱਟਾ—ਜੋ ਕਿਸੇ ਦੇ ਉਪਰ ਅਹਿਸਾਨ ਕਰਦਾ ਹੈ ਉਸਨੂੰ ਫਲ ਮਿਲਦਾ ਹੈ।

੧੦. ਕੱਛੂ ਤੇ ਸਹਿਆ

ਕੱਛੂ ਤੇ ਸਹਿਆ ਮਿੱਤਰ ਸਨ। ਸਹਿਆ ਕੱਛੂ ਦੀ ਹੋਲੀ ਚਾਲ ਨੂੰ ਮਖੌਲ ਕਰਦਾ ਸੀ। ਕੱਛੂ ਨੂੰ ਗੁਸਾ ਆ ਗਿਆ, ਉਸ ਨੇ ਸਹੇ ਨਾਲ ਦੌੜ ਦਾ ਦਿਨ, ਸਮਾਂ ਤੇ ਅਸਥਾਨ ਨੀਅਤ ਕਰ ਲਿਆ।

ਨੀਅਤ ਸਮੇਂ; ਤੇ ਦੌੜ ਸ਼ੁਰੂ ਹੋ ਗਈ। ਕਛੂਆ ਕਾਫੀ ਪਿਛੇ ਸੀ। ਇਹ ਦੇਖ ਕੇ ਸਹੇ ਸੋਚਿਆ ਕਿ ਕੱਛੂ ਉਸ ਨਾਲ ਕਿਥੇ ਰਲ ਸਕਦਾ ਹੈ ਉਹ ਰਾਹ ਵਿਚ ਹੀ ਸੋਂ ਗਿਆ। ਕੱਛੂਆ ਆਪਣੀ ਹੋਲੀ ਹੋਲੀ ਦੌੜ ਵਿਚ ਲੱਗਾ ਰਿਹਾ ਤੇ ਸਹੇ ਦੇ ਪਾਸੋਂ ਦੀ ਲੰਘ ਗਿਆ। ਸਹਿਆ ਸੁਤਾ ਹੀ ਰਹਿ ਗਿਆ। ਕਛੂਆ ਆਪਣੀ ਦੌੜ ਪਹਿਲਾਂ ਪੁਜ ਗਿਆ। ਜਦ ਸਹੇ ਦੀ ਅੱਖ ਖੁਲ੍ਹੀ ਤਾਂ ਬਹੁਤ ਦੌੜਿਆ, ਪਰ ਕਛੂਆ ਪਹਿਲਾਂ ਪੁੱਜ ਚੁੱਕਾ ਸੀ। ਇਹ ਦੇਖ ਕੇ ਉਹ ਬਹੁਤ ਸ਼ਰਮਿੰਦਾ ਹੋਇਆ।

ਨਤੀਜਾ—ਹੌਲੀ ਹੌਲੀ ਪਰ ਲਗਾਤਾਰ ਕੰਮ ਕਰਨ ਨਾਲ ਸਿਰੇ ਚੜ੍ਹ ਜਾਂਦਾ ਹੈ।

ਢਾਂਚੇ

੧. ਮਾਛੀ ਤੇ ਮੱਛੀ

ਮਾਛੀ ਦਾ ਮੱਛੀਆਂ ਫੜਨ ਜਾਣਾ—ਇਕ ਨਿਕੀ ਜਿਹੀ ਮੱਛੀ ਦਾ ਫਸ ਜਾਣਾ—ਮੱਛੀ ਦਾ ਛੁੱਟਣ ਲਈ ਤਰਲੇ ਕਰਨਾ—ਤੇ ਆਖਣਾ ਕਿ ਵੱਡੀ ਹੋ ਜਾਵੇ ਤਾਂ ਉਸ ਨੂੰ ਫੜ ਲਵੇ—ਮੱਛੀ ਦਾ ਆਖਣਾ ਫਿਰ ਪਤਾ ਨਹੀਂ ਕਾਬੂ ਆਵੇ ਕਿ ਨਾ ਆਵੇ।

ਸਿੱਟਾ :—

੨. ਏਕੇ ਵਿਚ ਬਰਕਤ

ਕਬੂਤਰਾਂ ਦਾ ਜਾਲ ਵਿਚ ਫਸਣਾ—ਸਭ ਦਾ ਦੁਖੀ ਹੋਣਾ ਸਲਾਹ ਹੋਣੀ

—ਇਕੱਠੇ ਉਡਣਾ ਅਤੇ ਸਫਲ ਹੋਣਾ—ਜਾਲ ਵੀ ਨਾਲ ਹੀ ਲੈ ਉਡਣਾ—ਸ਼ਿਕਾਰੀ ਦਾ ਦੇਖਦੇ ਹੀ ਰਹਿ ਜਾਣਾ।

ਸਿੱਟਾ :—

੩. ਲੂੰਮੜੀ ਤੇ ਲਮਢੀਂਗ

ਲੂੰਮੜੀ ਦੇ ਸੰਘ ਵਿਚ ਹੱਡੀ ਫਸਣੀ—ਲਮਢੀਂਗ ਦਾ ਲੰਬੀ ਚੁੰਝ ਨਾਲ ਕੱਢ ਲੈਣਾ—ਲੂੰਮੜੀ ਨੇ ਲਮਢੀਂਗ ਨੂੰ ਰੋਟੀ ਤੇ ਬੁਲਾਉਣਾ—ਤਰੀ ਮਾਸ ਦੀ ਪਤਲੀ ਜਿਹੀ ਥਾਲੀ ਵਿਚ ਪਾਉਣੀ—ਲਮਢੀਂਗ ਦਾ ਭੁੱਖੇ ਰਹਿਣਾ—ਦੂਜੇ ਦਿਨ ਇਸੇ ਤਰ੍ਹਾਂ ਹੀ ਲੂੰਮੜੀ ਦਾ ਲਮਢੀਂਗ ਦੇ ਘਰ ਰੋਟੀ ਖਾਣ ਜਾਣਾ—ਲਮਢੀਂਗ ਨੇ ਬੋਤਲ ਵਿਚ ਤਰੀ ਪਾਉਣੀ—ਲੂੰਮੜੀ ਦਾ ਭੁੱਖੇ ਉਠਣਾ।

ਸਿੱਟਾ :—

੪. ਲੱਕੜਹਾਰਾ ਤੇ ਦੇਵਤਾ

ਇਕ ਦਿਨ ਲੱਕੜਹਾਰੇ ਦਾ ਕੁਹਾੜਾ ਪਾਣੀ ਵਿਚ ਡਿਗਣਾ ਉਸ ਦਾ ਰੋਣਾ —ਪਾਣੀ ਦੇ ਦੇਵਤੇ ਨੇ ਸੋਨੇ ਦਾ ਕੁਹਾੜਾ ਦੇਣਾ—ਲਕੜਹਾਰੇ ਦਾ ਨਾਂਹ ਕਰ ਦੇਣਾ—ਫਿਰ ਚਾਂਦੀ ਦਾ ਵਿਖਾਉਣਾ ਉਸ ਤੋਂ ਵੀ ਲਕੜਹਾਰੇ ਦਾ ਨਾਂਹ ਕਰ ਦੇਣਾ —ਅੰਤ ਦੇਵਤੇ ਦਾ ਅਸਲੀ ਕੁਹਾੜਾ ਲਿਆਉਣਾ—ਲਕੜਹਾਰੇ ਦਾ ਇਹ ਵੇਖ ਕੇ ਬਹੁਤ ਖੁਸ਼ ਹੋਣਾ—ਦੇਵਤੇ ਦਾ ਪ੍ਰਸੰਨ ਹੋ ਕੇ ਸਾਰੇ ਕੁਹਾੜੇ ਦੇਣਾ।

ਸਿੱਟਾ :—

੫. ਸੁਦਾਗਰ ਤੇ ਬਾਂਦਰ

ਸੁਦਾਗਰ ਦਾ ਟੋਪੀਆਂ ਵੇਚਣ ਜਾਣਾ—ਰਾਹ ਵਿਚ ਲੇਟ ਜਾਣਾ—ਬਾਂਦਰਾਂ ਦਾ ਉਤਰ ਕੇ ਸਾਰੀਆਂ ਟੋਪੀਆਂ ਲੈ ਜਾਣਾ—ਸੁਦਾਗਰ ਦਾ ਜਾਗਣਾ—ਟੋਪੀਆਂ ਬਾਂਦਰਾਂ ਦੇ ਸਿਰ ਤੇ ਦੇਖਣੀਆਂ—ਸਾਰਾ ਯਤਨ ਕਰਨਾ—ਕੋਈ ਨਾ ਸਫਲ ਦੇਖਣਾ—ਅੰਤ ਆਪਣੀ ਟੋਪੀ ਵੀ ਲਾਹ ਕੇ ਉਹਨਾਂ ਵਲ ਮਾਰਨੀ—ਬਾਂਦਰਾਂ ਦਾ ਨਕਲ ਕਰਨਾ— ਆਪਣੇ ਸਿਰਾਂ ਤੋਂ ਟੋਪੀਆਂ ਲਾਹ ਕੇ ਸੁਦਾਗਰ ਵੱਲ ਮਾਰਨਾ।

ਸਿੱਟਾ :—

———

ਭਾਗ ਚੌਥਾ

ਸਵੈਨ

ਮਿਡਲ ਪੰਜਾਬੀ ਲੇਖ

ਲੇਖਾਂ ਬਾਰੇ ਕੁਝ ਜ਼ਰੂਰੀ ਵਿਚਾਰ

ਲੇਖ—ਕਿਸੇ ਵਿਸ਼ੇ ਉਪਰ ਕੁਝ ਜ਼ਰੂਰੀ, ਗੁੰਦਵੀਂ ਤੇ ਲੜੀ-ਬਧ ਵਾਕ ਰਚਨਾ ਨੂੰ ਲੇਖ ਜਾਂ ਪ੍ਰਸਤਾਵ ਆਖਦੇ ਹਨ ।

ਲੇਖ ਲਿਖਣ ਦੇ ਢੰਗ—ਚੰਗਾ ਲੇਖ ਲਿਖਣ ਲਈ, ਵਾਕਫ਼ੀਅਤ ਵਧਾਉਣ ਲਈ ਜਾਂ ਲੇਖ ਲਈ ਮਸਾਲਾ ਇਕੱਠਾ ਕਰਨ ਲਈ ਚੰਗੀਆਂ ਪੁਸਤਕਾਂ, ਚੰਗੇ ਅਖ਼ਬਾਰ ਤੇ ਹਰਮਨ ਪਿਆਰੇ ਰਸਾਲੇ ਪੜ੍ਹਨੇ ਚਾਹੀਦੇ ਹਨ । ਉਥੋਂ ਉਹਨਾਂ ਖ਼ਿਆਲਾਂ ਨੂੰ ਚੁਣ ਕੇ ਤੇ ਨੋਟ ਕਰ ਕੇ ਵਿਦਿਆਰਥੀ ਨੂੰ ਆਪਣੀ ਯਾਦ ਸ਼ਿਲਾ ਤੇ ਲਿਖ ਲੈਣੇ ਚਾਹੀਦੇ ਹਨ । ਵਿਦਵਾਨਾਂ ਦੇ ਲੈਕਚਰਾਂ ਨੂੰ ਆਪਣੇ ਦਿਮਾਗ ਵਿਚ ਥਾਂ ਦੇ ਕੇ ਉਹਨਾਂ ਨੂੰ ਕਲਮ ਰੂਪ ਦਿੱਤਾ ਜਾਵੇ ।

ਲੇਖ ਰਚਨਾ ਇਕ ਕਲਾ ਹੈ । ਜਿਸ ਤਰ੍ਹਾਂ ਸਾਈਕਲ ਚਲਾਉਣਾ ਤੇ ਪਾਣੀ ਵਿਚ ਤਰਨ ਵਾਸਤੇ ਨਿਯਮਾਂ ਨੂੰ ਘੋਟਾ ਲਾਉਣ ਦੀ ਲੋੜ ਨਹੀਂ । ਉਸ ਤਰ੍ਹਾਂ ਲੇਖ ਲਿਖਣ ਲਈ ਕੋਈ ਖਾਸ ਨੇਮਾਂ ਨੂੰ ਘੋਟਾ, ਨਹੀਂ ਲਾਉਣਾ ਪੈਂਦਾ । ਇਹ ਕੇਵਲ ਅਭਿਆਸ ਨਾਲ ਪ੍ਰਫੁਲਤ ਹੁੰਦਾ ਹੈ । ਆਪਣੇ ਲੇਖ ਨੂੰ ਜੋਬਨ ਤੇ ਲਿਆਉਣ ਲਈ ਵਿਦਿਆਰਥੀ ਨੂੰ ਚੰਗੇ ਲਿਖਾਰੀਆਂ ਦੇ ਲੇਖ ਪੜ੍ਹਨੇ ਚਾਹੀਦੇ ਹਨ ।

ਲੇਖ ਦਾ ਘੇਰਾ—ਲੇਖ ਲਿਖਣ ਤੋਂ ਪਹਿਲਾਂ ਲੇਖ ਦੇ **ਸਿਰਲੇਖ** ਨੂੰ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ । ਸਿਰਲੇਖ ਤੋਂ ਇਹ ਨਿਰਨਾ ਕਰ ਲੈਣਾ

ਚਾਹੀਦਾ ਹੈ ਕਿ ਇਸ ਲੇਖ ਦਾ ਭਾਵ ਕੀ ਹੈ ਤੇ ਇਸ ਲੇਖ ਵਿਚ ਕੀ ਕੁਝ ਲਿਖਣ ਦੀ ਲੋੜ ਹੈ ਅਥਵਾ ਪ੍ਰੀਖਿਅਕ ਨੇ ਕੀ ਕੁਝ ਮੰਗ ਕੀਤੀ ਹੈ। ਇਸ ਤੋਂ ਭਾਵ ਇਹ ਹੈ ਕਿ ਵਿਦਿਆਰਥੀ ਲੇਖ ਲਿਖਦੇ ਲਿਖਦੇ ਲੇਖ ਦੇ ਘੇਰੇ ਤੋਂ ਬਾਹਰ ਚਲੇ ਜਾਂਦੇ ਹਨ। ਕਈ ਬੇ-ਸੁਆਦ ਦੀਆਂ ਗੱਲਾਂ ਬਿਆਨ ਕਰ ਕੇ ਉਹ ਆਪਣੇ ਸੁਆਦ ਨੂੰ ਖ਼ਰਾਬ ਕਰ ਲੈਂਦੇ ਹਨ। ਜਿਵੇਂ ਰੇਲ ਗੱਡੀ ਦੇ ਲੇਖ ਵਿਚ ਤੁਸੀਂ ਆਪਣੇ ਮਿੱਤਰ ਜੋ ਤੁਹਾਨੂੰ ਸਟੇਸ਼ਨ ਤੇ ਮਿਲਿਆ, ਦਾ ਬਿਆਨ ਕੀਤਾ ਹੈ ਤਾਂ ਕੋਈ ਖਾਸ ਫ਼ਾਲਤੂ ਗੱਲ ਨਹੀਂ, ਪਰ ਫਿਰ ਜੋ ਤੁਸੀਂ ਆਪਣੇ ਮਿੱਤਰ ਦੀ ਵਿਆਖਿਆ ਕਰਨ ਲਗ ਜਾਵੋ ਤਾਂ ਤੁਸੀਂ ਆਪਣੀ ਅਸਲੀ ਰਾਹ ਤੇ ਭੁਲ ਕੇ ਭਟਕ ਜਾਵੋਗੇ। ਆਮ ਵਿਦਿਆਰਥੀ ਲਿਖਣ ਦੇ ਵਹਿਣ ਵਿਚ ਕਿਤੇ ਦੇ ਕਿਤੇ ਚਲੇ ਜਾਂਦੇ ਹਨ, ਪਰ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਕਰਨ ਤੋਂ ਵਿਦਿਆਰਥੀ ਦੇ ਨੰਬਰ ਬਹੁਤ ਘਟ ਜਾਣਗੇ।

ਲੇਖ ਦਾ ਢਾਂਚਾ—ਜਿਸ ਸਮੇਂ ਕਿਸੇ ਲੇਖ ਦਾ ਘੇਰਾ ਮਿਥਿਆ ਜਾਵੇ ਤਾਂ ਉਸ ਤੋਂ ਪਿਛੋਂ ਕੰਮ ਹੈ ਕਿ ਉਸ ਵਿਚ ਦਿਤੇ ਜਾਣ ਵਾਲੇ ਵਿਚਾਰਾਂ ਨੂੰ ਤਰਤੀਬ-ਵਾਰ ਥਾਂ ਸਿਰ ਦਿਤਾ ਜਾਵੇ। ਇਸ ਨੂੰ ਲੇਖ ਦੀ ਵਿਉਂਤ ਜਾਂ ਢਾਂਚਾ ਆਖਦੇ ਹਨ। ਭਾਵੇਂ ਇਹ ਠੀਕ ਹੈ ਕਿ ਕਸਬੀ ਤੇ ਪ੍ਰਬੀਨ ਕਲਾ ਵਾਲਿਆਂ ਨੂੰ ਇਸ ਦੀ ਲੋੜ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੇ ਮਨ ਵਿਚ ਹੀ ਇਹ ਕੰਮ ਹੁੰਦਾ ਰਹਿੰਦਾ ਹੈ। ਪਰ ਵਿਦਿਆਰਥੀਆਂ ਤੇ ਇਹ ਨੇਮ ਅਵਸ਼ ਲਾਗੂ ਹੁੰਦਾ ਹੈ। ਖਿਆਲਾਂ ਦੀ ਲੜੀ ਵਿਚ ਪਰੋਣ ਤੋਂ ਪਿਛੋਂ ਹਰ ਇਕ ਬਾਬਤ ਥੋੜ੍ਹਾ ਥੋੜ੍ਹਾ ਵਿਸਥਾਰ ਪੂਰਬਕ ਧਿਆਨ ਕਰੀ ਜਾਓ। ਪਰ ਇਸ ਗੱਲ ਨੂੰ ਅੱਖੋਂ ਉਹਲੇ ਨਾ ਕਰੋ ਕਿ ਸਾਰੇ ਖਿਆਲ ਆਪਸ ਵਿਚ ਸੰਬੰਧਤ ਹੋਣ ਭਾਵ ਸਾਰੇ ਖਿਆਲਾਂ ਦਾ ਸੰਬੰਧ ਆਪਸ ਵਿਚ ਹੋਣਾ ਚਾਹੀਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਇਕ ਇਕ ਵਿਚਾਰ ਵਿਚੋਂ ਦੂਜਾ ਵਿਚਾਰ ਸਹਿਜ ਸੁਭਾ ਨਿਕਲਦਾ ਹੈ।

ਲੇਖਾਂ ਦੀਆਂ ਕਿਸਮਾਂ (Kinds of Essays)—ਲੇਖਾਂ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਪਰ ਸਭ ਬਾਬਤ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਅਰੰਭ ਵਿਚ ਬਹੁਤ ਲੰਮੀ ਭੂਮਿਕਾ ਨਹੀਂ ਹੋਣੀ ਚਾਹੀਦੀ ਇਕ ਨਿੱਕਾ ਜਿਹਾ ਪੈਰਾ ਜਾਂ ਸਿਧਾ ਲੇਖ ਨਾਲ ਸੰਬੰਧ ਰਖਦਾ ਹੋਵੇ ਉਹੀ ਕਾਫੀ ਹੈ। ਇਸ ਤਰ੍ਹਾਂ ਲੇਖ ਦੇ ਅੰਤ ਭੀ ਸਹਿਜ ਸੁਭਾ ਹੀ ਹੋਣਾ ਚਾਹੀਦਾ ਹੈ। ਕੋਈ ਖਾਸ ਸਿੱਟਾ ਜਾਂ ਇਹ ਸ਼ਬਦ ਕਿ ਹੁਣ ਅਸੀਂ ਲੇਖ ਮੁਕਾਂਦੇ ਹਾਂ, ਲਿਖਣ ਦੀ ਲੋੜ ਨਹੀਂ। ਬਹੁਤ ਵਿਦਿਆਰਥੀ ਆਰੰਭ ਵਿਚ ਲੇਖ ਦੇ ਸਿਰਲੇਖ ਦਾ ਅਰਥ ਕਰਨ ਲਗ ਜਾਂਦੇ ਹਨ। ਉਹ ਬਹੁਤ

ਭੇੜਾ ਭਾਸਦਾ ਹੈ ਭਲਾ ਬਾਲ ਵਿਆਹ ਦੇ ਅਰਥ ਕੌਣ ਨਹੀਂ ਜਾਨਣਾ।

ਹੇਠਾਂ ਲੇਖਾਂ ਦੀਆਂ ਕਿਸਮਾਂ ਦਾ ਵੱਖ ਵੱਖ ਵਰਣਨ ਕੀਤਾ ਹੈ—

(1) **ਬਿਆਨੀਆ ਲੇਖ** (Descriptive)—ਅਜਿਹੇ ਲੇਖਾਂ ਵਿਚ ਕਿਸੇ ਦੇਸ਼, ਇਮਾਰਤ ਜਾਂ ਕਿਸੇ ਹੋਰ ਚੀਜ਼ ਦਾ ਬਿਆਨ ਹੁੰਦਾ ਹੈ ਤੇ ਬਹੁਤ ਜ਼ੋਰ ਜ਼ੋਰ ਦੇ ਵੱਖ ਭਾਗਾਂ ਦੀ ਵਿਆਖਿਆ ਤੋਂ ਬਿਨਾਂ ਉਨ੍ਹਾਂ ਦੇ ਲਾਭ ਤੇ ਨੁਕਸਾਨ ਭੀ ਦੇਣੇ ਪੈਂਦੇ ਹਨ। ਜਿਸ ਤਰ੍ਹਾਂ ਸਾਈਕਲ ਹਵਾਈ ਜਹਾਜ਼ ਜਾਂ ਰੇਲ ਗੱਡੀ ਦੇ ਬਿਆਨ ਵਿਚ ਉਨ੍ਹਾਂ ਦੇ ਲਾਭ ਹਾਨ ਵੀ ਦੱਸੇ ਜਾਣਗੇ ਤੇ ਇਨ੍ਹਾਂ ਚੀਜ਼ਾਂ ਦਾ ਇਤਿਹਾਸ ਭੀ ਬਿਆਨ ਕੀਤਾ ਜਾਵੇਗਾ।

(2) **ਬਿਰਤਾਂਤਕ ਲੇਖ** (Narrative)—ਰੇਲ ਦਾ ਸਫਰ, ਮੈਚ ਦਾ ਹਾਲ ਤੇ ਹੜ੍ਹ ਦਾ ਨਜ਼ਾਰਾ ਸਭ ਇਸ ਪ੍ਰਕਾਰ ਦੇ ਹੀ ਲੇਖ ਹਨ। ਖਿਆਲ ਰਖੋ ਜੀਵਨੀਆਂ ਭੀ ਇਸੇ ਕਿਸਮ ਵਿਚ ਗਿਣੀਆਂ ਜਾਂਦੀਆਂ ਹਨ। ਇਸ ਪ੍ਰਕਾਰ ਦਿਆਂ ਲੇਖਾਂ ਵਿਚ ਅਰੰਭ ਤਕ ਕਿਸੇ ਘਟਨਾ ਦਾ ਬਿਆਨ ਕੀਤਾ ਜਾਂਦਾ ਹੈ। ਜੀਵਨੀਆਂ ਵਿਚ ਪੁਰਖ ਦੇ ਜਨਮ ਦਾ ਸਮਾਂ, ਅਸਥਾਨ ਤੇ ਮਾਤਾ ਪਿਤਾ ਦਾ ਨਾਉਂ ਦਸ ਕੇ ਬਚਪਨ ਦੀਆਂ ਉਸ ਦੀਆਂ ਉਘੀਆਂ ਗੱਲਾਂ, ਉਸ ਦੇ ਕੀਤੇ ਕੰਮਾਂ ਦੇ ਪੂਰੇ ਅਸਰ ਤੇ ਅੰਤ ਵਿਚ ਉਸ ਦਾ ਆਚਰਨ ਲਿਖਿਆ ਜਾਂਦਾ ਹੈ। ਪਰ ਖਿਆਲ ਰਖੋ, ਵੱਖ ਵੱਖ ਲੋਕਾਂ ਦੇ ਜੀਵਨ ਵਿਚ ਵੱਖੋ ਵੱਖ ਅੰਗਾਂ ਨੂੰ ਮਹੱਤਤਾ ਦਿਤੀ ਜਾਂਦੀ ਹੈ। ਜਿਵੇਂ ਕਿਸੇ ਕਵੀ ਜਾਂ ਲੇਖਕ ਦੇ ਜੀਵਨ ਵਿਚ ਉਸ ਦੀਆਂ ਰਚਨਾਵਾਂ ਤੇ ਸਾਹਿਤਕ ਸੇਵਾ ਦਾ ਬਹੁਤ ਬਿਆਨ ਹੁੰਦਾ ਹੈ, ਧਾਰਮਿਕ ਆਗੂਆਂ ਦੇ ਜੀਵਨ ਵਿਚ ਉਹਨਾਂ ਦੇ ਨਵੇਂ ਅਸੂਲ, ਵਿਚਾਰਾਂ ਤੇ ਸੁਧਾਰਾਂ ਬਾਬਤ ਲਿਖਣਾ ਹੁੰਦਾ ਹੈ। ਸਾਇੰਸਦਾਨਾਂ ਦੇ ਜੀਵਨ ਵਿਚ ਉਨ੍ਹਾਂ ਦੀਆਂ ਖੋਜਾਂ ਤੇ ਕਾਢਾਂ ਦਾ ਬਿਆਨ ਕਰਨਾ ਜ਼ਰੂਰੀ ਹੁੰਦਾ ਹੈ—

(3) **ਰੋਜ਼ਾਨਾ ਜੀਵਨ ਤੇ ਚਲਦੇ ਮੁਆਮਲੇ ਤੇ ਉਨ੍ਹਾਂ ਬਾਬਤ ਵਿਚਾਰ** (Current Topic of Daily Life)—ਇਨ੍ਹਾਂ ਨੂੰ ਵੱਖ ਵੱਖ ਵਿਚਾਰ ਦੇ ਕੇ ਉਸ ਦੇ ਕਿਸੇ ਪੱਖ ਤੋਂ ਵਧੀਕ ਜ਼ੋਰ ਪਾਇਆ ਜਾਂਦਾ ਹੈ। ਪਰ ਉਸ ਪੱਖ ਨੂੰ ਸਿਧ ਕਰਨ ਲਈ ਧੜਲੇਦਾਰ ਦਲੀਲਾਂ ਭੀ ਦੇਣੀਆਂ ਪੈਂਦੀਆਂ ਹਨ। ਇਹੋ ਜਿਹੇ ਲੇਖਾਂ ਵਿਚ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਹਾਲਾਤ ਆਉਂਦੇ ਹਨ ਜਿਵੇਂ ਭਾਰਤ ਪਾਕ ਯੁਧ, ਅਮਰੀਕਾ ਚੀਨ ਮੁਲਾਕਾਤ।

ਭਾਵ ਵਿਚਾਰ (Reflective)—ਏਕਾ, ਸੱਚ ਤੇ ਸੰਤੋਖ ਆਦਿ। ਤੁਕਾਂ ਦੇ ਅਖਾਣ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਆਦਿ। ਇਹ ਸਭ ਇਸੇ ਵੰਡ ਵਿਚ ਹੀ ਆਉਂਦੇ ਹਨ। ਇਹਨਾਂ ਲੇਖਾਂ ਦੇ ਸਿਰਲੇਖਾਂ ਦੇ ਕੇਵਲ ਅਰਥ ਹੀ

ਨਹੀਂ ਕੀਤੇ ਜਾਂਦੇ ਸਗੋਂ ਚੰਗੀ ਤਰ੍ਹਾਂ ਵਿਆਖਿਆ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਲੇਖਾਂ ਵਿਚ ਸਚਾਈ ਸਿਧ ਕਰਨ ਲਈ ਦਲੀਲਾਂ ਭੀ ਕਹਾਣੀਆਂ ਤੋਂ ਭੀ ਮਦਦ ਲੈਣੀ ਪੈਂਦੀ ਹੈ। ਕਈ ਵਾਰੀ ਧਾਰਮਿਕ ਆਗੂਆਂ ਦਿਆਂ ਕਥਨਾਂ ਨੂੰ ਲਿਖ ਲਿਖ ਕੇ ਉਹਨਾ ਦੀ ਪੁਸ਼ਟੀ ਵੀ ਕਰਨੀ ਪੈਂਦੀ ਹੈ।

ਹੇਠਾਂ ਲੇਖ ਲਿਖਣ ਲਈ ਕੁਝ ਜ਼ਰੂਰੀ ਧਿਆਨ ਯੋਗ ਗੱਲਾਂ ਲਿਖੀਆਂ ਹਨ :—

ਲੇਖ ਲਿਖਣ ਲਈ ਧਿਆਨ ਯੋਗ ਗੱਲਾਂ

1. ਲੇਖ ਵਿਚ ਵਿਆਕਰਣ ਲੇਖ ਰਚਨਾ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ :—

(ੳ) ਵਿਆਕਰਣ ਤੌਰ ਤੇ ਵਾਕ ਰਚਨਾ ਠੀਕ ਹੋਵੇ।

(ਅ) ਗੋਂਦ (Plot) ਬੜੀ ਮਜ਼ਬੂਤ ਹੋਵੇ।

(ੲ) ਵਾਕ ਛੋਟੇ ਛੋਟੇ ਹੋਣੇ ਚਾਹੀਦੇ ਹਨ। ਲੰਮੇ ਵਾਕਾਂ ਵਿਚ ਕਈ ਵਾਰ ਵਿਆਕਰਣਕ ਤਰੁਟੀਆਂ ਰਹਿ ਜਾਂਦੀਆਂ ਹਨ।

(ਸ) ਬਹੁਤੇ ਸੰਬੰਧਕ (Prepositions) ਤੇ ਯੋਜਕ (Conjunctions) ਵਾਕ ਦੀ ਸੁੰਦਰਤਾ ਵਿਗਾੜ ਦਿੰਦੇ ਹਨ।

(ਹ) ਵਾਕ ਸਾਰਥਕ ਦੇ ਮਨਮੋਹਣੇ ਹੋਣੇ ਚਾਹੀਦੇ ਹਨ।

(ਕ) ਵਾਕ ਵਿਚ ਵਰਤਿਆ ਮੁਹਾਵਰਾ ਜਾਂ ਅਖੌਤ ਸਮੇਂ ਤੇ ਸਥਾਨ ਅਨੁਸਾਰ ਠੀਕ ਹੋਣਾ ਚਾਹੀਦਾ ਹੈ।

2. **ਬੋਲੀ** :—ਲੇਖ ਦੀ ਬੋਲੀ ਬੜੀ ਸਰਲ, ਸਾਦਾ, ਠੇਠ ਤੇ ਮੁਹਾਵਰੇ ਭਰਪੂਰ ਹੋਵੇ। ਲੇਖ ਵਿਚ ਕੋਈ ਅਜਿਹਾ ਸ਼ਬਦ, ਵਾਕੰਸ਼ ਤੇ ਮੁਹਾਵਰਾ ਨਾ ਵਰਤੋ ਜਿਸ ਦੇ ਤੁਹਾਨੂੰ ਆਪ ਵੀ ਅਰਥ ਨਾ ਆਉਂਦੇ ਹਨ ਜਾਂ ਤੁਹਾਨੂੰ ਆਪ ਨੂੰ ਸ਼ੱਕ ਹੋਵੇ ਕਿ ਇਹ ਜੋ ਕੁਝ ਤੁਸੀਂ ਲਿਖ ਰਹੇ ਹੋ, ਸੰਦੇਹ ਪੂਰਬਕ ਹੈ।

3. **ਭਾਸ਼ਾ ਟਕਸਾਲੀ ਹੋਵੇ**—ਲੇਖ ਦੀ ਬੋਲੀ ਟਕਸਾਲੀ ਪੰਜਾਬੀ ਹੋਣੀ ਚਾਹੀਦੀ ਹੈ। ਇਸ ਵਿਚ ਪੋਠੋਹਾਰੀ, ਮਲਵਈ ਤੇ ਦੁਆਬੇ ਦੀ ਬੋਲੀ ਦੀ ਰਲਾ ਨਹੀਂ ਹੋਣਾ ਚਾਹੀਦੀ। ਕਿਸੇ ਖਾਸ ਇਲਾਕੇ ਦੀ ਬੋਲੀ ਉਸ ਸਮੇਂ ਵਰਤੀ ਜਾਂਦੀ ਹੈ ਜਦੋਂ ਨਾਟਕ ਜਾਂ ਨਾਵਲ ਵਿਚ ਕਿਸੇ ਪਾਤਰ ਦੀ ਬੋਲੀ ਸਮੇਂ ਤੇ ਸਥਾਨ ਅਨੁਸਾਰ ਵਰਤਣੀ ਹੋਵੇ।

4. **ਦੂਜੀਆਂ ਭਾਸ਼ਾਵਾਂ ਦੇ ਸ਼ਬਦ** :—ਪੰਜਾਬੀ ਦਾ ਹਾਜ਼ਮਾ ਬੜਾ ਤੇਜ਼ ਹੈ, ਇਹ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਹਜ਼ਮ ਕਰਨ ਦੀ ਸ਼ਕਤੀ ਰਖਦੀ ਹੈ ਪਰ

ਲਿਖਾਰੀਆਂ ਨੂੰ ਚਾਹੀਦਾ ਹੈ ਕਿ ਉਹ ਬਾਹਰਲੇ ਸ਼ਬਦ ਵਰਤਣ ਲਗੇ ਉਹਨਾਂ ਦੀ ਲੋੜ ਨੂੰ ਵਰਤਣ ਦਾ ਸਮਾਂ ਤੇ ਸਥਾਨ ਜਾਣਦੇ ਹੋਣ। ਬੱਲੜੇ ਸ਼ਬਦ ਬਿਲਕੁਲ ਨਾ ਵਰਤੇ ਜਾਣ। ਜਿਵੇਂ—

(ੳ) ਮੈਨੂੰ ਅੱਜ ਪੰਜਾਂ ਰੁਪਿਆਂ ਦੀ ਲੋੜ ਹੈ। ਇਹ ਵਾਕ ਠੇਠ ਪੰਜਾਬੀ ਹੋਣ ਕਰ ਕੇ ਬੜਾ ਸੁੰਦਰ ਹੈ ਪਰ ਇਕ ਹਿੰਦੀਨੁਮਾ ਪੰਜਾਬੀ ਲੇਖਕ ਇਸ ਨੂੰ ਇਉਂ ਲਿਖੇਗਾ।

(ਅ) ਮੈਨੂੰ ਅੱਜ ਪੰਜਾਂ ਰੁਪਿਆਂ ਦੀ ਆਵੱਸ਼ਕਤਾ ਹੈ। ਅਤੇ ਉਰਦੂ ਨੁਮਾ ਲੇਖਕ ਇਉਂ ਲਿਖੇਗਾ।

(ੲ) ਮੈਨੂੰ ਅੱਜ ਪੰਜਾਂ ਰੁਪਿਆਂ ਦੀ ਜ਼ਰੂਰਤ ਹੈ। ਇਹਨਾਂ ਤਿੰਨਾਂ ਵਾਕਾਂ ਨੂੰ ਪੜ੍ਹ ਕੇ ਸਾਫ਼ ਪਤਾ ਲਗਦਾ ਹੈ ਕਿ (ੳ) ਵਾਕ ਬੜਾ ਸਰਲ ਤੇ ਠੀਕ ਹੈ। ਜਦੋਂ ਕਿ ਆਵੱਸ਼ਕਤਾ ਤੇ ਜ਼ਰੂਰਤ ਏਥੇ ਬੇਲੋੜੇ ਹਨ। ਪਰ ਹਾਂ, ਜਿਥੇ ਇਹਨਾਂ ਸ਼ਬਦਾਂ ਦੀ ਲੋੜ ਹੋਵੇ ਉਥੇ ਇਹਨਾਂ ਨੂੰ ਵਰਤ ਲੈਣਾ ਬੁਰਾਈ ਨਹੀਂ।

5. **ਭਾਸ਼ਾਈ ਇਕਸਾਰਤਾ** (Uniformity)—ਲੇਖ ਲਿਖਦੇ ਸਮੇਂ ਬੋਲੀ ਦੀ ਇਕਸਾਰਤਾ (uniformity) ਕਾਇਮ ਰਖੀ ਜਾਵੇ। ਇਹ ਨਹੀਂ ਕਿ ਇਕ ਸ਼ਬਦ ਨੂੰ ਵਾਕ ਵਿਚ ਦਸ ਵਾਰ ਵਰਤਣਾ ਪਿਆ ਹੈ ਤਾਂ ਦਸੇ ਵਾਰ ਉਸ ਨੂੰ ਭਿੰਨ ਭਿੰਨ ਸ਼ਬਦਾਂ ਦੁਆਰਾ ਵਰਤਿਆ ਜਾਵੇ। ਨਹੀਂ ਜੇ ਤੁਸੀਂ ਲੋੜ ਵਰਤਿਆ ਹੈ ਤਾਂ ਸਾਰੇ ਲੇਖ ਵਿਚ ਲੋੜ ਹੀ ਵਰਤੋ। ਕਿਧਰੇ ਅਵੱਸ਼ਕਤਾ ਤੇ ਕਿਧਰੇ ਜ਼ਰੂਰਤ ਨਾ ਵਰਤੋ।

6. **ਅਣਹੋਣੀਆਂ ਗੱਲਾਂ**—ਲੇਖ ਵਿਚ ਅਨਹੋਣੀਆਂ ਗੱਲਾਂ ਨੂੰ ਥਾਂ ਨਹੀਂ ਦੇਣੀ ਚਾਹੀਦੀ। ਆਪੇ ਗੱਲ ਹਕ ਵਿਚ ਕੀਤੀ ਹੋਵੇ ਤੇ ਕਿਤੇ ਅਗੇ ਜਾ ਕੇ ਆਪ ਹੀ ਗੱਲ ਉਸ ਦੇ ਵਿਰੁਧ ਕਰ ਦੇਵੇ ਜਾਂ ਹੁਣੇ ਇਕ ਪਾਤਰ ਨੂੰ ਜਲੰਧਰ ਦਸਿਆ ਹੈ ਤੇ ਹੁਣੇ ਹੀ ਦੋ ਕੁ ਮਿੰਟਾਂ ਪਿਛੋਂ ਦਿੱਲੀ ਗੱਲਾਂ ਕਰਦਾ ਦਸ ਦੇਵੇ। ਇਸ ਤਰ੍ਹਾਂ ਕਰਨਾ ਚੰਗਾ ਨਹੀਂ ਲੱਗਦਾ ਤੇ ਪੜ੍ਹਨ ਵਾਲੇ ਤੇ ਬੁਰਾ ਅਸਰ ਪਾਉਂਦਾ ਹੈ।

7. **ਸਾਦੀ ਵਾਕ ਰਚਨਾ**—ਆਪਣੇ ਭਾਵਾਂ ਨੂੰ ਸਾਦੇ ਢੰਗ ਨਾਲ ਬਿਆਨ ਕਰਨ ਦਾ ਯਤਨ ਕਰੇ। ਰੰਗੀਨ ਜਾਂ ਗੁੰਝਲਦਾਰ ਵਾਕ ਰਚਨਾ ਜਾਂ ਬਹੁਤੀ ਅਲੰਕਾਰਾਂ ਦੀ ਜੜਤ ਜਿਥੇ ਓਪਰੀ ਤੇ ਬਨਾਉਟੀ ਜਾਪਦੀ ਹੈ ਉਥੇ ਬਹੁਤ ਵਾਰੀ ਤੁਹਾਡੇ ਪਾਸੋਂ ਗਲਤੀਆਂ ਕਰਵਾ ਦੇਵੇਗੀ। ਤੁਹਾਡੀ ਲਿਖਤ ਵਿਚ ਉਚੇਚਾਪਣ ਨਹੀਂ ਹੋਣਾ ਚਾਹੀਦਾ ਤੇ ਸਹਿਜ ਸੁਭਾ ਲਿਖੀ ਹੋਈ ਜਾਪਣੀ ਚਾਹੀਦੀ ਹੈ।

8. **ਲਿਖਤ ਤੇ ਸ਼ਬਦ-ਜੋੜ**—ਲੇਖ ਦੀ ਲਿਖਾਈ ਸ਼ੁਧ ਤੇ ਸ਼ਬਦ ਜੋੜ

ਬਿਲਕੁਲ ਠੀਕ ਹੋਣੇ ਚਾਹੀਦੇ ਹਨ। ਪ੍ਰੀਖਿਅਕ ਉਤੇ ਸਭ ਤੋਂ ਪਹਿਲਾਂ ਸ਼ਬਦ-ਜੋੜ ਤੇ ਲਿਖਾਈ ਦਾ ਪ੍ਰਭਾਵ ਪੈਂਦਾ ਹੈ। ਭੈੜੀ ਲਿਖਾਈ ਤੇ ਅਸ਼ੁਧ ਜੋੜ, ਖਿਆਲ ਅਤੇ ਤਰਤੀਬ ਦੇ ਚੰਗੇ ਲਿਖਾਰੀ ਹੁੰਦੇ ਹੋਇਆਂ ਭੀ ਲੇਖ ਦੀ ਕਦਰ ਤੇ ਮਹੱਤਤਾ ਘਟਾ ਦਿੰਦੇ ਹਨ। ਹਰ ਵਿਦਿਆਰਥੀ ਨੂੰ ਆਪਣੀ ਲਿਖਾਈ; ਤੇ ਸ਼ਬਦ ਜੋੜਾਂ ਵਲ ਵਧੇਰੇ ਖਿਆਲ ਦੇਣਾ ਚਾਹੀਦਾ ਹੈ। ਲਿਖਾਈ ਸੁੰਦਰ ਨਹੀਂ ਤੇ ਘਟੋ ਘਟ ਪੜ੍ਹਨ ਦੇ ਯੋਗ ਤਾਂ ਜ਼ਰੂਰੀ ਹੀ ਹੋਣੀ ਚਾਹੀਦੀ ਹੈ।

9. **ਛੋਟਾ ਰੂਪ** :—ਲੇਖ ਵਿਚ ਸ਼ਬਦ ਦਾ ਛੋਟਾ ਰੂਪ ਕਦੇ ਵੀ ਨਾ ਲਿਖੋ ਜਿਹਾ ਕਿ ਸਰਦਾਰ ਦੀ ਥਾਂ ਸ: ਜਾਂ ਡਾਕਖਾਨੇ ਦੀ ਥਾਂ ਡਾ: ਖਾ: ਆਦਿ ਸ਼ਬਦ ਪੂਰੇ ਲਿਖਣੇ ਚਾਹੀਦੇ ਹਨ।

10. **ਪ੍ਰਸ਼ਨ ਵਾਚਕ ਵਾਕ** :—ਲੇਖ ਵਿਚ ਪ੍ਰਸ਼ਨ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਵਿਸਮਿਕ ਸਬਦ ਜਾਂ ਵਾਕ ਵਰਤਣਾ ਚਾਹੀਦਾ ਹੈ। ਜਿਵੇਂ ਕੀ ਤੁਸੀਂ ਝੂਠ ਦੇ ਹਾਣ ਨਹੀਂ ਜਾਣਦੇ ?

11. **ਲੇਖ ਦੀ ਲੰਬਾਈ** :—ਦਸਵੀਂ ਦੀ ਪ੍ਰੀਖਿਆ ਵਿਚ ਔਸਤਨ ਚਾਰ ਜਾਂ ਪੰਜ ਸਫ਼ੇ ਦਾ ਲੇਖ ਕਾਫੀ ਹੈ, ਪਰ ਅਠਵੀਂ ਜਮਾਤ ਲਈ ਚਾਰ ਸਫ਼ੇ ਕਾਫੀ ਹੁੰਦੇ ਹਨ । ਪਰਚੇ ਦੀ ਦਿੱਤੀ ਹੱਦ ਹਦਾਇਤਾਂ ਦਾ ਖ਼ਿਆਲ ਜ਼ਰੂਰ ਰਖਣਾ ਚਾਹੀਦਾ ਹੈ। ਯਾਦ ਰਹੇ ਕਿ ਕੇਵਲ ਲੇਖ ਉੱਨਤੀ ਦੀਆਂ ਪਉੜੀਆਂ ਤੇ ਜਾ ਰਿਹਾ ਹੋਵੇ ।

12. **ਹਾਸ਼ੀਆ** :—ਲੇਖ ਲਿਖਣ ਲਗੇ ਸਫੇ ਦੇ ਖਬੇ ਪਾਸੇ ਡੇਢ ਇੰਚ ਹਾਸ਼ੀਆ ਛਡਣਾ ਚਾਹੀਦਾ ਹੈ। ਲੇਖ ਲਿਖ ਕੇ ਦੂਜੀ ਵਾਰ ਪੜ੍ਹਨਾ (Revision) ਜ਼ਰੂਰ ਚਾਹੀਦਾ ਹੈ। ਇਸ ਤਰ੍ਹਾਂ ਬਹੁਤ ਸਾਰੀਆਂ ਹੋ ਰਹੀਆਂ ਗਲਤੀਆਂ ਮੁੜ ਠੀਕ ਕੀਤੀਆਂ ਜਾ ਸਕਦੀਆਂ ਹਨ। ਅਸਲੀ ਗੱਲ ਤਾਂ ਇਹ ਹੈ ਕਿ ਲਿਖਣ ਵੇਲੇ ਖਿਆਲ ਕਲਮ ਨਾਲੋਂ ਤੇਜ਼ ਦੌੜ ਰਹੇ ਹੁੰਦੇ ਹਨ ਤੇ ਇਸ ਲਈ ਕਈ ਸ਼ਬਦ ਰਹਿ ਜਾਂਦੇ ਹਨ।

13. **ਬਿਸਰਾਮ ਚਿੰਨ੍ਹ** :—ਲੇਖ ਵਿਚ ਬਿਸਰਾਮ ਚਿੰਨ੍ਹਾਂ ਦੀ ਕੋਈ ਗਲਤੀ ਨਹੀਂ ਹੋਣੀ ਚਾਹੀਦੀ। ਬਿਸਰਾਮ ਚਿੰਨ੍ਹਾਂ ਦੀ ਗਲਤ ਵਰਤੋਂ ਨਾਲ, ਵਾਕ ਦੇ ਅਰਥ ਹੋਰ ਹੀ ਨਿਕਲ ਆਉਂਦੇ ਹਨ। ਲੇਖ ਨੂੰ ਵੱਖ ਵੱਖ ਪੈਰਿਆਂ ਵਿਚ ਵੰਡਣਾ ਚਾਹੀਦਾ ਹੈ ਤੇ ਵੱਖ ਵੱਖ ਪੈਰਿਆਂ ਵਿਚ ਵੱਖਰਾ ਵੱਖਰਾ ਖਿਆਲ ਹੋਣਾ ਚਾਹੀਦਾ ਹੈ। ਜਿਵੇਂ ਵਿਆਕਰਣ ਵਿਚ ਦਸ ਚੁਕੇ ਹਾਂ ਕਿ ਅੱਧਕ ਨਾਲ ਅਰਥ ਹੋਰ ਤੇ ਅੱਧਕ ਤੋਂ ਬਿਨਾਂ ਹੋਰ ਹੁੰਦੇ ਹਨ।

14. **ਘੋਟਾ ਨਾ ਲਗਾਉ** :—ਇਸ ਗੱਲ ਦਾ ਖਿਆਲ ਰਖਣਾ ਚਾਹੀਦਾ

ਹੈ ਕਿ ਲੇਖ ਨੂੰ ਪੁਸਤਕ ਤੋਂ ਪੜ੍ਹ ਕੇ ਉਸ ਨੂੰ ਘੋਟਾ ਲਾ ਕੇ ਲਿਖਣ ਨਾਲ ਵਿਦਿ-ਆਰਥੀਆਂ ਨੂੰ ਲੇਖ ਲਿਖਣ ਦੀ ਜਾਚ ਨਹੀਂ ਆਉਂਦੀ ਸਗੋਂ ਪੁਸਤਕ ਨੂੰ ਪੜ੍ਹ ਕੇ ਆਪਣੇ ਸ਼ਬਦਾਂ ਵਿਚ ਬਿਆਨ ਕਰੇ ਤਾਂ ਉਸ ਨੂੰ ਲੇਖ ਲਿਖਣ ਦਾ ਢੰਗ ਆ ਸਕਦਾ ਹੈ।

15. **ਅਭਿਆਸ** :—ਲੇਖ ਨੂੰ ਪੂਰੀ ਤਰ੍ਹਾਂ ਸਮਝਣ ਲਈ ਤੇ ਇਸ ਬਾਰੇ ਬਹੁਤ ਗਿਆਨ ਪ੍ਰਾਪਤ ਕਰਨ ਲਈ ਇਸ ਦੇ ਅਭਿਆਸ ਦੀ ਬਹੁਤ ਲੋੜ ਹੈ। ਅਠਵੀਂ ਦੇ ਵਿਦਿਆਰਥੀ ਨੂੰ ਜੇ ਹੋ ਸਕੇ ਤਾਂ ਵਧੇਰੇ ਨਹੀਂ ਤਾਂ ਘਟ ਤੋਂ ਘਟ ਇਕ ਲੇਖ ਤਾਂ ਹਫਤੇ ਵਿਚ ਜ਼ਰੂਰ ਲਿਖਣਾ ਚਾਹੀਦਾ ਹੈ।

ਸਾਡਾ ਸਕੂਲ

ਸਾਡੇ ਸਕੂਲ ਦਾ ਨਾਉਂ ਖਾਲਸਾ ਹਾਇਰ ਸਕੈਂਡਰੀ ਸਕੂਲ ਕੈਰੋਂ ਹੈ। ਇਹ ਪਿੰਡ ਤੋਂ ਇਕ ਮੀਲ ਬਾਹਰ ਕੈਰੋਂ ਤੋਂ ਸਬਾਜਪੁਰ ਨੂੰ ਜਾਂਦੀ ਸੜਕ ਉੱਤੇ ਬਣਿਆ ਹੋਇਆ ਹੈ।

ਇਸ ਦੀ ਬਿਲਡਿੰਗ ਬਹੁਤ ਖੁਲ੍ਹੀ ਅਤੇ ਸੁੰਦਰ ਹੈ। ਹਰ ਜਮਾਤ ਦਾ ਕਮਰਾ ਵੱਖਰਾ ਵੱਖਰਾ ਤੇ ਕਾਫੀ ਵੱਡਾ ਹੈ। ਭਾਵੇਂ ਸੈਕਸ਼ਨ ਕਾਫੀ ਹਨ, ਪਰ ਕੋਈ ਜਮਾਤ ਅਜੇਹੀ ਨਹੀਂ ਜੋ ਬਾਹਰ ਬੈਠਦੀ ਹੋਵੇ ਸਭ ਲਈ ਸ਼ਾਨਦਾਰ ਕਮਰੇ ਹਨ।

ਕਮਰਿਆਂ ਵਿਚ ਵਿਦਿਆਰਥੀਆਂ ਦੇ ਬੈਠਣ ਵਾਸਤੇ ਪੂਰਾ ਪੂਰਾ ਫ਼ਰਨੀਚਰ ਹੈ। ਅਧਿਆਪਕ ਲਈ ਉੱਚੀ ਥਾਂ ਤੇ ਕੁਰਸੀ ਅਤੇ ਮੇਜ਼ ਬਣਿਆ ਹੋਇਆ ਹੈ। ਕਮਰੇ ਹਵਾਦਾਰ ਅਤੇ ਰੌਸ਼ਨੀ ਵਾਲੇ ਹਨ। ਗਰਮੀਆਂ ਲਈ ਪੱਖਿਆਂ ਦਾ ਪੂਰਾ ਪੂਰਾ ਪ੍ਰਬੰਧ ਹੈ। ਇਸ ਸਕੂਲ ਸਨਅਤੀ ਸ਼੍ਰੇਣੀਆਂ ਲਈ ਡਰਾਇੰਗ ਰੂਮ, ਸਾਇੰਸ ਰੂਮ, ਲੜਕੀ ਦੇ ਕੰਮ ਲਈ ਅਤੇ ਦਰਜ਼ੀ ਦੇ ਕੰਮ ਲਈ ਵਖਰਾ ਕਮਰਾ ਹੈ। ਕੱਤਣ ਤੇ ਬੁਣਨ ਲਈ ਵੱਖਰਾ ਵੱਖਰਾ ਕਮਰਾ ਹੈ। ਹਰ ਕਮਰਾ ਆਪਣੀ ਜਮਾਤ ਦੇ ਸਮਾਨ ਨਾਲ ਭਰਿਆ ਹੋਇਆ ਹੈ।

ਸਕੂਲ ਦਾ ਮੁਖਅਧਿਆਪਕ ਸ੍ਰ: ਪ੍ਰਤਾਪ ਸਿੰਘ ਬਹੁਤ ਲਾਇਕ, ਤਜ਼ਰਬੇਕਾਰ ਅਤੇ ਵਿਦਵਾਨ ਹੈ। ਆਪ ਨੂੰ ਇਸ ਸਕੂਲ ਵਿਚ ਕੰਮ ਕਰਦਿਆਂ ਲਗ ਪਗ ਪੰਦਰਾਂ ਸਾਲ ਹੋ ਗਏ ਹਨ। ਇਹਨਾਂ ਦੇ ਹਥਾਂ ਵਿਚ ਹੀ ਇਹ ਸਕੂਲ ਮਿਡਲ ਤੋਂ ਹਾਈ ਅਤੇ ਹਾਈ ਤੋਂ ਹਾਇਰ ਸਕੈਂਡਰੀ ਹੋਇਆ ਹੈ। ਆਪ ਸਕੂਲ ਲਈ ਰਾਤ ਦਿਨ ਨਵੀਆਂ ਸਕੀਮਾਂ ਬਣਾਉਂਦੇ ਰਹਿੰਦੇ ਹਨ। ਇਸੇ ਲਈ ਸਾਡਾ ਸਕੂਲ ਆਏ ਦਿਨ

'ਲੰਡੀ ਚੋਈ' ਆਖਦੇ ਸ਼ਨ। ਗਰਮੀਆਂ ਨੂੰ ਲੋਕੀਂ ਉਥੇ ਇਸ਼ਨਾਨ ਕਰਦੇ ਹਨ ਤੇ ਕਈ ਮੱਛੀਆਂ ਆਦਿ ਵੀ ਫੜ ਲਿਆਉਂਦੇ ਹਨ।

ਪਿੰਡ ਵਿਚ ਸਫਾਈ ਦਾ ਪੂਰਾ ਪੂਰਾ ਪ੍ਰਬੰਧ ਹੈ ਗਲੀਆਂ ਵੀ ਪੱਕੀਆਂ ਹੋ ਰਹੀਆਂ ਹਨ। ਘਰ ਘਰ ਨਲਕੇ ਲੱਗੇ ਹਨ। ਇਕ ਪੰਚਾਇਤ ਘਰ ਹੈ ਤੇ ਇਕ ਜੰਜ ਘਰ ਹੈ ਜਿਥੇ ਸਾਰੇ ਪਿੰਡ ਦੀਆਂ ਜੰਜਾਂ ਉਤਰਦੀਆਂ ਹਨ। ਸਾਰੇ ਪਿੰਡ ਦੀ ਏਕਤਾ ਆਲੇ ਦੁਆਲੇ ਵਿਚ ਮਸ਼ਹੂਰ ਹੈ।

ਮੇਰਾ ਦੇਸ਼

ਮੇਰੇ ਦੇਸ਼ ਦਾ ਨਾਂ ਭਾਰਤ ਵਰਸ਼ ਹੈ। ਇਸ ਦੇਸ਼ ਦੀਆਂ ਹੱਦਾਂ ਵਿਚ ਕਦੇ ਲੰਕਾ, ਬਰਮਾ ਤੇ ਅਫ਼ਗਾਨਿਸਤਾਨ ਦੋਵੇਂ ਸ਼ਾਮਲ ਸਨ। ਜਿਉਂ ਜਿਉਂ ਸਾਡੇ ਦੇਸ਼ ਵਿਚ ਜਾਗਰਿਤੀ ਆਉਂਦੀ ਗਈ ਤਿਉਂ ਤਿਉਂ ਲੋਕ ਬ੍ਰਿਟਿਸ਼ ਸਰਕਾਰ ਪਾਸੋਂ ਆਜ਼ਾਦੀ ਦੀ ਮੰਗ ਕਰਦੇ ਗਏ। ਇਸੇ ਆਜ਼ਾਦੀ ਦੀ ਮੰਗ ਅਧੀਨ ਸੰਨ 1937 ਈ: ਵਿਚ ਬਰਮਾ ਨੂੰ ਭਾਰਤ ਨਾਲੋਂ ਵੱਖ ਕਰਕੇ ਇਕ ਵਖਰਾ ਦੇਸ਼ ਬਣਾ ਦਿਤਾ। ਬਰਮਾ 1937 ਵਿਚ ਅੰਗਰੇਜ਼ਾਂ ਦੀ ਇਕ ਨੌ ਆਬਾਦੀ ਬਣ ਗਈ। ਉਹ ਇਲਾਕਾ ਜਿਥੇ ਅਨੇਕਾਂ ਭਾਰਤੀ ਵਸਦੇ ਸਨ ਬਰਮੀਆਂ ਨੂੰ ਭੈਣਾਂ ਭਰਾਵਾਂ ਵਾਂਗ ਸਮਝਦੇ ਸਨ। ਪਰ ਜਿਉਂ ਹੀ ਅੰਗਰੇਜ਼ ਸਰਕਾਰ ਨੇ ਭਾਰਤ, ਪਾਕਿਸਤਾਨ ਤੇ ਬਰਮਾ ਨੂੰ ਆਜ਼ਾਦ ਕੀਤਾ ਤਦ ਬਰਮਾ ਸਰਕਾਰ ਨੇ ਸਾਰੇ ਭਾਰਤੀਆਂ ਨੂੰ ਗੈਰਮੁਲਕੀ ਘੋਸ਼ਿਤ ਕਰਕੇ ਬਰਮਾ ਵਿਚੋਂ ਕੱਢ ਦਿੱਤਾ।

ਅਫ਼ਗਾਨਿਸਤਾਨ ਨੂੰ ਵੀ ਅੰਗਰੇਜ ਸਰਕਾਰ ਨੇ 1939 ਵਿਚ ਇਕ ਅੱਡ ਦੇਸ਼ ਘੋਸ਼ਿਤ ਕਰ ਦਿਤਾ। ਇਧਰੋਂ 1948 ਵਿਚ ਲੰਕਾ ਨੂੰ ਵੀ ਅੰਗਰੇਜ਼ਾਂ ਨੇ ਆਜ਼ਾਦ ਕਰ ਦਿਤਾ। ਇਉਂ ਭਾਰਤ ਦੇ ਖੰਭ ਬਰਮਾ, ਅਫਗਾਨਿਸਤਾਨ ਤੇ ਲੰਕਾ ਭਾਰਤ ਨਾਲੋਂ ਕਟ ਦਿੱਤੇ ਗਏ। ਉਹ ਬਰਮਾ, ਅਫ਼ਗਾਨਿਸਤਾਨ ਤੇ ਲੰਕਾ ਦੇ ਇਲਾਕੇ ਜੋ ਭਾਰਤ ਤੇ ਬਹੁਤ ਸਾਰੀਆਂ ਚੀਜ਼ਾਂ ਤੇ ਮੁਥਾਜ ਸਨ, ਆਜ਼ਾਦ ਹੋਣ ਸਾਰ ਹੀ ਭਾਰਤ ਨੂੰ ਘ੍ਰਿਣਾ ਨਾਲ ਵੇਖਣ ਲਗ ਪਏ। ਇਹ ਤਿੰਨੇ ਦੇਸ਼ ਅਜ ਵੀ ਪ੍ਰਗਟ ਤੌਰ ਤੇ ਭਾਰਤ ਦੇ ਸੱਜਣ ਹਨ, ਪਰ ਅੰਦਰਖਾਨੇ ਵੈਰੀ ਹਨ।

ਲੰਕਾ, ਭਾਰਤ ਦੇ ਨਾਲ ਇਹ ਝਗੜਾ ਪੈਦਾ ਕਰੀ ਬੈਠਾ ਹੈ ਕਿ ਭਾਰਤੀਆਂ ਨੂੰ ਜੋ ਪੰਜਾਹ ਪੰਜਾਹ ਸਾਲ ਤੋਂ ਉਥੇ ਬੈਠੇ ਹਨ ਕਢੋ। ਪਿਛਲੇ ਦਿਨੀ ਲੰਕਾ ਨੇ ਕਚਾਥੇਵਾ ਟਾਪੂ ਤੇ ਆਪਣਾ ਕਬਜ਼ਾ ਕਰ ਲਿਆ ਹੈ ਤੇ ਕਿਹਾ ਹੈ ਕਿ ਇਹ ਲੰਕਾ

ਦਾ ਹੈ।

ਇਸੇ ਤਰ੍ਹਾਂ ਅਫਗਾਨਿਸਤਾਨ ਵਿਚੋਂ ਬਹੁਤ ਸਾਰੇ ਹਿੰਦੂ, ਸਿੱਖ ਭਾਰਤ ਆ ਚੁਕੇ ਹਨ। ਪਰ ਭਾਰਤ ਤੇ ਅਫ਼ਗਾਨ ਸਰਕਾਰ ਦੇ ਸੰਬੰਧ ਹਨ ਇਸ ਲਈ ਉਹਨਾਂ ਵਿਚ ਗੜਬੜ ਘਟ ਹੈ। ਬਰਮਾ ਵਾਲਿਆਂ ਨੇ ਭਾਰਤੀਆਂ ਨੂੰ ਬਰਮਾ ਤੋਂ ਕੱਢ ਦਿਤਾ ਹੈ ਤੇ ਕਿਹਾ ਹੈ ਕਿ ਤੁਸੀਂ ਬਰਮੀ ਨਹੀਂ ਹੋ।

ਇਹ ਸਭ ਕੁਝ ਹੋਣ ਦੇ ਬਾਵਜੂਦ ਮੇਰਾ ਦੇਸ਼ ਬੜਾ ਵੱਡਾ ਦੇਸ਼ ਸੀ ਪਰ ਦੂਜੀ ਵੱਡੀ ਜੰਗ ਨੇ ਅੰਗਰੇਜ਼ਾਂ ਨੂੰ ਕਈ ਕਾਰਨਾਂ ਕਰ ਕੇ ਬੇਬਸ ਕਰ ਦਿੱਤਾ ਸੀ। ਕਿ ਉਹ ਭਾਰਤ ਉਤੇ ਕਾਬਜ਼ ਨਹੀਂ ਰਹਿ ਸਕਦੇ ਸਨ। ਬੇਬਸ ਕਰਨ ਵਾਲਿਆਂ ਕੁਝ ਗੱਲਾਂ ਇਹ ਸਨ :—

1. ਆਜ਼ਾਦ ਹਿੰਦ ਫੌਜ।

2. ਜਲ ਸੈਨਾ ਤੇ ਹਵਾਈ ਸੈਨਾ ਦਾ ਬਾਗੀ ਹੋ ਜਾਣਾ।

3. ਜਨਤਾ ਅਗੇ ਹੀ ਬਾਗੀ ਹੋ ਚੁਕੀ ਸੀ। ਇਸ ਤੋਂ ਛੁਟ ਕਈ ਹੋਰ ਕਾਰਨ ਸਨ ਜਿਵੇਂ ਬਰਤਾਨੀਆਂ ਆਰਥਿਕ ਤੌਰ ਤੇ ਕਮਜ਼ੋਰ ਹੋ ਚੁੱਕਾ ਸੀ ਤੇ ਇਸ ਦੇ ਨਾਲ ਹੀ ਉਸ ਦਾ ਦੇਸ਼ ਲੜਾਈ ਵਿਚ ਜਾਣ ਲਈ ਤਿਆਰ ਨਹੀਂ ਸੀ। ਅੰਗ੍ਰੇਜ਼ ਜਦ ਇਹ ਸਮਝ ਗਿਆ ਕਿ ਉਹ ਭਾਰਤ ਤੇ ਕਬਜ਼ਾ ਨਹੀਂ ਰਖ ਸਕਦਾ ਤਦ ਉਸ ਨੇ ਭਾਰਤ ਨੂੰ ਭਾਰਤ ਤੇ ਪਾਕਿਸਤਾਨ ਦੋ ਭਾਗਾਂ ਵਿਚ ਵੰਡ ਦਿੱਤਾ ਤੇ ਦੋ ਮੁਲਕ ਬਣਾਕੇ ਚਲਾ ਗਿਆ।

ਇਹ ਸਭ ਕੁਝ ਹੁੰਦੇ ਹੋਇਆਂ ਮੇਰੇ ਦੇਸ਼ ਦੇ ਉੱਤਰ ਵੱਲ ਹਿਮਾਲਾ ਦੀਆਂ ਦੁਧ ਚਿਟੀਆਂ ਬਰਫਾਨੀਆਂ ਚੋਟੀਆਂ ਭਾਰਤ ਦੇ ਸਿਰ ਉਤੇ ਤਾਜ ਵਾਂਗ ਸੋਭਾਇਮਾਨ ਹਨ। ਇਸ ਹਿਮਾਲਾ ਦੀਆਂ ਘਾਟੀਆਂ ਵਿਚ ਨੇਪਾਲ, ਭੂਟਾਨ ਤੇ ਸਿਕਮ ਤਿੰਨ ਇਲਾਕੇ ਹਨ ਜੋ ਤਿਬਤ ਤੇ ਭਾਰਤ ਦੇ ਵਿਚਕਾਰ ਇਕ ਸਰਹੱਦੀ ਇਲਾਕੇ ਹਨ। ਨੇਪਾਲ ਨੂੰ ਭਾਰਤ ਨੇ ਇਕ ਸੁਤੰਤਰ ਰਾਜ ਘੋਸ਼ਿਤ ਕਰ ਦਿੱਤਾ ਹੈ। ਭਾਵੇਂ ਇਹ ਅੰਗਰੇਜ਼ਾਂ ਦੇ ਅਧੀਨ ਸੀ। ਇਸ ਤੋਂ ਛੁਟ ਭੂਟਾਨ ਤੇ ਸਿਕਮ ਵਿਸ਼ੇਸ਼ ਸੰਧੀਆਂ ਦੁਆਰਾ ਭਾਰਤ ਦੇ ਅਧੀਨ ਹਨ। ਉਹਨਾਂ ਦਾ Defence, ਵਿਦੇਸ਼ ਨੀਤੀ, ਆਵਾ-ਜਾਵੀ ਅਤੇ ਡਾਕ ਤੇ ਸੰਚਾਰ ਨੀਤੀ ਭਾਰਤ ਕੋਲ ਹੈ।

ਮੇਰਾ ਦੇਸ਼ ਅਜ ਵੀ ਮਹਾਨ ਹੈ। ਇਸ ਦੇ ਅੰਦਰ ਹਰ ਉਹ ਜਿਨਸ ਪੈਦਾ ਹੁੰਦੀ ਹੈ ਜੋ ਸੰਸਾਰ ਦੇ ਸਭਨਾਂ ਦੇਸ਼ਾਂ ਵਿਚ ਨਹੀਂ ਹੁੰਦੀ। ਇਸ ਦੇਸ਼ ਵਿਚ ਅੰਤਰ ਪ੍ਰਾਂਤੀ ਵਣਜ ਹੁੰਦਾ ਹੈ। ਹਰ ਪ੍ਰਾਂਤ ਇਕ ਦੂਜੇ ਦੇ ਉਤੇ ਨਿਰਭਰ ਕਰਦਾ ਹੈ।

ਮੇਰਾ ਦੇਸ਼ ਕਪੜਾ, ਚਾਹ, ਪਟਸਨ, ਖੱਲਾਂ, ਖੰਡ ਆਦਿ ਵਿਦੇਸ਼ਾਂ ਨੂੰ ਭੇਜਦਾ ਹੈ। ਜਿਸ ਤੋਂ ਮੇਰੇ ਦੇਸ਼ ਨੂੰ ਡਾਲਰ ਪ੍ਰਾਪਤ ਹੁੰਦੇ ਹਨ ਅਤੇ ਮੇਰਾ ਦੇਸ਼ ਗੈਰ ਮੁਲਕਾਂ ਤੋਂ ਲੋੜੀਂਦੀਆਂ ਵਸਤਾਂ ਪ੍ਰਾਪਤ ਕਰਦਾ ਹੈ।

ਮੇਰੇ ਦੇਸ ਦੇ ਵਿਚ ਬੜੇ ਵਿਦਵਾਨ ਹਨ। ਪਿਛਲੇ ਦਿਨਾਂ ਵਿਚ ਭਾਰਤ ਦੇ ਵਿਦਵਾਨ ਡਾ: ਹਰਗੋਬਿੰਦ ਖੁਰਾਨਾ ਨੂੰ ਕੈਨੇਡਾ ਵਿਚੋਂ ਨੋਬਲ ਪ੍ਰਾਈਜ਼ ਮਿਲਿਆ ਹੈ।

ਮੇਰੇ ਦੇਸ਼ ਵਿਚ ਏਨਾ ਪਾਣੀ ਹੈ ਕਿ ਉਸ ਨਾਲ ਬਹੁਤ ਸਾਰੀ ਪਣ-ਬਿਜਲੀ ਪੈਦਾ ਹੁੰਦੀ ਹੈ। ਉਸ ਪਣ-ਬਿਜਲੀ ਨਾਲ ਭਾਰਤ ਦੀਆਂ ਸਨਅਤਾਂ ਚੱਲ ਰਹੀਆਂ ਹਨ। ਪੰਜਾਬ ਵਿਚ ਭਾਖੜਾ ਨੰਗਲ ਤੇ ਜੁਗਿੰਦਰ ਨਗਰ ਦੋ ਪਣ-ਬਿਜਲੀ ਉਪਜਾਊ ਕੇਂਦਰ ਹਨ ਜਿਨ੍ਹਾਂ ਨਾਲ, ਪੰਜਾਬ, ਹਰਿਆਨਾ, ਰਾਜਸਥਾਨ ਤੇ ਦਿੱਲੀ ਦੀਆਂ ਸਨਅਤਾਂ ਚਲ ਰਹੀਆਂ ਹਨ। ਭਾਖੜਾ ਦੀਆਂ ਨਹਿਰਾਂ ਪੰਜਾਬ ਦੀ ਧਰਤੀ ਨੂੰ ਸਿੰਜ ਕੇ ਖੇਤੀ ਦੀ ਉਪਜ ਵਧਾ ਰਹੀਆਂ ਹਨ।

ਪੰਜਾਬ ਵਿਚ ਰਾਵੀ ਤੇ ਬਿਆਸ ਦਾ ਵਾਧੂ ਪਾਣੀ ਸਮੁੰਦਰ ਵਿਚ ਵਿਅਰਥ ਚਲ ਜਾਂਦਾ ਹੈ। ਇਸ ਲਈ ਇਕ ਡੈਮ ਰਾਵੀ ਦੇ ਪਾਣੀ ਨੂੰ ਬਿਆਸ ਵਿਚ ਸੁਟਣ ਲਈ ਬਣਾਇਆ ਹੈ। ਇਕ ਹੋਰ ਡੈਮ ਬਿਆਸ ਅਤੇ ਸਤਲੁਜ ਵਿਚਕਾਰ ਬਣਾਇਆ ਗਿਆ ਹੈ ਜਿਵੇਂ ਰਾਵੀ ਦਾ ਪਾਣੀ ਬਿਆਸ ਵਿਚ ਸੁਟਿਆ ਗਿਆ ਹੈ ਤਿਵੇਂ ਬਿਆਸ ਦਾ ਫਾਲਤੂ ਪਾਣੀ ਸਤਲੁਜ ਵਿਚ ਸੁਟਿਆ ਜਾਵੇਗਾ। ਇਸ ਨਾਲ ਇਕ ਤਾਂ ਪਾਣੀ ਵਿਅਰਥ ਨਹੀਂ ਜਾਵੇਗਾ, ਦੂਜੇ ਉਸ ਤੋਂ ਅਧਿਕ ਲਾਭ ਪ੍ਰਾਪਤ ਹੋ ਸਕਣਗੇ ਤੇ ਬਿਜਲੀ ਭੀ ਹੋਰ ਪੈਦਾ ਕੀਤੀ ਜਾ ਸਕੇਗੀ।

ਗੱਲ ਕੀ ਮੈਂ ਆਪਣੇ ਦੇਸ ਦੇ ਕਿਹੜੇ ਕਿਹੜੇ ਵਾਧੇ ਦਸਾਂ। ਇਸ ਸਭ ਵਾਧੇ ਮੇਰੇ ਦੇਸ ਨੂੰ ਉੱਨਤੀ ਵਲ ਲੈ ਜਾ ਰਹੇ ਹਨ।

ਮੇਰਾ ਪੰਜਾਬ

ਮੇਰਾ ਪੰਜਾਬ ਜਿਸ ਵਿਚ ਮੈਂ ਜਨਮ ਲਿਆ ਸੀ ਉਹ ਬੜਾ ਵੱਡਾ ਸੀ। ਉਸ ਦੀਆਂ ਹਦਾ ਉਤਰ ਪੱਛਮੀ ਸਰਹੱਦੀ ਸੂਬਾ ਤੇ ਸਿੰਧ ਨਾਲ ਲਗਦੀਆਂ ਸਨ। ਇਧਰੋਂ ਤਿਬਤ ਤੇ ਦਿੱਲੀ ਤਕ ਲਗਦੀਆਂ ਸਨ। ਪਰ ਫੁਟ ਨੇ ਪੰਜਾਬ ਨੂੰ ਹੌਲੀ ਹੌਲੀ ਬੜੀ ਬੁਰੀ ਤਰ੍ਹਾਂ ਖਾਧਾ ਹੈ।

ਸੰਨ 1947 ਈ: ਦੀ ਗੱਲ ਹੈ 15 ਅਗਸਤ ਵਾਲੇ ਦਿਨ ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦ ਕਰਦੇ ਹੋਇਆਂ ਪੰਜਾਬ ਦਾ ਬੜਾ ਵੱਡਾ ਪਛਮੀ ਭਾਗ ਜਿਸ

ਵਿਚ 19 ਬੜੇ ਵੱਡੇ ਵੱਡੇ ਜ਼ਿਲੇ ਸਨ। ਜਿਸ ਵਿਚ ਉਪਜਾਊ ਬਾਰਾਂ ਦਾ ਇਲਾਕਾ ਸੀ ਜਿਨਾਂ ਨੂੰ ਪੂਰਬੀ ਪੰਜਾਬ ਦੇ ਸਿਖ ਕਿਸਾਨਾਂ ਨੂੰ ਵਸਾਇਆ ਸਿੰਜਿਆਂ ਤੇ ਵਾਹਿਆ ਸੀ। ਉਥੇ ਲਖਾਂ ਮਨ ਅਨਾਜ ਤੇ ਕਪਾਹ ਪੈਦਾ ਕੀਤੀ, ਪਰ ਹਾਏ ਇਸ ਫੁਟ ਦਾ ਨਾਸ਼ ਹੋਵੇ, ਉਹ ਸਿਖ ਕਿਸਾਨ 15 ਅਸਗਤ 1947 ਨੂੰ ਕਾਫਲਿਆਂ ਦੇ ਰੂਪ ਵਿਚ ਪੂਰਬੀ ਪੰਜਾਬ ਵਲ ਰੀਫੀਊਜੀ ਬਣਾ ਕੇ ਕੱਢ ਦਿੱਤੇ ਗਏ। ਉਹ ਪੰਜਾਬ ਨੂੰ ਵਸਾਉਣ ਵਾਲੇ ਪੰਜਾਬੀ ਬੇਘਰ, ਬੇ ਸਰੋ-ਸਾਮਾਨੀ ਦੀ ਹਾਲਤ ਵਿਚ ਪੂਰਬੀ ਪੰਜਾਬ ਵਿਚ ਆ ਗਏ। ਇਸ ਪੂਰਬੀ ਪੰਜਾਬ ਵਿਚ 13 ਕੁ ਜ਼ਿਲੇ ਸਨ ਜੋ ਭਾਰਤ ਦਾ ਇਕ ਭਾਗ ਬਣ ਗਿਆ। ਲਗ ਪਗ ਇਕ ਕਰੋੜ ਪੰਜਾਬੀਆਂ ਨੂੰ ਮੁੜ ਵਸਾਉਣ ਦਾ ਭਾਰ ਮੇਰੇ ਪੰਜਾਬ ਦੇ ਸਿਰ ਉਤੇ ਆਇਆ।

ਪੰਜਾਬ ਦੀ ਰਾਜਧਾਨੀ,ਯੂਨੀਵਰਸਿਟੀ, ਵੱਡੇ ਵੱਡੇ ਕਾਲਜ ਸਭ ਪਾਕਿਸਤਾਨ ਵਿਚ ਰਹਿ ਗਏ। ਪੂਰਬੀ ਪੰਜਾਬ ਹੁਣ ਮੇਰਾ ਪ੍ਰਾਂਤ ਸੀ ਤੇ ਮੈਂ ਸੋਚ ਰਿਹਾ ਸਾਂ ਕਿ ਕੀ ਬਣੇਗਾ ?

ਹੌਲੀ ਹੌਲੀ ਪੰਜਾਬ ਦੀਆਂ ਸਤ ਰਿਆਸਤਾਂ ਦਾ ਇਕ ਸੰਘ ਪੈਪਸੂ ਨਾਂ ਤੇ ਬਣ ਗਿਆ। ਇਹ ਪੰਜਾਬ ਵਿਚ ਇਕ ਹੋਰ ਪੰਜਾਬ ਸੀ। ਭਾਰਤ ਸਰਕਾਰ ਜਦੋਂ ਸੰਵਿਧਾਨ ਬਣਾ ਕੇ ਵਿਹਲੀ ਹੋਈ ਤਾਂ ਉਸ ਨੇ ਰਾਜਾਂ ਦਾ ਪੁਨਰ ਗਠਨ ਕੀਤਾ। ਪੈਪਸੂ ਦਾ ਇਲਾਕਾ ਪੂਰਬੀ ਪੰਜਾਬ ਵਿਚ ਰਲਾ ਦਿੱਤਾ ਗਿਆ। ਪਰ ਹਿਮਾਚਲ ਦੀਆਂ ਪਹਾੜੀਆਂ ਦਾ ਇਕ ਸੰਘ ਹਿਮਾਚਲ ਪ੍ਰਦੇਸ਼ ਦੇ ਨਾਂ ਤੇ ਬਣਾ ਦਿੱਤਾ। ਇਹ ਸੀ ਪੰਜਾਬ ਦੀ ਦੂਜੀ ਹਾਲਤ ! ਚਾਹੀਦਾ ਤਾਂ ਇਹ ਸੀ ਕਿ ਹਿਮਾਚਲ ਵੀ ਪੰਜਾਬ ਵਿਜ ਰਲਾ ਦਿੱਤਾ ਜਾਂਦਾ, ਪਰ ਫੁਟ ਇਥੇ ਵੀ ਕੰਮ ਕਰ ਗਈ ਤੇ ਪਹਾੜੀ ਪੰਜਾਬੀ ਦਾ ਸੁਆਲ ਜਿਤ ਪਾ ਗਿਆ ਸੀ।

ਹੌਲੀ ਹੌਲੀ ਪੰਜਾਬ ਦੇ ਸਾਸਟਰ ਤਾਰਾ ਸਿੰਘ ਜੋ ਅਕਾਲੀ ਲੀਡਰ ਸਨ ਉਸ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ। ਜਿਸ ਦੇ ਵਾਸਤੇ ਮਰਨ ਵਰਤ ਰਖਿਆ ਗਿਆ। ਅੰਤ ਸੰਤ ਫਤਹ ਸਿੰਘ ਨੇ ਸੜ ਮਰਨ ਦਾ ਵਰਤ ਰਖਿਆ।

ਉਧਰ 1965 ਵਿਚ ਪਾਕਿਸਤਾਨ ਨੇ ਭਾਰਤੀਆਂ ਹੱਦਾਂ ਤੇ ਹਮਲਾ ਕਰ ਦਿੱਤਾ ਇਧਰ ਸੰਤ ਫਤਹ ਸਿੰਘ ਪੰਜਾਬੀ ਸੂਬੇ ਦੀ ਮੰਗ ਤੇ ਆਪਣਾ ਰਾਗ ਅਲਾਪਣ ਲੱਗਾ। ਅੰਤ ਕੇਂਦਰ ਨੇ ਪੰਜਾਬੀ ਸੂਬੇ ਦੇ ਸਿਧਾਂਤ ਨੂੰ ਮੰਨ ਲਿਆ ਜੰਗ ਜਿੱਤੀ ਗਈ ਤੇ ਅੰਤ ਕਮੀਸ਼ਨ ਮੁਕਰਰ ਹੋ ਗਿਆ। ਕਮੀਸ਼ਨ ਨੇ ਹਰੇ ਭਰੇ ਪੰਜਾਬ ਦਾ ਸਤਿਆ ਨਾਸ ਕਰ ਦਿੱਤਾ। ਉਹ ਇਉਂ ਕਿ—

(i) ਬੋਲੀ ਦੇ ਆਧਾਰ ਤੇ ਇਕ ਪੰਜਾਬੀ ਸੂਬਾ ਬਣਾ ਦਿੱਤਾ।

(ii) ਹਰਿਆਣਾ ਪ੍ਰਾਂਤ ਬਣਾ ਦਿੱਤਾ।

(iii) ਪੰਜਾਬ ਦਾ ਪਹਾੜੀ ਇਲਾਕਾ ਹਿਮਾਚਲ ਨੂੰ ਦੇ ਦਿੱਤਾ।

(iv) ਚੰਡੀਗੜ੍ਹ ਕੇਂਦਰੀ ਪ੍ਰਾਂਤ।

(v) ਭਾਖੜਾ ਆਦਿਕ ਡੈਮ ਭੀ ਕੇਂਦਰੀ ਕੰਟਰੋਲ ਵਿਚ ਚਲੇ ਗਏ।

ਇਹ ਸੀ ਮੇਰੇ ਪੰਜਾਬ ਦੀ ਅੰਤਮ ਹਾਲਤ ਜੋ ਫੁਟ ਦੀ ਕ੍ਰਿਪਾ ਨਾਲ ਹੋਈ। ਕਲ੍ਹ ਦਾ ਪੰਜਾਬ ਅੱਜ ਨਿੱਕੀ ਜਿਹੀ ਸੂਬੀ ਰਹਿ ਗਈ।

ਇਸ ਪੰਜਾਬੀ ਵਿਚ ਹੁਣ 11 ਜ਼ਿਲੇ ਰਹਿ ਗਏ ਹਨ ਤੇ ਇਸ ਦੀ ਹਾਲਤ ਇਹ ਹੈ ਕਿ ਇਥੇ ਹਰ ਵੇਲੇ ਕਈ ਸਮੱਸਿਆਵਾਂ ਹਣੀਆਂ ਰਹਿੰਦੀਆਂ ਹਨ। ਅਜ ਵੀ ਅਕਾਲੀ ਆਪਣੀ ਡਫਲੀ ਵਜਾ ਰਹੇ ਹਨ ਕਿ ਸਰਕਾਰ ਚੰਡੀਗੜ੍ਹ ਪੰਜਾਬ ਨੂੰ ਦੇਵੇ ਤੇ ਜਿਹੜੇ ਇਲਾਕੇ ਪੰਜਾਬ ਦੇ ਹਰਿਆਣੇ ਵਿਚ ਚਲੇ ਗਏ ਹਨ। ਉਹ ਵਾਪਸ ਦਿਤੇ ਜਾਣ।

ਭਾਰਤ ਸਰਕਾਰ ਨੇ ਪੰਜਾਬ ਨੂੰ ਚੰਡੀਗੜ੍ਹ ਇਸ ਸ਼ਰਤ ਤੇ ਦੇਣ ਦਾ ਐਲਾਨ ਕੀਤਾ ਕਿ ਪੰਜਾਬ ਫਾਜਿਲਕਾ ਤਸੀਲ ਦੇ ਕੁਝ ਇਲਾਕੇ ਹਰਿਆਣੇ ਨੂੰ ਦੇ ਦੇਵੇ ਤੇ ਨਾਲ ਹੀ ਪੰਜ ਪਿੰਡ ਚੰਡੀਗੜ੍ਹ ਦੇ ਵੀ ਦੇਵੇ, ਤੇ ਚੰਡੀਗੜ੍ਹ ਸਾਂਭ ਲਵੇ। ਪਰ ਪੰਜਾਬ ਦੇ ਵਿਚ ਫੁਟ ਜ਼ੋਰਾਂ ਤੇ ਸੀ। ਇਸ ਲਈ ਨਿਰਨਾ ਨਾ ਹੋ ਸਕਿਆ। ਹੁਣ ਨਵੀਆਂ ਚੋਣਾਂ 1972 ਵਿਚ ਹੋਈਆਂ ਹਨ, ਪਰ ਸਾਨੂੰ ਇਹ ਸਮਸਿਆ ਹਲ੍ਹ ਹੁੰਦੀ ਦਿਖਾਈ ਨਹੀਂ ਦੇ ਰਹੀ। ਇਹ ਚੰਡੀਗੜ੍ਹ ਉਹ ਸ਼ਹਿਰ ਜਿਸਨੂੰ ਵਸਾਉਣ ਲਈ ਪੰਜਾਬੀਆਂ ਨੇ ਬੜਾ ਭਾਰਾ ਹਿਸਾ ਪਾਇਆ ਹੈ। ਇਸ ਲਈ ਪੰਜਾਬੀ ਚੰਡੀਗੜ੍ਹ ਛਡਣਾ ਨਹੀਂ ਚਾਹੁੰਦੇ, ਪਰ ਕੇਂਦਰੀ ਸਰਕਾਰ ਦਾ ਇਸ ਵਿਚ ਲਾਭ ਹੈ। ਕਿ ਹਰਿਆਣਾ, ਹਿਮਾਚਲ, ਤੇ ਪੰਜਾਬ ਆਪੋ ਵਿਚ ਲੜਦੇ ਹੀ ਰਹਿਣ।

ਏਨਾ ਕੁਝ ਹੋਣ ਤੇ ਵੀ ਮੇਰਾ ਪੰਜਾਬ ਉਪਜਾਊ ਹੈ। ਇਥੋਂ ਦੇ ਲੋਕ ਮਿਹਨਤੀ ਹਨ। ਇਥੋਂ ਸਨਅਤ ਉੱਨਤ ਹੈ। ਇਹ ਕਿਸੇ ਦਾ ਮੁਥਾਜ ਨਹੀਂ, ਇਸ ਨੇ ਇਸ ਸਾਲ ਕੇਂਦਰ ਨੂੰ ਲੋੜ ਤੋਂ ਵਾਧ ਅਨਾਜ ਦਿੱਤਾ ਹੈ। ਇਸ ਦਾ ਰਹਿਣ ਸਹਿਣ, ਖਾਣ ਪੀਣ ਬਹੁਤ ਚੰਗਾ ਹੈ। ਇਥੋਂ ਦੇ ਲੋਕ ਬੜੇ ਮਿਠ ਬੋਲੇ ਤੇ ਮਿਲਾਪੜੇ ਹਨ। ਇਹ ਮਹਿਮਾਨ ਨਿਵਾਜ਼ ਹਨ।

ਇਸ ਦੇ ਮੁੱਖ ਸ਼ਹਿਰ ਅੰਮ੍ਰਿਤਸਰ, ਜਾਲੰਧਰ, ਲੁਧਿਆਣਾ, ਪਟਿਆਲਾ ਆਦਿ ਦਿਨੋ ਦਿਨ ਉੱਨਤ ਹੋ ਰਹੇ ਹਨ। ਇਕ ਘਾਟ ਹੈ ਰਾਜਧਾਨੀ ਦੀ ਕਿਉਂਕਿ ਅਜੇ ਤਕ ਕੇਂਦਰੀ ਸਰਕਾਰ ਚੰਡੀਗੜ੍ਹ ਦਾ ਫੈਸਲਾ ਨਹੀਂ ਕਰ ਰਹੀ।

ਐਵਰੈਸਟ ਦੀ ਜਿੱਤ

(M. S. E. 1958)

ਮਾਉਂਟ ਐਵਰੈਸਟ ਹਿਮਾਲਾ ਪਹਾੜ ਦੀ ਉਸ ਚੋਟੀ ਦਾ ਨਾਂ ਹੈ, ਜੋ ਸਭ ਤੋਂ ਉੱਚੀ ਹੈ ਤੇ ਉਸ ਦੀ ਉਚਾਈ 29002 ਫੁਟ ਹੈ। ਭਾਰਤ ਜਦ ਆਜ਼ਾਦ ਸੀ ਤਾਂ ਇਸ ਚੋਟੀ ਦਾ ਨਾਂ ਗੌਰੀ ਸ਼ੰਕਰ ਸੀ। ਪਰ ਅੰਗਰੇਜ਼ਾਂ ਦੇ ਰਾਜ ਵਿਚ ਅੰਗਰੇਜ਼ ਗਵਰਨਰ ਜਨਰਲ ਨੇ ਕਰਨਲ ਐਵਰੈਸਟ ਨੂੰ ਹਿਮਾਲਾ ਦੀ ਪੂਰੀ ਜਾਣਕਾਰੀ ਲਈ ਨੀਅਤ ਕੀਤਾ। ਉਸਨੇ ਹਿਮਾਲਾ ਪਹਾੜ ਦੀ ਜਾਂਚ ਲਈ ਬਹਤ ਕੰਮ ਕੀਤਾ ਇਸੇ ਕਰਕੇ ਇਸ ਚੋਟੀ ਦਾ ਨਾਂ ਗੌਰੀ ਸ਼ੰਕਰ ਦੀ ਥਾਂ Mount Everest ਰਖ ਦਿਤਾ ਗਿਆ। ਇਉਂ ਕਰਨਲ ਐਵਰੈਸਟ ਦਾ ਨਾਂ ਤਦ ਤਕ ਕਾਇਮ ਰਹੇਗਾ ਜਦ ਤਕ ਇਹ ਚੋਟੀ ਕਾਇਮ ਰਹੇਗੀ।

ਇਹ ਗੱਲ ਇਤਿਹਾਸਕਾਰ ਮੰਨਦੇ ਹਨ ਕਿ ਐਵਰੈਸਟ ਉਪਰ ਚੜ੍ਹਨ ਲਈ ਬੜੀ ਵਾਰ ਜਤਨ ਕੀਤੇ ਗਏ, ਪਰ ਹਰਵਾਰ ਮਨੁੱਖ ਕੁਦਰਤ ਅਗੇ ਹਾਰ ਮੰਨਦਾ ਰਿਹਾ, ਪਰ ਉਸ ਨੇ ਆਪਣਾ ਹਠ ਨਾ ਛਡਿਆ।

ਸੰਨ 1953 ਈ: ਵਿਚ ਇਕ ਪਾਰਟੀ ਐਵਰੈਸਟ ਉਤੇ ਚੜ੍ਹਨ ਲਈ ਨੈਪਾਲ ਦੀ ਰਾਜਧਾਨੀ ਖਟਮੰਡੂ ਪੁਜੀ। ਇਹ ਪਾਰਟੀ ਹਿਮਾਚਲ ਸੰਮਤੀ ਵਲੋਂ ਤੁਰੀ ਸੀ। ਇਸ ਪਾਰਟੀ ਵਿਚ ਕਰਨਲ ਹੰਟ, ਐਡਮੰਡ ਹਿਲੇਰੀ, ਚਾਰਲਸ Eves ਤੇ ਤੇਨ ਸਿੰਘ ਮੁਖੀ ਸਨ। ਇਨ੍ਹਾਂ ਦੀ ਮਦਦ ਲਈ ਪਾਰਟੀ ਵਲੋਂ ਸ਼ੇਰਪਾ ਤੇ 350 ਕੁਲੀ ਦਿਤੇ ਗਏ।

ਇਹ ਪਾਰਟੀ ਖਟਮੰਡੂ ਤੋਂ ਨੌ ਦਿਨ ਤੁਰਦੀ ਹੋਈ ਸੋਲਾਪੰਬੂ ਪੁਜੀ। ਅਗੇ ਦੁਧਕੋਸੀ ਨਦੀ ਉਪਰ ਬਾਂਸਾਂ ਦਾ ਪੁਲ ਸੀ। ਜਿਸ ਨੂੰ ਉਸ ਪਾਰਟੀ ਨੇ ਪਾਰ ਕੀਤਾ। ਇਸ ਪਾਰਟੀ ਨੇ ਕਈ ਖਤਰਨਾਕ ਥਾਵਾਂ ਪਾਰ ਕੀਤੀਆਂ ਤੇ 17 ਦਿਨਾਂ ਵਿਚ ਇਹ ਲੋਕ ਹਿਮ ਨਦੀ ਕੋਲ ਪੁਜੇ। ਏਥੋਂ ਚੜ੍ਹਾਈ ਬੜੀ ਔਖੀ ਸੀ। ਇਥੇ ਬਰਫ ਦੇ ਵੱਡੇ ਵੱਡੇ ਤੋਦੇ ਵਗਦੇ ਸਨ। ਬੜੀਆਂ ਖਤਰਨਾਕ ਦਰਜਾਂ ਸਨ ਜੋ ਤਾਜ਼ੀ ਬਰਫ ਪੈਣ ਨਾਲ ਭਰ ਜਾਂਦੀਆਂ ਸਨ। ਇਹ ਪਤਾ ਲਗਾਣਾ ਮੁਸ਼ਕਲ ਸੀ ਕਿ ਇਹ ਕਿੰਨੀਆਂ ਕੁ ਡੂੰਘੀਆਂ ਹਨ। ਇਸ ਤੋਂ ਇਹ ਡਰ ਹਰ ਵੇਲੇ ਬਣਿਆ ਰਹਿੰਦਾ ਸੀ ਕਿ ਬਰਫ ਕਦੋਂ ਖਿਸਕ ਕੇ ਸਾਰੀ ਪਾਰਟੀ ਦਾ ਅੰਤ ਕਰ ਦੇਵੇਗੀ। ਪਾਰਟੀ ਦੇ ਮੈਂਬਰ ਚਟਾਨਾਂ ਨੂੰ ਕਟ ਕਟ ਕੇ ਝੰਡੀਆਂ ਗਡ ਗਡ ਕੇ ਆਪਣਾ ਰਾਹ ਬਣਾਂਦੇ ਸਨ। ਪਰ ਰਾਤ ਨੂੰ ਐਨੀ ਕੁ ਬਰਫ ਪੈਂਦੀ ਕਿ ਸਵੇਰੇ ਰਾਹ ਦਾ ਕੁਝ ਪਤਾ ਹੀ

ਨਾ ਲਗਦਾ । ਝੰਡੀਆਂ ਜੋ ਰਾਹ ਵਾਸਤੇ ਲਗਾਈਆਂ ਜਾਂਦੀਆਂ ਸਨ ਉਹ ਸਭ ਲੋਪ ਹੋ ਜਾਂਦੀਆਂ ਸਨ ।

ਇਸ ਪਾਰਟੀ ਦੇ ਮੈਂਬਰ ਬੜੇ ਹਿੰਮਤੀ ਸਨ । ਉਹਨਾਂ ਨੂੰ ਏਨੀਆਂ ਤਕਲੀਫਾਂ ਹੋਣ ਦੇ ਬਾਵਜੂਦ 19400 ਫੁਟ ਦੀ ਉਚਾਈ ਤੇ ਜਾ ਕੈਂਪ ਲਗਾਇਆ । ਇਸ ਤੋਂ ਅਗੇ ਚੜ੍ਹਾਈ ਬਿਲਕੁਲ ਸਿਧੀ ਸੀ । ਪਾਰਟੀ ਨੇ ਬੜੀ ਹਿੰਮਤ ਨਾਲ 20200 ਫੁਟ ਦੀ ਉਚਾਈ ਤੇ ਤੀਜਾ ਕੈਂਪ ਲਗਾ ਦਿੱਤਾ ।

ਇਸ ਤੋਂ ਅੱਗੇ ਬੜੇ ਭਿਆਨਕ ਟੋਏ ਤੇ ਖਾਈਆਂ ਸਨ। ਇਹਨਾਂ ਖਾਈਆਂ ਨੂੰ ਇਨ੍ਹਾਂ ਢਿਡ ਭਾਰ ਹੋ ਕੇ ਪਾਰ ਕੀਤਾ । ਇਹਨਾਂ ਨੇ ਜਦ ਬਰਫ ਪੁੱਟੀ ਤੇ ਇਹਨਾਂ ਨੂੰ ਪਹਿਲੀ ਪਾਰਟੀ ਦੇ ਕੁਝ ਸੰਦੂਕ ਲੱਭੇ । ਹੋਲੀ ਹੋਲੀ ਇਹ 24000 ਫੁਟ ਉਚਾਈ ਤੇ ਪੁਜ ਗਏ ਉਥੇ ਮੀਂਹ ਪੈਣ ਲਗ ਪਿਆ । ਖੈਰ ਇਹਨਾਂ ਨੇ ਬੜੀ ਮਿਹਨਤ ਨਾਲ 28000 ਫੁਟ ਤੇ ਪੁਜ ਕੇ ਅਠਵਾਂ ਕੈਂਪ ਲਗਾ ਦਿੱਤਾ । ਇਸ ਤਰ੍ਹਾਂ ਇਹ ਪਾਰਟੀ ਐਵਰੈਸਟ ਦੀ ਦਖਣੀ ਚੋਟੀ ਉਪਰ ਪੁਜ ਗਈ । ਅਗਲੇ ਦਿਨ ਤੇਨ ਸਿੰਘ ਤੇ ਹਲੇਰੀ ਅਗਾਂਹ ਵਧੇ ਪਰ ਭਿਆਨਕ ਹਵਾ ਨੇ ਇਹਨਾਂ ਨੂੰ ਅਗਾਂਹ ਵਧਣ ਤੋਂ ਰੋਕ ਦਿਤਾ ਤੇ ਇਹ ਵਾਪਸ ਕੈਂਪ ਵਿਚ ਆ ਗਏ ।

28 ਮਈ ਵਾਲੇ ਦਿਨ ਤੇਨ ਸਿੰਘ ਤੇ ਹਿਲੇਰੀ ਨੇ ਫੇਰ ਲਸਤਸੈ ਨਾਂ ਦੀ ਚੋਟੀ ਉਪਰ ਆਪਣਾ ਕੈਂਪ ਲਗਾਇਆ ਅਤੇ 29 ਮਈ ਵਾਲੇ ਦਿਨ ਬਰਫ ਤੇ ਹਵਾ ਦਾ ਟਾਕਰਾ ਕਰਦੇ ਹੋਇਆਂ ਐਵਰੈਸਟ ਦੀ ਚੋਟੀ ਸਰ ਕਰ ਲਈ ਚੋਟੀ ਦੇ ਉਪਰ ਦੁਹਾਂ ਨੇ ਦੋ ਮਿੰਟ ਪ੍ਰਭੂ ਅੱਗੇ ਪ੍ਰਾਰਥਨਾ ਕੀਤੀ ਫਿਰ ਉਥੇ ਚਾਰ ਝੰਡੇ ਸੰਯੁਕਤ ਰਾਸ਼ਟਰ ਸੰਘ, ਇੰਗਲੈਂਡ, ਭਾਰਤ ਤੇ ਨੈਪਾਲ ਦੇ ਗੱਡੇ, ਤੇਨ ਸਿੰਘ ਨੇ ਆਪਣੀ ਧੀ ਦੀ ਦਿੱਤੀ ਪਿਨਸਲ ਉਥੇ ਰਖੀ ਤੇ ਵਾਪਸ ਆ ਗਏ । ਸਭ ਪਾਸੇ ਰੇਡੀਓ ਰਾਹੀਂ ਖਬਰਾਂ ਫੈਲ ਗਈਆਂ ਕਿ ਐਵਰੈਸਟ ਦੀ ਚੋਟੀ ਜਿੱਤੀ ਗਈ ਹੈ।

ਸਭ ਤੋਂ ਪਹਿਲਾਂ ਮਹਾਰਾਜਾ ਨੈਪਾਲ ਨੇ ਤੇਨ ਸਿੰਘ ਤੇ ਉਸ ਦੇ ਸਾਥੀ ਨੂੰ ਸਨਮਾਣ ਦਿਤਾ, ਉਪਰੰਤ ਇੰਗਲੈਂਡ ਸਰਕਾਰ ਨੇ ਤੇਨ ਸਿੰਘ ਨੂੰ ਯੂਰਪ ਦਾ ਦੌਰਾ ਕਰਵਾਇਆ ਤੇ ਅੱਜ ਉਹ ਭਾਰਤ ਸਰਕਾਰ ਦੇ ਪਹਾੜਾਂ ਉਤੇ ਚੜ੍ਹਨ ਵਾਲੇ ਟ੍ਰੇਨਿੰਗ ਕਾਲਜ ਦਾ ਪ੍ਰਿੰਸੀਪਲ ਹੈ । ਇਥੇ ਫੋਜੀਆਂ ਨੂੰ ਪਹਾੜੀਆਂ ਉਤੇ ਚੜ੍ਹਨਾ ਸਿਖਾਇਆ ਜਾਂਦਾ ਹੈ ।

ਗੁਲਾਬ ਦਾ ਫੁਲ

ਦੁਨੀਆਂ ਵਿਚ ਲੱਖਾਂ ਕਿਸਮਾਂ ਦੇ ਫੁਲ ਮਿਲਦੇ ਹਨ, ਪਰ ਹਰ ਇਕ

ਦੀ ਵਖਰੀ ਵਿਸ਼ੇਸ਼ਤਾ ਅਤੇ ਸ਼ਹੱਪਣ ਹੈ। ਹਰ ਆਦਮੀ ਨੂੰ ਹਰ ਫੁਲ ਚੰਗਾ ਲਗਦਾ ਹੋਵੇ ਗਾ। ਪਰ ਇਹਨਾਂ ਵਿਚ ਗੁਲਾਬ ਦੇ ਫੁਲ ਨੂੰ ਬਹੁਤ ਹੀ ਵਿਸ਼ੇਸ਼ਤਾ ਦਿੱਤੀ ਗਈ ਹੈ। ਇਸ ਨੂੰ ਤਾਂ ਸਾਰਿਆਂ ਫੁਲਾਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ।

ਜਦੋਂ ਅਸੀਂ ਬਾਗ ਵਿਚ ਜਾਂਦੇ ਹਾਂ ਤਾਂ ਸਾਡੀ ਨਜ਼ਰ ਕਈ ਤਰ੍ਹਾਂ ਦਿਆਂ ਫੁਲਾਂ ਤੇ ਜਾਂਦੀ ਹੈ। ਪਰ ਜਦੋਂ ਕਿਤੇ ਗੁਲਾਬ ਦਾ ਫੁਲ ਦਿਖਾਈ ਦੇਵੇ ਤਾਂ ਉਸ ਤੇ ਨਜ਼ਰ ਟਿਕੀ ਰਹਿੰਦੀ ਹੈ ਤੇ ਹੋਰ ਪਾਸੇ ਨਹੀਂ ਮੁੜਦੀ। ਇਸ ਵਲ ਦੇਖ ਕੇ ਅੱਖੀਆਂ ਵਿਚ ਸ਼ਾਂਤੀ ਤੇ ਸੀਤਲਤਾ ਮਹਿਸੂਸ ਹੁੰਦੀ ਹੈ।

ਗੁਲਾਬ ਦੀਆਂ, ਕਈ ਕਿਸਮਾਂ ਹੁੰਦੀਆਂ ਹਨ ਜਿਸ ਤਰ੍ਹਾਂ ਸਦਾ ਗੁਲਾਬ ਮੌਸਮੀ ਗੁਲਾਬ ਤੇ ਇਕ ਨੀਲਾ ਜਿਹਾ ਸਫੈਦੀ ਭਾਹ ਮਾਰਦਾ ਹੋਇਆ ਗੁਲਾਬ ਹੁੰਦਾ ਹੈ। ਇਹਨਾਂ ਵਿਚੋਂ ਬਹੁਤਾ ਚੰਗਾ ਗੁਲਾਬ ਮੌਸਮੀ ਹੁੰਦਾ ਹੈ। ਇਹ ਆਪਣੀ ਰੁੱਤੇ ਹੁੰਦੇ ਹੈ। ਇਹ ਗੁਲਾਬ ਖ਼ੁਸ਼ਬੋ ਨਾਲ ਭਰਿਆ ਹੁੰਦਾ ਹੈ। ਬਾਕੀਆਂ ਵਿਚ ਖ਼ੁਸ਼ਬੋ ਤਾਂ ਭਾਵੇਂ ਹੁੰਦੀ ਹੈ, ਪਰ ਇਸ ਜਿਹੀ ਨਹੀਂ ਹੋ ਸਕਦੀ ਤੇ ਘਟ ਹੀ ਹੁੰਦੀ ਹੈ।

ਜਿਸ ਬਾਗ ਵਿਚ ਗੁਲਾਬ ਨਹੀਂ, ਉਸਨੂੰ ਬਾਗ ਆਖਣਾ ਬਾਗ ਦੀ ਬੇਇਜ਼ਤੀ ਕਰਨਾ ਹੈ। ਇਸ ਦੀ ਹੋਂਦ ਤੋਂ ਬਿਨਾਂ ਬਾਗ ਅਧੂਰਾ ਰਹਿੰਦਾ ਹੈ। ਇਸ ਨੂੰ ਪਿੰਡਾਂ ਵਿਚ ਅਨਪੜ੍ਹ ਲੋਕਾਂ ਨੇ ਆਪਣਿਆਂ ਖੇਤਾਂ ਦੇ ਦੁਆਲੇ ਲਗਾਇਆ ਹੁੰਦਾ ਹੈ। ਨਾਲੇ ਇਹ ਵਾੜ ਦਾ ਕੰਮ ਦਿੰਦਾ ਹੈ ਅਤੇ ਨਾਲ ਇਸ ਦੇ ਫੁੱਲ ਹੋ ਜਾਂਦੇ ਹਨ, ਇਸ ਕਰਕੇ ਇਸ ਤੋਂ ਦੋ ਲਾਭ ਹੁੰਦੇ ਹਨ। ਕੰਡਿਆਂ ਦੀ ਵਾੜ ਤੇ ਫੁੱਲਾ ਦੀ ਗੁਲਕੰਦ ਬਣਾ ਲੈਂਦੇ ਹਨ।

ਇਸ ਦੀਆਂ ਪੰਖੜੀਆਂ ਇਕੱਲੀਆਂ ੨ ਕਰ ਦਿੱਤੀਆਂ ਜਾਣ ਤਾਂ ਵੀ ਸੋਹਣੀਆਂ ਲਗਦੀਆਂ ਹਨ ; ਪਰ ਜੋ ਖਿੜਿਆ ਹੋਇਆ ਗੁਲਾਬ ਸੋਹਣਾ ਲਗਦਾ ਹੈ, ਉਹ ਘੁਟੇ ਹੋਏ ਜਾਂ ਖਿਲਰੇ ਹੋਏ ਗੁਲਾਬ ਨਾਲੋਂ ਬਹੁਤ ਸੋਹਣਾ ਲਗਦਾ ਹੈ। ਕਵੀਆਂ ਨੇ ਗੁਲਾਬ ਦੇ ਫੁਲਾਂ ਉਤੇ ਬੇ-ਗਿਣਤ ਕਵਿਤਾਵਾਂ ਲਿਖ ਦਿਤੀਆਂ ਹਨ।

ਗੁਲਾਬ ਦੇ ਸਾਨੂੰ ਲਾਭ ਵੀ ਕਾਫ਼ੀ ਹਨ। ਇਸ ਦੀ ਗੁਲਕੰਦ ਬਣਾਈ ਜਾਂਦੀ ਹੈ। ਇਸ ਨੂੰ ਮਲ ਕੇ ਇਸ ਵਿਚ ਖੰਡ ਪਾ ਦਿੱਤੀ ਜਾਂਦੀ ਹੈ, ਤਾਂ ਇਹ ਗੁਲਕੰਦ ਦਾ ਰੂਪ ਧਾਰ ਲੈਂਦਾ ਹੈ। ਫਿਰ ਜਦੋਂ ਕਬਜ਼ ਆਦਿ ਹੋ ਜਾਵੇ ਤਾਂ ਟੱਟੀਆਂ ਲੈਣ ਲਈ ਵਰਤੀ ਜਾਂਦੀ ਹੈ। ਗੁਲਾਬ ਦਾ ਅਰਕ ਬਹੁਤ ਲਾਭਦਾਇਕ ਹੁੰਦਾ ਹੈ। ਇਹ ਪੇਟ ਦੇ ਰੋਗਾਂ ਨੂੰ ਦੂਰ ਕਰ ਦਿੰਦਾ ਹੈ।

ਇਸ ਤਰ੍ਹਾਂ ਮੇਜ਼ਾਂ ਉਤੇ ਇਸ ਦੇ ਗੁਲਦਸਤੇ ਬਣਾ ਕੇ ਇਸ ਪਾਸੋਂ ਸਜਾਵਟ ਦਾ ਕੰਮ ਲਿਆ ਜਾਂਦਾ ਹੈ। ਪਿਆਰੇ ਆਪਣੀਆਂ ਪਿਆਰੀਆਂ ਪਰੇਮਕਾਵਾਂ ਦਿਆਂ

ਵਾਲਾਂ ਵਿਚ ਗੁਲਾਬ ਦਾ ਫੁੱਲ ਟੰਗ ਕੇ ਆਪਣੇ ਪਿਆਰ ਪ੍ਰਗਟਾਵੇ ਨੂੰ ਜਤਾਉਂਦੇ ਹਨ।

ਸਮੁੱਚੇ ਤੌਰ ਤੇ ਗੁਲਾਬ ਦਾ ਫੁੱਲ, ਫੁਲਾਂ ਦਾ ਬਾਦਸ਼ਾਹ ਹੋਣ ਕਰਕੇ, ਇਸ ਦੀਆਂ ਵਿਸ਼ੇਸ਼ਤਾਈਆਂ ਹੋਣ ਤੇ ਇਹ ਆਪ ਹੀ ਸਾਡੇ ਪਾਸੋਂ ਇਜਤ ਤੇ ਪਿਆਰ ਲੈ ਲੈਂਦਾ ਹੈ।

ਸਾਡੇ ਸਭ ਤੋਂ ਪਹਿਲੇ ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਨਹਿਰੂ ਨੂੰ ਲਾਲ ਗੁਲਾਬ ਦਾ ਫੁਲ ਬੜਾ ਪਸੰਦ ਸੀ।

ਬਸੰਤ ਦ ਮੇਲਾ

ਬਸੰਤ ਰੁੱਤ ਹੈ, ਤੇ ਇਸ ਰੁੱਤ ਨੂੰ ਰੁੱਤਾਂ ਦਾ ਰਾਜਾ ਕਿਹਾ ਜਾਂਦਾ ਨੂੰ। ਕਿਉਂ-ਕਿ ਇਹੀ ਇਕ ਰੁੱਤ ਹੈ ਜੋ ਮਿੱਠੀ ਤੇ ਸੁਹਾਵਣੀ ਹੁੰਦੀ ਹੈ। ਇਸੇ ਵਿਚ ਖੇਤਾਂ ਵਿਚ ਹਰ ਪਾਸੇ ਬਸੰਤੀ ਫੁਲ ਖਿੜ ਕੇ ਅੰਦਰ ਖੇੜਾ ਪੈਦਾ ਕਰਦੇ ਹਨ। ਇਹੀ ਇਕ ਰੁੱਤ ਹੈ ਜਿਸ ਵਿਚ ਬੁਢੇ ਵੀ ਆਪਣੇ ਆਪ ਵਿਚ ਜੋਬਨ ਮਹਿਸੂਸ ਕਰਦੇ ਹਨ। ਏਸੇ ਰੁੱਤ ਵਿਚ ਕਿਸਾਨ ਬਾਰੇ ਵੀ ਆਖਦੇ ਹਨ—

ਆਈ ਰੁੱਤ ਬਸੰਤ ਦੀ
ਮੂਲੀ ਛਡਿਆ ਬੀਜ
ਰੁੱਤਾਂ ਪ੍ਰਗਟ ਹੋਈਆਂ
ਘਰਾ ਨੂੰ ਚਲਿਆ ਸੀ

ਇਹ ਰੁੱਤ ਫਗਣ ਦੇ ਅਰੰਭ ਵਿਚ ਸ਼ੁਰੂ ਹੁੰਦੀ ਹੈ ਤੇ ਚੇਤਰ ਦੇ ਅਖੀਰ ਤਕ ਰਹਿੰਦਾ ਹੈ। ਇਥੋਂ ਹੀ ਰੁੱਤਾਂ ਪ੍ਰਗਟ ਹੁੰਦੀਆਂ ਹਨ। ਕਿਸਾਨ ਲਹਿਲਹਾਂਦੇ ਸਰੋਂ ਤੇ ਤੋਰੀਏ ਦੇ ਬਸੰਤੀ ਫੁਲਾਂ ਨੂੰ ਵੇਖਕੇ ਖੁਸ਼ ਹੁੰਦਾ ਹੈ, ਕੁੜੀਆਂ, ਜਵਾਨਾਂ ਤੇ ਮੁਟਿਆਰਾਂ ਸਰ੍ਹੋਂ ਦੇ ਫੁਲ ਆਪਣੀ ਵੇਣੀ ਤੇ ਗੁਤਾਂ ਵਿਚ ਟੰਗਦੀਆਂ ਹਨ।

ਬਸੰਤ ਦਾ ਮੇਲਾ ਵੀ ਬੜਾ ਭਾਰੀ ਲਗਦਾ ਹੈ ਬਾਕੀ ਭਾਰਤ ਤੋਂ ਛੁਟ ਪੰਜਾਬ ਵਿਚ ਇਸ ਮੇਲੇ ਤੇ ਖਾਸ ਧੂਮ ਧਾਮ ਹੁੰਦੀ ਹੈ। ਲਾਹੌਰ ਦੇ ਸ਼ਾਹਲਾਮਾਰ ਬਾਗ ਵਿਚ, ਵੀਰ ਹਕੀਕਤ ਰਾਏ ਦੀ ਸਮਾਧ ਉਪਰ ਤੇ ਅੰਮ੍ਰਿਤਸਰ ਵਿਚ ਛਿਹਰਟੇ ਸਾਹਿਬ ਵਿਚ ਬੜਾ ਭਾਰੀ ਮੇਲਾ ਲਗਦਾ ਹੈ।

ਹੋਰ ਵੀ ਪੰਜਾਬ ਦਿਆਂ ਕਈਆਂ ਨਗਰਾਂ ਵਿਚ ਮੇਲੇ ਲਗਦੇ ਹਨ, ਪਰ ਛਿਹਰਟੇ ਸਾਹਿਬ ਦੀ ਬਸੰਤ ਬੜੀ ਦਿਲਖਿਚਵੀਂ ਤੇ ਮਨੋਹਰ ਹੁੰਦੀ ਹੈ।

ਛਿਹਰਟਾ ਸਾਹਿਬ ਅੰਮ੍ਰਿਤਸਰ ਤੋਂ ਤਿੰਨ ਚਾਰ ਮੀਲ ਲਾਹੌਰ ਵਾਲੇ ਪਾਸੇ

ਹੈ। ਉਥੇ ਗੁਰੂ ਅਰਜਨ ਦੇਵ ਜੀ ਨੇ ਕਿਸੇ ਸਮੇਂ ਛੇਹਰਟਟਾ ਵਾਲਾ ਖੂਹ ਲਗਾਇਆ ਸੀ ਤੇ ਨਾਲ ਇਸ਼ਨਾਨ ਲਈ ਸਰੋਵਰ ਹੈ। ਗੁਰਦੁਆਰਾ ਖੇਤਾਂ ਦੇ ਵਿਚਕਾਰ ਹੈ, ਮੇਲੇ ਵਾਲੇ ਦਿਨ ਹਰ ਪਾਸੇ ਬਸੰਤੀ ਫੁਲ ਖਿੜੇ ਦਿਸਦੇ ਹਨ।

ਅੰਮ੍ਰਿਤਸਰ ਤੋਂ ਮੋਟਰਾਂ ਬੱਸਾਂ ਰੇਲ, ਟਾਂਗੇ, ਰਿਖਸ਼ਾ, ਟੈਂਪੂ ਆਮ ਚਲਦੇ ਹਨ। ਰੇਲ ਗੱਡੀ ਦੀਆਂ ਬੇ-ਅੰਤ ਸਪੈਸ਼ਲਾਂ ਚਲਦੀਆਂ ਹਨ ਇੰਜ ਜਾਪਦਾ ਹੈ ਜਿਵੇਂ ਆਲੇ ਦੁਆਲੇ 15—20 ਕੋਹਾਂ ਤੇ ਘਰ ਕੋਈ ਜੀਅ ਨਹੀਂ ਰਿਹਾ। ਬੱਚੇਂ, ਮਰਦ, ਔਰਤਾਂ ਬੁਢੇ ਤੇ ਜੁਆਨ ਸਭ ਨੇ ਬਸੰਤੀ ਰੰਗ ਦੀਆਂ ਪੱਗਾਂ, ਚੁਨੀਆਂ, ਤੇ ਸੂਟ ਪਹਿਣ ਰਖੇ ਹਨ। ਕਈ ਬਜ਼ੁਰਗ ਤਾਂ ਸਾਰੇ ਕਪੜੇ ਬਸੰਤੀ ਰੰਗ ਦੇ ਪਾ ਕੇ ਆਉਂਦੇ ਹਨ। ਉਸ ਦਿਨ ਦੁਕਾਨਾਂ ਤੇ ਕੜਾਹ ਵੀ ਬਸੰਤੀ ਰੰਗ ਦਾ ਹੁੰਦਾ ਹੈ।

ਖੁਲੇ ਮੈਦਾਨ ਵਿਚ ਗੁੱਡੇ ਗੁੱਡੀਆਂ ਉਡਾ ਰਹੇ, ਬੱਚੇ ਜੁਆਨ ਤੇ ਬੁੱਢੇ ਆਪਣਾ ਵਖਰਾ ਹੀ ਦ੍ਰਿਸ਼ ਪੈਦਾ ਕਰਦੇ ਹਨ। ਹਰ ਪਾਸੇ "ਬੋ ਕਾਟਾ" ਦੀਆਂ ਆਵਾਜ਼ਾਂ ਆਉਂਦੀਆਂ ਹਨ।

ਪਕੋੜੇ, ਚਾਟ, ਗਰਮ ਜਲੇਬੀਆਂ ਇਸ ਮੇਲੇ ਦੀਆਂ ਖਾਸ ਚੀਜ਼ਾਂ ਹਨ। ਕਿਸਾਨ ਲੋਕ ਸੇਰ ਸੇਰ ਜਲੇਬ ਤੁਲਾ ਕੇ ਪੰਜਾਂ ਸੱਤਾਂ ਮਿੰਟਾਂ ਵਿਚ ਛੱਕ ਕੇ ਤੇ ਫੇਰ ਕੋਈ ਗਡੀ ਤੇ ਕੋਈ ਮੋਟਰ ਤੇ ਵਾਪਸ ਘਰ ਆਉਣ ਕੀ ਕਰਦੇ ਹਨ।

ਬਸੰਤ ਦਾ ਮੇਲਾ ਦੇਖਣ ਤੋਂ ਕੁਝ ਹੀ ਦਿਨ ਬਾਦ ਤੋਰੀਆ ਪੱਕ ਜਾਂਦਾ ਹੈ ਤੇ ਜੱਟ ਉਸ ਨੂੰ ਵਢ ਕੇ ਝਾੜ ਕੇ ਮੰਡੀ ਵਿਚ ਲੈ ਆਉਂਦਾ ਹੈ ਤੇ ਫੇਰ ਮੁੜ ਕੇ ਕਣਕ ਦੀ ਵਾਢੀ ਦਾ ਧਿਆਨ ਕਰਨ ਲਗਦਾ ਹੈ।

ਚੰਡੀਗੜ੍ਹ

ਭਾਰਤ ਦੋ ਸੌ ਸਾਲ ਤਕ ਅੰਗਰੇਜ਼ਾਂ ਦਾ ਗੁਲਾਮ ਰਿਹਾ ਹੈ। ਭਾਰਤੀ ਜਨਤਾ ਨੇ ਆਜ਼ਾਦੀ ਲਈ ਘੱਲ ਕੀਤਾ। ਅੰਗਰੇਜ਼ ਬੇਬਸ ਹੋ ਕੇ ਭਾਰਤ ਛਡਣ ਲਈ ਤਿਆਰ ਹੋ ਗਿਆ। ਪਰ ਉਹ ਸ਼ੈਤਾਨ ਸੀ ਉਸ ਨੇ ਦੋ ਕੌਮਾਂ ਦੇ ਸਿਧਾਂਤ ਤੇ ਦੇਸ਼ ਵਿਚ ਫੁਟ ਪੈਦਾ ਕੀਤੀ। ਜਿਸ ਦਾ ਸਿਟਾ ਭਾਰਤ ਦੀ ਵੰਡ ਵਿਚ ਨਿਕਲਿਆ। ਭਾਰਤ ਦੇ ਦੁਹਾਂ ਸਿਰਿਆਂ ਤੋਂ ਦੋ ਵੱਡੇ ਵੱਡੇ ਟੋਟੇ ਕਟ ਕੇ ਪਾਕਿਸਤਾਨ (ਪੂਰਬੀ ਤੇ ਪਛਮੀ ਪਾਕਿਸਤਾਨ) ਬਣਾ ਦਿਤੇ। ਇਸ ਪਛਮੀ ਪਾਕਿਸਤਾਨ ਵਿਚ ਪੰਜਾਬ ਭੀ ਇਸ ਵੰਡ ਦੀ ਬਲੀ ਤੇ ਚੜ੍ਹਿਆ ਤੇ ਭਾਰਤੀ ਪੰਜਾਬ ਦਾ ਨਾਂ ਪੂਰਬੀ ਪੰਜਾਬ ਰਖਿਆ ਗਿਆ।

ਇਹ ਸੁਖੀ ਵਸਦਾ ਪੰਜਾਬ 15 ਅਗਸਤ 1947 ਨੂੰ ਬਿਨਾਂ ਰਾਜਧਾਨੀ ਦੇ, ਬਿਨਾਂ ਸਰਕਾਰੀ ਦਫਤਰਾਂ ਦੇ ਟਪਰੀਵਾਸ ਬਣ ਗਿਆ। ਆਰਜ਼ੀ ਤੌਰ ਤੇ ਜਾਲੰਧਰ ਸੋਲਨ ਤੇ ਸ਼ਿਮਲੇ ਆਦਿ ਡੇਰੇ ਲਾਏ, ਪਰ ਬੇ ਸੁਆਦੀ ਜਿਹੀ ਭਾਸਣ ਲਗੀ।

ਭਾਰਤ ਸਰਕਾਰੀ ਨੇ ਮਦਦ ਕੀਤੀ ਤੇ ਪੰਜਾਬ ਦੀ ਰਾਜਧਾਨੀ ਲਈ ਥਾਂ ਲਭਣ ਦਾ ਕੰਮ ਆਰੰਭ ਹੋਇਆ। ਇਹ ਸੀ ਉਹ ਥਾਂ ਜਿਸ ਦਾ ਨਾਂ ਚੰਡੀਗੜ੍ਹ ਹੈ।

ਚੰਡੀਗੜ੍ਹ ਇਕ ਨਿਕਾ ਜਿਹਾ ਪਿੰਡ ਸੀ ਜਿਥੇ ਚੰਡੀ ਮਾਤਾ ਦਾ ਮੰਦਰ ਸੀ। ਦੇਵੀ ਮਾਤਾ ਦੇ ਸ਼ਰਧਾਲੂ ਏਥੇ ਦਰਸ਼ਨਾਂ ਲਈ ਆਉਂਦੇ ਸਨ। ਇਹ ਥਾਂ ਪਹਾੜਾਂ ਦੇ ਲਗੇ ਹੈ। ਏਥੋਂ ਸੋਲਣ ਤੇ ਸ਼ਿਮਲਾ ਵੀ ਨੇੜੇ ਹੈ, ਇਥੋਂ ਦਿੱਲੀ, ਪਟਿਆਲਾ, ਅੰਬਾਲਾ, ਸਿਮਲਾ, ਲੁਧਿਆਨਾ, ਜਾਲੰਧਰ ਆਦਿ ਨਗਰ ਦੋ ਤੋਂ ਚਾਰ ਘੰਟੇ ਦੇ ਪੰਧ ਦੇ ਹਨ।

ਇਹ ਨਗਰ ਅਮਰੀਕਾ ਦੇ ਇਕ ਯੋਗਤਮ ਐਨਜੀਅਨਰ ਦੇ ਮਾਸਟਰ ਪਲਾਨ ਅਨੁਸਾਰ ਬਣਾਇਆ ਗਿਆ ਹੈ। ਉਥੇ ਜਾਕੇ ਭਾਰਤ ਵਿਚ ਅਮਰੀਕਾ ਦਾ ਭੁਲੇਖਾ ਪੈਂਦਾ ਹੈ। ਠੀਕ ਹੈ ਸ਼ੁਰੂ ਵਿਚ ਸਾਨੂੰ ਲਾਹੌਰ ਦੀ ਬੜੀ ਲੋੜ ਤੇ ਥੋੜ ਅਨੁਭਵ ਹੋਈ। ਪਰ ਅਜ ਸਾਡੀਆਂ ਉਹ ਸਭ ਲੋੜਾਂ ਥੋੜ੍ਹਾਂ ਪੂਰੀਆਂ ਹੋ ਗਈਆਂ ਹਨ।

ਚੰਡੀਗੜ੍ਹ ਦੇ ਆਲੇ ਦੁਆਲੇ ਦਾ ਦ੍ਰਿਸ਼ ਅੱਤ ਸੁੰਦਰ ਹੈ। ਸਾਫ ਨਿਖਰੇ ਮੌਸਮ ਵਿਚ ਸਵੇਰ ਸ ਰ ਦੂਰ ਪਰੇ ਹਿਮਾਲਾ ਪਰਬਤ ਦੀਆਂ ਬਰਫ ਨਾਲ ਢਕੀਆਂ ਚੋਟੀਆਂ ਦਿਸਦੀਆਂ ਹਨ।

ਇਹ ਨਗਰ 30 ਸੈਕਟਰਾਂ ਵਿਚ ਵੰਡਿਆ ਗਿਆ ਹੈ। ਹਰ ਸੈਕਟਰ ਦੇ ਵਿਚ ਮਕਾਨਾਂ ਦੇ ਨਾਲ ਇਕ ਛੋਟਾ ਜਿਹਾ ਬਜ਼ਾਰ ਡਾਕਖਾਨਾ, ਤੇ ਪੁਲੀਸ ਚੌਕੀ ਦਾ ਪਰਤੰਧ ਹੈ। ਲੋੜ ਦੀਆਂ ਸਾਰੀਆਂ ਚੀਜ਼ਾਂ ਉੱਥੋਂ ਹੀ ਪੂਰੀਆਂ ਹੋ ਜਾਂਦੀਆਂ ਹਨ।

ਸਾਰੇ ਨਗਰ ਦੀਆਂ ਚੌੜੀਆਂ ਚੌੜੀਆਂ ਸੜਕਾਂ ਖੁਲ੍ਹੇ ਵਿਸ਼ਾਲ ਚੌਰਸ ਪਾਰਕ ਸੁੰਦਰ ਹਵਾਦਾਰ ਮਕਾਨ ਏਸ ਨਗਰ ਦੀਆਂ ਖਾਸ ਚੀਜ਼ਾਂ ਹਨ। ਸੜਕਾਂ ਤੇ ਦੁਵੱਲੀ ਛਾਂ ਦਾਰ ਬ੍ਰਿਛ ਲਗਾਏ ਗਏ ਹਨ। ਚੁਪਾਸੇ ਸੁਹਣੇ ਤੇ ਸੁੰਦਰ ਬ੍ਰਿਛ ਲਗਾਏ ਗਏ ਹਨ। ਜਿਨ੍ਹਾਂ ਸੁਹਣੇ ਤੇ ਸੁੰਦਰ ਫੁਲ ਨਜ਼ਰ ਆਉਂਦੇ ਹਨ। ਚੁਰਾਹਿਆਂ ਤੇ ਏਸ਼ ਗੱਲ ਦਾ ਖਾਸ ਧਿਆਨ ਰਖਿਆ ਗਿਆ ਕਿ ਨਗਰ ਦੇ ਵਿਚ ਮੋਟਰਾਂ ਦੀ ਟਕਰ ਨਾ ਹੋਵੇ।

ਉਂਜ ਤਾਂ ਇਹ ਸਾਰਾ ਨਗਰ ਹੀ ਇਮਾਰਤਾਂ ਵਾਲਾ ਹੈ ਪਰ ਏਥੋਂ ਦੀਆਂ ਪ੍ਰਮੁਖ ਇਮਾਰਤਾਂ ਇਹ ਹਨ—

1. **ਸਕਤਰੇਤ :**—ਇਹ ਦਸ ਮੰਜ਼ਲੀ ਇਮਾਰਤ ਹੈ ਜੋ ਅਦੁਤੀ ਹੈ। ਉਪਰ ਚੜ੍ਹਨ ਲਈ ਲਿਫਟ ਲਗੀ ਹੈ। ਇਥੇ ਪੰਜਾਬ ਸਰਕਾਰ ਦੇ ਪ੍ਰਮੁਖ ਦੰਫਤਰ ਹਨ। ਇਸ ਦੀ ਸਭ ਤੋਂ ਉਪਰਲੀ ਛਤ ਉਪਰ ਫੁਲ ਲਗੇ ਹੋਏ ਹਨ। ਉਥੇ ਖੜੇ ਹੋ ਕੇ ਸਾਰੇ ਨਗਰ ਦਾ ਨਜ਼ਾਰਾ ਲਿਆ ਜਾ ਸਕਦਾ ਹੈ। ਇਸ ਦੇ ਵਿਚ ਕੰਮ ਕਰਨ ਵਾਲਿਆਂ ਲਈ ਭੋਜਨਸ਼ਾਲਾ ਵੀ ਹੈ।

2. **ਵਿਧਾਨ ਭਵਨ:**—ਇਥੇ ਪੰਜਾਬ ਦੇ ਦੋਵੇਂ ਹਊਸਾਂ ਦੀ ਮੀਟਿੰਗ ਹੁੰਦੀ ਹੈ। ਇਥੇ ਲੈਜਿਸਲੇਟਵ ਐਸੰਬਲੀ ਤੇ ਲੈਜਿਸਲੇਟਵ ਕੌਂਸਲ ਦੁਹਾਂ ਦੇ ਵੱਖ ਵੱਖ ਹਾਲ ਹਨ। ਉਸ ਦੇ ਨਾਲ ਹੀ ਸਪੀਕਰ ਤੇ ਹੋਰ ਸੰਬੰਧਤ ਅਫ਼ਸਰਾਂ ਦੇ ਦਫ਼ਤਰ ਹਨ।

3. **ਹਾਈ ਕੋਰਟ :**—ਇਹ ਚਾਰ ਮੰਜਲੀ ਇਮਾਰਤ ਹੈ। ਇਸ ਦੀ ਬਣਤਰ ਇਕ ਛਤਰੀ ਵਾਂਗ ਹੈ। ਇਥੇ ਗਰਮੀਆਂ ਵਿਚ ਸੂਰਜ ਦੀਆਂ ਕਿਹਨਾਂ ਕੰਧਾਂ ਤਕ ਨਹੀਂ ਪੁਜ ਸਕਦੀਆਂ ਪਰ ਸਰਦੀਆਂ ਵਿਚ ਆਸਾਨੀ ਨਾਲ ਪੁਜ ਸਕਦੀਆਂ ਹਨ।

4. **ਸਰਕਾਰ ਦੇ ਵਜ਼ੀਰਾਂ ਦੇ ਭਵਨ :**—ਇਥੇ ਸਰਕਾਰ ਦੇ ਮੰਤਰੀਆਂ ਦੀ ਰਿਹਾਇਸ਼ ਲਈ ਮਕਾਨ ਬਣੇ ਹੋਏ ਹਨ। ਭਾਵੇਂ ਇਹ ਬਹੁਤ ਵੱਡੇ ਨਹੀਂ ਪਰ ਇਹਨਾਂ ਵਿਚ ਸਾਰੇ ਸੁਖ ਪ੍ਰਾਪਤ ਹਨ।

5. **ਰਾਜ ਭਵਨ :**—ਇਹ ਭੀ ਵੇਖਣ ਯੋਗ ਇਮਾਰਤ ਹੈ।

6. **ਸਰਾਂ :**—ਇਹ ਸਰਾਂ ਚੰਡੀਗੜ੍ਹ ਵਿਚ ਜਾਣ ਵਾਲੇ ਲੋਕਾਂ ਦੀ ਸਹੂਲਤ ਲਈ ਹੈ। ਇਥੇ ਇਕ ਰੁਪਏ ਰੋਜ਼ਾਨਾ ਕਿਰਾਇਆ ਹੈ, ਹਰ ਕਮਰੇ ਵਿਚ ਸੌਣ ਲਈ ਬਿਸਤਰੇ, ਮੰਜੇ, ਟੱਟੀ, ਗੁਸਲਖਾਨਾ ਆਦਿਕ ਹਰ ਪ੍ਰਕਾਰ ਦਾ ਪ੍ਰਬੰਧ ਹੈ।

ਇਸ ਤੋਂ ਛੁਟ ਯੂਨੀਵਰਸਿਟੀ ਦੀ ਇਮਾਰਤ, ਸਿਨੇਮਾ, ਹਸਪਤਾਲ, ਡਾਕ-ਖਾਨਾ ਤੇ ਵਿਦਿਅਕ ਸੰਸਥਾਵਾਂ ਦੀਆਂ ਇਮਾਰਤਾਂ ਦੇਖਣ ਯੋਗ ਹਨ।

ਚੰਡੀਗੜ੍ਹ ਦੀਆਂ ਸਰਕਾਰੀ ਇਮਾਰਤਾਂ ਲਈ ਖਾਸ ਕਿਸਮ ਦੀਆਂ ਇੱਟਾਂ ਦੀ ਜਾਲੀ ਬਣਾਈ ਗਈ ਹੈ। ਇਹ ਇਟਾਂ ਗਰਮੀਆਂ ਵਿਚ ਸੂਰਜ ਦੀਆਂ ਕਿਰਨਾਂ ਨੂੰ ਰੋਕਦੀਆਂ ਤੇ ਇਮਾਰਤਾਂ ਨੂੰ ਜ਼ਿਆਦਾ ਗਰਮ ਨਹੀਂ ਹੋਣ ਦਿੰਦੀਆਂ।

ਏਥੇ ਇਕ ਕਿਲੋਮੀਟਰ ਲੰਮੀ ਝੀਲ ਬਣਾਈ ਗਈ ਹੈ ਜਿਸ ਦਾ ਨਾਂ ਸੁਖਣਾ ਝੀਲ ਹੈ। ਇਹ ਬਰਸਾਤੀ ਨਦੀ ਤੇ ਬੰਨ੍ਹ ਬਣਾ ਕੇ ਤਿਆਰ ਕੀਤੀ ਗਈ ਹੈ। ਬੰਨ੍ਹ ਉਪਰਲੀ ਸੜਕ ਫੁਲਾਂ ਤੇ ਬ੍ਰਿਛਾਂ ਨਾਲ ਸਜਾਈ ਗਈ ਹੈ। ਇਸ ਦੇ ਤਿੰਨੇ ਪਾਸੇ

ਸ਼ਿਵਾਲਕ ਪਹਾੜ ਦੀਆਂ ਹਰੀਆਂ ਭਰੀਆਂ ਨੀਵੀਆਂ ਪਹਾੜੀਆਂ ਹਨ । ਏਥੇ ਸੈਰ ਕਰਨ ਲਈ ਬੇੜੀਆਂ ਵੀ ਹਨ ।

ਚੰਡੀਗੜ੍ਹ ਬਣਾਇਆ ਤਾਂ ਪੰਜਾਬ ਦੀ ਰਾਜਧਾਨੀ ਸੀ, ਪਰ ਇਹ ਸੁੰਦਰ ਸ਼ਹਿਰ ਜਿਸ ਨੂੰ ਵਸਾਉਣ ਲਈ ਸਾਡੇ ਨੇਤਾ ਗੋਪੀ ਚੰਦ ਭਾਰਗਵ, ਭੀਮਸੈਨ ਸੱਚਰ ਤੇ ਪ੍ਰਤਾਪ ਸਿੰਘ ਕੈਰੋਂ ਨੇ ਅਨਥਕ ਮਿਹਨਤ ਕੀਤੀ ਸੀ ਅਜ ਉਹ ਪੰਜਾਬ ਦੀ ਦੁਬਾਰਾ ਵੰਡ ਦੇ ਕਾਰਨ ਕੇਂਦਰੀ ਇਲਾਕਾ ਬਣ ਗਿਆ ਹੈ ਤੇ ਉਥੇ ਪੰਜਾਬ ਤੇ ਹਰਿਆਨਾ ਦੁਹਾਂ ਦੀਆਂ ਰਾਜਧਾਨੀਆਂ ਹਨ । ਇਹ ਦੋਵੇਂ ਰਾਜ ਹੁਣ ਚੰਡੀਗੜ੍ਹ ਵਿਚ ਕਿਰਾਏਦਾਰ ਹਨ । ਅਜ ਚੰਡੀਗੜ੍ਹ ਜਿਸ ਨੂੰ ਪੰਜਾਬੀਆਂ ਨੇ ਆਪਣਾ ਲਹੂ ਪਸੀਨਾ ਇਕ ਕਰਕੇ ਬਣਾਇਆ ਸੀ ਅਜ ਬਿਗਾਨਾ ਹੋ ਗਿਆ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰਿਸ਼ਟੀ ਦਾ ਨਿਯਮ ਹੈ ਕਿ ਜਦੋਂ ਧਰਤੀ ਤੇ ਉਪਦਰੱਵ ਵਧ ਜਾਂਦੇ ਹਨ ਤਦ ਭਗਵਾਨ ਆਪ ਜਾਂ ਆਪਣਾ ਅਵਤਾਰ ਧਰਤੀ ਤੇ ਭੇਜਦਾ ਹੈ । ਅਜਿਹੇ ਸਮੇਂ ਵਿਚ ਸਭ ਪਾਸੇ ਕਲ ਕਲ, ਕਲੇਸ਼, ਚੋਰ ਉਚੱਕਾ ਚੌਧਰੀ ਤੇ ਗੁੰਡੀ ਰਨਪ੍ਰਧਾਨ ਵਾਲੀ ਗਲ ਹੁੰਦੀ ਹੈ । ਭਲੇ ਪੁਰਸ਼ਾਂ ਦਾ ਸਨਮਾਨ ਘਟ ਜਾਂਦਾ ਹੈ । ਅਜਿਹੇ ਸਮੇਂ ਬਾਰੇ ਗੁਰਬਾਨੀ ਲਿਖਦੀ ਹੈ ਕਿ ਅਜਿਹੀ ਹਾਲਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਨ 1469 ਈ: ਨੂੰ (ਰਾਏ ਭੋਏ ਦੀ ਤਲਵੰਡੀ) ਕਤਕ ਸੁਦੀ ਪੂਰਨਮਾਸੀ ਵਾਲੇ ਦਿਨ ਨਨਕਾਣਾ ਸਾਹਿਬ ਵਿਚ ਕਾਲੂ ਰਾਮ ਜੀ ਬੇਦੀ ਦੇ ਘਰ ਮਾਤਾ ਤ੍ਰਿਪਤਾ ਦੀ ਕੁਖੋਂ ਜਨਮ ਲਿਆ ਦੇਸ ਵਿਚ ਸਭ ਪਾਸੇ ਹ ਹਾ ਕਾਰ ਮੱਚੀ ਹੋਈ ਸੀ । ਉਸ ਵੇਲੇ ਪੰਜਾਬ ਦੀ ਹਾਲਤ ਸੀ

ਕਲ ਕਾਤੀ ਰਾਜੇ ਕਸਾਈ
ਧਰਮ ਪੰਖ ਕਰ ਉਡਰਿਆ
ਕੂੜ ਅਮਾਵਸ ਸਚ ਚੰਦ੍ਰਮਾ
ਦੀਸੈ ਨਾਹੀ ਕੈ ਚੜ੍ਹਿਆ

ਗੁਰੂ ਜੀ ਤੋਂ ਵਡੀ ਇਕ ਭੈਣ ਸੀ ਜਿਸ ਦਾ ਨਾਂ ਨਾਨਕੀ ਸੀ । ਇਉਂ ਆਪ ਮਾਪਿਆਂ ਦੀ ਇਕ ਭੈਣ ਤੇ ਇਕ ਭਰਾ ਉਲਾਦ ਸਨ । ਆਪਦੇ ਜਨਮ ਬਾਰੇ ਕਈ ਗੱਲਾਂ ਕਹੀਆਂ ਜਾਂਦੀਆਂ ਹਨ, ਪਰ ਇਕੋ ਗੱਲ ਜੋ ਮਹਾਨਤਾ ਭਰੀ ਹੈ ਉਹ ਇਹ ਹੈ ਕਿ ਪੰਡਤਾਂ ਮੌਲਵੀਆਂ ਤੇ ਜੋਤਸ਼ੀਆਂ ਨੇ ਆਪ ਦੇ ਜਨਮ ਉੱਤੇ ਇਕ ਮਹਾਨ ਪੁਰਸ਼ ਦਾ ਆਉਣਾ ਦਸਿਆ ।

ਇਕੋ ਇਕ ਪੁੱਤਰ ਛੇਤੀ ਗੱਲਾਂ ਬਾਤਾਂ ਕਰਨ ਲਗ ਪੈਂਦਾ ਹੈ ਕਿਉਂਕਿ ਸਾਰੇ ਖਿਡਾਵੇ ਤੇ ਰੀਝਾਵੇ ਬਹੁਤ ਹੁੰਦੇ ਹਨ। ਆਪ ਨੂੰ ਪੰਜ ਸਾਲ ਦੀ ਉਮਰ ਵਿਚ ਪੜ੍ਹਨ ਪਾਇਆ ਗਿਆ, ਪਰ ਮੁਲਾਂ, ਪੰਡਤ ਆਦਿਕ ਸਭ ਨੇ ਕਿਹਾ ਕਿ ਇਹ ਧੁਰ ਦਾ ਵਿਦਵਾਨ ਪੰਡਤ ਹੈ।

ਬਾਲਾਂ ਨਾਲ ਖੇਡਦੇ ਹੋਏ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਰਹਿੰਦੇ। ਥੋੜ੍ਹਾ ਜਿਹਾ ਵਡਾ ਹੋਇਆ ਤਾਂ ਪਿਤਾ ਨੇ ਮੱਝੀ ਚਾਰਨ ਭੇਜ ਦਿਤਾ। ਇਕ ਦਿਨ ਆਪ ਕਿਸੇ ਬ੍ਰਿਛ ਹੇਠ ਬੈਠੇ ਪ੍ਰਭੂ ਨਾਮ ਵਿਚ ਮਸਤ ਹੋ ਗਏ ਕਿ ਮੱਝਾਂ ਕਿਸੇ ਜਟ ਦੀ ਮੂੰਜੀ ਚਰ ਗਈਆਂ। ਉਸ ਨੇ ਰਾਇ ਬੁਲਾਰ ਕੋਲ ਸ਼ਕਾਇਤ ਕੀਤੀ। ਉਸਨੇ ਕਾਲੂ ਰਾਮ ਤੇ ਨਾਨਕ ਜੀ ਦੁਹਾਂ ਨੂੰ ਸਦ ਲਿਆ। ਨਾਨਕ ਜੀ ਨੇ ਕਿਹਾ ਕਿ ਮਹਾਰਾਜ ਆਪ ਖੇਤ ਜਾ ਕੇ ਦੇਖੋ ਤੇ ਫੇਰ ਕਹੋ। ਹਾਕਮ ਆਪ ਖੇਤ ਤੇ ਗਿਆ ਤਾਂ ਡਿਠਾ ਕਿ ਖੇਤੀ ਅਗੇ ਨਾਲੋਂ ਵੀ ਦੂਣ ਸਵਾਈ ਹੈ। ਜਟ ਸਰਮਸਾਰ ਹੋਇਆ।

ਇਕੋ ਦਿਨ ਆਪ ਵਣ ਹੇਠ ਲੇਟ ਗਏ ਚਿਹਰੇ ਤੇ ਧੁਪ ਆ ਗਈ। ਫਨੀਅਰ ਸਪ ਆਪਦੇ ਚਿਹਰੇ ਤੇ ਫ਼ਨ ਤਾਣ ਕੇ ਬਹਿ ਗਿਆ। ਉਪਰੋਂ ਰਾਇ ਬੁਲਾਰ ਆ ਗਿਆ ਉਹ ਇਹ ਦ੍ਰਿਸ਼ ਵੇਖ ਕੇ ਧੰਨ ਧੰਨ ਹੋ ਗਿਆ। ਮਹਾਰਾਜ ਨੂੰ ਜਗਾਇਆ ਤੇ ਉਹਨਾਂ ਦੇ ਚਰਨਾਂ ਉੱਤੇ ਢਹਿ ਪਿਆ।

ਪਿਉ ਇਹਨਾਂ ਸਭਨਾਂ ਗੱਲਾਂ ਤੋਂ ਹੈਰਾਨ ਪ੍ਰੇਸ਼ਾਨ ਰਹਿੰਦਾ ਸੀ। ਇਕ ਦਿਨ ਉਸ ਨੇ ਵੀਹ ਰੁਪਏ ਦੇ ਕੇ ਸਚਾ ਸੌਦਾ ਕਰਨ ਲਈ ਕਿਹਾ, ਪਰ ਨਾਨਕ ਜੀ ਨੇ ਉਹਨਾਂ ਰੁਪਿਆਂ ਦਾ ਭੁਖੇ ਸਾਧੂਆਂ ਨੂੰ ਪ੍ਰਸ਼ਾਦ ਪਾਣੀ ਛਕਾ ਦਿੱਤਾ ਤੇ ਘਰ ਆ ਗਏ। ਅਤੇ ਬਹੁਤ ਨਾਰਾਜ਼ ਹੋਇਆ, ਪਰ ਨਾਨਕ ਜੀ ਨੂੰ ਇਸੇ ਨੂੰ ਖਰਾ ਸੌਦਾ ਆਖਦੇ ਸਨ।

ਅੰਤ ਭੈਣ ਨਾਨਕੀ ਭਰਾ ਨੂੰ ਕੋਲ ਲੈ ਗਈ ਵਟਾਲੇ ਵਿਆਹ ਕੀਤਾ, ਮੋਦੀਖਾਨੇ ਵਿਚ ਨੌਕਰ ਕਰਵਾ ਦਿੱਤਾ ਪਰ ਉਥੇ ਵੀ ਤੇਰਾਂ ਦੀ ਧਾਰਨ ਤੇ ਤੇਰਾ ਤੇਰਾ ਕਰਦੇ ਕਈ ਧਾਰਨਾ ਪਾ ਦਿੰਦੇ। ਸ਼ਕੈਤ ਹੋਈ ਹਿਸਾਬ ਦਿੱਤਾ ਤਾਂ ਮੋਦੀਖਾਨਾ ਨਫੇ ਵਿਚ ਸੀ ਪਰ ਗੁਰੂ ਜੀ ਹੁਣ ਅਗੋਂ ਕੰਮ ਨਹੀਂ ਕਰਨਾ ਚਾਹੁੰਦੇ ਸਨ। ਬਸ ਇਥੇ ਹੀ ਆਪਨੇ ਤਿੰਨ ਦਿਨ ਤੇ ਤਿੰਨ ਰਾਤਾਂ ਵੇਈਂ ਨਦੀ ਵਿਚ ਤਪ ਕੀਤਾ ਤੇ ਮੂਲ ਮੰਤਰ ਉਚਾਰਿਆ। ਫਿਰ ਜਨਤਾ ਨੂੰ ਤਾਰਨ ਲਈ ਤੁਰ ਪਏ। ਹਰਦੁਆਰ ਗਏ ਤਾਂ ਪੰਡਤਾਂ ਨੂੰ ਦਸਿਆ ਕਿ ਸੂਰਜ ਨੂੰ ਪਾਣੀ ਨਹੀਂ ਪੁਜ ਸਕਦਾ।

ਆਪ ਨੇ ਹਰ ਤੀਰਥ ਦੀ ਯਾਤਰਾ ਕੀਤੀ। ਹਿੰਦੂ, ਮੁਸਲਮ ਜੈਨੀ, ਬੋਧੀ ਸਭ ਦੇ ਮੰਦਰਾਂ ਵਿਚ ਗਏ। ਫੇਰ ਮੱਕੇ ਵਲ ਤੁਰ ਪਏ। ਰਾਹ ਵਿਚ ਸਜਨ ਠੱਗ

ਆਦਿ ਭੇੜੇ ਬੰਦਿਆਂ ਨੂੰ ਮਾਰਿਆ ਤੇ ਮੱਕੇ ਪੁਜ ਗਏ। ਉਥੇ ਆਪਨੇ ਖਲੀਫੇ ਤੇ ਮੱਕੇ ਦੇ ਮਜੋਰਾਂ ਨੂੰ ਦਸਿਆ ਕਿ ਰਬ ਦਾ ਘਰ ਸਭ ਪਾਸੇ ਹੈ। ਇਕ ਗੁਠੰ ਨਹੀਂ।

ਵਾਪਸੀ ਤੇ ਪੰਜੇ ਸਾਹਿਬ ਵਿਚ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜੋਗੀਆਂ ਤੇ ਸਿਧਾਂ ਨਾਲ ਗੋਸ਼ਟਾਂ ਕੀਤੀਆਂ। ਆਪ ਨੇ ਦਸਿਆ ਕਿ ਗ੍ਰਹਿਸਤ ਵਿਚ ਰਹਿ ਕੇ ਪ੍ਰਭੂ ਨੂੰ ਪ੍ਰਾਪਤ ਕਰਨਾ ਬੜਾ ਸੌਖਾ ਹੈ, ਇਸਤਰੀ ਈਮਾਨ, ਧਨ ਗੁਜ਼ਰਾਨ ਤੇ ਪੁੱਤਰ ਨੀਸ਼ਾਨ ਹੁੰਦਾ ਹੈ।

ਆਪਨੇ ਆਪਣੀ ਬਾਣੀ ਵਿਚ ਇਸਤਰੀ ਨੂੰ ਮਹਾਨ ਦਰਜਾ ਦਿੱਤਾ ਹੈ ਜਿਵੇ :—

ਸੋ ਕਿਉਂ ਮੰਦਾ ਆਖੀਐ

ਜਿਤ ਜੰਮਿਰ ਰਾਜਾਨ।

ਆਪ ਨੇ ਸਤੀ ਦੇ ਰਸਮ ਬਾਰੇ ਵੀ ਕਿਹਾ ਹੈ ਕਿ ਪਤੀ ਦੇ ਨਾਲ ਸੜਨ ਵਾਲੀਆਂ ਸਵਰਗਾਂ ਵਿਚ ਨਹੀਂ ਜਾਂਦੀਆਂ ਆਪ ਨੇ ਸੰਸਾਰ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ, ਸਚ ਬੋਲਣ, ਗਰੀਬਾਂ ਨਾਲ ਹਮਦਰਦੀ ਕਰਨ ਦਾ ਪ੍ਰਚਾਰ ਕੀਤਾ। ਆਪ ਦੀ ਭੈਣ ਆਪ ਨਾਲ ਬੜਾ ਪਿਆਰ ਕਰਦੀ ਸੀ, ਇਕ ਦਿਨ ਭੈਣ ਨੇ ਕਿਹਾ, ਵੀਰ ਹੁਣ ਕਦ ਦਰਸ਼ਨ ਹੋਣਗੇ। ਤਦ ਵੀਰ ਨਾਨਕ ਨੇ ਕਿਹਾ, ਬੇਬੇ ਜਦ ਯਾਦ ਕਰੇਗੀ। ਇਕ ਦਿਨ ਬੇਬੇ ਨੇ ਯਾਦ ਕੀਤਾ ਤੇ ਗੁਰੂ ਜੀ ਸਾਹਮਣੇ ਖੜੇ ਸਨ।

ਆਪ ਦੀ ਸਭ ਤੋਂ ਪ੍ਰਮੁਖ ਬਾਣੀ ਜਪੁਜੀ ਸਾਹਿਬ ਹੈ ਇਸ ਤੋਂ ਛੁਟ ਆਪਨੇ ਆਸਾ ਦੀ ਵਾਰ ਤੇ ਹੋਰ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ। ਆਪ ਨੇ ਆਪਣੇ ਜੀਵਨ ਦੇ ਪਿਛਲੇ ਦਿਨ ਦਰਿਆ ਰਾਵੀ ਦੇ ਕੰਢੇ ਕਤਾਰਪੁਰ (ਗੁਰਦਾਸ ਪੁਰ ਦੇ ਜ਼ਿਲੇ ਵਿਚ) ਜੋ ਅਜ ਕਲ ਪਾਕਿਸਤਾਨ ਵਿਚ ਹੈ, ਉਥੇ ਬਿਤਾਏ ਤੇ 69 ਸਾਲ ਦੀ ਉਮਰ ਵਿਚ ਪ੍ਰਲੋਕ ਸਿਧਾਰ ਗਏ।

ਹਿੰਦੂ ਮੁਸਲਮਾਨਾਂ ਦੇ ਸਾਂਝੇ ਪੀਰ ਹੋਣ ਦਾ ਮਾਨ ਆਪ ਨੂੰ ਪ੍ਰਾਪਤ ਹੈ। ਆਪ ਨੇ ਸਰਾਬ, ਵਰਤ, ਪਿੰਡੇ ਤੇ ਸੁਆਹ ਮਲਣ ਤੇ ਜੰਗਲਾਂ ਵਿਚ ਜਾ ਕੇ ਵਸਣ ਨੂੰ ਗਲਤ ਦਸਿਆ। ਆਪ ਨੇ ਫ਼ਰਮਾਇਆ।

ਕਾਹੇ ਰੇ ਬਨ ਖੋਜਨ ਜਾਈ

ਸਰਬ ਨਿਵਾਸੀ ਸਦਾ ਅਲੇਪਾ ਤੋਹਿ ਸੰਗ ਸਮਾਈ

ਆਪਦਾ ਸਭ ਤੋਂ ਵਡਾ ਉਪਦੇਸ਼ ਸੱਚ ਬੋਲਣਾਹੈ। ਆਪ ਨੇ ਸੱਚ ਬੋਲਣ ਤੇ ਦਸਾਂ ਨਹੁੰਆਂ ਦੀ ਕਿਰਤ ਨੂੰ ਬਹੁਤ ਮਹੱਤਵ ਦਿੱਤ ਹੈ।

੧੩. ਹਵਾਈ ਜਹਾਜ਼

ਵਰਤਮਾਨ ਯੁਗ ਨੂੰ ਸਾਇੰਸ ਦਾ ਯੁਗ ਆਖਿਆ ਜਾਂਦਾ ਹੈ ਇਸ ਵਿਚ ਸਾਇੰਸ ਨੇ ਕਾਫ਼ੀ ਉੱਨਤੀ ਕੀਤੀ ਹੈ। ਹਵਾਈ ਜਹਾਜ਼ ਵੀ ਸਾਇੰਸ ਦਾ ਚਮਤਕਾਰਾ ਹੈ ਜਿਸ ਨੇ ਦੂਰ ਦੂਰ ਦੇ ਦੇਸ਼ਾਂ ਨੂੰ ਗੁਆਂਢੀ ਬਣਾ ਦਿਤਾ ਹੈ। ਜਿਸ ਨੇ ਮਨੁੱਖ ਦੀ ਬਹੁਤ ਪੁਰਾਣੀ ਅਕਾਸ਼ ਵਿਚ ਉਡਣ ਦੀ ਚਾਹ ਨੂੰ ਪੂਰਾ ਕੀਤਾ ਹੈ ਪਰ ਇਹ ਦੇਖਿਆ ਗਿਆ ਹੈ ਇਸ ਕਾਢ ਨੂੰ ਹੋਂਦ ਵਿਚ ਲਿਆਉਣ ਲਈ ਕਈ ਸਦੀਆਂ ਲੱਗੀਆਂ ਹਨ।

ਇਹ ਆਮ ਸੁਣਿਆ ਜਾਂਦਾ ਹੈ ਕਿ ਪਹਿਲਾਂ ਕਈਆਂ ਦੇਸ਼ਾਂ ਦੇ ਬਾਦਸ਼ਾਹ ਆਪਣੇ ਰਾਜ ਵਿਚ ਗੁਬਾਰਿਆਂ ਰਾਹੀਂ ਆਪਨੇ ਹੁਕਮਨਾਮੇ ਭੇਜਿਆ ਕਰਦੇ ਸਨ। ਭਾਰਤੀ ਗਰੰਥਾਂ ਆਦਿ ਵਿਚ ਵੀ ਲਿਖਿਆ ਹੋਇਆ ਮਿਲਦਾ ਹੈ ਕਿ ਪਹਿਲਾ ਉਡਨ ਖਟੋਲੇ ਹੋਇਆ ਕਰਦੇ ਸਨ। ਅਗਨ ਬਾਣਾ ਤੇ ਲਕੜੀ ਦੇ ਘੋੜਿਆਂ ਦੇ ਉਡਣ ਦਾਂ ਬਿਆਨ ਹੈ ਕਿ ਇਹ ਅਸਮਾਨਾਂ ਵਿਚ ਉਡਿਆ ਕਰਦੇ ਸਨ ਪਰ ਹੁਣ ਦੇ ਸਮੇਂ ਇਹ ਗੱਲ ਕੁਝ ਅਸੰਭਵ ਜਿਹੀ ਭਾਸਦੀ ਹੈ ਤੇ ਨਾ ਇਹਨਾਂ ਦਾ ਪ੍ਰਤੱਖ ਸਬੂਤ ਮਿਲ ਦਾ ਹੈ। ਪਰ ਹਵਾਈ ਜਹਾਜ਼ ਤਾਂ ਸਾਹਮਣੇ ਦਿਸਦਾ ਹੈ ਕਿ ਪੰਛੀ ਵਾਂਗ ਉਡਾਰੀਆ ਮਾਰ ਰਿਹਾ ਹੈ।

ਹਵਾ ਵਿਚ ਪੰਛੀਆਂ ਨੂੰ ਉਡਾਰੀਆਂ ਮਾਰਦਿਆਂ ਦੇਖਕੇ ਮਨੁਖ ਅੰਦਰ ਵੀ ਰੀਝ ਪੈਦਾ ਹੋਈ ਕਿ ਉਹ ਹਵਾ ਵਿਚ ਉੱਡੇ। ਲੋੜ ਕਾਢ ਦੀ ਮਾਂ ਹੈ ਇਸ ਲਈ ਸਭ ਤੋਂ ਪਹਿਲਾਂ ਅਠਾਰ੍ਹਵੀਂ ਸਦੀ ਵਿਚ ਫਰਾਂਸ ਦੇ ਇਕ ਵਿਦਵਾਨ ਨੇ ਕਾਗਜ਼ ਦਾ ਇਕ ਗਬਾਰਾ ਬਣਾਇਆ, ਪਰ ਇਸ ਨੂੰ ਆਪਣੀ ਮਰਜ਼ੀ ਨਾਲ ਮੋੜਿਆ ਨਹੀਂ ਸੀ ਜਾ ਸਕਦਾ ਇਹ ਹਵਾ ਦੇ ਰੁਖ ਵਲ ਦੌੜਿਆ ਜਾਂਦਾ ਸੀ। ਜਿਸ ਤੋਂ ਪਿਛੋਂ ਇਸ ਗੁਬਾਰੇ ਨੂੰ ਮੁਖ ਰਖ ਕੇ ਜਰਮਨੀ ਦੇ ਇਕ ਵਿਗਿਆਨੀ 'ਜੈਪਲਿਣ' ਨੇ ਇਕ ਹੋਰ ਗੁਬਾਰਾ ਤਿਆਰ ਕੀਤਾ ਜੋ ਗੁਬਾਰੇ ਨੂੰ ਆਪਣੀ ਮਰਜ਼ੀ ਨਾਲ ਮੋੜ ਸਕਦਾ ਸੀ ਤੇ ਆਪਣੀ ਮਰਜ਼ੀ ਨਾਲ ਹੀ ਉਸ ਨੂੰ ਉਤਾਰ ਜਾਂ ਚੜ੍ਹਾ ਸਕਦਾ ਸੀ ਇਸ ਤੋਂ ਪਿਛੋਂ ਅਮਰੀਕਾ ਦੇ ਦੋ ਵਾਈਟ ਭਰਾਵਾਂ ਨੇ ਹਵਾਈ ਜਹਾਜ਼ ਨੂੰ ਹੋਂਦ ਵਿਚ ਲਿਆਂਦਾ। ਪਹਿਲਾਂ ਹਵਾਈ ਜਹਾਜ਼ ਦੀ ਪ੍ਰੀਖਿਆ ਵਿਚ ਕਈਆਂ ਨੇ ਆਪਣੀ ਜਾਨ ਗੁਆ ਲਈ ਸੀ। ਪਰ ਇਹਨਾਂ ਨੇ ਕਾਫੀ ਯੋਗਤਾ ਨਾਲ ਜਹਾਜ਼ ਦੇ ਉਡਣ ਦੀ ਪ੍ਰੀਖਿਆ ਕੀਤੀ ਤੇ ਸਫਲ ਰਹੇ। ਉਹਨਾਂ ਦਿਨਾਂ ਵਿਚ ਭਾਵੇਂ ਇਸ ਦੀ ਸ਼ਕਲ ਤੇ ਰਫਤਾਰ

ਕਾਫੀ ਨਹੀਂ ਹੁੰਦੀ ਸੀ ਪਰ ਹੁਣ ਇਕ ਆਪਣੀ ਸ਼ਕਲ ਵਿਚ ਤੇ ਰਫਤਾਰ ਵਿਚ ਉੱਨਤੀ ਕਰ ਚੁਕਾ ਹੈ। ਅਜ ਕਲ੍ਹ ਤਾਂ ਇਸ ਦੀਆਂ ਕਈ ਕਿਸਮਾਂ ਤਿਆਰ ਹੋ ਗਈਆਂ ਹਨ।

ਹਵਾਈ ਜਹਾਜ਼ ਦੀ ਸ਼ਕਲ ਲੂੰਬੜੀ ਜਿਹੀ ਹੋਇਆ ਕਰਦੀ ਹੈ। ਇਹ ਪੱਰੀਆਂ ਪੱਟੜੀਆਂ ਤੇ ਹੁੰਦਾ ਹੈ ਤੇ ਇਸ ਦੇ ਅਗਲੇ ਪਾਸੇ ਇੰਜਨ ਹੁੰਦਾ ਹੈ। ਇਸ ਦੀ ਪੂਛ ਨੂੰ ਇਸ ਦੀ ਸਹਾਇਤਾ ਨਾਲ ਇਸ ਨੂੰ ਹਰ ਪਾਸੇ ਆਪਣੀ ਮਰਜ਼ੀ ਨਾਲ ਮੋੜਿਆ ਜਾ ਸਕਦਾ ਹੈ। ਇਕ ਪੱਖਾ ਹੈ ਜੋ ਹਵਾ ਨੂੰ ਕੱਟਦਾ ਹੈ ਤੇ ਜਹਾਜ਼ ਅਗੇ ਵਧਦਾ ਹੈ ਤੇ ਫਿਰ ਤੇਜ਼ ਹੋ ਜਾਂਦਾ ਹੈ ਤੇ ਹਵਾ ਵਿਚ ਉੱਡਣ ਲਗ ਪੈਂਦਾ ਹੈ। ਇਸ਼ ਦਾ ਇੰਜਨ ਪੈਟਰੋਲ ਨਾਲ ਚਲਦਾ ਹੈ। ਇਹ ਬਹੁਤ ਹੋਲੀ ਧਾਤ ਐਲਮੋਨੀ-ਅਮ ਦਾ ਬਣਿਆ ਹੁੰਦਾ ਹੈ। ਇਸ ਦੇ ਚਲਾਉਣ ਵਾਲੇ ਨੂੰ ਪਾਈਲਟ ਆਖਿਆ ਜਾਂਦਾ ਹੈ ਇਹ ਆਮ ਕਰਕੇ ਜਹਾਜ਼ ਪਹਿਲੇ ਜਾਂ ਅਗਲੇ ਹਿਸੇ ਵਿਚ ਬੈਠਦਾ ਹੈ। ਜਹਾਜ਼ ਦੇ ਉਤਰਨ ਲਈ ਵੀ ਮੋਟਰਾਂ ਵਾਂਗ ਅੱਡੇ ਬਣੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਏਰੋਡਰਮ ਆਖਿਆ ਜਾਂਦਾ ਹੈ ! ਉਥੇ ਬਹੁਤ ਖੁਲੇ ਮੈਦਾਨ ਹੁੰਦੇ ਹਨ। ਜਿਥੇ ਇਹ ਉਤਰਦਾ ਤੇ ਚੜ੍ਹਦਾ ਹੈ।

ਹਵਾਈ ਜਹਾਜ਼ ਵਿਚ ਮੁਸਾਫਰ ਲਈ ਹਰ ਤਰ੍ਹਾਂ ਦਾ ਸੁਖ ਹੁੰਦਾ ਹੈ। ਬਹਿਣ ਵਾਸਤੇ ਕਾਫੀ ਆਰਾਮਦਾਇਕ ਸੀਟਾਂ ਹੁੰਦੀਆਂ ਹਨ ਮੇਜ਼ ਕੁਰਸ਼ੀਆਂ ਆਦਿ ਤਾਂ ਨਹੀਂ ਲਗੀਆਂ ਹੋਇਆਂ ਪਰ ਸੀਟ ਚੰਗੀ ਹੁੰਦੀ ਹੈ। ਬੈਠਣ ਲਈ ਵਖਰੇ ਹਿਸੇ ਹੁੰਦੇ ਹਨ, ਇਹਨਾਂ ਹਿਸਿਆਂ ਵਿਚ ਇੰਜਨ ਦੀ ਆਵਾਜ਼ ਨਹੀਂ ਪੁਜਦੀ। ਖਾਣੇ ਆਦਿ ਦਾ ਵੀ ਪ੍ਰਬੰਧ ਹੁੰਦਾ ਹੈ। ਦੁਆਈ ਆਦਿ ਵੀ ਥੋੜ੍ਹੀ ਬਹੁਤ ਮਿਲ ਜਾਂਦੀ ਹੈ।

ਆਖਿਆ ਜਾਂਦਾ ਹੈ ਕਿ ਪਹਿਲਾਂ ਪਹਿਲ ਹਵਾਈ ਜਹਾਜ਼ ਕੇਵਲ ਡਾਕ ਦੇਣ ਲਈ ਹੀ ਵਰਤੇ ਜਾਂਦੇ ਹਨ ਫਿਰ ਇਸ ਤੋਂ ਵੱਡੇ ਜਹਾਜ਼ ਬਣਾਏ ਗਏ। ਮੁਸਾਫਰਾਂ ਲਈ ਆਰਾਮ ਦੇ ਸਾਧਨ ਪੈਦਾ ਕੀਤੇ ਗਏ। ਇਹਨਾਂ ਵਿਚ ਮੁਸਾਫਰ ਲਈ ਸੋਣ, ਇਸ਼ਨਾਨ ਕਰਨ ਅਤੇ ਰੋਟੀ ਆਦਿ ਦਾ ਪ੍ਰਬੰਧ ਹੋ ਗਿਆ। ਹੁਣ ਕਾਫੀ ਤੇਜ਼ ਰਫਤਾਰ ਵਾਲੇ ਜਹਾਜ਼ ਬਣ ਗਏ ਹਨ। ਇਹਨਾਂ ਵਿਚੋਂ ਕਈਆਂ ਨੂੰ ਆਮ ਸੜਕ ਤੇ ਹੀ ਉਤਾਰਿਆ ਚੜ੍ਹਾਇਆ ਜਾ ਸਕਦਾ ਹੈ। ਹਾਲੇ ਵੀ ਸਾਇੰਸਦਾਨ ਇਸ ਨਾਲ ਸੰਤੁਸ਼ਟ ਨਹੀਂ ਹਨ ਤੂੰ ਇਸ ਦੀ ਰਫਤਾਰ ਨੂੰ ਹੋਰ ਤੇਜ਼ ਕਰਨ ਦੇ ਉਪਰਾਲੇ ਕਰਦੇ ਹਨ।

ਇਸ ਨੇ ਮਨੁੱਖ ਨੂੰ ਕਾਫੀ ਲਾਭ ਦਿੱਤੇ ਹਨ ਉਹ ਸਫਰ ਜੋ ਪਹਿਲਾਂ ਮਹੀਨਿਆਂ ਤੇ ਵਰ੍ਹਿਆਂ ਵਿਚ ਹੁੰਦਾ ਸੀ ਹੁਣ ਘੰਟਿਆਂ ਤੇ ਦਿਨਾਂ ਵਿਚ ਹੁੰਦਾ ਹੈ ਭਾਵ

ਕੀ ਦੂਰ ਦਿਆਂ ਦੇਸ਼ਾਂ ਦਾ ਸਾਡੇ ਨਾਲ ਗੁਆਂਢ ਹੋ ਗਿਆ ਹੈ। ਜਿਵੇਂ ਸਵੇਰੇ ਇਥੇ ਭਾਰਤ ਵਿਚ ਚਾਹ ਪੀਤੀ ਹੈ ਤੇ ਦੁਪਹਿਰ ਦਾ ਖਾਨਾ ਪੈਰਸ ਵਿਚ ਜਾ ਕੇ ਖਾਣਗੇ ਤੇ ਸਿਨੇਮਾ ਇੰਗਲੈਂਡ ਜਾ ਕੇ ਵੇਖਿਆ ਜਾ ਸਕਦਾ ਹੈ। ਹੁਣ ਕਾਫੀ ਤੇਜ਼ ਰਫਤਾਰ ਵਾਲੇ ਜਹਾਜ਼ ਉੱਡਣ ਲੱਗ ਪਏ ਹਨ।

ਸਫਰ ਤੋਂ ਬਿਨਾਂ ਇਸ ਰਾਹੀਂ ਕਈ ਚੀਜ਼ਾਂ ਭੀ ਇਕ ਦੇਸ਼ ਤੋਂ ਦੂਜੇ ਦੇਸ਼ ਤਾਈਂ ਪੁਚਾਈਆਂ ਜਾਂਦੀਆਂ ਹਨ। ਹੁਣ ਤਾਂ ਕਈ ਕੰਪਨੀਆਂ ਭੀ ਬਣ ਗਈਆਂ ਹਨ, ਜਿਹੜੀਆਂ ਹਵਾਈ ਜਹਾਜ਼ ਚਲਾਉਣਾ ਭੀ ਸਿਖਾਉਂਦੀਆਂ ਹਨ ਤੇ ਉਹਨਾਂ ਦੇ ਹਵਾਈ ਜਹਾਜ਼ਾਂ ਵਿਚ ਸਫਰ ਵੀ ਕੀਤਾ ਜਾ ਸਕਦਾ ਹੈ ਇਹ ਠੀਕ ਹੈ ਕਿ ਇਸਦਾ ਕਿਰਾਇਆ ਐਨਾ ਹੈ ਕਿ ਆਮ ਆਦਮੀ ਦੀ ਪਹੁੰਚ ਤੋਂ ਕਿਤੇ ਵਧ ਹੈ, ਪਰ ਆਸ ਕੀਤੀ ਜਾਂਦੀ ਹੈ ਕਿ ਬਹੁਤ ਛੇਤੀ ਹੀ ਆਮ ਆਦਮੀ ਇਸ ਦੀ ਵਰਤੋਂ ਕਰਿਆ ਕਰਨਗੇ।

ਜਿਸ ਸਮੇਂ ਚੋਣਾਂ ਹੁੰਦੀਆਂ ਹਨ ਤਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜਿਹੇ ਰਾਜਸੀ ਆਗੂ ਇਹਨਾਂ ਰਾਹੀਂ ਆਪਣੇ ਤੂਫਾਨੀ ਦੌਰੇ ਤੇ ਚੜ੍ਹਦੇ ਹਨ ਤੇ ਇਕ ਦਿਨ ਵਿਚ ਇਕ ਥਾਂ ਲੈਕਚਰ ਦੇ ਕੇ ਜਹਾਜ਼ ਰਾਹੀਂ ਦੂਜੇ ਥਾਂ ਪੁਜ ਜਾਂਦੇ ਹਨ। ਇਥੇ ਹੀ ਬਸ ਨਹੀਂ ਅਮਰੀਕਾ ਰੂਸ ਆਦਿ ਦੇਸ਼ਾਂ ਵਿਚ ਹਵਾਈ ਜਹਾਜ਼ਾਂ ਰਾਹੀਂ ਹੀ ਵੱਡੇ ਵੱਡੇ ਖੇਤਾਂ ਵਿਚ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ। ਹਵਾਈ ਜਹਾਜ਼ ਦੀ ਸਵਾਰੀ ਖਤਰਨਾਕ ਭੀ ਹੈ। ਨਿੱਤ ਅਖਬਾਰਾਂ ਵਿਚ ਕੋਈ ਨਾ ਕੋਈ ਦੁਰਘਤਨਾ ਬਾਬਤ ਪੜ੍ਹਦੇ ਹੀ ਹਾਂ। ਹਾਲੇ ਪਿਛੇ ਜਿਹੇ ਇਕ ਤਰ੍ਹਾਂ ਦੀ ਦੁਰਘਟਨਾ ਹੋਈ ਹੈ। ਇਹ ਦੁਰਘਟਨਾਵਾਂ ਗਿਧਾਂ ਦੇ ਜਹਾਜ਼ ਨਾਲ ਟਕਰਾ ਜਾਣ ਤੇ, ਤਾਰਾਂ ਵਿਚ ਫਸ ਜਾਣ, ਪਹਾੜੀਆਂ ਨਾਲ ਟਕਰਾ ਜਾਣ, ਧੁੰਦ ਵਿਚ ਫਸ ਜਾਣ ਜਾਂ ਟੈਂਕੀ ਪਾਟ ਜਾਣ ਤੋਂ ਹੁੰਦੀਆਂ ਹਨ। ਕਈ ਵਾਰੀ ਵੈਰੀ ਵੀ ਬੰਬ ਰਖਕੇ ਦੁਰਘਟਨਾ ਕਰ ਦਿੰਦੇ ਹਨ। ਇਸ ਨਾਲ ਜੰਗ ਦੇ ਦਿਨਾਂ ਵਿਚ ਬੰਬਬਾਰੀ ਭੀ ਕੀਤੀ ਜਾਂਦੀ ਹੈ। ਜਿਸ ਨਾਲ ਮਨੁਖਤਾ ਦਾ ਨਾਸ਼ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਤਾਂ ਮਨੁਖ ਦੇ ਆਪਣੇ ਹੱਥ ਵਿਚ ਹੈ ਚਾਹੇ ਲਾਭ ਲੈ ਲਵੇ ਜਾਂ ਇਸ ਤੋਂ ਹਾਣ ਲੈ ਲਵੇ। ਪਰ ਮਨੁਖ ਸੋਚਦਾ ਨਹੀਂ ਇਸ ਰਾਹੀਂ ਇਹ ਮਨੁੱਖ ਨੂੰ ਬਰਬਾਦ ਕਰਨ ਲਈ ਹੀ ਸਹਾਇਤਾ ਲੈਂਦਾ ਹੈ। ਲੜਾਈ ਵਿਚ ਇਸ ਨਾਲ ਹੀ ਬੰਬ ਆਦਿ ਸੁਟੇ ਜਾਂਦੇ ਹਨ।

ਜੇਠ ਹਾੜ ਦੀ ਰੁੱਤੇ ਬਸ ਦਾ ਸਫਰ

(M. S. E. 1958)

ਅਜ ਕਲ ਬੱਸਾਂ ਦਾ ਸਫਰ ਰੇਲ ਗੱਡੀ ਦੇ ਬਰਾਬਰ ਹੀ ਹੋ ਗਿਆ ਹੈ। ਕਿਤੇ ਜਾਣਾ ਹੋਵੇ ਜੇ ਉਥੇ ਪਕੀ ਸੜਕ ਜਾਂਦੀ ਹੋਵੇਗੀ ਤਾਂ ਬਸ ਉਥੇ ਜ਼ਰੂਰ ਜਾਂਦੀ ਹੋਵੇਗੀ। ਅਜ ਕਲ ਬਸਾਂ ਦਾ ਪ੍ਰਬੰਧ ਹਰ ਜ਼ਿਲੇ ਵਿਚ ਪ੍ਰਾਂਤੀ ਸਰਕਾਰ ਵਲੋਂ ਕੀਤਾ ਜਾਂਦਾ ਹੈ ਜਿਵੇਂ ਪੰਜਾਬ ਵਿਚੋਂ ਚਲਣ ਵਾਲੀਆਂ ਬਸਾਂ ਦਾ ਨਾਂ "ਪੰਜਾਬ ਰੋਡਵੇਜ਼ ਬਸ ਸਰਵਿਸ ਹੈ" ਤੇ ਹਰਿਆਨਾ ਦੀ ਹਰਿਆਨਾ ਰੋਡਵੇਜ਼ ਹੈ। ਇਸੇ ਤਰ੍ਹਾਂ ਹਿਮਾਚਲ ਵਿਚ ਹਿਮਾਚਲ ਰੋਡਵੇਜ਼ ਹੈ। ਜਾਲੰਧਰ ਤੋਂ ਹਰ ਪਾਸੇ ਬਸਾਂ ਜਾਂਦੀਆਂ ਹਨ।

ਇਹ ਮਹਿਕਮਾ ਵਿਆਹ ਆਦਿ ਵਾਸਤੇ ਬੱਸਾਂ ਵੀ ਭੇਜ ਦਿੰਦਾ ਹੈ। ਅਸਾਂ ਵੀ ਪ੍ਰੈਸ ਦੇ ਮੈਨੇਜਰ ਬਾਬੂ ਕ੍ਰਿਸ਼ਨ ਲਾਲ ਦੇ ਵਿਆਹ ਲਈ ਵਟਾਲੇ ਵਾਸਤੇ ਬੱਸ ਬੁਕ ਕਰਵਾਈ ਸੀ। ਜਾਲੰਧਰ ਤੋਂ ਵਟਾਲੇ ਲਈ ਛੋਟਾ ਰਾਹ ਰਈਏ ਦੇ ਕੋਲੋਂ ਜਾਂਦਾ ਹੈ। ਇਸ ਰਾਹ ਤੇ ਬਸਾਂ ਆਮ ਜਾਂਦੀਆਂ ਹਨ।

ਅਸੀਂ ਬਸ ਤੇ ਇਕ ਵਜੇ ਬਹਿ ਗਏ ਤੇ ਤੁਰ ਪਏ। ਵਟਾਲੇ ਵਲ ਜਿਉਂ ਹੀ ਅਸੀਂ ਬਾਬੇ ਬਕਾਲੇ ਤੋਂ ਦੋ ਮੀਲ ਉਰੇ ਪੁਜੇ ਕਿ ਸਾਡੀ ਬਸ ਦਾ ਪਟਰੋਲ ਮੁਕ ਗਿਆ ਤੇ ਇੰਜਨ ਗਰਮ ਹੋ ਗਿਆ। ਅਸਾਂ ਇੰਜਨ ਵਿਚ ਪਾਣੀ ਪਾਇਆ। ਪਰ ਪੈਟਰੋਲ ਪੰਪ ਦੋ ਕੁ ਮੀਲ ਅਗਾਂਹ ਸੀ। ਅਸਾਂ ਬਸ ਵਾਲੇ ਨੂੰ ਝਿੜਕਿਆ ਕਿ ਤੂੰ ਪਹਿਲਾਂ ਪਟਰੋਲ ਪਾਕੇ ਕਿਉਂ ਨਹੀਂ ਤੁਰਿਆ ਤਾਂ ਉਹ ਕਹਿਣ ਲਗਾ ਕਿ ਪੈਟਰੋਲ ਤਾਂ ਮੈਂ ਵਟਾਲੇ ਤਕ ਦਾ ਪੁਆਕੇ ਤੁਰਿਆਂ ਸਾਂ ਇੰਜ ਜਾਪਦਾ ਹੈ ਕਿ ਪੈਟਰੋਲ ਵਾਲੀ ਟੈਂਕੀ ਲੀਕ ਕਰਦੀ ਹੈ।

ਜੇਠ ਹਾੜ ਦੇ ਦਿਨ ਨੇੜੇ ਤੇੜੇ ਨਾ ਕੋਈ ਬ੍ਰਿਛ ਨਾਂ ਛਾਂ। ਪਸੀਨਾ ਜਾਨ ਕਢ ਰਿਹਾ ਸੀ ਜੇ ਡਰਾਈਵਰ ਨੇ ਕਿਹਾ ਕਿ ਪਟਰੋਲ ਪੰਪ ਤਕ ਗਡੀ ਨੂੰ ਧਕਾ ਮਾਰ ਕੇ ਲੈ ਚਲੀਏ। ਫਿਰ ਕੀ ਸੀ। ਕੁਝ ਅਗੇ ਗਰਮੀ ਸਤਾ ਰਹੀ ਸੀ ਕੁਝ ਧਕਾ ਲਗਾਣਾ ਪੈ ਗਿਆ। ਪਟਰੋਲ ਪੰਪ ਤਕ ਜਾਂਦਿਆਂ ਸਾਡੇ ਚਿਹਰੇ ਭੂਤ ਬਣ ਗਏ। ਕਪੜੇ ਪਸੀਨੇ ਨਾਲ ਖਲ ਬਣ ਗਏ। ਬੁਰੇ ਹਾਲ ਤੇ ਬਾਂਕੇ ਦਿਹਾੜੇ। ਹਰ ਕੋਈ ਆਖੇ ਅਗੋਂ ਬਸ ਵਿਚ ਨਹੀਂ ਬੈਠਿਆ ਕਰਨਾ।

ਪੈਟਰੋਲ ਪੰਪ ਤੋਂ ਡਾਰਈਵਰ ਨੇ ਪੈਟਰੋਲ ਪਵਾਦਿਆ ਤੇ ਬੈਠ ਗਏ ਗਡੀ ਵਿਚ ਹੁਣ ਅਸੀਂ ਬਾਕੀ ਦੀਆਂ ਸੁਆਰੀਆਂ ਨੂੰ ਗੱਡੀ ਵਿਚ ਬਿਠਾਣ ਲਈ

ਉਡੀਕਿਆ । ਜਦ ਸਭ ਆ ਗਏ ਤੇ ਬਹਿ ਗਏ ਗਡੀ ਵਿਚ ਤਾਂ ਉਹ ਗਡੀ ਦਾ ਪੈਟਰੋਲ ਲੀਕ ਕਰਨ ਦੀ ਸੀਮਾਰੀ ਅਜੇ ਬਾਕੀ ਸੀ । ਖੈਰ ਅਸੀਂ ਰੋਂਦੇ ਪਿਟਦੇ ਵਟਾਲੇ ਪੁਜੇ ਪਰ ਕੰਨਾਂ ਨੂੰ ਹੱਥ ਲਗਾਏ ਕਿ ਮੁੜ ਬਸ ਤੇ ਖ਼ਰਾਤ ਨਹੀਂ ਲੈ ਕੇ ਜਾਣੀ ਇਹ ਬਹੁਤ ਦੁਖਦਾਈ ਸਫਰ ਹੈ । ਡੇਰੇ ਤੇ ਉਤਾਰਾ ਕਰਕੇ ਅਸਾਂ ਸਿਰ ਤੋਂ ਲੈ ਕੇ ਪੈਰਾਂ ਤਕ ਨਹਾਤੇ ਤੇ ਆਪਣੀ ਮੱਤ ਟਿਕਾਣੇ ਕੀਤੀ ਤੇ ਅੱਗੋਂ ਬਸ ਵਿਚ ਬਹਿਣ ਦੀ ਤੋਬਾ ਕੀਤੀ ।

ਸਿਆਲ ਦੀ ਰੁਤ ਵਿਚ ਸਵੇਰੇ ਬਸ ਦਾ ਸਫਰ

(M. S. E. 1959)

ਮਨੁਖ ਨੂੰ ਕੰਮ ਹਰ ਘੜੀ, ਹਰ ਰੁੱਤ ਵਿਚ ਪੈਂਦੇ ਹਨ । ਪਰ ਕਈ ਵਾਰ ਜਦੋਂ ਸਿਆਲ ਦੇ ਦਿਨਾਂ ਵਿਚ ਸਵੇਰੇ ਤੜਕੇ ਬੱਸ ਦਾ ਸਫਰ ਕਰਨਾ ਪੈ ਜਾਵੇ ਤਾਂ ਡਾਢਾ ਔਖਾਂ ਹੁੰਦਾ ਹੈ ।

ਪਹਿਲਾ ਤਾਂ ਰਜਾਈ ਵਿਚ ਬੰਦਾ ਨਿਘਾ ਹੋਇਆ ਹੁੰਦਾ ਹੈ, ਇਕ ਦੂਜੇ ਨੂੰ ਕਹਿ ਤਾਂ ਲਈਦਾ ਹੈ ਕਿ ਤੈਥੋਂ ਉਠਿਆ ਨਹੀਂ ਜਾਂਦਾ, ਪਰ ਉਠਣਾ ਠੰਢ ਵਿਚ ਬੜਾ ਔਖਾ ਜਾਪਦਾ ਹੈ, ਪਰ ਚਲੋ ਕਈ ਮਜਬੂਰੀਆਂ ਦੇ ਕਾਰਨ ਬੰਦਾ ਉੱਠ ਹੀ ਪਵੇ ਤਾਂ ਸਵੇਰੇ ਸਵੇਰੇ ਨਹਾਣਾ ਧੋਣਾ ਹੋਰ ਵੀ ਔਖਾ ਹੁੰਦਾ ਹੈ । ਫੇਰ ਜਦ ਤਿਅਰ ਹੋ ਕੇ ਬੰਦਾ ਘਰੋਂ ਬੱਸ ਵਲ ਤੁਰ ਪਵੇ ਤਾਂ ਰਾਹ ਵਿਚ ਸਵੇਰ ਦੀ ਠੰਢੀ ਹਵਾ, ਪਾਲਾ, ਕੱਕਰ ਆਦਿ ਚੀਜ਼ ਤੇ ਉਧਰ ਸ਼ਹਿਰੋਂ ਬਾਹਰ ਬੱਸਾਂ ਦਾ ਅੱਡਾ, ਰਿਖਸ਼ਾ ਦਾ ਨਾਂ ਮਿਲਣ ਤੇ ਤੁਰਕੇ ਜਾਣਾ ਸਭ ਚੀਜ਼ਾਂ ਸਰੀਰ ਨੂੰ ਕਸ਼ਟ ਪੁਚਾਂਦੀਆਂ ਹਨ ।

ਪਰ ਖੈਰ ਇਕ ਦਿਨ ਇਹਨਾਂ ਸਾਰੀਆਂ ਗੱਲਾਂ ਦਾ ਸਾਹਮਣਾ ਕਰਨਾ ਮੈਨੂੰ ਆਪ ਨੂੰ ਪੈ ਗਿਆ । ਜਿਵੇਂ ਕਿਵੇਂ ਮੈਂ ਘਰੋਂ ਤੁਰ ਪਿਆ, ਰਿਖਸ਼ਾ, ਕੋਈ ਨਹੀਂ ਸੀ ਜਲੰਧਰ ਕੰਪਨੀ ਬਾਗ ਤੋਂ ਅਗੇ ਲੁਧਿਆਨੇ ਦੀਆਂ ਬਸਾਂ ਦਾ ਅੱਡਾ ਹੈ ਮੇਰਾ ਠੰਢ ਨਾਲ ਬੋਲੋ ਰਾਮ ਹੀ ਹੋ ਗਿਆ ।

ਟਿਕਟ ਲਈ ਤੇ ਦਬਾਦਬ ਬੱਸ ਵਿਚ ਬਹਿ ਗਿਆ । ਮੈਨੂੰ ਸ਼ੌਕ ਹੈ ਬਾਰੀ ਦੇ ਨਾਲ ਹੋਕੇ ਬਹਿਣ ਦਾ । ਬਸ ਫੇਰ ਕੀ ਸੀ । ਪੰਜ ਸਤ ਮਿੰਟ ਦੇ ਅਰਸੇ ਬਾਦ ਬਸ ਤੁਰ ਪਈ । ਧੁੰਦ ਪਈ ਹੋਈ ਦਿਸੇ ਕੁਝ ਨਾ ਕਕਰ ਤੇ ਪਾਲੇ ਨਾਲ ਹੱਥ ਪੈਰ ਸੁੰਨ ਹੁੰਦੇ ਜਾਣ ਹਵਾ ਦੇ ਫਾਂਡੇ ਨੇ ਜਾਨ ਕੱਢ ਲੈ ਆਂਦੀ ਉਧਰੋਂ ਬਸ ਡਰਾਈਵਰ ਘੜੀ ਮੁੜੀ ਆਪਣਾ ਸ਼ੀਸ਼ਾ ਪੂੰਝੇ ਕੀ ਕਿਤੇ ਕੋਈ ਟੱਕਰ ਨਾ ਹੋ ਜਾਵੇ ।

ਉਧਰ ਜੇ ਬਾਰੀਆਂ ਖੋਹਲੀਏ ਤਾਂ ਠੰਢ ਖਾਵੇ ਜੇ ਬੰਦ ਕਰੀਏ ਤਾ ਲੋਕਾਂ

ਦਾ ਸਾਹ ਨਾਲ ਦਮ ਘੁਟੀਵੇ। ਸਿਆਲੇ ਦੇ ਦਿਨਾਂ ਵਿਚ ਹਰ ਇਕ ਦੇ ਗੱਲ ਕਪੜਾ ਵੀ ਬਹੁਤ ਹੁੰਦਾ ਹੈ। ਸੀਟਾਂ ਤੇ ਭਲੀ ਪ੍ਰਕਾਰ ਬੈਠਾ ਨਹੀਂ ਜਾਂਦਾ। ਇਹ ਹੋਰ ਵੀ ਮੁਸ਼ਕਲ ਉਪਰੋਂ ਮੇਰਾ ਭਾਰਾ ਸਰੀਰ ਬਸ ਵਾਲੇ ਮੇਰੇ ਨਾਲ ਇਕ ਹੋਰ ਸੁਆਰੀ ਬਿਠਾਉਣ, ਉਹ ਸੁਆਰੀ ਮੈਨੂੰ ਆਖੇ ਜ਼ਰਾ ਨਾਲ ਹੋ ਕੇ ਬੈਠੋ ਤੇ ਮੈਂ ਆਖਾਂ ਭਈ ਮੈਂ ਤਾਂ ਬਾਰੀ ਨਾਲ ਲਗਾ ਹੋਇਆ ਹਾਂ।

ਹਾਂ, ਇਕ ਗੱਲ ਮੈਨੂੰ ਉਸ ਸਫਰ ਦੀ ਹੋਰ ਯਾਦ ਆ ਗਈ ਮੇਰੇ ਕੋਲ ਗੈਸ ਪੇਪਰਾਂ ਦੇ ਬੰਡਲ ਸਨ। ਸੀਟ ਕੋਲ ਬਸ ਵਾਲੇ ਰਖਣ ਨਾ ਦੇਣ ਬਸ ਦੇ ਉਪਰ ਮੈਥੋਂ ਚੜ੍ਹਾਏ ਨਾ ਜਾਣ ਤੇ ਕਲੀਨਰ ਆਖੇ ਮੈਨੂੰ ਛਤ ਤੇ ਫੜਾ ਦਿਉ। ਖੈਰ ਇਹ ਵੀ ਕੰਮ ਕਿਸੇ ਕੁਲੀ ਨੂੰ ਦਸ ਪੈਸੇ ਦੇਕੇ ਜਿਉਂ ਤਿਉਂ ਕਰਕੇ ਕੀਤਾ।

ਰਬ ਰਬ ਕਰਦਿਆਂ ਲੁਧਿਆਨਾ ਰੋਡਵੇਜ਼ ਦਾ ਅੱਡਾ ਆਇਆ ਉਥੇ ਉਤਰਕੇ ਚਾਹ ਦੀ ਪਿਆਲੀ ਪੀਤੀ ਤਾਂ ਸਰੀਰ ਵਿਚ ਕੁਝ ਸਾਹ ਆਇਆ। ਸੋ ਇਹ ਹੈ ਸਿਆਲੇ ਦੇ ਦਿਨ ਤੇ ਸਵੇਰ ਵੇਲੇ ਬਸ ਦੇ ਸਫਰ ਦਾ ਹਾਲ।

ਦੁਸਹਿਰੇ ਦਾ ਮੇਲਾ

(M. S. E. 1960)

ਦੁਸਹਿਰੇ ਦਾ ਮੇਲਾ ਵੀ ਬੜਾ ਪ੍ਰਸਿੱਧ ਮੇਲਾ ਹੈ। ਇਸ ਦਿਨ ਹਰ ਬੱਚਾ ਮੇਲਾ ਵੇਖਣ ਲਈ ਉਤਸ਼ਕ ਹੁੰਦਾ ਹੈ ਤੇ ਮੈਂ ਵੀ ਉਹਨਾਂ ਵਿਚੋਂ ਹਾਂ। ਮੈਂ ਦਸ ਦਿਹਾੜੇ ਪਹਿਲਾਂ ਹੀ ਮੇਲੇ ਲਈ ਪੈਸੇ ਜੋੜਨ ਲਗ ਪੈਂਦਾ ਹਾਂ ਤੇ ਆਪਣੇ ਯਾਰਾਂ ਮਿੱਤਰਾਂ ਨਾਲ ਜੋੜ ਮੇਲ ਬਣਾਂਦਾ ਹਾਂ ਕਿ ਰਲ ਕੇ ਦੁਸਹਿਰੇ ਦੇ ਮੇਲੇ ਦਾ ਸੁਆਦ ਮਾਨਾਂਗੇ, ਸਿਆਣੇ ਆਖਦੇ ਭੀ ਹਨ—

ਮੇਲਾ ਮੇਲੀਆਂ ਦਾ,
ਪੌਲ ਧੇਲੀਆਂ ਦਾ।

ਇਕ ਤਾਂ ਮੇਲੇ ਜਾਣਾ ਹੋਵੇ ਤਾਂ ਨਾਲ ਯਾਰ ਮਿਤਰਾਂ ਦਾ ਸੰਗ ਹੋਵੇ ਦੂਜੇ ਪੱਲੇ ਪੈਸੇ ਹੋਣ ਤਾਂ ਹੀ ਮੇਲੇ ਦਾ ਅਨੰਦ ਆਉਂਦਾ ਹੈ।

ਖੈਰ ਰਬ ਰਬ ਕਰਕੇ ਦੁਸਹਿਰੇ ਦਾ ਦਿਨ ਆਇਆ ਮੇਲਾ ਦੇਵੀ ਤਲਾ ਲਗਦਾ ਹੈ। ਅਸੀਂ ਤਿੰਨ ਵਜੇ ਹੀ ਜਾ ਕੇ ਅਗੇ ਥਾਂ ਮਲ ਲਈ। ਮੇਰੇ ਨਾਲ ਮੇਰੇ ਮਹੱਲੇ ਦੇ ਮੁੰਡੇ ਸਨ। ਸਾਰੇ ਹੀ ਚੰਗੇ ਘਰਾਂ ਦੇ ਸਨ। ਫਿਰ ਵੀ ਸਾਰੇ ਜਣੇ ਮੇਲੇ ਦੀ ਮਹੱਤਤਾ ਨੂੰ ਨਹੀਂ ਸਨ ਜਾਣਦੇ ਮੈਦਾਨ ਵਿਚ ਖੜੇ ਬੁਤਾਂ ਬਾਰੇ ਇਕ ਯਾਰ ਨੇ

ਮੈਨੂੰ ਦਸਣ ਲਈ ਕਿਹਾ ।

ਮੈਂ ਉਹਨਾਂ ਨੂੰ ਦਸਿਆ ਭਈ ਅਜ ਦਾ ਦਿਨ ਬਦੀ ਜਾਂ ਬੁਰਾਈ ਉਤੇ ਨੇਕੀ ਦੀ ਜਿੱਤ ਦਾ ਹੈ ਭਾਵ ਇਹ ਵਿਚਕਾਰਲਾ ਬੁੱਤ ਜੋ ਦਿਸ ਰਿਹਾ ਹੈ ਇਹ ਲੰਕਾ ਦੇ ਮਹਾਂ ਪੰਡਤ ਰਾਵਣ ਦਾ ਹੈ ਜੋ ਅਜ ਤੋਂ ਕੁਝ ਹਜ਼ਾਰ ਸਾਲ ਪਹਿਲਾਂ ਸ੍ਰੀ ਰਾਮ ਚੰਦਰ ਜੀ ਦੀ ਰਾਣੀ ਨੂੰ ਚੁਰਾਕੇ ਜਾਂ ਕਢਕੇ ਲੈ ਗਿਆ ਸੀ। ਇਸਨੇ ਸੀਤਾ ਨੂੰ ਰਾਣੀ ਬਣਾਨ ਲਈ ਬੜਾ ਮਨਾਇਆ ਪਰ ਉਹ ਨਾ ਮੰਨੀ ।

ਰਾਮ ਚੰਦਰ ਜੀ ਨੇ ਬਾਨਰ ਸੈਨਾ ਨਾਲ ਲੈ ਕੇ ਲੰਕਾ ਤੇ ਹਮਲਾ ਕੀਤਾ ਸੀਤਾ ਖੋਹ ਲਈ ਤੇ ਰਾਵਣ ਨੂੰ ਮਾਰ ਦਿਤਾ । ਇਹ ਕੁੰਭ ਕਰਨ, ਮੇਘ ਨਾਥ ਤੇ ਹੋਰ ਛੋਟੇ ਛੋਟੇ ਬੁਤ ਉਹ ਦੇ ਭਰਾ ਤੇ ਪੁੱਤਰਾਂ ਦੇ ਹਨ । ਸਾਰਾ ਪ੍ਰਵਾਰ ਇਸ ਜੰਗ ਵਿਚ ਮਾਰਿਆ ਗਿਆ, ਰਾਮ ਜੀ ਰਾਵਣ ਦੇ ਭਰਾ ਭਬੀਸ਼ਨ ਨੂੰ ਰਾਜ ਸੌਂਪ ਕੇ ਵਾਪਸ ਦੇਸ਼ ਆ ਗਏ ।

ਹੁਣੇ ਹੁਣੇ ਸ੍ਰੀ ਰਾਮ ਚੰਦਰ ਜੀ ਲਛਮਣ ਜੀ ਤੇ ਸੀਤਾ ਜੀ ਹਨੂੰਮਾਨ ਸਮੇਤ ਤੇ ਜੇਤੂ ਸੈਨਾ ਰੂਪ ਵਿਚ ਆਉਣਗੇ ਤੇ ਰਾਵਣ ਨੂੰ ਇਕ ਅਗਣੀ ਬਾਣ ਮਾਰ ਕੇ ਅੱਗ ਲਗਾ ਦੇਣਗੇ ਤੇ ਇਹ ਮਹਾਂ ਪੰਡਤ ਤੇ ਉਸ ਦੇ ਸਾਥੀ ਸੜਦੇ ਦਿਸਣਗੇ ।

ਮੇਲਾ ਗਹਿ ਗਚ ਭਰ ਚੁਕਾ ਸੀ ਕੰਨ ਪਈ ਆਵਾਜ਼ ਨਹੀਂ ਸੀ ਸੁਣਾਈ ਦੇਂਦੀ ਤੇ ਇਕ ਜਣਾ ਕਹਿਣ ਲਗਾ ਚਲੋ ਯਾਰ ਫਿਰ ਤੁਰਕੇ ਮੇਲਾ ਵੇਖੀਏ । ਇਥੇ ਤਾਂ ਕੇਵਲ ਇਹ ਬੁੱਤ ਹੀ ਦਿਸਦੇ ਹਨ। ਅਸੀਂ ਭੀੜ ਵਿਚੋਂ ਬਾਹਰ ਨਿਕਲੇ ਤਾਂ ਇਕ ਪਾਸੇ ਬਾਜ਼ੀਗਰ ਬਾਜ਼ੀ ਪਾ ਰਿਹਾ ਸੀ, ਥੋੜਾ ਜਿਹਾ ਪੈਲੀਆਂ ਵਲ ਨੂੰ ਹੋਏ ਤਾਂ ਭਰਤੀ ਦਫਤਰ ਖੁਲ੍ਹਾ ਸੀ ਤੇ ਕਈ ਜੁਆਨ ਆਪਣੇ ਸਰੀਰ ਦੇ ਮਾਪ ਦੇ ਰਹੇ ਸਨ । ਇਕ ਪਾਸੇ ਭਰਤੀ ਦੇ ਪੋਸਟਰ ਲਗੇ ਹੋਏ ਸਨ ।

ਨਾਲ ਹੀ ਖੇਤੀ ਬਾੜੀ ਵਾਲਿਆਂ ਨੇ ਨੁਮਾਇਸ਼ ਖੋਲ੍ਹੀ ਹੋਈ ਸੀ। ਉਥੇ ਜਿਮੀਦਾਰਾਂ ਨੂੰ ਨਵੇਂ ਸੰਦ, ਨਵੇਂ ਬੀਜ ਤੇ ਨਵੀਂ ਖਾਦ ਦਿਖਾ ਕੇ ਉਪਦੇਸ਼ ਦੇ ਰਹੇ ਸਨ ।

ਗੱਲ ਕੀ ਅਜੇ ਅਸੀਂ ਇਹ ਸਭ ਕੁਝ ਦੇਖ ਹੀ ਰਹੇ ਸਾਂ ਕਿ ਰੌਲਾ ਪੈ ਗਿਆ ਮਹਾਰਾਜ ਰਾਮ ਚੰਦਰ ਜੀ ਆ ਰਹੇ ਹਨ ।

ਅਸੀਂ ਸਭ ਭਜਕੇ ਲਾਗੇ ਦੇ ਦਰਖਤਾਂ ਤੇ ਚੜ੍ਹ ਗਏ ਰਾਮ ਜੀ ਨੇ ਰਾਵਣ ਕੋਲ ਜਾਕੇ ਇਕ ਬਾਣ ਛਡਿਆ ਤੇ ਰਾਵਣ ਧਾੜ ਧਾੜ ਬਲਣ ਲਗ ਪਿਆ ਏਨੇ ਨੂੰ

ਉਸ ਦੇ ਬਾਕੀ ਸਾਥੀ ਵੀ ਬਲ ਉਠੇ । ਇਉਂ ਦੁਸਹਿਰੇ ਦਾ ਮੇਲਾ ਵੇਖ ਕੇ ਮੁੜਦੇ ਹੋਏ ਅਸੀਂ ਮਿਟੀ ਦੇ ਖਿਡੌਣੇ ਤੇ ਜਲੇਬੀਆਂ ਲੈ ਕੇ ਘਰਾਂ ਨੂੰ ਤੁਰ ਪਏ ।

ਫ਼ੁਟਬਾਲ ਦਾ ਮੈਚ

ਪਿਛਲਿਆਂ ਸਾਲਾਂ ਵਾਂਗ ਇਸ ਸਾਲ ਵੀ ਜ਼ਿਲੇ ਦੇ ਹਾਈ ਸਕੂਲਾਂ ਦੇ ਟੂਰਨਾਮੈਂਟਾਂ ਵਿਚ ਸਾਡੀ ਟੀਮ ਵੀ ਕਾਫੀ ਟੀਮਾਂ ਨੂੰ ਜਿੱਤ ਕੇ ਫ਼ਾਈਨਲ ਵਿਚ ਆਈ ਹੋਈ ਸੀ । ਦੂਜੇ ਪਾਸੇ ਖਾਲਸਾ ਹਾਈ ਸਕੂਲ ਜਲੰਧਰ ਦੀ ਟੀਮ ਨੇ ਵੀ ਸਾਡੇ ਜਿੰਨੀਆਂ ਟੀਮਾਂ ਨੂੰ ਜਿੱਤਿਆ ਤੇ ਫਾਈਨਲ ਵਿਚ ਪਹੁੰਚੀ । ਆਖਰੀ ਮੈਚ ਦੁਆਬਾ ਹਾਈ ਸਕੂਲ ਦੀ ਗਰਾਊਂਡ ਵਿਚ ਹੋਇਆ ।

ਰੈਫਰੀ ਅਮਰ ਸਿੰਘ ਜੀ ਐਮ. ਐਲ. ਏ. ਸਨ ਜੋ ਜ਼ਿਲ੍ਹੇ ਵਿਚੋਂ ਮੰਨੇ ਹੋਏ ਰੈਫਰੀ ਸਨ । ਠੀਕ ਦਸ ਵਜੇ ਉਹਨਾਂ ਆਪਣੀ ਸੀਟੀ ਵਿਚ ਫੂਕ ਮਾਰੀ । ਸਾਡੀ ਟੀਮ ਦਾ ਕੈਪਟਨ ਅਜੀਤ ਸਿੰਘ ਤੇ ਦੂਜੇ ਪਾਸੇ ਖਾਲਸਿਆਂ ਦੀ ਟੀਮ ਦਾ ਕੈਪਟਨ ਭੀ ਆਇਆ ਅਸੀਂ ਟਾਸ ਜਿੱਤ ਲਿਆ । ਅਸੀਂ ਆਪਣੀ ਮਰਜ਼ੀ ਨਾਲ ਇਕ ਪਾਸੇ ਹੋ ਗਏ ਤੇ ਰੈਫਰੀ ਨੇ ਇਕ ਹੋਰ ਸੀਟੀ ਵਜਾਈ ਤਾਂ ਸਾਡੇ ਖਿਡਾਰੀ ਤਾਲੀਆਂ ਵਜਾਉਂਦੇ ਇਕ ਗੁੱਠ ਵਿਚੋਂ ਨਿਕਲ ਕੇ ਆਪਣੀ ਥਾਂ ਤੇ ਪੁਜ ਗਏ ।

ਖੇਡ ਸ਼ੁਰੂ ਹੋਣ ਤੋਂ ਪਹਿਲਾਂ ਰੈਫਰੀ ਨੇ ਥੋੜ੍ਹੀ ਜਿਹੀ ਸਿਖਿਆ ਦੋਹਾਂ ਟੀਮਾਂ ਨੂੰ ਦਿਤੀ ਕਿ ਪਿਆਰ ਨਾਲ ਖੇਡਣਾ ਚਾਹੀਦਾ ਹੈ । ਕੋਈ ਕਿਸੇ ਦੇ ਜਾਣ ਕੇ ਸੱਟ ਨਹੀਂ ਮਾਰਨ , ਇਸ ਪਿਛੋਂ ਇਕ ਸੀਟੀ ਤੇ ਸਭ ਤਿਆਰ ਹੋ ਗਏ । ਇਕ ਅੱਖ ਦੇ ਫੋਰੇ ਵਿਚ ਹੀ ਖੇਡ ਸ਼ੁਰੂ ਹੋ ਗਈ । ਦੋਵੇਂ ਟੀਮਾਂ ਜ਼ਿਲੇ ਭਰ ਵਿਚ ਪ੍ਰਸਿਧ ਸਨ, ਇਸ ਲਈ ਮੈਚ ਦੇ ਦੇਖਣ ਲਈ ਕਾਫੀ ਜਨਤਾ ਆਈ ਸੀ । ਐਨੀ ਭੀੜ ਸੀ ਕਿ ਤਿਲ ਸੁਟਣ ਲਈ ਭੀ ਥਾਂ ਨਹੀਂ ਸੀ । ਭਾਵੇਂ ਸਾਡੀ ਟੀਮ ਦੇ ਸਾਰੇ ਖਿਡਾਰੀ ਸੁਹਣੇ ਖੇਡਦੇ ਹਨ, ਪਰ ਸਾਨੂੰ ਕੈਪਟਨ ਅਜੀਤ ਤੇ ਕਰਨੀ ਉਤੇ ਮਾਨ ਸੀ ਪਹਿਲਾਂ ਤਾਂ ਦਸ ਕੁ ਮਿੰਟ ਸਾਡੀ ਟੀਮ ਅੜੀ ਰਹੀ ਤੇ ਉਹਨਾਂ ਦੇ ਫਾਰਵਾਰਡ (Foreward) ਨੇ ਬਾਲ ਨੂੰ ਸਾਡੇ ਗੋਲ ਕੋਲ ਹੀ ਰਖਿਆ । ਚਰਨੀ (Right Out) ਰਾਈਟ ਆਊਟ ਖੇਡਦਾ ਸੀ । ਜਦ ਹੀ ਉਸ ਦੇ ਪਾਸ ਬਾਲ ਆਇਆ ਉਹ ਗਰਾਊਂਡ ਦੀ ਹਦ ਨਾਲ ਨਾਲ ਉਹਨਾਂ ਦੇ ਗੋਲ ਵਿਚ ਲੈ ਗਿਆ ਤੇ ਅਖੀਰ ਕੈਪਟਨ ਅਜੀਤ

ਸਿੰਘ ਨੂੰ ਬਾਲ ਦੇ ਦਿੱਤਾ। ਉਹ ਹਾਲੇ ਕੈਰੀ ਹੀ ਕਰਦਾ ਸੀ ਕਿ ਉਹਨਾਂ ਦੇ ਫੁਲ ਬੈਕਾਂ ਨੇ ਉਸ ਪਾਸੋਂ ਬਾਲ ਲੈ ਕੇ ਐਸੀ ਕਿਕ ਲਗਾਈ ਕਿ ਬਾਲ ਮੁੜ ਸਾਡੇ ਗੋਲਾਂ ਵਿਚ ਆ ਗਿਆ ਹੁਣ ਸਾਨੂੰ ਇਹ ਡਰ ਸੀ ਕਿ ਕਿਤੇ ਗੋਲ ਹੀ ਨਾ ਹੋ ਜਾਵੇ। ਪਰ ਸਾਡੀ ਟੀਮ ਦਾ ਗੋਲ ਕੀਪਰ ਭੀ ਆਪਣੀ ਮਿਸਾਲ ਆਪ ਹੀ ਸੀ। ਉਸ ਪਾਸ ਬਹੁਤ ਬਾਲ ਗਏ ਪਰ ਉਸ ਨੇ ਇਕ ਨਾ ਜਾਣਿਆ। ਉਹ ਬਾਲ ਨੂੰ ਐਵੇਂ ਹੀ ਫੜ ਲਿਆ ਕਰਦਾ ਸੀ। ਇਸ ਤਰ੍ਹਾਂ ਕਾਫੀ ਜ਼ੋਰ ਲਗਾ ਤੇ ਹਾਫ ਟਾਈਮ ਦੀ ਸੀਟੀ, ਵਜ ਗਈ। ਅਸੀਂ ਸਾਰੇ ਦੌੜ ਕੇ ਗਏ ਤਾਂ ਪਹਿਲਾਂ ਹੈਡਮਾਸਟਰ ਸਾਹਿਬ ਨੇ ਚਪੜਾਸੀ ਪਾਸ ਸੰਗਤਰਿਆਂ ਦੀਆਂ ਦੋ ਦਰਜਨਾਂ ਫੜਾਈਆਂ ਹੋਈਆਂ ਸਨ ਸਾਰਿਆਂ ਨੇ ਸੰਗਤਰੇ ਖੂਬ ਚੂਸੇ ਤੇ ਪੀ. ਤੀ. ਆਈ ਜੀ ਨੇ ਉਹਨਾਂ ਨੂੰ ਹੋਰ ਵੀ ਦੋ ਚਾਰ ਖੇਡ ਦੇ ਦਾਅ ਦੱਸੇ ਕਿ ਇਸ ਤਰ੍ਹਾਂ ਖੇਡੀਦਾ ਹੈ।

ਖੇਡ ਦੂਜੀ ਵਾਰ ਸ਼ੁਰੂ ਹੋਈ। ਉਹਨਾਂ ਨੂੰ ਪਤਾ ਨਹੀਂ ਕਿ ਉਹਨਾਂ ਨੇ ਕੀ ਸਿਖਿਆ ਲਈ ਕਿ ਇਸ ਸਮੇਂ ਵਿਚ ਕਿ ਇਕ ਦਮ ਹੀ ਉਹਨਾਂ ਦੀ ਖੇਡ ਚੜ੍ਹ ਗਈ। ਰਾਈਟ ਆਊਟ ਨੇ ਐਸੀ ਕਿਕ ਮਾਰੀ ਕਿ ਉਹਨਾਂ ਦੇ ਕੈਪਟਨ ਪਾਸ ਗਈ। ਕੈਪਟਨ ਕਾਫੀ ਸੁਹਣਾ ਖੇਡਦਾ ਹੈ। ਉਸ ਨੇ ਕੈਰੀ ਕੀਤੀ ਤੇ ਉਹਨਾਂ ਦੇ ਆਏ ਮੁੰਡਿਆਂ ਨੇ ਤਾਲੀਆਂ ਵਜਾਈਆਂ ਉਸ ਦਾ ਹੌਸਲਾ ਹੋਰ ਵੀ ਵਧ ਗਿਆ ਤੇ ਉਹਨਾਂ ਪਾਸੋਂ ਵੀ ਬਾਲ ਲੈ ਕੇ ਅੱਗੇ ਆ ਗਿਆ। ਗੋਲੀ ਨੇ ਕਾਫੀ ਯਤਨ ਕੀਤਾ ਪਰ ਉਹ ਬਹੁਤ ਚੜ੍ਹੇ ਹੋਏ ਸਨ ਤੇ ਇਕ ਗੋਲ ਸਾਡੇ ਸਿਰ ਕਰ ਗਏ। ਇਸ ਪਰ ਖਾਲਸਿਆਂ ਨੇ ਖੂਬ ਤਾਲੀਆਂ ਵਜਾਇਆਂ। ਪੱਗਾਂ ਲਾਹ ਕੇ ਉਤਾਂਹ ਨੂੰ ਖੁਸ਼ੀ ਵਜੋਂ ਮਾਰੀਆਂ। ਸਭ ਨੂੰ ਇਹ ਉਮੀਦ ਸੀ ਕਿ ਹੁਣ ਸਨਾਤਨੀਆਂ ਪਾਸੋਂ ਗੋਲ ਨਹੀਂ ਲਹਿ ਸਕਦਾ ਤੇ ਇਹ ਹਾਰ ਹੀ ਗਏ ਹਨ।

ਇਹ ਗੋਲ ਹੋਇਆਂ ਵੇਖ ਕੇ ਅਸੀਂ ਤਾਂ ਢਿਲੇ ਪੈ ਗਏ। ਸਮਾਂ ਕੇਵਲ ਪੰਦਰਾਂ ਮਿੰਟ ਹੀ ਰਹਿੰਦਾ ਸੀ। ਅਸੀਂ ਆਖਿਆ ਕਿ ਹੁਣ ਇਹ ਉਤਾਰਨਾ ਕਾਫੀ ਅਸੰਭਵ ਹੈ। ਪਰ ਅਜੀਤ ਦਾ ਖੂਨ ਖੌਲ ਰਿਹਾ ਸੀ। ਉਸ ਨੂੰ ਇੰਜ ਭਾਸਦਾ ਸੀ ਕਿ ਜਿਵੇਂ ਉਸ ਦੀ ਬਹੁਤ ਬੇਇਜ਼ਤੀ ਹੋ ਰਹੀ ਹੁੰਦੀ ਹੈ। ਉਸ ਗੋਲ ਤੋਂ ਬਾਅਦ ਪਾਸ ਕੀਤਾ ਤੇ ਝਟ ਚਰਨੀ ਪਾਸ ਭੇਜ ਦਿੱਤਾ। ਉਸ ਦੋ ਕੁ ਮੁੰਡਿਆਂ ਨੂੰ ਕਟ ਦਿਤਾ ਤੇ ਰਾਈਟ ਆਊਟ (Right Out) ਪਾਸ ਦੇ ਦਿਤਾ। ਬਸ ਫਿਰ ਕੀ ਸੀ ਉਹ ਬਾਲ ਲੈ ਕੇ ਕੋਣ ਦੇ ਨਾਲ ਉਹਨਾਂ ਦੇ ਗੋਲ ਵਿਚ ਜਾ ਕੇ ਐਸੀ ਕਿਕ ਮਾਰੀ ਕਿ ਸਾਡੇ ਕੈਪਟਨ ਨੇ ਹੈਡ ਲੈ ਕੇ ਗੋਲ ਉਤਾਰ ਦਿਤਾ। ਸਾਨੂੰ ਕੁਝ ਆਸ ਹੋਈ। ਸਾਡੀ ਖੁਸ਼ੀ ਦੀ

ਕੋਈ ਹੱਦ ਨਾ ਰਹੀ। ਸਾਡੀਆਂ ਟੁਟੀਆਂ ਆਸਾਂ ਫਿਰ ਸੁਰਜੀਤ ਹੋ ਗਈਆਂ।

ਹੁਣ ਖੇਡ ਗਰਮ ਸੀ। ਇੰਝ ਜਾਪਦਾ ਸੀ ਕਿ ਜਿਸ ਪਾਸੇ ਗੋਲ ਹੋ ਗਿਆ ਉਤਰਨਾ ਅਸੰਭਵ। ਸਾਡੇ ਖਿਡਾਰੀਆਂ ਦੀ ਖੇਡ ਚੜ੍ਹੀ ਹੋਈ ਸੀ। ਮੁੜ ਪਹਿਲੇ ਵਾਂਗ ਹੀ ਪਾਸ ਕੀਤਾ, ਪਰ ਹੁਣ ਗੋਲ ਨਾ ਕਰ ਸਕੇ। ਸਗੋਂ ਉਹਨਾਂ ਦੇ ਖਿਡਾਰੀ ਮਾਰੀ ਹੋਈ ਕਿੱਕ ਜੇ ਸਾਡਾ ਗੋਲੀ ਨਾ ਰੋਕਦਾ ਤੇ ਗੋਲ ਹੋ ਗਿਆ ਸੀ।

ਅਖੀਰ ਦੋ ਮਿੰਟ ਰਹਿੰਦੇ ਸਨ ਕਿ ਸਾਡੀ ਟੀਮ ਦੇ ਕੈਪਟਨ ਨੇ ਮੁੜ ਬਾਲ ਮੋੜਿਆ ਅਤੇ ਸੈਂਟਰ ਵਿਚ ਐਸੀ ਕਿੱਕ ਮਾਰੀ ਕਿ ਉਹਨਾਂ ਦੇ ਗੋਲੀ ਨੇ ਰੋਕ ਤਾਂ ਲਈ ਪਰ ਬਾਲ ਖਿਸਕ ਕੇ ਦੂਜੇ ਪਾਸੇ ਡਿਗ ਪਿਆ। ਰੈਫਰੀ ਨੇ ਗੋਲ ਦੇ ਦਿਤਾ ਤੇ ਇਕ ਮਿੰਟ ਪਿਛੋਂ ਮੈਚ ਖਤਮ ਹੋ ਗਿਆ ਤੇ ਅਸੀਂ ਜ਼ਿਲੇ ਭਰ ਵਿਚ ਪਹਿਲਾ ਇਨਾਮ ਪ੍ਰਾਪਤ ਕੀਤਾ।

ਇਸ ਜਿੱਤ ਦਾ ਕਾਰਨ ਸਾਡੀ ਟੀਮ ਦੀ ਖੇਡ ਸੀ ਜਿਸ ਵਿਚ ਸਾਡੇ 'ਪਾਸ' ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ। ਕੋਈ ਖਿਡਾਰੀ ਭੀ ਇਕਲਾ ਨਹੀਂ ਖੇਡਦਾ ਸਭ ਇਕ ਦੂਜੇ ਪਾਸੇ ਬਾਲ ਸੁਟਦੇ ਸਨ ਖਾਲਸੇ ਖੇਡਦੇ ਤਾਂ ਬਹੁਤ ਚੰਗੇ ਸਨ ਪਰ ਉਹਨਾਂ ਦੀ ਖੇਡ ਵਿਚ ਪਾਸ ਨੂੰ ਕੋਈ ਥਾਂ ਨਹੀਂ ਸੀ ਇਸ ਲਈ ਉਹਨਾਂ ਦੀ ਹਾਰ ਹੋਈ। ਇਸ ਮੈਚ ਜਿਤਣ ਨਾਲ ਸਾਡੇ ਸਕੂਲ ਵਿਚ ਦੋ ਛੁਟੀਆਂ ਹੋਈਆਂ ਤੇ ਮੁਖ-ਅਧਿਆਪਕ ਨੇ ਅਗੋਂ ਲਈ ਖਿਡਾਰੀਆਂ ਲਈ ਕਈ ਰਿਆਇਤਾਂ ਦੇ ਦਿੱਤੀਆਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸਿਖ ਕੌਮ ਦੇ ਦਸਵੇਂ ਗੁਰੂ ਜਿਨ੍ਹਾਂ ਨੇ ਆਪਣੇ ਦੇਸ ਦੀ ਖਾਤਰ, ਹਿੰਦੂ ਧਰਮ ਦੀ ਖਾਤਰ, ਸਾਰਾ ਸਰਬੰਸ ਭਾਵ ਪਿਤਾ, ਪੁਤਰ, ਮਾਤਾ ਤੇ ਆਪਾ ਵਾਰ ਦਿੱਤਾ। ਆਪ ਨੇ ਜ਼ਾਲਮ ਤੇ ਜ਼ੁਲਮ ਦੇ ਨਾਸ਼ ਹਿਤ ਖੰਡਾ ਫੜਿਆ। ਆਪ ਨੇ ਦੇਸ਼ ਦੀ ਗੁਲਾਮੀ ਨੂੰ ਦੂਰ ਕਰਨ ਲਈ ਹਰ ਪ੍ਰਕਾਰ ਦੇ ਦੁਖ ਉਠਾਏ।

ਆਪ ਨੌਵੇਂ ਗੁਰੂ ਤੇਗ ਬਹਾਦਰ ਜੀ ਦੇ ਇਕੋ ਇਕ ਸਪੁੱਤਰ ਸਨ। ਜਦ ਗੁਰੂ ਤੇਗ ਬਹਾਦਰ ਜੀ ਆਸਾਮ ਯਾਤਰਾ ਤੇ ਗਏ ਤਾਂ ਮਾਤਾ ਗੁਜਰੀ ਜੀ ਨੂੰ ਪਟਨੇ ਛਡ ਗਏ। ਇਥੇ ਹੀ ਗੋਬਿੰਦ ਜੀ ਦਾ ਜਨਮ ਪੋਹ ਸੁਦੀ ਸਤਮੀ 1723 ਬਿਕਰਮੀ ਨੂੰ ਹੋਇਆ। ਇਥੇ ਹੀ ਆਪ ਦੀ ਪਾਲਣਾ ਹੋਈ। ਬਚਪਣ ਵਿਚ ਹੀ ਆਪ ਨੂੰ ਜੰਗ ਕਰਨ ਦੀ ਖੇਡ ਬਹੁਤ ਪਸੰਦ ਸੀ।

ਆਸਾਮ ਤੋਂ ਵਾਪਸ ਆ ਕੇ ਗੁਰੂ ਤੇਗ ਬਹਾਦਰ ਜੀ ਨੇ ਆਨੰਦ ਪੁਰ ਵਸਾਇਆ ਤੇ ਇਥੇ ਕਿਲਾ ਬਣਾਇਆ। ਉਥੇ ਹੀ ਆਪ ਨੂੰ ਪਟਨੇ ਤੋਂ ਮਾਤਾ ਜੀ ਸਣੇ ਸਦਵਾਇਆ ਗਿਆ। ਇਕ ਦਿਨ ਕਸ਼ਮੀਰੀ ਪੰਡਤ ਔਰੰਗਜ਼ੇਬ ਦੇ ਜਬਰੀ ਮੁਸਲਮਾਨ ਬਣਾਨ ਦੀ ਸ਼ਕੈਤ ਲੈ ਕੇ ਆਏ । ਤਦ ਕੋਲ ਬੈਠਿਆਂ ਪਿਤਾ ਜੀ ਨੂੰ ਕਿਹਾ ਕਿ ਆਪ ਕੀ ਸੋਚ ਰਹੇ ਹੋ ਤਦ ਤੇਗ ਬਹਾਦਰ ਜੀ ਨੇ ਕਿਹਾ ਕਿ ਮੇਰੀ ਸੋਚ ਵਿਚ ਇਹਨਾਂ ਦਾ ਕਸ਼ਟ ਦੂਰ ਕਰਨ ਲਈ ਕਿਸੇ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ ਤਦ ਗੋਬਿੰਦ ਜੀ ਨੇ ਕਿਹਾ ਕਿ ਆਪ ਨਾਲੋਂ ਵਡਾ ਮਹਾਂਪੁਰਸ਼ ਕੋਣ ਹੈ। ਆਪ ਦਾ ਬਲੀਦਾਨ ਹੀ ਹਿੰਦੂ ਧਰਮ ਦੇ ਦੁਖ ਦੂਰ ਕਰ ਸਕੇਗਾ। ਇਹ ਸੁਣ ਕੇ ਗੁਰੂ ਜੀ ਬੜੇ ਖੁਸ਼ ਹੋਏ ਤੇ ਗੋਬਿੰਦ ਸੰਘ ਜੀ ਨੂੰ ਸਭ ਕੁਝ ਸੌਂਪ ਕੇ ਦਿੱਲੀ ਵਲ ਤੁਰ ਪਏ।

ਦਿੱਲੀ ਪੁਜ ਕੇ ਆਪ ਔਰੰਗਜ਼ੇਬ ਨੂੰ ਮਿਲੇ। ਉਸ ਨੇ ਆਪ ਨੂੰ ਮੁਸਲਮਾਨ ਬਣਨ ਲਈ ਪ੍ਰੇਰਿਆ ਪਰ ਵਿਅਰਥ । ਅੰਤ ਆਪ ਨੇ ਉਥੇ ਬਲੀਦਾਨ ਦਿੱਤਾ। ਆਪ ਦਾ ਸੀਸ ਤੇ ਧੜ ਇਕ ਸਿੰਘ ਵਗਦੀ ਹਨੇਰੀ ਵਿਚ ਲੈ ਗਿਆ। ਧੜ ਗੁਰਦੁਆਰਾ ਬੰਗਲਾ ਸਾਹਿਬ ਵਿਚ ਸੰਸਕਾਰ ਕਰ ਕੇ ਸੀਸ ਲੁਕਾ ਕੇ ਅਨੰਦ ਪੁਰ ਸਾਹਿਬ ਲੈ ਆਇਆ। ਗੁਰੂ ਜੀ ਨੂੰ ਸਾਰੀ ਵਿਥਿਆ ਸੁਣਾਈ। ਗੁਰੂ ਜੀ ਨੇ ਉਸ ਸਿੰਘ ਨੂੰ ਗਲ ਨਾਲ ਲਗਾ ਕੇ ਕਿਹਾ,"ਰੰਗਰੇਟੇ ਗੁਰੂ ਕੇ ਬੇਟੇ"। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦਿਨ ਤੋਂ ਜ਼ੁਲਮ ਦੇ ਨਾਸ਼ ਦਾ ਬੀੜਾ ਚੁਕ ਲਿਆ।

1732 ਬਿਕਰਮੀ ਨੂੰ ਨੌਂ ਸਾਲ ਦੀ ਉਮਰ ਵਿਚ ਗੁਰੂ ਗੱਦੀ ਸੰਭਾਲੀ ਤੇ ਨਾਲ ਹੀ ਉਰਦੂ, ਫਾਰਸੀ, ਹਿੰਦੀ, ਸੰਸਕ੍ਰਿਤੀ, ਅਰਬੀ ਆਦਿ ਦੀ ਵਿਦਿਆ ਗ੍ਰਹਿਣ ਕੀਤੀ। ਆਪ ਦੇ ਕੋਲ 52 ਕਵੀ ਸਨ। ਜੋ ਆਪਦੇ ਦਰਬਾਰ ਵਿਚ ਗਾਂਦੇ ਸਨ। ਆਪ ਵੀ ਬੜੇ ਭਾਰੀ ਕਵੀ ਸਨ। ਆਪ ਦੀ ਰਚਨਾ ਵਧੇਰੇ ਬ੍ਰਿਜ ਭਾਸ਼ਾ ਵਿਚ ਹੈ। ਚੰਡੀ ਦੀ ਵਾਰ ਆਪ ਦੀ ਸਭ ਤੋਂ ਸੁੰਦਰ ਪੰਜਾਬੀ ਰਚਨਾ ਹੈ ਜੋ ਬੀਰ ਰਸ ਭਰਪੂਰ ਹੈ। ਆਪ ਨੇ ਜਿੰਨੀ ਕਵਿਤਾ ਰਚੀ ਹੈ ਉਹ ਵਧੇਰੇ ਬੀਰ ਰਸ ਭਰਪੂਰ ਹੈ।

ਆਪ ਨੇ ਅਨੰਦਪੁਰ ਵਿਚ ਬੈਠ ਕੇ ਸਿੰਘਾਂ ਦੀ ਇਕ ਫੌਜ ਬਣਾਈ ਤਾਕਿ ਉਹ ਜ਼ਾਲਮਾਂ ਦਾ ਟਾਕਰਾ ਕਰਕੇ ਉਹਨਾਂ ਦਾ ਨਾਸ਼ ਕਰ ਸਕੇ, ਪਹਾੜੀ ਰਾਜੇ ਬੜੀ ਈਰਖਾ ਖਾਣ ਲਗੇ। ਆਪ ਨੇ ਸਭ ਨੂੰ ਸਿਧਾ ਕੀਤਾ ਤਾਕਿ ਬੋਲਣ ਜੋਗੇ ਨਾ ਰਹਿਣ।

ਸੰਨ 1765 ਬਿਕਰਮੀ ਵਾਲੇ ਦਿਨ ਆਪ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ। ਜ਼ਾਤ ਪਾਤ ਦਾ ਭੇਦ ਮਿਟਾ ਕੇ ਪੰਜ ਪਿਆਰੇ ਮੁਕਰਰ ਕੀਤੇ। ਆਪ ਨੇ

ਉਹਨਾਂ ਪੰਜਾਂ ਨੂੰ ਆਪਣਾ ਰੂਪ ਦਿੱਤਾ ਤੇ ਕਿਹਾ ਕਿ ਇਹ ਮੇਰਾ ਰੂਪ ਹਨ ਤੇ ਮੈਂ ਇਹਨਾਂ ਦਾ ਰੂਪ ਹਾਂ।

ਮੁਗਲ ਬਾਦਸ਼ਾਹਾਂ ਨੂੰ ਆਪ ਦੀ ਵਧ ਰਹੀ ਤਾਕਤ ਤੋਂ ਭੈ ਲਗਣ ਲਗ ਪਿਆ ਜਿਸ ਕਰ ਕੇ ਉਸਨੇ ਆਪਦੇ ਵਿਰੁਦ ਫੋਜ਼ ਇਕਠੀ ਕੀਤੀ। ਜਦ ਮੁਗਲ ਜਿੱਤ ਨਾ ਸਕੇ ਤਾਂ ਗਊ ਦੀ ਕਸਮ ਖਾ ਕੇ ਕਿਲਾ ਖਾਲੀ ਕਰਵਾਇਆ। ਜਦ ਬਾਹਰ ਨਿਕਲੇ ਤਾਂ ਮੁਗਲ ਫੋਜ਼ ਨੇ ਆਪਦੇ ਉਪਰ ਹਮਲਾ ਕਰ ਦਿੱਤਾ। ਸਰਸਾ ਨਦੀ ਪਾਰ ਕਰਕੇ ਆਪ ਦਾ ਪਰਵਾਰ ਦੋ ਭਾਗਾਂ ਵਿਚ ਖਿਲਰ ਗਿਆ। ਆਪ ਚਮਕੌਰ ਦੀ ਗੜ੍ਹੀ ਵਿਚ ਦੋ ਵਡੇ ਸਪੁਤਰਾਂ ਨਾਲ ਘਿਰ ਗਏ ਤੇ ਮਾਤਾ ਗੁਜਰੀ ਤੇ ਛੋਟੇ ਦੋ ਸਾਹਿਬਜ਼ਾਦੇ ਰੰਗੂ ਨੌਕਰ ਦੇ ਪਿੰਡ ਸਰਹੰਦ ਕੋਲ ਜਾ ਫਸੇ।

ਰੰਗੂ ਨੂੰ ਧਨ ਦਾ ਲਾਲਚ ਆ ਗਿਆ ਤੇ ਉਸ ਨੇ ਧਨ ਚੁਕ ਕੇ ਬੱਚੇ ਤੇ ਮਾਤਾ ਜੀ ਨੂੰ ਸੂਬਾ ਸਰਹੰਦ ਦੇ ਹਵਾਲੇ ਕਰ ਦਿੱਤਾ। ਨਵਾਬ ਨੇ ਛੋਟੇ ਦੁਹਾਂ ਸਾਹਿਬਜਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤੇ ਮਾਤਾ ਜੀ ਇਹ ਖਬਰ ਸੁਣ ਕੇ ਸੁਰਗ ਸਿਧਾਰ ਗਏ। ਉਧਰ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਸ਼ਹੀਦ ਹੋ ਗਏ।

ਉਥੋਂ ਗੁਰੂ ਜੀ ਨਾਦੇੜ (ਹੈਦਰਾਬਾਦ) ਦਖਣ ਪੁਜੇ। ਉਥੇ ਬੰਦਾ ਬਹਾਦਰ ਨੂੰ ਸਿਖ ਸਜਾਇਆ ਤੋਂ ਉਸਨੂੰ ਪੰਜਾਬ ਵਿਚ ਜ਼ੁਲਮ ਦੇ ਨਾਸ ਹਿਤ ਭੇਜ ਕੇ ਆਪ ਜੋਤੀ ਜੋਤ ਸਮਾ ਗਏ। ਇਹ ਘਟਨਾ ਸੰਮਤ 1768 ਬਿਕ੍ਰਮੀ ਦੀ ਹੈ।

ਮਹਾਰਾਜਾ ਰਣਜੀਤ ਸਿੰਘ

ਭਾਰਤ ਤੇ ਖਾਸ ਕਰ ਕੇ ਪੰਜਾਬ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਕਾਫੀ ਮਾਨ ਬਖਸ਼ਿਆ ਜਾਂਦਾ ਹੈ। ਆਪ ਪੰਜਾਬ ਦੇ ਬਬਰਸ਼ੇਰ ਹੋਏ ਹਨ। ਭਾਵ ਆਪ ਦੀ ਬੀਰਤਾ ਤੇ ਦਲੇਰੀ ਆਪ ਦੇ ਨਾਉਂ ਨਾਲ ਹੀ ਜੁੜੀ ਹੋਈ ਹੈ। ਇਸ ਲਈ ਆਪ ਨੂੰ ਸ਼ੇਰੇ ਪੰਜਾਬ ਆਖਿਆ ਜਾਂਦਾ ਹੈ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਸੰਬਰ 1780 ਈਸਵੀ ਨੂੰ ਸ਼ਹਿਰ ਗੁਜਰਾਂਵਾਲੇ ਵਿਚ ਸਰਦਾਰ ਮਹਾਂ ਸਿੰਘ ਸ਼ੁਕਰਚਕੀਏ ਦੇ ਘਰ ਹੋਇਆ। ਜੋ ਉਸ ਸਮੇਂ ਗੁਜਰਾਂਵਾਲੇ ਅਤੇ ਵਜੀਰਬਾਦ ਦੇ ਇਲਾਕੇ ਤੇ ਰਾਜ ਕਰਦਾ ਸੀ। ਸਰਦਾਰ ਮਹਾਂ ਸਿੰਘ ਦੀਆਂ ਬਾਰਾਂ ਮਿਸਲਾਂ ਵਿਚੋਂ ਸੁਕਰਚਕੀਆ ਮਿਸਲ ਦੇ ਸਰਦਾਰ ਸਨ।

ਰਣਜੀਤ ਸਿੰਘ ਅਜੇ ਛੋਟੀ ਉਮਰ ਦਾ ਹੀ ਸੀ ਕਿ ਮਾਤਾ (ਸੀਤਲਾ)

ਨਿਕਲਣ ਨਾਲ ਆਪ ਦੀ ਇਕ ਅੱਖ ਸਦਾ ਲਈ ਜਾਂਦੀ ਰਹੀ। ਆਪ ਉਸ ਸਮੇਂ ਬਾਰ੍ਹਾਂ ਸਾਲਾਂ ਦੇ ਹੀ ਸਨ ਕਿ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਸਦਾ ਉਠ ਗਿਆ।ਭਾਵ ਆਪ ਦੇ ਪਿਤਾ ਜੀ ਮਰ ਗਏ। 11—12 ਸਾਲ ਦੇ ਬੱਚੇ ਨੂੰ ਕੀ ਪਤਾ ਹੁੰਦਾ ਹੈ, ਪਰ 'ਹੋਣਹਾਰ ਬਿਰਵਾ ਦੇ ਚਿਕਨੇ ਚਿਕਨੇ ਪਾਤ' ਦੇ ਅਨੁਸਾਰ ਰਣਜੀਤ ਸਿੰਘ ਨੇ 11 ਸਾਲ ਦੀ ਉਮਰ ਵਿਚ ਹੀ ਗੁਜਰਾਤ ਦੀ ਮਹਿੰਮ ਨੂੰ ਇਕੱਲਿਆਂ ਹੀ ਫਤਹ ਕਰ ਲਿਆ ਤੇ ਸਾਬਤ ਕਰ ਦਿੱਤਾ ਕਿ ਉਹ ਕਿਸੇ ਦਿਨ ਕਾਫੀ ਬੀਰ ਬਣੇਗਾ।

ਮਹਾਰਾਜਾ ਰਣਜੀਤ ਸਿੰਘ ਜੁਆਨ ਹੋ ਗਏ ਤੇ ਆਪ ਦੀ ਸਲਾਹ ਆਪਣੇ ਰਾਜ ਦੀਆਂ ਹਦਾਂ ਵਧਾਉਣ ਦੀ ਹੋਈ ਕਿਉਂਕਿ ਉਸ ਦੀ ਮਾਤਾ ਦਾ ਰਾਜ ਕੋਈ ਬਹੁਤ ਵੱਡਾ ਰਾਜ ਨਹੀਂ ਸੀ। ਉਸ ਸਮੇਂ ਲਾਹੌਰ ਤੇ ਤਿੰਨਾਂ ਸਿੱਖ ਮਿਸਲਾਂ ਦਾ ਰਾਜ ਸੀ ਜੋ ਕਾਫੀ ਜ਼ਾਲਮ ਸਨ ਅਤੇ ਚੰਗੀ ਤਰ੍ਹਾਂ ਰਾਜ ਨਹੀਂ ਸਨ ਕਰਦੇ ਇਸੇ ਲਈ ਸ਼ਹਿਰ ਦਿਆਂ ਮੁਖੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਚਿੱਠੀ ਲਿਖ ਭੇਜੀ ਕਿ ਉਹ ਬਹੁਤ ਤੰਗ ਹਨ ਇਸ ਲਈ ਲਾਹੌਰ ਤੇ ਧਾਵਾ ਬੋਲ ਕੇ ਇਸ ਨੂੰ ਆਪਣੇ ਰਾਜ ਵਿਚ ਮਿਲਾ ਲਓ। ਸ਼ੇਰੇ ਪੰਜਾਬ ਨੇ ਉਸ ਸਮੇਂ ਧਾਵਾ ਬੋਲਿਆ ਅਤੇ ਕਾਇਰ ਸਰਦਾਰ ਡਰਦੇ ਹੋਏ ਦੌੜ ਗਏ। ਇਉਂ ਰਣਜੀਤ ਸਿੰਘ, ਨੇ ਲਾਹੌਰ ਤੇ ਕਬਜ਼ਾ ਕਰ ਲਿਆ।

ਇਸ ਤੋਂ ਕੁਝ ਦਿਨਾਂ ਪਿਛੋਂ ਰਾਮਗੜ੍ਹੀਆਂ ਤੇ ਭੰਗੀ ਸਰਦਾਰਾਂ ਨੇ ਨਿਜ਼ਾਮ-ਦੀਨ ਨਾਲ ਰਲ ਕੇ ਲਾਹੌਰ ਤੇ ਹਮਲਾ ਕਰਨ ਦੀ ਸਲਾਹ ਕੀਤੀ। ਪਰ ਇਸ ਸਲਾਹ ਦਾ ਪਤਾ ਮਹਾਰਾਜੇ ਨੂੰ ਲਗ ਗਿਆ ਤੇ ਉਹ ਆਪਣੀ ਫੌਜ ਲੈ ਕੇ ਅਗੇ ਵਧਿਆ। ਕਾਫੀ ਘਮਸਾਣ ਦੀ ਲੜਾਈ ਹੋਈ ਤੇ ਮੈਦਾਨ ਰਣਜੀਤ ਸਿੰਘ ਦੇ ਹੱਥ ਆਇਆ। ਇਸ ਜਿੱਤ ਨਾਲ ਆਪ ਦੀ ਪ੍ਰਸਿੱਧਤਾ ਬਹੁਤ ਦੂਰ ਦੂਰ ਤੱਕ ਫੈਲ ਗਈ ਅਤੇ ਆਪ ਨੂੰ 1851 ਈ: ਵਿਚ ਮਹਾਰਾਜ ਦਾ ਖਿਤਾਬ ਜਨਤਾ ਵਲੋਂ ਮਿਲਿਆ।

ਉਹਨਾਂ ਦਿਨਾਂ ਵਿਚ ਪੰਜਾਬ ਵਿਚ ਬਹੁਤ ਨਿਕੇ ਨਿੱਕੇ ਰਾਜੇ ਸਨ। ਉਹ ਜਦੋਂ ਓਪਰਾ ਰਾਜਾ ਹਮਲਾ ਸੀ ਤਾਂ ਇਕ ਦੂਜੇ ਦੀ ਮਦਦ ਨਹੀਂ ਸਨ ਕਰਦੇ ਸਗੋਂ ਇਕ ਕਰਕੇ ਖਤਮ ਹੋ ਰਹੇ ਸਨ। ਮਹਾਰਾਜੇ ਨੇ ਇਹਨਾਂ ਵਿਚੋਂ ਬਹੁਤਿਆਂ ਨੂੰ ਆਪਣੇ ਅਧੀਨ ਕਰ ਲਿਆ। ਭਾਵੇਂ ਇਸ ਤਰ੍ਹਾਂ ਕਰਨ ਨਾਲ ਆਪ ਨੂੰ ਹਣ ਦੇ ਸਿਖ ਪੜਚੋਲੀਏ ਕੌਮ ਘਾਤੀ ਆਖਦੇ ਹਨ, ਪਰ ਇਹ ਠੀਕ ਹੈ ਕਿ ਜੇ ਆਪ ਨਿਕਿਆਂ ਨਿਕਿਆਂ ਰਾਜਿਆਂ ਨੂੰ ਇਕੱਠਾ ਨਾ ਕਰਦੇ ਆਪਦਾ ਰਾਜ ਐਨਾ ਪੱਕਾ ਨਾ ਹੁੰਦਾ। ਆਪ ਨੇ ਅੰਮ੍ਰਿਤਸਰ ਆਦਿਕ ਇਲਾਕਿਆਂ ਤੇ ਬਹੁਤ ਛੇਤੀ ਆਪਣਾ ਰਾਜ ਕਾਇਮ

ਕਰ ਲਿਆ ।

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਫਰਾਂਸੀਸੀ ਅਤੇ ਹੋਰ ਵਲੈਤੀ ਜਰਨੈਲ ਭੀ ਸਨ । ਇਹਨਾਂ ਨੇ ਪੰਜਾਬ ਦੀ ਫੌਜ ਨੂੰ ਅੰਗਰੇਜ਼ੀ ਢੰਗ ਨਾਲ ਫੌਜੀ ਸਿਖਲਾਈ ਕਰਵਾਈ । ਉਹਨਾਂ ਨੇ ਹੀ ਸਾਰੀ ਫੌਜ ਨੂੰ ਨਵੇਂ ਹਥਿਆਰਾਂ ਦੀ ਵਰਤੋਂ ਤੋਂ ਜਾਣੂ ਕਰਾਇਆ । ਇਸ ਤਰੀਕੇ ਨਾਲ ਸਿੱਖ ਫੌਜਾਂ ਕਾਫੀ ਲਾਇਕ ਹੋ ਚੁਕੀਆਂ ਸਨ । ਇਹੀ ਕਾਰਨ ਹੈ ਕਿ ਮਹਾਰਾਜੇ ਨੇ ਹੌਲੀ ਹੌਲੀ ਕਾਫੀ ਇਲਾਕਿਆਂ ਨੂੰ ਆਪਣੇ ਅਧੀਨ ਕਰ ਲਿਆ ।

1809 ਈ: ਵਿਚ ਅੰਗਰੇਜ਼ਾਂ ਨੇ ਰਣਜੀਤ ਸਿੰਘ ਦਾ ਰਾਜ ਜੋਬਨ ਤੇ ਆਉਂਦਾ ਵੇਖ ਕੇ ਇਸ ਨਾਲ ਦੋਸਤੀ ਗੰਢਣੀ ਆਪਣਾ ਸਤਿਕਾਰ ਖਿਆਲ ਕੀਤਾ ਤੇ ਇਕ ਅਹਿਦਨਾਮਾ ਕੀਤਾ । ਉਹਨਾਂ ਦਿਨਾਂ ਵਿਚ ਅੰਗਰੇਜ਼ ਬਿਨਾਂ ਪੰਜਾਬ ਤੋਂ ਸਾਰੇ ਭ ਰਤ ਦੇ ਮਾਲਕ ਸਨ । ਇਸ ਅਹਿਦਨਾਮੇ ਅਨੁਸਾਰ ਮਹਾਰਾਜਾ ਸਤਲੁਜ ਦੇ ਪਾਰ ਦਿਆਂ ਇਲਾਕਿਆ ਤੇ ਕਬਜ਼ਾ ਨਹੀਂ ਕਰ ਸਕਦਾ ਸੀ । ਉਸ ਸਮੇਂ ਮਹਾਰਾਜੇ ਨੇ ਪਿਸ਼ਾਵਰ ਨੂੰ ਅਧੀਨ ਕਰ ਲਿਆ ਸੀ । 1834 ਈ: ਤਕ ਸਿੰਧ ਤੋਂ ਚਲ ਕੇ ਸਤਲੁਜ ਤਕ ਸਾਰਾ ਇਲਾਕਾ ਮਹਾਰਾਜੇ ਦੇ ਕਬਜ਼ੇ ਵਿਚ ਆ ਚੁਕਾ ਸੀ । ਇਸ ਤੋਂ ਬਿਨਾਂ ਮਹਾਰਾਜੇ ਦੇ ਕਬਜ਼ੇ ਵਿਚ ਪਹਾੜੀ ਇਲਾਕੇ ਭੀ ਸਨ ਜੋ ਮਹਾਰਾਜ ਨੂੰ ਕਰ ਭਰਦੇ ਸਨ ।

ਜਦੋਂ ਤਕ ਮਹਾਰਾਜਾ ਰਣਜੀਤ ਸਿੰਘ ਆਉਂਦਾ ਰਿਹਾ, ਸਿੱਖ ਰ ਜ ਚੜ੍ਹਦੀਆਂ ਕਲਾਂ ਵਿਚ ਰਿਹਾ ਪਰ ਪਿਛੋਂ ਸਿਖ ਰਾਜ ਨੂੰ ਘਰ ਦੀ ਫੁਟ ਨੇ ਲੈ ਲਿਆ ਇਹੀ ਕਾਰਨ ਹੈ ਕਿ ਅੰਗਰੇਜ਼ ਛੇਤੀ ਹੀ ਪੰਜਾਬ ਤੇ ਰਾਜ ਕਰਨ ਲਗ ਪਏ । ਕੀ ਮਜਾਲ ਸੀ ਕਿਸੇ ਵੈਰੀ ਦੀ ਕਿ ਪੰਜਾਬ ਵਲ ਅੱਖ ਭਰ ਕੇ ਤਕ ਵੀ ਸਕੇ, ਪਰ ਕੇਵਲ ਉਸ ਸਮੇਂ ਤਕ ਜਦੋਂ ਰਣਜੀਤ ਸਿੰਘ ਜੀਉਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨਿਰਭੈ ਜਰਨੈਲ ਅਤੇ ਦਲੇਰ ਯੋਧਾ ਸੀ । ਉਨ੍ਹਾਂ ਦਾ ਸੁਭਾ ਡਾਢਾ ਫੁਰਤੀਲਾ ਅਤੇ ਚੁਸਤ ਸੀ । ਉਹ ਮਿਹਨਤੀ ਹੱਦ ਦਰਜੇ ਦੇ ਚੁਸਤ ਤੇ ਥਕੇਵਾਂ ਉਹਨਾਂ ਦੇ ਲਾਗੇ ਤਕ ਨਹੀਂ ਸੀ ਆਉਂਦਾ । ਇਸ ਲੜਾਈ ਮਗਰੋਂ ਦੂਸਰਾ ਅਤੇ ਦੂਜੀ ਮਗਰੋਂ ਤੀਜੀ ਇਸ ਤਰ੍ਹਾਂ ਹੀ ਉਹਨਾਂ ਨੇ ਸਾਰੀਆਂ ਜਿਤਾਂ ਲਗਾਤਾਰ ਜਿਤੀਆਂ ਸਨ ਉਹ ਹਰ ਸਮੇਂ ਚੜ੍ਹਦੀਆਂ ਕਲਾਂ ਵਿਚ ਹੀ ਰਹਿੰਦੇ ਸਨ । ਉਹ ਧਰਮ ਤੇ ਇਰਾਦੇ ਦੇ ਪੱਕੇ ਸਨ ਅਤੇ ਜਿਸ ਕੰਮ ਨੂੰ ਹੱਥ ਲਾਉਂਦੇ ਸਨ ਪੂਰਾ ਕਰ ਦਿੰਦੇ ਸਨ ।

ਮਹਾਰਾਜਾ ਰਣਜੀਤ ਸਿੰਘ ਭਾਵੇਂ ਆਪ ਪੜ੍ਹਿਆ ਲਿਖਿਆ ਹੋਇਆ ਨਹੀਂ ਸੀ। ਪਰ ਉਸ ਤਰ੍ਹਾਂ ਕਾਫੀ ਲਾਇਕ ਅਤੇ ਪੜ੍ਹਿਆਂ ਦੀ ਕਦਰ ਕਰਦਾ ਹੁੰਦਾ ਸੀ। ਉਹ ਵਧੀਆ ਪ੍ਰਬੰਧਕ ਤੇ ਖੁਸ਼ ਦਿਲ ਰਾਜਾ ਸੀ। ਉਹ ਸਦਾ ਪਰਜਾ ਦੀ ਖੁਸ਼ੀ ਲਈ ਕੰਮ ਕਰਨ ਲਈ ਤਿਆਰ ਰਹਿੰਦਾ ਸੀ। ਇਸੇ ਲਈ ਉਸ ਸਮੇਂ ਦੀਆਂ ਕਈ ਕਹਾਣੀਆਂ ਪ੍ਰਸਿਧ ਹਨ ਜਿਨ੍ਹਾਂ ਰਾਹੀਂ ਮਹਾਰਾਜ ਦੇ ਵਿਸਾਲ ਹਿਰਦੇ ਦੀ ਜਾਣਕਾਰੀ ਹੁੰਦੀ ਹੈ।

ਉਸਦਾ ਧਾਰਮਕ ਜੀਵਨ ਬਹੁਤ ਉੱਚਾ ਸੀ, ਉਸਦੇ ਦਿਲ ਵਿਚ ਹਿੰਦੂ ਮੁਸਲਮਾਨ ਅਤੇ ਸਿੱਖ ਦਾ ਕੋਈ ਖਿਆਲ ਨਹੀਂ ਸੀ। ਉਹ ਗੁਰਦੁਆਰੇ, ਮਸ਼ੀਤ ਅਤੇ ਮੰਦਰਾ ਨੂੰ ਇਕੋ ਜਿਹਾ ਖਿਆਲ ਕਰਦਾ ਸੀ ਉਹ ਪੂਰਨ ਗੁਰ ਸਿੱਖ ਸੀ ਜੋ ਸਵੇਰੇ ਪਾਠ ਪੂਜਾ ਤੇ ਨਿੱਤ ਨੇਮ ਕਰਦਾ ਸੀ। ਇਹ ਕਾਰਨ ਹੈ ਕਿ ਹਰ ਧਰਮ ਦੇ ਲੋਕ ਉਸ ਨਾਲ ਪਿਆਰ ਕਰਦੇ ਸਨ। ਤੇ ਉਸ ਦੀ ਮੌਤ ਪਿਛੋਂ ਲੋਕਾਂ ਆਖਿਆ ਰਣਜੀਤ ਸਿੰਘ ਪੰਜਾਬ ਨੂੰ ਰੰਡੀ ਕਰ ਗਿਆ। ਭਾਵੇਂ ਆਪ ਮਰ ਗਏ ਹਨ, ਪਰ ਆਪ ਦਾ ਨਾ ਇਤਿਹਾਸ ਵਿਚ ਸਦਾ ਜੀਉਂਦਾ ਹੀ ਰਹੇਗਾ ਕਿਉ ਕਿ ਆਪ ਦਾ ਜਨਤਾ ਨਾਲ ਪਿਆਰ ਤਾਂ ਕਵੀਆ ਦੇ ਰੂਪ ਵਿਚ ਜੀਉਂਦਾ ਹੈ ਤੇ ਜੀਉਂਦਾ ਹੀ ਰਹੇਗਾ। ਆਪ ਨੇ ਜਨਤਾ ਦੇ ਭਲੇ ਲਈ ਰਾਜ ਕੀਤਾ ਤੇ ਬਿਨਾ ਕਿਸੇ ਖਾਸ ਪੱਖਪਾਤ ਤੋਂ ਨੌਕਰੀਆਂ ਦਿੱਤੀਆਂ।

ਮਹਾਤਮਾ ਗਾਂਧੀ

ਭਾਰਤ ਵਿਚ ਤਾਂ ਇਕ ਪਾਸੇ ਰਿਹਾ ਮਹਾਤਮਾ ਗਾਂਧੀ ਨੂੰ ਦੁਨੀਆਂ ਦੇ ਪ੍ਰਸਿਧ ਸ਼ਾਂਤੀ ਦੇ ਅਵਤਾਰਾਂ ਵਿਚੋਂ ਇਕ ਮੰਨਿਆ ਜਾਦਾ ਹੈ। ਸੱਚ, ਸ਼ਾਂਤੀ ਤੇ ਅਹਿੰਸਾ ਦੇ ਪੁਜਾਰੀ ਤੇ ਮਨੁਖਤਾ ਦੇ ਪ੍ਰਚਾਰਕ ਹੋਏ ਹਨ।

ਆਪ ਜੀ ਦਾ ਪੂਰਾ ਨਾਉਂ ਮੋਹਨ ਦਾਸ ਕਰਮ ਚੰਦ ਗਾਂਧੀ ਸੀ।ਭਾਰਤ ਵਿਚ ਆਪ ਨੂੰ ਬਾਪੂ ਗਾਂਧੀ ਆਖ ਕੇ ਸਤਿਕਾਰਿਆ ਜਾਂਦਾ ਹੈ। ਇਹਨਾਂ ਦੇ ਸ਼ਾਂਤ ਮਈ ਢੰਗਾਂ ਤੇ ਲੋਕਾਂ ਵਿਚ ਪਾਈ ਗਈ ਜਾਗਰਤੀ ਦਾ ਨਤੀਜਾ ਹੀ ਹੈ ਕਿ ਅਜ ਭਾਰਤ ਆਜ਼ਾਦ ਹੈ ਤੇ ਉੱਨਤੀ ਵਲ ਜਾ ਰਿਹਾ ਹੈ।

ਆਪ ਦਾ ਜਨਮ 2 ਅਕਤੂਬਰ 1869 ਈ: ਨੂੰ ਕਾਠੀਆਵਾੜ ਦੀ ਛੋਟੀ ਜਿਹੀ ਰਿਆਸਤ ਪੋਰਬੰਦਰ ਵਿਚ ਹੋਇਆ। ਆਪ ਦੇ ਪਿਤਾ ਇਸ ਰਿਆਸਤ ਵਿਚ ਦੀਵਾਨ ਦੀ ਪਦਵੀ ਲਗੇ ਹੋਏ ਸਨ। ਗਾਂਧੀ ਜੀ ਦੀ ਉਮਰ ਅਜੇ ਪੰਜਾਂ

ਵਰ੍ਹਿਆਂ ਤੋਂ ਟੱਪੀ ਨਹੀਂ ਸੀ ਕਿ ਆਪ ਦੇ ਪਿਤਾ ਨੇ ਰਾਜਕੋਟ ਵਿਚ ਦੀਵਾਨੀ ਕੀਤੀ। ਇਹੀ ਕਾਰਨ ਹੈ ਕਿ ਗਾਂਧੀ ਜੀ ਨੇ ਮੁਢਲੀ ਵਿਦਿਆ ਰਾਜਕੋਟ ਵਿਚ ਪ੍ਰਾਪਤ ਕੀਤੀ। ਸਕੂਲ ਵਿਚ ਆਪ ਦਾ ਸੁਭਾ ਕਾਫੀ ਸ਼ਾਂਤ ਹੁੰਦਾ ਸੀ, ਪਰ ਆਪ ਮਿਹਨਤੀ ਬਹੁਤ ਸਨ। ਕੇਵਲ ਤੇਰਾਂ ਸਾਲ ਦੀ ਉਮਰ ਵਿਚ ਆਪ ਦਾ ਵਿਆਹ ਇਕ ਉਚੇ ਘਰਾਣੇ ਦੀ ਸਪੁਤਰੀ ਕਸਤੂਰਬਾ ਨਾਲ ਹੋ ਗਿਆ ਜਿਸ ਨਾਲ ਆਪ ਦਾ ਬਹੁਤ ਡੂੰਘਾ ਪਿਆਰ ਸੀ। ਤੇਰਾਂ ਸਾਲ ਦੀ ਉਮਰ ਵਿਚ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਸਦਾ ਲਈ ਉਠ ਗਿਆ।

ਦਸਵੀਂ ਪਾਸ ਕਰਨ ਪਿਛੋਂ ਉੱਚੇ ਵਿਦਿਆ ਦੀ ਪ੍ਰਾਪਤੀ ਲਈ ਸੋਮਦਾਸ ਕਾਲਜ ਭਾਵ ਨਗਰ ਵਿਚ ਦਾਖਲ ਹੋ ਗਏ। ਥੋੜ੍ਹੇ ਸਮੇਂ ਪਿਛੋਂ ਹੀ ਆਪ ਦਾ ਖਿਆਲ ਆਪਣੇ ਘਰ ਵਾਲਿਆਂ ਦੇ ਖਿਆਲ ਅਨੁਸਾਰ ਵਲਾਇਤ ਜਾਣ ਦਾ ਪੂਰਾ ਖਰਚ ਆਪ ਪਾਸ ਨਹੀਂ ਸੀ। ਆਪ ਦੀ ਸੱਜ ਵਿਆਹ ਵਹੁਟੀ ਨੇ ਆਪਣੇ ਗਹਿਣੇ ਵੇਚ ਕੇ ਖਰਚ ਪੂਰਾ ਕੀਤਾ।

ਗਾਂਧੀ ਜੀ, ਮਾਸ ਆਦਿ ਨਹੀਂ ਖਾਂਦੇ ਸਨ ਫਿਰ ਭੀ ਵਲਾਇਤ ਜਾਣ ਤੋਂ ਪਹਿਲਾਂ ਆਪ ਦੀ ਮਾਂ ਨੇ ਆਪ ਪਾਸੋਂ ਪ੍ਰਣ ਲਿਆ ਕਿ ਉਹ ਨਾ ਮਾਸ ਖਾਏਗਾ, ਨਾ ਸ਼ਰਾਬ ਪੀਏਗਾ ਤੇ ਨਾ ਹੀ ਪਰਾਈ ਇਸਤ੍ਰੀ ਪਾਸ ਜਾਵੇਗਾ। ਠੀਕ ਆਪ ਨੇ ਆਪਣੇ ਪ੍ਰਣ ਨੂੰ ਪੂਰਾ ਕੀਤਾ। ਜਿਨਾਂ ਚਿਰ ਆਪ ਵਲਾਇਤ ਰਹੇ ਆਪ ਨੇ ਆਪਣੇ ਦੋਸਤਾਂ ਮਿਤਰਾਂ ਨੂੰ ਜ਼ਰੂਰ ਨਾਰਾਜ਼ ਕਰ ਲਿਆ, ਪਰ ਆਪਣੀ ਮਾਤਾ ਨੂੰ ਦਿੱਤਾਂ ਹੋਇਆ ਪ੍ਰਣ ਜ਼ਰੂਰ ਪੂਰਾ ਕੀਤਾ। ਆਪ ਬੈਰਿਸਟਰੀ ਦੀ ਸਨਦ ਪ੍ਰਾਪਤ ਕਰ ਕੇ ਭਾਰਤ ਨੂੰ ਮੁੜ ਆਏ। ਆਉਂਦੇ ਸਾਰ ਹੀ ਆਪ ਨੇ ਰਾਜ ਕੋਟ ਵਿਚ ਵਕਾਲਤ ਸ਼ੁਰੂ ਕੀਤੀ, ਫਿਰ ਕੰਮ ਚੱਲਦਾ ਨ ਦਿਸਿਆ ਜਿਸ ਕਰਕੇ ਆਪ ਬੰਬਈ ਚਲੇ ਗਏ।

1883 ਈ: ਵਿਚ ਆਪ ਨੇ ਇਕ ਫਰਮ ਵਿਚ ਕਾਨੂੰਨੀ ਸਲਾਹਕਾਰ ਦੀ ਨੌਕਰੀ ਕਰਕੇ, ਇਕ ਮੁਕੱਦਮੇ ਲਈ ਦੱਖਣੀ ਅਫਰੀਕਾ ਚਲੇ ਗਏ। ਦੱਖਣੀ ਅਫਰੀਕਾ ਵਿਚ ਕਾਲੇ ਲੋਕਾਂ ਤੇ ਚਿਟੇ ਲੋਕਾਂ ਵਿਚ ਬਹੁਤ ਘ੍ਰਿਣਾ ਸੀ। ਚਿੱਟੇ ਲੋਕ, (ਅੰਗਰੇਜ਼ੀ) ਕਾਲਿਆਂ ਤੇ ਬਹੁਤ ਜ਼ੁਲਮ ਕਰਦੇ ਸਨ। ਇਸ ਨਫਰਤ ਦਾ ਆਪ ਉਤੇ ਕਾਫੀ ਡੂੰਘਾ ਪ੍ਰਭਾਵ ਪਿਆ ਉਹਨਾਂ ਹੀ ਦਿਨਾਂ ਵਿਚ ਨੈਟਾਲ ਦੇ ਇਲਾਕੇ ਵਿਚ ਇਕ ਕਾਨੂੰਨ ਬਣਨ ਵਾਲਾ ਸੀ, ਜਿਸ ਨਾਲ ਭਾਰਤੀਆਂ ਨੂੰ ਕਾਨੂੰਨ ਘੜਨੀ ਸਭਾ ਦੇ ਮੈਂਬਰ ਤੇ ਵੋਟਰ ਬਣਨ ਦੇ ਹੱਕ ਤੋਂ ਵਾਂਜਿਆਂ ਕਰ ਦੇਣਾ ਸੀ। ਗਾਂਧੀ ਜੀ ਨੇ ਇਸ ਦੀ ਬਹੁਤ ਵਿਰੋਧਤਾ ਕੀਤੀ, ਪਰ ਕਾਨੂੰਨ ਪਾਸ ਹੋ ਗਿਆ। ਫਿਰ 1894 ਈ. ਵਿਚ ਨੈਟਾਲ ਸਰਕਾਰ ਨੇ ਭਾਰਤੀ ਮਜ਼ਦੂਰਾਂ ਤੇ ਪੰਝੀ (25) ਪੌਂਡ ਟੈਕਸ

ਲਾਉਣ ਦੀ ਤਜਵੀਜ਼ ਕੀਤੀ। ਗਾਂਧੀ ਜੀ ਨੇ ਮੁੜ ਕੇ ਇਸ ਦੀ ਸਖਤ ਵਿਰੋਧਤਾ ਕੀਤੀ। ਤੇ ਇਹ ਟੈਕਸ ਪੰਝੀਆਂ ਤੋਂ ਤਿੰਨ ਪੌਂਡ ਰਹਿ ਗਿਆ। 1896 ਈ: ਵਿਚ ਆਪ ਨੇ ਆਪਣੀ ਪ੍ਰਸਿਧ ਲਹਿਰ ਸਤਿਆ-ਗ੍ਰਹਿ ਸ਼ੁਰੂ ਕੀਤੀ ਤੇ ਦੱਖਣੀ ਅਫਰੀਕਾ ਦੇ ਲੋਕਾਂ ਨੂੰ ਇਹ ਸਬਕ ਸਿਖਾਇਆ ਕਿ ਨਫ਼ਰਤ ਚਾਲਾਕੀ ਤੇ ਤਾਕਤ ਨਾਲੋਂ ਸੱਚ ਤੇ ਸ਼ਾਂਤਮਈ ਵਿਚ ਵਧੇਰੇ ਸ਼ਕਤੀ ਹੋਇਆ ਕਰਦੀ ਹੈ। ਨਾਟਲ ਵਿਚ ਹੋਏ ਜ਼ੁਲਮਾਂ ਦਾ ਟਾਕਰਾ ਕਰਨ ਲਈ ਆਪ ਨੇ ਨੈਟਾਲ ਇੰਡੀਅਨ ਕਾਂਗ੍ਰਸ ਕਾਇਮ ਕਰ ਦਿਤੀ।

ਜਦੋਂ ਦਖਣੀ ਅਫਰੀਕਾ ਦੇ ਬੋਇਰਾਂ ਤੇ ਅੰਗਰੇਜ਼ਾਂ ਦੀ ਆਪਸ ਵਿਚ ਲੜਾਈ ਹੋ ਪਈ ਤਾਂ ਗਾਂਧੀ ਜੀ ਨੇ ਦਿਲ ਖੋਲ੍ਹ ਕੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਉਹਨਾਂ ਨੂੰ ਖਿਆਲ ਸੀ ਕਿ ਲੜਾਈ ਤੋਂ ਪਿਛੋਂ ਅੰਗਰੇਜ਼ ਭਾਰਤੀਆਂ ਦੀਆਂ ਸ਼ਕਾਇਤਾਂ ਨੂੰ ਦੂਰ ਕਰ ਦੇਣਗੇ ਪਰ ਇਸ ਸੰਬੰਧ ਵਿਚ ਆਪ ਨੂੰ ਨਿਰਾਸਤਾ ਹੋਈ। ਜ਼ੁਲਮ ਨੂੰ ਰੋਕਣ ਲਈ ਆਪ ਨੇ ਹੋਰ ਵੀ ਉਪਾਅ ਕੀਤੇ। ਜੀਵਨ ਸਾਦਾ ਕਰ ਲਿਆ ਤੇ ਉਮਰ ਭਰ ਬ੍ਰਹਮਚਾਰੀ ਰਹਿਣ ਦਾ ਪ੍ਰਣ ਧਾਰ ਲਿਆ। ਉੱਥੋਂ ਦੀ ਬਗਾਵਤ ਵਿਚ ਵੀ ਗਾਂਧੀ ਜੀ ਨੇ ਅੰਗਰੇਜ਼ ਦੀ ਕਾਫੀ ਮਦਦ ਕੀਤੀ। 1915 ਈ: ਦੀ ਬਗਾਵਤ ਮੁਕਣ ਤੇ ਗਾਂਧੀ ਜੀ ਭਾਰਤ ਆ ਗਏ। ਉਹਨਾਂ ਦਿਨਾਂ ਵਿਚ ਦੁਨੀਆਂ ਦੀ ਦੂਜੀ ਮਹਾਨ ਜੰਗ ਸ਼ੁਰੂ ਸੀ। ਗਾਂਧੀ ਜੀ ਨੇ ਲੋਕਾਂ ਨੂੰ ਭਰਤੀ ਹੋਣ ਲਈ ਪਰੇਰਿਆਂ ਤੇ ਇਸ ਜੰਗ ਵਿਚ ਹਰ ਪ੍ਰਕਾਰ ਦੀ ਮਦਦ ਅੰਗਰੇਜ਼ਾਂ ਨੂੰ ਦਿੱਤੀ।

ਜੰਗ ਮੁਕਣ ਤੇ ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦੀ ਦੇਣ ਦੀ ਥਾਂ ਰੌਲਟ ਬਿਲ ਪਾਸ ਕਰਨ ਦਾ ਐਲਾਨ ਕਰ ਦਿਤਾ। ਸਾਰੇ ਭਾਰਤ ਵਿਚ ਇਸ ਦੇ ਵਿਰੁਧ ਰੌਲਾ ਪੈ ਗਿਆ ਤੇ ਥਾਂ ਥਾਂ ਹੜਤਾਲਾਂ ਹੋਈਆਂ। ਫਿਰ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦਾ ਕਤਲਾਮ ਹੋਇਆ। ਪੰਜਾਬ ਵਿਚ ਮਾਰਸ਼ਲ ਲਾ ਲਗ ਗਿਆ ਤੇ ਬਹੁਤ ਅਤਿਆ ਚਾਰ ਹੋਏ। ਇਸ ਘਟਨਾ ਤੋਂ ਗਾਂਧੀ ਜੀ ਬਹੁਤ ਦੁਖੀ ਹੋਏ।

1921 ਈ: ਵਿਚ ਆਪ ਨੇ ਕਾਂਗਰਸ ਤੋਂ 'ਨਾ-ਮਿਲਵਰਤਨ ਦੀ ਲਹਿਰ ਜਾਰੀ ਕਰਵਾਈ। ਜਿਸ ਅਨੁਸਾਰ ਸਕੂਲਾਂ, ਕਾਲਜਾਂ, ਕਚਹਿਰੀਆਂ ਨੇ ਸਾਥ ਦਿੱਤਾ ਤੇ ਸਰਕਾਰੀ ਨੌਕਰਾਂ ਨੇ ਨੌਕਰੀਆਂ ਛੱਡ ਦਿੱਤੀਆਂ। ਇਸ ਲਹਿਰ ਦੇ ਸੰਬੰਧ ਵਿਚ ਆਪ ਨੂੰ ਜੇਲ ਯਾਤਰਾ ਭੀ ਕਰਨੀ ਪਈ। ਇਸ ਤਰ੍ਹਾਂ ਸਿਵਲ ਨਾ ਫਰਮਾਨੀ ਦੀ ਲਹਿਰ ਦੀ ਆਪ ਨੇ ਅਗਵਾਈ ਕੀਤੀ।

ਉਪਰੰਤ ਆਪ ਨੂੰ ਭਾਰਤ ਦਾ ਪ੍ਰਤੀਨਿਧ ਬਣਾ ਕੇ ਵਲਾਇਤ ਵਿਚ ਹੋ ਰਹੀ ਗੋਲਮੇਜ਼ ਕਾਨਫਰੰਸ ਵਿਚ ਭੇਜਿਆ ਗਿਆ। ਪਰ ਭਾਰਤ ਵਿਚ ਕਾਂਗਰਸ ਦੀ ਸਰਕਾਰ ਨਾਲ ਟੱਕਰ ਹੋ ਗਈ। ਗਾਂਧੀ ਜੀ ਵਾਪਸ ਆ ਗਏ। 4 ਫਰਵਰੀ 1932 ਈ: ਨੂੰ ਕਾਂਗਰਸ ਤੇ ਇਸ ਨਾਲ ਸਾਰੀਆਂ ਸੰਬੰਧਤ ਸਭਾਵਾਂ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਗਾਂਧੀ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ।

ਮਹਾਤਮਾ ਗਾਂਧੀ ਜੀ ਨੇ ਅਛੂਤਾਂ ਸੰਬੰਧੀ ਫਿਰਕੂ ਫੈਸਲੇ ਵਿਰੁਧ ਰੋਸ ਪ੍ਰਗਟ ਕਰਨ ਲਈ ਮਰਨ ਵਰਤ ਸ਼ੁਰੂ ਕੀਤਾ। ਜਿਸ ਦਾ ਇਹ ਸਿੱਟਾ ਹੋਇਆ ਕਿ ਆਪ ਦੀ ਮਰਜ਼ੀ ਅਨੁਸਾਰ ਹਿੰਦੂਆਂ ਅਤੇ ਅਛੂਤਾਂ ਵਿਚ ਸਮਝੌਤਾ ਹੋ ਗਿਆ ਇਸੇ ਤਰ੍ਹਾਂ ਆਪ ਨੇ ਹਿੰਦੂਆਂ ਤੇ ਅਛੂਤਾਂ ਨੂੰ ਵਖੋ ਵੱਖ ਹੋਣ ਤੋਂ ਬਚਾ ਲਿਆ।

1937 ਈ: ਵਿਚ ਗਾਂਧੀ ਜੀ ਦੀ ਸਖਤ ਘਾਲਣਾ ਨਾਲ ਯਾਰਾਂ ਸੂਬਿਆਂ ਵਿਚੋਂ ਸੱਤਾਂ ਵਿਚ ਕਾਂਗਰਸ ਵਜ਼ਾਰਤਾਂ ਬਣ ਸਕੀਆਂ ਤੇ ਇਸੇ ਤਰ੍ਹਾਂ ਜਦੋਂ ਵਾਇਸ਼-ਰਾਇ ਨੇ ਆਪਣੀ ਮਰਜ਼ੀ ਨਾਲ 1939 ਈ: ਦੇ ਦੂਜੇ ਯੁਧ ਵਿਚ ਭਾਰਤ ਨੂੰ ਜਰਮਨੀ ਦੇ ਵਿਰੁਧ ਲੜਾਈ ਵਿਚ ਸ਼ਾਮਲ ਕਰ ਦਿੱਤਾ, ਉਸ ਸਮੇਂ ਸਾਰੀਆਂ ਕਾਂਗਰਸੀ ਵਜ਼ਾਰਤਾਂ ਨੇ ਅਸਤੀਫੇ ਦੇ ਦਿੱਤੇ। ਫਿਰ ਕਾਂਗਰਸ ਤੇ ਸਰਕਾਰ ਦੀ ਅਣ-ਬਣ ਹੋ ਗਈ। 1942 ਈ: ਵਿਚ ਗਾਂਧੀ ਜੀ ਦੀ ਆਗਿਆ ਅਨੁਸਾਰ ਕਾਂਗਰਸ ਨੇ "ਭਾਰਤ ਛਡ ਦਿਉ" ਦਾ ਨਾਹਰਾ ਲਗਾਇਆ। ਇਸ ਪੁਰ ਸਾਰੇ ਮੁਖੀ ਨੇਤਾ ਗ੍ਰਿਫਤਾਰ ਕਰ ਲਏ। ਪਰ ਜੰਗ ਮੁਕਣ ਤੇ ਸਾਰਿਆਂ ਨੂੰ ਰਿਹਾ ਕਰ ਦਿਤਾ ਗਿਆ। ਉਪਰੰਤ ਗਾਂਧੀ ਜੀ ਨੇ ਆਪਣਾ ਸਾਰਾ ਜ਼ੋਰ ਲਗਾਇਆ ਕਿ ਹਿੰਦੂ ਮੁਸਲਮਾਨਾਂ ਦੀ ਆਪਸ ਵਿਚ ਦੀ ਫੁਟ ਮਿਟ ਜਾਵੇ ਪਰ ਇਹ ਫੁਟ ਨਾ ਮਿਟ ਸਕੀ। ਫਿਰ ਅੰਗਰੇਜ਼ਾਂ ਨੇ ਆਪਣੀਆਂ ਤਿਖੀਆਂ ਰਾਜਨੀਤਕ ਚਾਲਾਂ ਨੂੰ ਮੁੱਖ ਰਖ ਕੇ ਭਾਰਤ ਮਾਤਾ ਦੇ ਟੋਟੇ ਕੀਤੇ ਤਾਂ ਗਾਂਧੀ ਜੀ ਨੇ ਇਹ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ, ਪਰ ਮੁਸਲਮਾਨ ਭੀ ਅੰਗਰੇਜ਼ਾਂ ਦੇ ਟੋਟੇ ਚੜ੍ਹੇ ਹੋਏ ਸਨ ਤੇ ਉਹਨਾਂ ਨੇ ਪਾਕਿਸਤਾਨ ਬਣਾਉਣ ਵਿਚ ਹਰ ਹੀਲਾ ਕੀਤਾ। ਮਹਾਤਮਾ ਜੀ ਨੇ ਆਖਿਆ ਸੀ ਕਿ ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ, ਪਰ ਲੀਗ ਦੀ ਅੰਗਰੇਜ਼ਾਂ ਨਾਲ ਗੰਢ ਤੁਪ ਨੇ ਆਪ ਦੀ ਪੇਸ਼ ਨਾ ਜਾਣ ਦਿੱਤੀ ਤੇ ਆਪ ਨੇ ਕੌੜਾ ਘੁਟ ਭਰ ਕੇ ਵੰਡ ਮੰਨ ਲਈ। 15 ਅਗਸਤ 1947 ਈ: ਤੋਂ ਪਹਿਲਾਂ ਜਾਂ ਪਿਛੋਂ ਜਿਹੜੀ ਕਟਾ-ਵੱਢੀ ਹੋਈ ਉਸ ਨੇ ਗਾਂਧੀ ਜੀ ਦੇ ਮਨ ਤੇ ਬਹੁਤ ਡੂੰਘਾ ਅਸਰ ਪਾਇਆ ਤੇ ਇਸ ਘਲੂਘਾਰੇ ਨੇ ਆਪ ਦੀ ਆਤਮਾ ਨੂੰ ਬਹੁਤ ਦੁਖੀ ਕੀਤਾ। ਫਿਰ ਵੀ ਆਪ ਮੁਸਲਮਾਨਾਂ ਨਾਲ ਚੰਗਾ ਵਰਤਾਉ ਨਾ ਛੱਡ ਸਕੇ। ਇਹੀ ਕਾਰਨ ਹੈ ਕਿ ਕੁਝ ਰਾਜਸੀ ਮੱਤ ਭੇਦਾਂ ਕਰ ਕੇ

ਨੱਥੂ ਰਾਮ ਗੋਡਸੇ ਨਾਂ ਦੇ ਇਕ ਫਿਰਕੂ ਸਿਰ ਫਿਰੇ ਨੇ 30 ਜਨਵਰੀ 1948 ਈ: ਵਾਲੇ ਦਿਨ ਆਪ ਨੂੰ ਪਸਤੋਲ ਨਾਲ ਸ਼ਹੀਦ ਕਰ ਦਿੱਤਾ ਤੇ ਆਪ ਸਦਾ ਲਈ ਅਮਰ ਹੋ ਗਏ ।

ਗਾਂਧੀ ਜੀ ਦੇ ਮਰਨ ਦਾ ਦੁਖ ਸਾਰੇ ਸੰਸਾਰ ਨੇ ਮਣਾਇਆ ਇਹ ਗਾਂਧੀ ਜੀ ਦਾ ਹੀ ਮਤ ਸੀ ਜਿਸ ਨੂੰ ਆਪਣਾ ਕੇ ਅਫਰੀਕਾ ਦੇ ਬਹੁਤ ਸਾਰੇ ਦੇਸ਼ ਸੁਤੰਤਰ ਹੋਏ । ਅਜ ਗਾਂਧੀ ਜੀ ਭਾਰਤੀ ਕੌਮ ਦਾ ਰਾਸ਼ਟਰ ਪਿਤਾ ਹੈ, ਤੇ ਉਸ ਨੂੰ ਭਾਰਤ ਦੇ ਲੋਕ ਬਾਪੂ ਗਾਂਧੀ ਕਹਿ ਕੇ ਪੁਕਾਰਦੇ ਹਨ ।

ਆਜ਼ਾਦ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ

ਭਾਰਤ ਰਤਨ

ਪੰਡਤ ਜਵਾਹਰ ਲਾਲ ਨਹਿਰੂ

ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਹੋਣ ਦਾ ਮਾਨ ਆਪ ਨੂੰ ਹੀ ਹੈ । ਆਪ ਦੀਆ ਕੁਰਬਾਨੀਆਂ ਤੇ ਮਿਹਨਤਾਂ ਦਾ ਸੱਚਾ ਸੁੱਚਾ ਫਲ ਤੇ ਆਪ ਦੀ ਨਿਸ਼ਕਾਮ ਸੇਵਾ ਨੇ ਭਾਰਤ ਦੇ ਬੱਚੇ ਬੱਚੇ ਦੇ ਦਿਲ ਵਿਚ ਘਰ ਕਰ ਲਿਆ । ਆਪ ਦਾ ਜਨਮ ਪੰਡਤ ਮੋਤੀ ਲਾਲ ਦੇ ਘਰ 1889 ਈ: ਨੂੰ ਅਲਾਹਬਾਦ ਵਿਖੇ ਹੋਇਆ । ਆਪ ਨੇ ਆਪਣੀ ਮੁਢਲੀ ਵਿਦਿਆ ਭਾਰਤ ਵਿਚ ਪ੍ਰਾਪਤ ਕੀਤੀ ਤੇ ਇਸ ਦੇ ਪਿਛੋਂ ਲੰਡਨ ਦੇ ਇਕ ਸਕੂਲ ਵਿਚ ਜਾ ਦਾਖਲ ਹੋਏ । ਉਪਰੰਤ ਕੈਂਬ੍ਰਿਜ ਵਿਚ ਜਾ ਕੇ ਬੈਰਿਸਟਰੀ ਪਾਸ ਕਰ ਲਈ । ਆਪ ਨੇ ਆਪਣੀ ਵਿਦਿਆ ਦੇ ਦਿਨ ਬੜੇ ਠਾਠ ਨਾਲ ਗੁਜ਼ਾਰੇ । ਬੈਰਿਸਸਟਰੀ ਪਾਸ ਕਰਨ ਤੋਂ ਪਿੱਛੋਂ ਆਪਨੇ ਅਲਾਹ-ਬਾਦ ਵਿਚ ਆ ਕੇ ਵਕਾਲਤ ਸ਼ੁਰੂ ਕਰ ਦਿੱਤੀ ।

ਆਪ ਆਪਣੇ ਮਾਤਾ ਪਿਤਾ ਦੇ ਲਾਡਲੇ ਤੇ ਇਕਲੌਤੇ ਪੁਤਰ ਸਨ, ਪਰ ਪਿਛੋਂ ਆਪ ਦੀਆਂ ਦੋ ਭੈਣਾਂ ਨੇ ਵੀ ਜਨਮ ਲਿਆ, ਜਿਨ੍ਹਾਂ ਦੇ ਨਾਂ ਸ੍ਰੀ ਮਤੀ ਵਿਜੈ ਲਕਸਮੀ ਪੰਡਤ, ਤੇ ਸ੍ਰੀ ਮਤੀ ਕਿਸ਼ਨ ਹਥੀ ਸਿੰਘ । ਫਿਰ ਆਪ ਦਾ ਵਿਆਹ ਇਕ ਉਘੇ ਤੇ ਪਤਵੰਤੇ, ਘਰਾਣੇ ਦੀ ਹੋਣਹਾਰ ਬੀਬੀ ਕਮਲਾ ਨਾਲ ਹੋਇਆ ਜਿਸ ਤੋਂ ਆਪ ਦੀ ਇਕਲੌਤੀ ਧੀ ਇੰਦਰਾ ਨੇ ਜਨਮ ਲਿਆ । ਜੋ ਅਜ ਇੰਦ੍ਰਾ ਗਾਂਧੀ ਕਹਾਂਦੀ ਹੈ ਤੇ ਭਾਰਤ ਦੀ ਪ੍ਰਧਾਨ ਮੰਤਰੀ ਹੈ ।

ਵਲਾਇਤ ਤੋਂ ਵਾਪਸ ਆਉਣ ਤੋਂ ਪਿਛੋਂ ਆਪ ਬੜੇ ਅਨੰਦ ਦਾ ਜੀਵਨ ਗੁਜ਼ਾਰਦੇ ਰਹੇ । ਪਰ ਆਪ ਦੇ ਦਿਲ ਵਿਚ ਦੁਖੀ ਦੇਸ਼ ਲਈ ਬਹੁਤ ਦਰਦ ਸੀ ।

ਉਸ ਸਮੇਂ ਦੇਸ਼ ਗੁਲਾਮੀ ਦੀਆਂ ਪੱਕੀਆਂ ਤੇ ਮਜ਼ਬੂਤ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ । ਅਣਗਿਣਤ ਦੇਸ਼ ਭਗਤ ਗੁਲਾਮੀ ਦੇ ਬੰਧਨਾਂ ਨੂੰ ਤੋੜਨ ਲਈ ਉਤਾਵਲੇ ਹੋਏ ਹੋਏ ਸਨ । ਪੰਡਤ ਮੋਤੀ ਲਾਲ ਉਸ ਸਮੇਂ ਕਾਂਗਰਸ ਦੇ ਉਘਿਆਂ ਮੈਂਬਰਾਂ ਵਿਚੋਂ ਸਨ । ਇਸ ਕਰ ਕੇ ਘਰ ਵਿਚ ਹੀ ਨਹਿਰੂ ਜੀ ਤੇ ਦੇਸ਼ ਸੇਵਾ ਦਾ ਅਸਰ ਹੋਇਆ ਤੇ ਦੂਜਾ ਵਲਾਇਤ ਦੀ ਵਿਦਿਆ ਨੇ ਵੀ ਆਪ ਦੇ ਅੰਦਰ ਆਜ਼ਾਦੀ ਦੀ ਅਥਾਹ ਤੜਫ ਪੈਦਾ ਕਰ ਦਿੱਤੀ ਸੀ । ਇਸੇ ਲਈ ਆਪ ਨੇ ਰਾਜਸੀ ਕੰਮਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿਤਾ ।

ਜਦੋਂ ਗਾਂਧੀ ਜੀ ਨੇ "ਨਾਮਿਲਵਰਤਨ" ਦੀ ਲਹਿਰ ਚਲਾਈ ਤਾਂ ਆਪ ਨੂੰ ਭੀ ਆਪਣੇ ਪਿਤਾ ਮੋਤੀ ਲਾਲ ਜੀ ਨਾਲ ਹੀ ਛਿਆਂ ਮਹੀਨਿਆਂ ਲਈ ਕੈਦ ਵਿਚ ਬੰਦ ਕਰ ਦਿੱਤਾ ਗਿਆ । ਜੇਲ੍ਹ ਤੋਂ ਰਿਹਾਈ ਪਾ ਕੇ ਆਪ ਜੈਤੋਂ (ਨਾਭਾ) ਦੇ ਮੋਰਚੇ ਤੇ ਪੁਜੇ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਾਇਆ ਹੋਇਆ ਸੀ ਉਥੇ ਪੁਜਦੇ ਹੀ ਆਪ ਨੂੰ ਹੱਥਕੜੀ ਲਾ ਕੇ ਜੇਲ੍ਹ ਵਿਚ ਭੇਜ ਦਿਤਾ ਗਿਆ । ਆਪ ਨੇ ਉਸ ਜੇਲ੍ਹ ਵਿਚ ਜੋ ਸਮਾਂ ਕਟਿਆ ਉਸ ਤੋਂ ਆਪ ਨੂੰ ਭਾਰਤ ਦੀਆਂ ਸਾਰੀਆਂ ਜੇਲ੍ਹਾਂ ਦਾ ਅਸਲੀ ਤੇ ਕੌੜਾ ਤਜਰਬਾ ਮਿਲਿਆ । ਆਪ ਨੂੰ ਦੋ ਸਾਲ ਦੀ ਕੈਦ ਦਾ ਹੁਕਮ ਸੁਣਾਇਆ ਗਿਆ । ਪਰ ਪਿਛੋਂ ਛੇਤੀ ਹੀ ਛਡ ਦਿਤਾ ਗਿਆ ।

ਗਾਂਧੀ ਜੀ ਨੇ ਸ਼ਾਂਤ ਮਈ ਸਤਿਆਗ੍ਰਹਿ ਤੇ ਨਾਮਿਲਵਰਤਨ ਦੀ ਲਹਿਰ ਸ਼ੁਰੂ ਕੀਤੀ ਤਾਂ ਜਵਾਹਰ ਲਾਲ ਭੀ ਇਸ ਵਿਚ ਕੁਦ ਪਿਆ ਤੇ ਦੋ ਸਾਲ ਦੀ ਕੈਦ ਹੋਈ। ਹੁਣ ਪੰਡਤ ਜਵਾਹਰ ਲਾਲ ਨੇ ਐਸ਼ਾਂ ਤੇ ਖੁਸ਼ੀਆਂ ਭਰਿਆ ਜੀਵਨ ਛੱਡ ਕੇ ਤਕਲੀਫ ਤੇ ਦੁਖਾਂ ਵਾਲਾ ਜੀਵਨ ਸਹੇੜ ਲਿਆ । ਆਪ ਨੇ ਆਪਣੀ ਬੜੀ ਭਾਰੀ ਕੋਠੀ ਆਨੰਦ ਭਵਨ ਅਲਾਹਾਬਾਦ ਵਿਚ ਭੀ ਕਾਂਗਰਸ ਨੂੰ ਦਾਨ ਕਰ ਦਿੱਤੀ ।

1929 ਈ: ਵਿਚ ਜਵਾਹਰ ਲਾਲ ਅਖਿਲ ਭਾਰਤ ਦੀ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਬਣ ਗਏ । ਦਸੰਬਰ 1929 ਈ: ਵਾਲੇ ਦਿਨ ਆਪ ਲਾਹੌਰ ਸਮਾਗਮ ਦੇ ਪ੍ਰਧਾਨ ਚੁਣੇ ਗਏ । ਕਾਂਗਰਸ ਨੇ ਇਸ ਸਮਾਗਮ ਤੇ ਆਪਣਾ ਮਤਾ ਪੂਰਨ ਆਜ਼ਾਦੀ ਘੋਸ਼ਤ ਕੀਤਾ । ਸਰਕਾਰ ਨਾਲ ਮੁੜ ਟੱਕਰ ਹੋਈ ਤੇ ਆਪ ਨੂੰ 1931—32 ਤੇ 1934 ਈ: ਵਿਚ ਜੇਲ੍ਹ ਜਾਣਾ ਪਿਆ ।

ਜਦੋਂ ਅੰਗਰੇਜ਼ਾਂ ਨੇ ਦੇਖਿਆ ਕਿ ਹੁਣ ਭਾਰਤ ਨੂੰ ਹੋਰ ਵਧੇਰਾ ਚਿਰ ਗੁਲਾਮ ਬਣਾ ਕੇ ਰਖਣਾ ਅਸੰਭਵ ਹੈ ਤਦ ਸਰਕਾਰ ਨੇ 1946 ਵਿਚ ਕਾਂਗਰਸ ਨਾਲ ਸਮਝੌਤਾ ਕਰ ਕੇ ਮੁਸਲਮ ਲੀਗ ਤੇ ਕਾਂਗਰਸ ਦੀ ਰਲਵੀਂ ਆਰਜ਼ੀ ਵਜ਼ਾਰਤ ਕਾਇਮ

ਕਰ ਦਿੱਤੀ ਅਤੇ ਪੰਡਤ ਜੀ ਇਸ ਦੇ ਵੱਡੇ ਵਜ਼ੀਰ ਬਣ ਗਏ। ਆਪ ਨੇ ਬੜੀ ਯੋਗਤਾ ਨਾਲ ਦੇਸ਼ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ । ਅੰਤ ਵਿਚ ਜਦ ਅੰਗਰੇਜ਼ ਭਾਰਤ ਨੂੰ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਵੰਡ ਕੇ ਇਥੋਂ ਚਲੇ ਜਾਣਾ ਮੰਨ ਗਏ ਤਾਂ ਕਾਂਗਰਸ ਵੱਲੋਂ ਪੰਡਤ ਜੀ ਨੇ ਇਹ ਸਕੀਮ ਮੰਨ ਲੈਣ ਦਾ ਐਲਾਨ ਕਰ ਦਿੱਤਾ ਤੇ 15 ਅਗਸਤ 1947 ਈ: ਨੂੰ ਭਾਰਤ ਪੂਰਨ ਤੋਰ ਤੇ ਆਜ਼ਾਦ ਹੋ ਗਿਆ । ਆਪ ਉਸ ਦਿਨ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਬਣਾਏ ਗਏ ਤੇ ਮਰਨ ਦਿਨ ਤਕ ਪ੍ਰਧਾਨ ਮੰਤਰੀ ਪਦ ਤੇ ਟਿਕੇ ਰਹੇ । 27 ਸਈ 1964 ਵਾਲੇ ਦਿਨ ਉਹਨਾਂ ਨੂੰ ਜ਼ਾਲਮ ਮੌਤ ਸਾਥੋਂ ਖੋਹ ਕੇ ਲੈ ਗਈ ।

ਪੰਡਤ ਜਵਾਹਰ ਲਾਲ ਜੀ ਲੋਕ ਰਾਜ ਦੇ ਪੂਰੀ ਤਰ੍ਹਾਂ ਹਾਮੀ ਸਨ ਤੇ ਹਰ ਸਮੇਂ ਦੇਸ਼ ਨੂੰ ਉਚਿਆਂ ਲਿਜਾਣ ਬਾਬਤ ਹੀ ਸੋਚਦੇ ਰਹਿੰਦੇ ਸਨ । ਉਹ ਭਾਰਤ ਨੂੰ ਕੇਵਲ ਕੁਲੀ ਗੁੱਲੀ ਤੇ ਜੁੱਲੀ ਦੇ ਯੋਗ ਹੀ ਨਹੀਂ ਬਣਾਉਣਾ ਚਾਹੁੰਦੇ ਸਗੋਂ ਉਹ ਚਾਹੁੰਦੇ ਸਨ ਕਿ ਭਾਰਤ ਐਨੀ ਉੱਨਤੀ ਕਰ ਜਾਵੇ ਕਿ ਉਸ ਵਲ ਕੋਈ ਅੱਖ ਭਰ ਕੇ ਵੀ ਤਕ ਨਾ ਸਕੇ । ਆਪ ਸਰਮਾਇਦਾਰੀ ਦੇ ਵਿਰੋਧੀ ਸਨ, ਪਰ ਆਪ ਸਰਮਾ-ਇਦਾਰੀ ਨੂੰ ਧੀਰੇ ਧੀਰੇ ਮੁਕਾ ਕੇ ਦੇਸ਼ ਨੂੰ ਸਮਾਨ ਸੋਸ਼ਲ ਸਮਾਜਵਾਦੀ ਲੀਹਾਂ ਤੇ ਤੋਰਨਾ ਚਾਹੁੰਦੇ ਸਨ । ਆਪ ਭਾਰੀ ਮਿਹਨਤੀ ਸਨ 24 ਘੰਟਿਆਂ ਵਿਚੋਂ 18 ਘੰਟੇ ਕੰਮ ਕਰਦੇ ਸਨ । ਆਪ ਦੇ ਮਰਨ ਤੇ ਵੱਡੇ ਵੱਡੇ ਦੇਸ਼ਾਂ ਦੇ ਪ੍ਰਤੀ ਨਿਧ ਆਏ ਸਨ ।

ਆਪ ਨੂੰ ਲਿਖਾਰੀ ਭੀ ਪਹਿਲੇ ਦਰਜੇ ਦਾ ਆਖਿਆ ਜਾ ਸਕਦਾ ਹੈ । ਆਪ ਦੀ ਅੰਗਰੇਜ਼ੀ ਦੀ ਲਿਖਤ ਨੂੰ ਚੰਗੇ ਚੰਗੇ ਵਿਦਵਾਨ ਮੰਨਦੇ ਹਨ । ਆਪ ਨੇ ਕਈ ਪੁਸਤਕਾਂ ਲਿਖੀਆਂ ਹਨ । ਜੋ ਹਰ ਦੇਸ਼ ਵਿਚ ਪੜ੍ਹੀਆਂ ਤੇ ਸਲਾਹੀਆਂ ਜਾ ਰਹੀਆਂ ਹਨ । ਆਪ ਦੀ ਯੋਗਤਾ ਤੇ ਮਿਹਨਤ ਉਪਰ ਹਰ ਭਾਰਤ ਵਾਸੀ ਨੂੰ ਮਾਨ ਹੈ ਕਿ ਇਸ ਤਰ੍ਹਾਂ ਦਾ ਬਹੁ-ਮੁਲਾ 'ਜਵਾਹਰ' ਸਾਡੇ ਦੇਸ਼ ਨੇ ਪੈਦਾ ਕੀਤਾ ਹੈ ਜਿਸ ਦੀ ਮਹਿਮਾ ਦੇਸ਼ ਦੇ ਹਰ ਘਰ ਵਿਚ ਹੋ ਰਹੀ ਹੈ ਅਜ ਜਵਾਹਰ ਲਾਲ ਦੀ ਥੁੜ ਸਾਰਾ ਸੰਸਾਰ ਮਹਿਸੂਸ ਕਰ ਰਿਹਾ ਹੈ ।

ਸਰਦਾਰ ਵਲਭ ਭਾਈ ਪਟੇਲ

ਸਰਦਾਰ ਵਲਭ ਭਾਈ ਪਟੇਲ ਭਾਰਤ ਦਾ "ਲੋਹ ਪੁਰਖ" ਮੰਨਿਆ ਜਾਂਦਾ ਹੈ । ਇਹ ਦੋ ਭਰਾ ਸਨ ਵਡੇ ਦਾ ਨਾਂ ਸ੍ਰ: ਵਿਠਲ ਭਾਈ ਸੀ, ਪਟੇਲ ਇਹਨਾਂ ਦੀ ਗੋਤ ਸੀ ਤੇ ਸਰਦਾਰ ਦਾ ਪਦ ਦੁਹਾਂ ਭਰਾਵਾਂ ਨੂੰ ਗਾਂਧੀ ਜੀ ਨੇ ਦਿਤਾ ਸੀ ।

ਆਪ ਦਾ ਜਨਮ ਸੰਨ 1874 ਈ: ਵਿਚ ਕਾਠੀਆਵਾੜ ਦੇ ਪਿੰਡ ਕਰਮਸਦ ਵਿਚ ਹੋਇਆ ਆਪ ਨੇ ਉੱਚ ਵਿਦਿਆ ਪਾਸ ਕਰਕੇ ਵਕਾਲਤ ਅਰੰਭ ਦਿੱਤੀ ਤੇ ਵਡੇ ਭਰਾ ਨੂੰ ਵਲੈਤ ਭੇਜਿਆ। ਇਹਨਾਂ ਦੋਹਾਂ ਭਰਾਵਾਂ ਵਿਚ ਦੇਸ਼ ਪਿਆਰ ਤੇ ਦੇਸ਼ ਭਗਤੀ ਦਾ ਜਜ਼ਬਾ ਕੁਟ ਕੁਟ ਕੇ ਭਰਿਆ ਹੋਇਆ ਸੀ। 1926 ਈ: ਵਿਚ ਬਾਰ-ਦੋਲੀ ਦੇ ਸਤਿਆਗ੍ਰਹਿ ਵਿਚ ਸਫਲਤਾ ਪਾਣ ਪਿਛੋਂ ਗਾਂਧੀ ਜੀ ਨੇ ਆਪ ਨੂੰ ਆਪਣਾ ਸਜਾ ਹੱਥ ਬਣਾ ਲਿਆ।

ਸੰਨ 1931 ਈ: ਵਿਚ ਕਰਾਚੀ ਕਾਂਗਰਸ ਦਾ ਸੈਸ਼ਨ ਸੀ ਗਾਂਧੀ ਜੀ ਨੇ ਸ: ਪਟੇਲ ਨੂੰ ਉਸਦਾ ਪ੍ਰਧਾਨ ਚੁਣਿਆ। ਆਜ਼ਾਦੀ ਦੀ ਜੰਗ ਵਿਚ ਪਟੇਲ ਜੀ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਤੇ ਕਈ ਵਾਰ ਜੇਹਲ ਵਿਚ ਗਏ। ਸੰਨ 1942 ਈ: ਵਿਚ ਭਾਰਤ ਛਡੋ ਲਹਿਰ ਵਿਚ ਆਪ ਕਾਂਗਰਸ ਦੇ ਗਿਣੇ ਚੁਣੇ ਮੁਖੀਆਂ ਵਿਚੋਂ ਹੋਣ ਕਰਕੇ ਕੈਦ ਕਰ ਲਏ ਗਏ।

ਸੰਨ 1946 ਵਿਚ ਅੰਤਰਮ ਸਰਕਾਰ ਬਣਾਨ ਸਮੇਂ ਆਪ ਸਰਕਾਰ ਦੇ ਵਿਚ ਚੁਣੇ ਗਏ ਤੇ ਆਪ ਨੂੰ ਗ੍ਰਹਿ ਮੰਤਰੀ (Home Minister) ਚੁਣਿਆ ਗਿਆ। ਸੰਨ 1947 ਦੇ 15 ਅਗਸਤ ਵਾਲੇ ਦਿਨ ਆਪ ਨੂੰ ਆਜ਼ਾਦ ਭਾਰਤ ਦਾ ਗ੍ਰਹਿ ਮੰਤਰੀ ਤੇ ਰਿਆਸਤੀ ਵਿਭਾਗ ਦਾ ਮੰਤਰੀ ਬਣਾਇਆ ਗਿਆ। ਜਵਾਹਰ ਲਾਲ ਜੀ ਨੇ ਆਪ ਨੂੰ ਉਪ ਪ੍ਰਧਾਨ ਮੰਤਰੀ ਦਾ ਪਦ ਵੀ ਸੋਂਪ ਦਿੱਤਾ।

ਆਪ ਨੇ ਭਾਰਤ ਦੀਆਂ ਲਗ ਪਗ 600 ਰਿਆਸਤਾਂ ਦਾ ਪੁਨਰ ਗਠਨ ਕੀਤਾ ਤੇ ਭਾਰਤ ਵਿਚੋਂ ਸਾਰੇ ਰਾਜੇ ਮੁਕਾ ਦਿੱਤੇ।

ਹੈਦਰਾਬਾਦ, ਜੰਮੂ ਕਸ਼ਮੀਰ, ਤੇ ਜੂਨਾਗੜ੍ਹ ਰਹਿ ਗਏ ਸਨ। ਜੂਨਾਗੜ੍ਹ ਤੇ ਹੈਦਰਾਬਾਦ ਤੇ ਪੁਲੀਸ ਐਕਸ਼ਨ ਕੀਤਾ। ਜੂਨਾਗੜ੍ਹ ਦਾ ਨਵਾਬ ਜਨਤਾ ਦੇ ਅਗੇ ਟਿਕ ਨਾ ਸਕਿਆ। ਹੈਦਰਾਬਾਦ ਵਿਚ ਹਿੰਦੂ ਬਹੁ ਸੰਖਿਆ ਵਿਚ ਸਨ, ਉਥੇ ਰਾਜਾ ਮੁਸਲਮਾਨ ਸੀ ਦੋਹਾਂ ਦਿਨਾਂ ਵਿਚ ਹਥਿਆਰ ਸੁੱਟ ਦਿਤੇ ਤੇ ਨਸ ਗਿਆ।

ਜੰਮੂ ਕਸ਼ਮੀਰ ਦੀ ਜਨਤਾ ਤੇ ਰਾਜੇ ਨੇ ਸਾਡਾ ਸਾਥ ਦਿੱਤਾ ਤੇ ਉਹ ਭਾਰਤ ਸੰਘ ਵਿਚ ਰਲ ਗਿਆ।

ਏਨੇ ਕੰਮ ਕਰਕੇ ਸ: ਪਟੇਲ ਭਾਰਤ ਨੂੰ ਇਕ ਰੂਪ,ਇਕ ਕੇਂਦਰ ਬਣਾ ਗਿਆ। ਪਟੇਲ ਜੀ ਬਹੁਤ ਯੋਗ, ਵੀਰ, ਹਿੰਮਤੀ ਦਲੇਰ, ਪਕੇ ਇਰਾਦੇ ਵਾਲੇ ਤੇ ਪ੍ਰਭਾਵ-ਸ਼ਾਲੀ ਵਿਅਕਤੀ ਸਨ। ਉਹ ਥੋੜ੍ਹਾ ਬੋਲਦੇ ਸਨ। ਪਰ ਜਦੋਂ ਬੋਲਦੇ ਸਨ ਤਦ ਭਾਰਤ ਰਤਨ ਵੈਰੀ ਦੇ ਸੀਨੇ ਛੇਕ ਦਿੰਦੇ ਸਨ। ਆਪ ਨੂੰ ਭਾਰਤ ਦਾ ਬਿਸਮਾਰਕ

ਜਾਂ ਸਟਾਲਨ ਵੀ ਆਖਦੇ ਹਨ।

ਭਾਰਤ ਅਜਿਹੇ ਮਹਾਨ ਵਿਆਕਤੀ ਤੋਂ ਸਦਾ ਲਈ ਸੁੰਞਾਂ ਹੋ ਗਿਆ।

ਭਾਰਤ ਰਤਨ

ਸ੍ਰੀ ਲਾਲ ਬਹਾਦਰ ਸ਼ਾਸਤਰੀ

ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ ਸੀ। ਉਸ ਤੋਂ ਲਗ ਪਗ ਇਕ ਸਾਲ ਪਹਿਲਾਂ ਪੰਡਤ ਜਵਾਹਰ ਲਾਲ ਸਾਂਝੇ ਭਾਰਤ ਦੇ ਪ੍ਰਧਾਨ ਮੰਤਰੀ ਬਣਾਏ ਗਏ। ਫਿਰ ਭਾਰਤ ਪਾਕ ਵੰਡ ਹੋਈ ਤਾਂ ਆਪ ਭਾਰਤ ਦੇ ਪ੍ਰਧਾਨ ਮੰਤਰੀ ਬਣਾਏ ਗਏ ਜੋ 27 ਮਈ 1964 ਵਾਲੇ ਦਿਨ ਭਾਰਤੀ ਜਨਤਾ ਨੂੰ ਰੋ ਦਿਆਂ ਛਡ ਕੇ ਪ੍ਰਲੋਕ ਸਿਧਾਰ ਗਏ।

ਇਸ ਤੋਂ ਪਹਿਲਾਂ ਕਾਂਗਰਸੀ ਨੇਤਾ ਪੰਡਤ ਜਵਾਹਰ ਲਾਲ ਜੀ ਨੂੰ ਆਪਣਾ ਗਦੀ ਨਸ਼ੀਨ ਤਿਆਰ ਕਰਨ ਲਈ ਇਸ਼ਾਰੇ ਦੇਂਦੇ ਰਹੇ। ਹਰ ਵਾਰੀ ਆਪ ਇਹੀ ਕਿਹਾ ਕਰਦੇ ਸਨ ਕਿ ਜਮਹੂਰੀਅਤ ਵਿਚ ਇਹ ਗੱਲਾਂ ਨਹੀਂ ਹੁੰਦੀਆਂ। ਸਮਾਂ ਆਪਣੇ ਲਈ ਨੇਤਾ ਆਪੇ ਚੁਣ ਲੈਂਦਾ ਹੈ। ਸੋ ਆਪਦੇ ਪਿਛੋਂ ਕਾਂਗਰਸ ਹਾਈ ਕਮਾਂਡ ਦੀ ਨਜ਼ਰ ਗੁਲਜ਼ਾਰੀ ਲਾਲ ਨੰਦਾ ਉਪਰ ਪਈ, ਪਰ ਉਹਨਾਂ ਨੇ ਇਹ ਪਦ ਆਰਜ਼ੀ ਸਮੇਂ ਲਈ ਪ੍ਰਵਾਨ ਕੀਤਾ। ਸਸਕਾਰ ਤੋਂ ਪਿਛੋਂ ਕਾਂਗਰਸ ਹਾਈ ਕਮਾਂਡ ਨੇ ਲਾਲ ਬਹਾਦਰ ਸ਼ਾਸ਼ਤਰੀ ਨੂੰ ਭਾਰਤ ਦਾ ਦੂਜਾ ਪ੍ਰਧਾਨ ਮੰਤਰੀ ਚੁਣ ਲਿਆ। ਸ਼ਾਸਤਰੀ ਜੀ ਨੇ ਨਹਿਰੂ ਜੀ ਦੀ ਕ੍ਰਿਆ ਦੇ ਬਾਦ ਪ੍ਰਧਾਨ ਮੰਤਰ ਪਦ ਦੀ ਸੁਗੰਦ ਚੁਕੀ ਤੇ ਮਹਾਨ ਦੇਸ਼ ਦੇ ਰਾਜ ਦਾ ਤਾਜ ਸਿਰ ਤੇ ਪਹਿਨ ਲਿਆ।

ਸ਼ਾਸਤਰੀ ਜੀ ਉੱਤਰ ਪ੍ਰਦੇਸ਼ ਦੇ ਇਕ ਸਾਧਾਰਨ ਕਾਇਸਥ ਪ੍ਰਵਾਰ ਵਿਚ ਪੈਦਾ ਹੋਏ। ਆਪ ਦੇ ਪਿਤਾ ਜੀ ਛੋਟੀ ਉਮਰ ਵਿਚ ਹੀ ਪ੍ਰਲੋਕ ਸਿਧਾਰ ਗਏ ਸਨ। ਆਪ ਨੇ ਗਰੀਬੀ ਵਿਚ ਹੀ ਮੈਟ੍ਰਿਕ ਪਾਸ ਕੀਤੀ। ਉਪਰੰਤ ਆਪ ਦੀ ਵਾਕਫ਼ੀ ਪੰਡਤ ਜਵਾਹਰ ਲਾਲ ਨਹਿਰੂ ਨਾਲ ਹੋ ਗਈ। ਬਸ ਫੇਰ ਕੀ ਸੀ। ਉਥੋਂ ਹੀ ਆਪ ਨੂੰ ਕਾਂਗਰਸ ਦੀ ਰੰਗਤ ਚੜ੍ਹ ਗਈ ਤੇ ਆਪ ਕਾਂਗਰਸ ਲਹਿਰ ਵਿਚ ਅਗਾਂਹ ਵਧ ਕੇ ਹਿੱਸਾ ਲੈਣ ਲਗ ਪਏ। ਆਪ ਦੇ ਵਧੇਰੇ ਰਹਿਣਾ ਬਹਿਣਾ ਭੀ ਪੰਡਤ ਜੀ ਦੇ ਘਰ ਹੀ ਹੋ ਗਿਆ। ਕਾਂਗਰਸ ਦੀਆਂ ਵਖ ਵਖ ਲਹਿਰਾਂ ਵਿਚ ਆਪ ਨੇ ਕਈ ਸਾਲ ਜਿਹਲ ਕੱਟੀ। ਏਸੇ ਦੌਰਾਨ ਆਪ ਨੇ ਵਿਦਿਆ ਪੀਠ ਵਿਚੋਂ ਸ਼ਾਸਤਰੀ ਦੀ ਪ੍ਰੀਖਿਆ ਪਾਸ ਕਰ ਲਈ।

ਸੰਨ 1937 ਵਿਚ ਕਾਂਗਰਸ ਨੇ ਵਜ਼ਾਰਤਾਂ ਸਾਂਭਣ ਦਾ ਪਰੋਗਰਾਮ ਬਣਾਇਆ ਤਦ ਆਪ ਉਤਰ ਪ੍ਰਦੇਸ਼ ਦੀ ਅਸੈਂਬਲੀ ਦੇ ਮੈਂਬਰ ਚੁਣੇ ਗਏ ਤੇ ਉਥੋਂ ਦੇ ਮੁਖ ਮੰਤਰੀ ਪੰਡਤ ਗੋਵਿੰਦ ਵਲਭ ਪੰਤ ਨੇ ਆਪ ਨੂੰ ਆਪਣਾ ਪਾਰਲੀਮੈਂਟਰੀ ਸਕਤਰ ਚੁਣਿਆ। ਆਪ ਨੇ ਉਥੇ ਬੜਾ ਸ਼ਲਾਘਾ ਯੋਗ ਕੰਮ ਕੀਤਾ, ਜਿਸ ਤੋਂ ਆਪ ਨੂੰ ਪਾਰਲੀਮੈਂਟਰੀ ਮਾਮਲਿਆਂ ਦਾ ਚੋਖਾ ਤਜਰਬਾ ਹੋ ਗਿਆ।

ਜਦ ਦੂਜੀ ਵੱਡੀ ਜੰਗ ਲਗੀ ਤਾਂ ਅੰਗਰੇਜ਼ ਸਰਕਾਰ ਨੇ ਭਾਰਤ ਨੂੰ ਵੀ ਜੰਗ ਵਿਚ ਸ਼ਾਮਲ ਕਰ ਲਿਆ। ਇਸ ਗੱਲ ਦਾ ਕਾਂਗਰਸ ਹਾਈ ਕਮਾਂਡ ਨੇ ਬੁਰਾ ਮਨਾਇਆ ਤੇ ਸਾਰੇ ਕਾਂਗਰਸ ਮੰਤਰੀ ਮੰਡਲ ਵਜ਼ਾਰਤਾਂ ਛਡ ਗਏ।

ਸੰਨ 1942 ਵਿਚ ਗਾਂਧੀ ਜੀ ਨੇ 'ਭਾਰਤ ਛਡੋ' ਦਾ ਨਾਅਰਾ ਲਗਾਇਆ ਜਿਸ ਵਿਚ ਸ਼ਾਸਤਰੀ ਜੀ ਨੇ ਭੀ ਭਾਗ ਲਿਆ ਤੇ ਉਹ ਜੇਹਲ ਵਿਚ ਚਲੇ ਗਏ। 1945 ਵਿਚ ਰਿਹਾ ਹੋਣ ਪਿਛੋਂ ਫਿਰ ਉੱਤਰ ਪ੍ਰਦੇਸ਼ ਅਸੈਂਬਲੀ ਦੇ ਮੈਂਬਰ ਚੁਣੇ ਗਏ।

1947 ਤੋਂ ਪਿਛੋਂ ਆਪ ਨੂੰ ਕੇਂਦਰ ਵਿਚ ਲਿਆਂਦਾ ਗਿਆ। ਆਪ ਰੇਲ ਮੰਤਰੀ, ਖੁਰਾਕ ਮੰਤਰੀ, ਗ੍ਰਹਿ ਮੰਤਰੀ ਤੇ ਫਿਰ ਪ੍ਰਧਾਨ ਮੰਤਰੀ ਬਣਾਏ ਗਏ।

ਆਪ ਦੇ ਕਾਲ ਵਿਚ ਪਾਕਿਸਤਾਨ ਦੀ ਜੰਗ ਛਿੜੀ ਜੋ ਆਪ ਦੀ ਦਲੇਰੀ ਤੇ ਹਿੰਮਤ ਨਾਲ ਜਿੱਤੀ ਗਈ।

1966 ਜਨਵਰੀ ਵਿਚ ਆਪ ਤਾਸ਼ਕੰਦ ਸੰਧੀ ਕਰਨ ਪਿਛੋਂ ਪ੍ਰਲੋਕ ਸਿਧਾਰ ਗਏ। ਆਪ ਦੀ ਅਰਥੀ ਹਵਾਈ ਜਹਾਜ਼ ਤੇ ਭਾਰਤ ਲਿਆਂਦੀ ਗਈ। ਆਪ ਦੇ ਸਸਕਾਰ ਸਮੇਂ ਵੱਡੇ ਵੱਡੇ ਦੇਸ਼ਾਂ ਦੇ ਰਾਜਦੂਤ ਭਾਰਤ ਪਧਾਰੇ ਸਨ।

ਆਪ ਭਾਰਤ ਦੇ ਅਮੁੱਲੇ ਰਤਨ ਸਨ ਆਪ ਅਮਨ ਦੇ ਪੁਜਾਰੀ ਸਨ, ਤੇ ਤਾਸ਼ਕੰਦ ਦੀ ਅਮਨ ਸੰਧੀ ਹੀ ਆਪ ਦਾ ਅੰਤਮ ਚਮਤਕਾਰ ਸੀ।

ਭਾਰਤ ਦੀ ਤੀਜੀ ਪ੍ਰਧਾਨ ਮੰਤਰੀ

ਸ੍ਰੀ ਮਤੀ ਇੰਦਰਾ ਗਾਂਧੀ

(ਸੰਸਾਰ ਦੇ ਸਭ ਤੋਂ ਵੱਡੇ ਲੋਕ ਰਾਜ ਦੀ ਪਹਿਲੀ ਨਾਰੀ ਪ੍ਰਧਾਨ ਮੰਤਰੀ)

ਤਾਸ਼ਕੰਦ ਸੰਧੀ ਕਰਨ ਤੋਂ ਅੱਧਾ ਘੰਟਾ ਬਾਦ ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਆਪਣੀ ਰਿਹਾਇਸ਼ ਵਾਲੇ ਹੋਟਲ ਵਿਚ ਪੁਜੇ। ਲੰਮੇ ਪੈਂਦਿਆਂ ਹੀ ਆਪ ਦੇ ਦਿਲ

ਤੇ ਘਬਰਾਹਟ ਆਈ ਡਾਕਟਰ ਨੂੰ ਜਗਾਇਆ ਗਿਆ, ਪਰ ਲਾਲ ਬਹਾਦਰ ਪੰਜ ਸਤ ਮਿੰਟਾਂ ਵਿਚ ਰੱਬ ਨੂੰ ਪਿਆਰਾ ਹੋ ਗਿਆ। ਇਹ ਗੱਲ 12 ਜਨਵਰੀ 1966 ਦੀ ਹੈ। ਇਕ ਵਾਰੀ ਫੇਰ ਸ੍ਰੀ ਗੁਲਜ਼ਾਰੀ ਲਾਲ ਨੰਦਾ ਨੂੰ ਭਾਰਤ ਦਾ ਆਰਜ਼ੀ ਪ੍ਰਧਾਨ ਮੰਤਰੀ ਬਣਾਇਆ ਗਿਆ।

ਕਾਂਗਰਸ ਪ੍ਰਧਾਨ ਕਾਮਰਾਜ ਇਹ ਚੁਣਾਉ ਸਰਬ ਸੰਮਤੀ ਨਾਲ ਕਰਨਾ ਚਾਹੁੰਦੇ ਸਨ, ਪਰ ਮੁਰਾਰ ਜੀ ਡੇਸਾਈ ਇਸ ਹੱਕ ਵਿਚ ਨਹੀਂ ਸਨ ਇਸ ਲਈ ਕਾਮ-ਰਾਜ ਜੀ ਨੇ ਇੰਦਰਾ ਗਾਂਧੀ ਦਾ ਨਾਂ ਪੇਸ਼ ਕੀਤਾ। ਟਾਕਰੇ ਵਿਚ ਮੁਰਾਰ ਜੀ ਡੇਸਾਈ ਦਾ ਨਾਂ ਆਇਆ, ਵੋਟਾਂ ਪਈਆਂ 65% ਵੋਟਾਂ ਇੰਦਰਾ ਜੀ ਨੂੰ ਮਿਲੀਆਂ ਤੇ 35% ਵੋਟਾਂ ਮੁਰਾਰ ਜੀ ਨੂੰ ਮਿਲੀਆਂ। ਇੰਦਰਾ ਜੀ ਜਿੱਤ ਗਏ। ਪ੍ਰਧਾਨ ਮੰਤਰੀ ਪਦ ਆਪ ਨੂੰ ਸੰਭਾਲ ਦਿੱਤਾ ਗਿਆ।

ਮਹਾਨ ਪਿਤਾ ਦੀ ਮਹਾਨ ਧੀ ਨੇ ਸੰਸਾਰ ਦੀਆਂ ਨਾਰੀਆਂ ਦਾ ਸਿਰ ਉੱਚਾ ਕਰ ਦਿੱਤਾ ਕਿ ਸੰਸਾਰ ਵਿਚ ਨਾਰੀ ਭੀ ਇਸ ਮਹਾਨ ਪਦ ਨੂੰ ਸੰਭਾਲ ਸਕਦੀ ਹੈ। ਪਹਿਲੀ ਪ੍ਰਧਾਨ ਮੰਤਰੀ ਲੰਕਾ ਵਿਚ ਸ੍ਰੀ ਮਤੀ ਭੰਡਾਰ ਨਾਇਕੇ 5 ਕੁ ਸਾਲ ਪ੍ਰਧਾਨ ਮੰਤਰੀ ਪਦ ਤੇ ਰਹੀ ਸੀ।

ਦੂਜੀ ਵਾਰ 1967 ਦੀਆਂ ਜਨਰਲ ਚੋਣਾਂ ਆ ਗਈਆਂ ਇੰਦਰਾ ਜੀ ਪਾਰਲੀਮੈਂਟ ਲਈ ਚੁਣੇ ਗਏ ਤੇ ਫਿਰ ਪ੍ਰਧਾਨ ਮੰਤਰੀ ਪਦ ਲਈ ਖੜੇ ਹੋਏ। ਇਸ ਵਾਰ ਵੀ ਮੁਰਾਰ ਜੀ ਡੇਸਾਈ ਦਾ ਟਾਕਰਾ ਸੀ। ਪਰ ਇੰਦਰਾ ਨਾ ਝੁਕੀ ਉਸ ਦੇ ਮਗਰ ਤਾਕਤ ਸੀ ਇਸ ਲਈ ਕਾਂਗਰਸ ਦੇ ਵੱਡੇ ਵੱਡੇ ਨੇਤਾਵਾਂ ਨੇ ਆਪ ਨੂੰ ਉਪ ਪ੍ਰਧਾਨ ਮੰਤਰੀ ਦਾ ਪਦ ਦੇਣਾ ਮੰਨ ਲਿਆ ਤੇ ਨਾਲ ਵਜ਼ੀਰ ਖਜ਼ਾਨਾ ਬਣਾਇਆ ਇਉਂ ਇਸ ਵਾਰ ਮੁਕਾਬਲਾ ਟਲ ਗਿਆ ਤੇ ਇੰਦਰਾ ਜੀ ਦੂਜੀ ਵਾਰ ਵੀ ਪ੍ਰਧਾਨ ਮੰਤਰੀ ਚੁਣੇ ਗਏ।

ਇੰਦਰਾ ਗਾਂਧੀ ਪੰਡਤ ਮੋਤੀ ਲਾਲ ਦੀ ਪੋਤੀ ਤੇ ਜਵਾਹਰ ਲਾਲ ਦੀ ਇਕ-ਲੌਤੀ ਸਪੁਤਰੀ ਹੈ। ਉਹ ਨਵੰਬਰ 1917 ਵਾਲੇ ਦਿਨ ਅਲਾਹਬਾਦ ਵਿਚ ਕਮਲਾ ਨਹਿਰੂ ਦੇ ਕੁਖੋਂ ਪੈਦਾ ਹੋਈ। ਇਸ ਦੀ ਪਾਲਣਾ ਬੜੇ ਅਮੀਰੀ ਠਾਠ ਨਾਲ ਹੋਈ। ਉਪਰੰਤ ਵਿਦਿਆ ਲਈ ਸਵਿਟਜ਼ਰਲੈਂਡ ਤੇ ਲੰਡਨ ਵਿਚ ਭੇਜਿਆ ਗਿਆ। ਪਰ ਕਮਲਾ ਦੀ ਮੌਤ ਕਰ ਕੇ ਆਪਨੂੰ ਭਾਰਤ ਵਾਪਸ ਆਉਣਾ ਪਿਆ ਇਥੇ ਆ ਕੇ ਸ਼ਾਂਤੀ ਨਿਕੇਤਨ ਵਿਚ ਵਿਦਿਆ ਪ੍ਰਾਪਤ ਕੀਤੀ। ਉਪਰੰਤ ਆਪਣੇ ਪਿਤਾ ਦੀ ਹਿਫਾਜ਼ਤ ਵਿਚ ਜੀਵਨ ਲਾ ਦਿੱਤਾ।

25 ਸਾਲ ਦੀ ਉਮਰ ਵਿਚ ਆਪ ਦਾ ਵਿਆਹ ਫ਼ੀਰੋਜ਼ ਗਾਂਧੀ ਨਾਲ ਹੋਇਆ ਉਹ ਬੜੇ ਸਿਆਣੇ ਨੀਤੀਵੇਤਾ ਸਨ। ਪਾਰਲੀਮੈਂਟ ਦੇ ਮੈਂਬਰ ਬਣਦਿਆਂ ਹੀ ਉਹ ਇਕ ਤਕੜੇ ਗਰੁਪ ਦੇ ਨੇਤਾ ਮੰਨੇ ਜਾਣ ਲਗ ਪਏ। ਆਪ ਦੇ ਮੂੰਹੋਂ ਨਿਕਲੇ ਸ਼ਬਦ ਪਾਰਲੀਮੈਂਟ ਵਿਚ ਅਜ ਤਕ ਗੂੰਜਦੇ ਹਨ। ਆਪ ਦੇ ਗ੍ਰਿਹ ਵਿਚ ਦੋ ਲੜਕੇ ਪੈਦਾ ਹੋਏ ਜੋ ਵਧੇਰੇ ਪੰਡਤ ਨਹਿਰੂ ਦੇ ਅਸਰ ਹੇਠ ਪਲੇ ਤੇ ਪੜ੍ਹੇ। ਜਿਨ੍ਹਾਂ ਵਿਚੋਂ ਇਕ ਦਾ ਵਿਆਹ ਪਿਛੇ ਜਹੇ ਇਕ ਅਤਾਲਵੀ ਲੜਕੀ ਨਾਲ ਹੋਇਆ ਹੈ।

ਫ਼ੀਰੋਜ਼ ਗਾਂਧੀ ਜਵਾਨ ਉਮਰ ਵਿਚ ਸੁਰਗਵਾਸ ਹੋ ਗਏ ਤੇ ਇੰਦਰਾ ਆਪਣੇ ਪਿਤਾ ਦੀ ਹੋਂਦ ਵਿਚ ਵਿਧਵਾ ਹੋ ਗਈ।

ਇੰਦਰਾ ਦੀ ਯੋਗਤਾ ਨੇ ਕਾਂਗਰਸੀਆਂ ਉਤੇ ਵੀ ਆਪਣਾ ਪ੍ਰਭਾਵ ਪਾਇਆ ਤੇ ਸਭ ਤੋਂ ਪਹਿਲਾਂ 1959 ਵਿਚ ਕਾਂਗਰਸ ਪ੍ਰਧਾਨ ਬਣਾਈ ਗਈ। ਹੌਲੀ ਹੌਲੀ ਕਾਂਗਰਸ ਦੇ ਨਾਰੀ ਵਿਭਾਗ, ਕੇਂਦਰੀ ਚੁਣਾਓ ਬੋਰਡ, ਪਾਰਲੀਮੈਂਟਰੀ ਬੋਰਡ, ਤ ਕਾਂਗਰਸ ਦੀ ਯੁਵਕ ਸਲਾਹਕਾਰ ਕਮੇਟੀ ਦੇ ਮੈਂਬਰ ਚੁਣੇ ਗਏ।

ਨਹਿਰੂ ਜੀ ਦੇ ਮਰਨ ਪਿਛੋਂ ਲਾਲ ਬਹਾਦਰ ਜੀ ਨੇ ਆਪ ਨੂੰ ਸੂਚਨਾ ਤੇ ਪ੍ਰਚਾਰ ਮੰਤਰੀ ਬਣਾਇਆ ਜਿਥੇ ਆਪ ਨੇ 18 ਮਹੀਨੇ ਬੜੀ ਮਿਹਨਤ ਨਾਲ ਕੰਮ ਕੀਤਾ। 1965 ਦੀ ਪਾਕਿਸਤਾਨ ਦੀ ਜੰਗ ਵਿਚ ਆਪ ਨੇ ਦੇਸ਼ ਦੇ ਜੁਆਨਾਂ ਤੇ ਫੌਜੀਆਂ ਨੂੰ ਉਤਸਾਹਿਤ ਕੀਤਾ ਗੱਲ ਕੀ ਆਪ ਦੇ ਵਿਚਾਰਾਂ ਦਾ ਸਨਮਾਨ ਕੀਤਾ ਜਾਂਦਾ ਰਿਹਾ।

ਜਦੋਂ ਆਪ ਦੂਜੀਵਾਰ ਪ੍ਰਧਾਨ ਮੰਤਰੀ ਬਣੀ ਤਾਂ ਕਾਂਗਰਸ ਫੁਟ ਦਾ ਸ਼ਿਕਾਰ ਹੋ ਚੁੱਕੀ ਸੀ। ਕਾਂਗਰਸ ਦਾ ਬੁਢਾ ਵਰਗ ਜੁਆਨ ਵਰਗ ਨੂੰ ਆਪਣੇ ਨਾਲ ਨਾ ਰਖ ਸਕਿਆ। ਝਗੜਾ ਵਧ ਗਿਆ। ਇੰਦਰਾ ਜੀ ਦੇ ਨਾਲ ਬਹੁ ਸੰਮਤੀ ਸੀ। ਪਰ ਬਹੁ ਸੰਮਤੀ ਹੁੰਦੇ ਹੋਏ ਵੀ ਦਲ ਬਦਲੂਆਂ ਦਾ ਕੰਮ ਵਧ ਗਿਆ।

ਵਧੇਰੇ ਗੜ ਬੜ ਡਾ: ਵੀ. ਵੀ. ਗਿਰੀ ਦੇ ਰਾਸ਼ਟਰਪਤੀ ਪਦ ਤੇ ਖੜੇ ਹੋਣ ਤੇ ਹੋਈ ਪਾਰਲੀਮੈਂਟਰੀ ਬੋਰਡ ਨੇ ਇਸ ਪਦ ਲਈ ਡਾ: ਸੰਜੀਵਾ ਰੇਡੀ ਨੂੰ ਖੜਾ ਕਰ ਦਿੱਤਾ ਜਦੋਂ ਕਿ ਇੰਦਰਾ ਜੀ ਨੇ ਆਤਮਾ ਦੀ ਆਵਾਜ਼ ਤੇ ਡਾ: ਗਿਰੀ ਦੀ ਮਦਦ ਕੀਤੀ। ਡਾ: ਗਿਰੀ ਜਿੱਤ ਗਏ ਤੇ ਇਹ ਜਿੱਤ ਇੰਦਰਾ ਦੀ ਜਿੱਤ ਮੰਨੀ ਗਈ।

ਕਾਂਗਰਸ ਦੋ ਫਾੜ ਹੋ ਗਈ। ਇੰਦਰਾ ਨਾਲ ਦਸ ਆਨੇ ਬੰਦੇ ਸਨ। ਇਸ ਲਈ ਉਸ ਨੇ ਇਸ ਪਦ ਨੂੰ ਸਾਂਭੀ ਰਖਿਆ ਤੇ ਆਪਣੀ ਮਦਦ ਲਈ ਕਮਿਊਨਿਸਟਾਂ ਤੇ ਡੀ. ਐਮ. ਕੇ ਪਾਰਟੀ ਗੰਢ ਲਈ ਜਿਸ ਕਰ ਕੇ ਆਪ ਨੂੰ ਸ਼ਕਸਤ ਨਾ ਹੋ ਸਕੀ।

ਬੈਂਕਾਂ ਦੇ ਰਾਸ਼ਟਰੀ ਕਰਨ ਦੇ ਪ੍ਰਸ਼ਨ ਤੇ ਆਪਨੇ ਜਨਰਲ ਚੁਣਾਉ ਕਰਵਾਏ ਤੇ ਆਪ 3/4 ਭਾਵ 75% ਸੀਟਾਂ ਲੋਕ ਸਭਾ ਦੀਆਂ ਲੈ ਗਏ। ਬਹੁਮਤ ਕਰ ਕੇ ਆਪ ਨੇ ਬੈਂਕ ਰਾਸ਼ਟਰੀਕਰਨ, ਪਿਰਵੀ ਪਾਸ ਆਦਿ ਕਾਨੂੰਨ ਆਸਾਨੀ ਨਾਲ ਪਾਸ ਕਰ ਲਏ।

ਏਨੇ ਨੂੰ ਬੰਗਲਾ ਦੇਸ਼ ਵਿਚ ਗੜ ਬੜ ਹੋ ਗਈ ਤੇ ਭਾਰਤ ਵਿਚ ਰੀਫੀਉਜ਼ੀ ਆਉਣ ਲਗ ਪਏ। ਜਿੰਨਾਂ ਦੀ ਗਿਣਤੀ ਕੁਝ ਦਿਨਾਂ ਵਿਚ ਇਕ ਕਰੋੜ ਦੇ ਲਗ ਪਗ ਹੋ ਗਈ। ਇੰਦ੍ਰਾ ਜੀ ਨੇ ਉਹਨਾਂ ਨੂੰ ਸੰਭਾਲਿਆ ਤੇ ਬੰਗਲਾ ਦੇਸ ਦੀ ਮਦਦ ਕੀਤੀ। 3 ਦਸੰਬਰ 1971 ਨੂੰ ਬੰਗਲਾ ਦੇਸ਼ ਵਿਚ ਭਾਰਤੀ ਫੋਜਾਂ ਮਦਦ ਲਈ ਭੇਜ ਦਿੱਤੀਆਂ। ਉਧਰ ਪਾਕਿਸਤਾਨ ਨੇ 3 ਦਸੰਬਰ ਨੂੰ ਹਮਲਾ ਕਰ ਦਿੱਤਾ ਸੀ। 16 ਦਸੰਬਰ ਨੂੰ ਪਾਕਿਸਤਾਨ ਨੇ ਬੰਗਲਾ ਦੇਸ਼ ਵਿਚ ਹਥਿਆਰ ਸੁੱਟ ਦਿੱਤੇ ਤੇ ਇੰਦ੍ਰਾ ਗਾਂਧੀ ਨੇ 16 ਦਸੰਬਰ ਨੂੰ ਜੇਤੂ ਹੋਣ ਦੇ ਨਾਤੇ ਪਾਕਿਸਤਾਨ ਨਾਲ ਇਕ ਤਰਫਾ ਜੰਗ ਬੰਦੀ ਕਰ ਦਿਤੇ।

ਭਾਰਤ ਨੇ ਸੰਸਾਰ ਨੂੰ ਦੱਸ ਦਿੱਤਾ ਕਿ ਭਾਰਤ ਕਿਸੇ ਦਾ ਇਲਾਕਾ ਸਾਂਭਣਾ ਨਹੀਂ ਚਾਹੁੰਦਾ। ਪਰ ਉਹ ਆਪਣਾ ਗੁਆਉਣਾ ਵੀ ਨਹੀਂ ਚਾਹੁੰਦਾ। ਇਉਂ ਭਾਰਤ ਪਾਕਿਸਤਾਨ ਯੁਧ 13 ਦਿਨਾਂ ਵਿਚ ਮੁਕ ਗਿਆ।

ਉਪਰੰਤ ਇੰਦਰਾ ਗਾਂਧੀ ਨੇ ਜਨਰਲ ਚੁਣਾਉ 1972 ਦਾ ਐਲਾਨ ਕਰਵਾ ਦਿੱਤਾ ਅਤੇ ਇਹ ਮੋਰਚਾ ਵੀ ਇੰਦ੍ਰਾ ਗਾਂਧੀ ਨੇ ਜਿੱਤ ਲਿਆ। ਸਾਰੇ ਭਾਰਤ ਵਿਚ ਪ੍ਰਾਂਤੀ ਐਸੰਬਲੀਆਂ ਦੇ ਚੁਣਾਉ ਨਤੀਜੇ ਨਿਕਲ ਗਏ ਤੇ ਕਾਂਗਰਸ ਹੀ ਸਭ ਪਾਸੇ ਜਿੱਤ ਗਏ।

ਇੰਦਰਾ ਗਾਂਧੀ ਨੇ ਅਪੋਜ਼ੀਸ਼ਨ ਬਿਲਕੁਲ ਸਾਫ ਕਰ ਦਿਤਾ ਤੇ ਸਭ ਪਾਸੇ ਸਾਰੇ ਦੇਸਾਂ ਵਿਚ ਇੰਦਰਾ ਗਾਂਧੀ ਦੀ ਸ਼ਲਾਘਾ ਹੋ ਰਹੀ ਹੈ।

ਇੰਦਰਾ ਨੇ ਇਹ ਇਲੈਕਸ਼ਨ ਗਰੀਬੀ ਹਟਾਓ ਨਾਹਰੇ ਤੇ ਜਿੱਤੀ ਹੈ ਸੋ ਇੰਦ੍ਰਾ ਗਾਂਧੀ ਇਸ ਯਤਨ ਵਿਚ ਹੈ ਕਿ ਦੇਸ ਵਿਚੋਂ ਗਰੀਬੀ ਘਟਾਈ ਜਾਵੇ।

ਏਕਾ

ਏਕਾ ਤੋਂ ਭਾਵ ਇਕੱਠ ਹੈ ਜਾਂ ਇਸ ਤਰ੍ਹਾਂ ਆਖ ਲਵੋ ਤਾਂ ਵੀ ਠੀਕ ਹੋਵੇਗਾ ਕਿ ਫੁਟ ਮਿਟਾ ਕੇ ਇਤਫਾਕ ਨਾਲ ਰਹਿਣ ਨੂੰ ਏਕੇ ਨਾਲ ਨਾਲ ਰਹਿਣਾ ਆਖਿਆ ਜਾਂਦਾ ਹੈ। ਏਕਾ ਜੀਵਨ ਦੇ ਹਰ ਅੰਗ ਲਈ ਬਹੁਤ ਜ਼ਰੂਰੀ ਹੁੰਦਾ ਹੈ।

ਪੁਰਾਣਾ ਇਤਿਹਾਸ ਪੜ੍ਹੀਏ ਤਾਂ ਪਤਾ ਲਗ ਜਾਂਦਾ ਹੈ ਕਿ ਏਕੇ ਨੂੰ ਹੱਥੋਂ ਗੁਆ ਕੇ ਕਈ ਵਸਦੀਆਂ ਰਸਦੀਆਂ ਹਕੂਮਤਾਂ ਵੀ ਗਰਕ ਹੋ ਜਾਂਦੀਆਂ ਹਨ। ਦੂਰ ਕੀ ਜਾਣਾ ਹੈ ਸਿੱਖਾਂ ਦੇ ਰਾਜ ਵਲ ਹੀ ਨਜ਼ਰ ਮਾਰ ਲਵੋ । ਜਿੰਨਾਂ ਚਿਰ ਮਹਾਰਾਜਾ ਰਣਜੀਤ ਸਿੰਘ ਜੀਉਂਦਾ ਰਿਹਾ ਉਸ ਸਮੇਂ ਤਕ ਪੰਜਾਬ ਵਲ ਕੋਈ ਅਖ ਭਰ ਕੇ ਵੀ ਨਹੀਂ ਦੇਖ ਸਕਿਆ ! ਕਾਰਨ ਕੀ ਸੀ ਏਕਤਾ ਸੀ, ਇਕੱਠ ਸੀ ਕੋਈ ਫੁਟ ਨਹੀਂ ਸੀ।

ਪਰ ਅਫਸੋਸ ਇਸ ਗੱਲ ਦਾ ਹੈ ਕਿ ਮਹਾਰਾਜ ਰਣਜੀਤ ਸਿੰਘ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਏਕੇ ਦਾ ਗੱਲ਼ ਘੁੱਟ ਦਿੱਤਾ ਗਿਆ, ਫੁਟ ਆ ਗਈ ਤਾਂ ਇਸ ਦੇ ਭਿਆਨਕ ਸਿੱਟੇ ਕਿਸੇ ਪਾਸੋਂ ਗੁਝੇ ਹਨ । ਇਤਿਹਾਸ ਉਗਾਹੀ ਭਰਦਾ ਹੈ ਕਿਤੇ ਕਤਲ ਹੋਏ, ਕੋਈ ਰਾਜ ਦਾ ਵਾਰਿਸ ਨਹੀਂ ਰਹਿਣ ਦਿੱਤਾ। ਫੁਟ ਦਾ ਦੈਂਤ ਸਭ ਤੋਂ ਬਹਾਦਰਾਂ ਨੂੰ ਖਾ ਗਿਆ ਤੇ ਅੰਤ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਕੇਵਲ ਸਿਖਾਂ ਦੀ ਫੁਟ ਦੇ ਕਾਰਨ ਹੀ।

ਅੰਗਰੇਜ਼ਾਂ ਤਾਂ ਇਸ ਏਕੇ ਨੂੰ ਭੰਗ ਕਰ ਕੇ ਭਾਰਤ ਵਿਚ ਹੌਲੀ ਹੌਲੀ ਰਾਜ ਕਾਇਮ ਕਰ ਲਿਆ ਸੀ ਪਰ ਜਦੋਂ ਭਾਰਤ ਨੇ ਮੁੜ ਏਕਾ ਕੀਤਾ ਤਾਂ ਉਸਨੇ ਬਾਹੂਬਲ ਨਾਲ ਨਹੀਂ ਸਗੋਂ ਸੱਚ ਸਾਂਤੀ ਤੇ ਅਹਿੰਸਾ ਦੇ ਨਿਯਮ ਨਾਲ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਦਿੱਤਾ।

ਏਕੇ ਦੇ ਕਈ ਲਾਭ ਹਨ । ਇਸ ਦੇ ਪਰਚਾਰ ਲਈ ਕਈ ਕਹਾਣੀਆਂ ਬਣੀਆਂ ਹਨ। ਆਖਿਆ ਜਾਂਦਾ ਹੈ ਕਿ ਕਬੂਤਰਾਂ ਦੀ ਇਕ ਡਾਰ ਉਡੀ ਜਾ ਰਹੀ ਸੀ ਉਹਨਾਂ ਦੀ ਨਜ਼ਰ ਕੁਝ ਦਾਨੇ ਪਏ ਤੇ ਲਾਲਚ ਵਿਚ ਆ ਕੇ ਧਰਤੀ ਦੀ ਹਿੱਕ ਤੇ ਆ ਗਏ। ਓਹਨਾਂ ਨੇ ਦਾਨੇ ਚੁਕ ਲਏ, ਪਰ ਉਹ ਜਾਲ ਸੀ ਕਿਸੇ ਸ਼ਿਕਾਰੀ ਦਾ। ਸਾਰੇ ਕਬੂਤਰ ਜਾਲ ਵਿਚ ਫਸ ਗਏ।

ਸੋਚਾਂ ਸੋਚੀਆਂ ਕਿਵੇਂ ਬੱਚਿਆ ਜਾਵੇ । ਸਲਾਹ ਬਣੀ ਕਿ ਹੁਣ ਤਾਂ ਫਸ ਗਏ ਹਾਂ। ਕਿਉਂ ਨਾ ਏਕਾ ਕੀਤਾ ਜਾਵੇ ਤੇ ਸਾਰੇ ਇਕੱਠੇ ਜ਼ੋਰ ਲਗਾਉਣ ਲਗੇ ਤਾਂ ਜਾਲ ਵੀ ਉਡਾ ਲਿਆ ਜਾਵੇ। ਉਹਨਾਂ ਕਿਸੇ ਤਰ੍ਹਾਂ ਕੀਤਾ ਤੇ ਜਾਲ ਵੀ ਉਡਾਕੇ ਲੈ ਗਏ ਅਤੇ ਜਾਨ ਵੀ ਬਚ ਗਈ । ਸੋ ਇਹ ਹੈ ਏਕੇ ਦੀਆਂ ਬਰਕਤਾਂ ਜੇ ਉਹ ਇਕੱਠੇ ਜ਼ੋਰ ਨਾ ਲਗਾਉਂਦੇ ਸਭ ਨੇ ਸ਼ਿਕਾਰੀ ਦੇ ਹੱਥ ਆ ਜਾਣਾ ਸੀ। ਤੇ ਹੋਈ ਵੀ ਏਸ ਤਰ੍ਹਾਂ। ਥੋੜ੍ਹੀ ਦੂਰ ਜਾ ਕੇ ਸਭ ਆਖਣ ਲਗ ਪਏ ਮੈਂ ਬਹੁਤਾ ਜ਼ੋਰ ਲਗਾਇਆ। ਇਹ ਫੁਟ ਆ ਗਈ ਤੇ ਧਰਤੀ ਤੇ ਡਿਗ ਪਏ ਤੇ ਫੜੇ ਗਏ।

ਸਿਆਣੇ ਸੱਚ ਹੀ ਆਖਦੇ ਹਨ। ਇਕ ਇਕੱਲਾ ਦੋ ਗਿਆਰਾਂ ਇਸ ਅਖਾਣ

ਤੋਂ ਭੀ ਇਹ ਸਪਸ਼ਟ ਹੁੰਦਾ ਹੈ ਕਿ ਮਿਲ ਕੇ ਕੰਮ ਕਰਨ ਵਿਚ ਬਹੁਤ ਬਰਕਤ ਹੈ। ਇਕਲਾ ਭਾਵੇਂ ਜਿੰਨਾ ਮਰਜੀ ਕੰਮ ਕਰਦਾ ਰਹੇ ਦੋਂਹ ਦੇ ਬਰਾਬਰ ਨਹੀਂ ਹੋ ਸਕਦਾ।

ਇਕ ਪੁਰਾਣੇ ਬੁਢੇ ਨੇ ਵੀ ਇਕ ਵਾਰ ਆਪਣੇ ਪੁਤਰਾਂ ਨੂੰ ਇਕੱਠੀਆਂ ਲਕੜੀਆਂ ਤੋੜਨ ਲਈ ਆਖਿਆ ਸੀ ਤੇ ਪੁਤਰਾਂ ਨੂੰ ਦਸਿਆ ਸੀ ਕਿ ਦੁਨੀਆ ਵਿਚ ਸੁਖੀ ਰਹਿਣਾ ਹੋਵੇ ਤਾਂ ਇਕੱਠ ਨਾਲ ਹੀ ਰਹਿਣਾ ਚਾਹੀਦਾ।

ਪਿੰਡ ਵਿਚ ਹੀ ਨਜ਼ਰ ਮਾਰ ਲਵੋ। ਜੇ ਕੋਈ ਇਕੱਲਾ ਹੈ ਤਾਂ ਉਸ ਦੀ ਖੇਤੀ ਹੀ ਸ਼ਰੀਕ ਨਹੀਂ ਛਡਦੇ। ਪਰ ਜਿਸ ਦੇ ਚਾਰੇ ਬਚੇ ਹਨ ਤੇ ਉਹਨਾਂ ਵਿਚ ਇਕੱਠ ਹੈ ਤਾਂ ਉਹਨਾਂ ਦੀ ਹਵਾ ਵੱਲ ਕੋਈ ਨਹੀਂ ਦੇਖ ਸਕਦਾ।

ਇਕੱਠ ਸਚਿਆਈ ਤੇ ਚੰਗਿਆਈ ਦਾ ਚਿੰਨ੍ਹ ਹੈ। ਬੁਰਾਈ ਦਾ ਚਿੰਨ੍ਹ ਫੁਟ ਹੈ। ਫੁਟਬਾਲ ਦੀ ਟੀਮ ਵਿਚ ਜੇ ਟੀਮ ਇਕੱਠੀ ਹੋ ਕੇ ਇਕ ਦੂਜੇ ਤੇ ਨਿਰਭਰ ਹੋ ਕੇ ਖੇਡੇਗੀ ਤਾਂ ਵਿਜੈ ਉਸ ਦੇ ਪੈਰ ਚੁੰਮੇਗੀ। ਜੇ ਇਕੱਲਾ ਖਿਡਾਰੀ ਹੀ ਗੋਲ ਕਰਨਾ ਚਾਹੇਗਾ ਤਾਂ ਗੋਲ ਹੋਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ।

ਸੋ ਜੀਵਨ ਸਫਲਤਾ ਲਈ ਏਕਤਾ ਦੀ ਲੋੜ ਹੈ। ਫੁਟ ਚੰਦਰੀ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਇਹ ਫੁਟ ਜਿਥੇ ਜਾਂਦੀ ਹੈ, ਬਰਬਾਦੀ ਲਿਆ ਦਿੰਦੀ ਹੈ। ਏਕਤਾ ਦੇ ਬਹੁਤ ਗੁਣ ਹਨ ਫੁਟ ਚੰਦਰੀ ਨੇ ਤਾਂ ਕਿਸ ਨੂੰ ਲਾਭ ਨਹੀਂ ਦਿੱਤੇ। ਜਿਥੇ ਜਾਂਦੀ ਹੈ ਏਕੇ ਨੂੰ ਨਿਗਲ ਜਾਂਦੀ ਹੈ ਤੇ ਚੜ੍ਹਦੀਆਂ ਕਲਾਂ ਦੀ ਥਾਂ ਬਰਬਾਦੀ ਲਿਆ ਦਿੰਦੀ ਹੈ।

ਮਿਤਰਤਾ

ਥੋੜ੍ਹੇ ਸ਼ਬਦਾਂ ਵਿਚ ਮਿਤਰਤਾ ਹੈ ਬਿਆਨ ਕਰਨਾ ਔਖਾ ਹੈ। ਵਾਸਤਵ ਵਿਚ ਮਿਤਰਤਾ ਜੀਵਨ ਦਾ ਨਾਉਂ ਹੈ। ਜੀਵਨ ਬਿਨਾਂ ਮਿਤਰਤਾ ਦੇ ਖੁਸ਼ਕ ਮੁਰਝਾਇਆ ਅਤੇ ਬੇ ਬੱਸਾ ਜਿਹਾ ਹੋ ਨਿਬੱੜਦਾ ਹੈ। ਅੰਗਰੇਜ਼ੀ ਦੇ ਪ੍ਰਸਿਧ ਕਵੀ ਨੇ ਵੀ ਦਸਿਆ ਹੈ ਕਿ ਆਦਮੀ ਕਿਵੇਂ ਮਿਤਰਤਾ ਤੋਂ ਬਿਨਾਂ ਰਹਿ ਸਕਦਾ ਹੈ। ਜਦੋਂ ਕਿ ਕੁਦਰਤ ਦੀ ਹਰ ਸ਼ੈ ਵਿਚ ਮਿਤਰਤਾ ਦਾ ਭਾਵ ਬਣਾਇਆ ਹੋਇਆ ਹੈ। ਨਦੀਆਂ ਸਮੁੰਦਰ ਵਿਚ ਜਾ ਸਮਾਉਂਦੀਆਂ ਹਨ। ਸਾਗਰ ਦੀਆਂ ਲਹਿਰਾਂ ਇਕ ਦੂਜੇ ਨੂੰ ਗਲਵਕੜੀਆਂ ਪਾਉਂਦੀਆਂ ਹਨ। ਮਿੱਟੀ ਦੇ ਜ਼ਰੇ ਹਵਾ ਨਾਲ ਇਕੱਠੇ ਹੁੰਦੇ ਹਨ। ਚੰਦ ਦੀਆਂ ਰਿਸ਼ਮਾਂ ਸਾਗਰ ਨੂੰ ਖਿਚਦੀਆਂ ਹਨ। ਕਿਸੇ ਵੱਲ ਨਜ਼ਰ ਮਾਰੋ ਮਿਤਰਤਾ ਵਿਖਾਈ

ਦਿੰਦੀ ਹੈ ਇਸੇ ਤਰ੍ਹਾਂ ਫੁਲ ਤੇ ਭੌਰੇ ਦੀ ਮਿਤਰਤਾ ਹੈ ਤੇ ਇਸਤਰੀ ਤੇ ਮਰਦ ਦੀ ਮਿਤਰਤਾ ਭੀ ਹੈ ।

ਮਿਤਰਤਾ ਕੋਈ ਪੈਸੇ ਨਾਲ ਖਰੀਦੀ ਜਾਣ ਵਾਲੀ ਸ਼ੈ ਨਹੀਂ । ਕਈ ਲੋਕ ਕਿਸੇ ਦੇ ਪੈਸੇ ਕਰ ਕੇ ਉਸ ਨੂੰ ਮਿੱਤਰ ਬਣਾਉਂਦੇ ਹਨ । ਕਈ ਲੋਕ ਕਿਸੇ ਦੇ ਹੁਸਨ ਨੂੰ ਪਿਆਰਦੇ ਹਨ । ਇਹ ਮਿਤਰਤਾ ਹੱਡ ਚੰਮ ਦੀ ਬਣਾਵਟੀ ਹੁੰਦੀ ਹੈ ਇਹ ਬਹੁਤ ਦੇਰ ਨਹੀਂ ਰਹਿ ਸਕਦੀ ਜਾਂ ਦੌਲਤ ਰਾਹੀਂ ਇਹੋ ਜਿਹੀ ਮਿਤਰਤਾ ਅਲੋਪ ਹੋ ਗਈ ।

ਅਸਲੀ ਤੇ ਸੱਚੀ ਮਿਤਰਤਾ ਔਗੁਣਾਂ ਤੇ ਗੁਣਾਂ ਨੂੰ ਨਹੀਂ ਦੇਖਦੀ ਕਿਉਂਕਿ ਉਸ ਨੂੰ ਵਿਹਲ ਹੀ ਕਿਥੇ ਹੁੰਦੀ ਹੈ, ਇਸ ਤਰ੍ਹਾਂ ਦੇ ਗੁਣਾਂ ਔਗੁਣਾਂ ਨੂੰ ਦੇਖਣ ਦੀ । ਉਸ ਦੀ ਅੱਖ ਤਾਂ ਰੂਹਾਨੀ ਸੁਹੱਪਣ ਵਲ ਲਗੀ ਹੁੰਦੀ ਹੈ ਤੇ ਉਹ ਆਖਦੀ ਹੈ ਕਿ ਦੁਨੀਆਂ ਵਿਚ ਇਹੋ ਜਿਹਾ ਹੋਰ ਕਿਹੜਾ ਮਿੱਤਰ ਹੈ ।

ਮਿਤਰਤਾ ਹੁਸਨ ਨਹੀਂ ਦੇਖਦੀ ਕੋਈ ਔਗੁਣ ਨਹੀਂ ਦੇਖਦੀ । ਆਖਿਆ ਜਾਂਦਾ ਹੈ ਕਿ ਲੈਲਾ ਬਹੁਤ ਕਾਲੀ ਸੀ । ਪਰ ਮਜਨੂੰ ਦੀਆਂ ਅੱਖੀਆਂ ਨਾਲ ਵੇਖਿਆਂ ਉਹ ਬਹੁਤ ਸੁੰਦਰ ਸੀ । ਉਸ ਲਈ ਲੈਲਾ ਤੋਂ ਬਿਨਾਂ ਸੰਸਾਰ ਦੀ ਕੋਈ ਚੀਜ਼ ਚੰਗੀ ਨਹੀਂ ਸੀ ।

ਵਾਸਤਵ ਵਿਚ ਮਿਤਰਤਾ ਜੇ ਦਿਖਾਵੇ ਦੀ ਹੋਵੇ ਤਾਂ ਛੇਤੀ ਦੌੜ ਜਾਂਦੀ ਹੈ, ਜੁਆਨੀ ਸਦਾ ਨਹੀਂ ਰਹਿੰਦੀ । ਇਸ ਦਾ ਭਾਵ ਇਹ ਹੈ ਕਿ ਜਿਹੜੀ ਨਜ਼ਰ ਜੁਆਨੀ ਨੂੰ ਪਿਆਰ ਕਰਦੀ ਹੈ । ਉਹ ਜੁਆਨੀ ਜਾਣ ਪਿਛੋਂ ਦੂਜੇ ਨੂੰ ਪਿਆਰ ਕਰਦੀ ਹੈ । ਜਿਥੇ ਸੁਹਪਣ ਤੇ ਕੋਝ ਵਿਚ ਕੋਈ ਅੰਤਰ ਨਾ ਰਿਹਾ ਉਥੇ ਮਿਤਰਤਾ ਸਦਾ ਰਹਿੰਦੀ ਹੈ ।

ਅਜ ਦੇ ਸਮੇਂ ਵਿਚ ਵੀ ਸਚੀ ਮਿਤਰਤਾ ਹੈ । ਪਰ ਬਹੁਤ ਮਿਤਰ ਫਸਲੀ ਬਟੇਰੇ ਹੁੰਦੇ ਹਨ ਤੇ ਖੁਦਗਰਜ਼ ਵੀ ਹੁੰਦੇ ਹਨ । ਉਹ ਸਭ ਝੂਠੀਆਂ ਖੁਦਗਰਜ਼ੀਆਂ ਤੇ ਸੁਆਰਥ ਭਰੀਆਂ ਪ੍ਰੀਤੀਆਂ ਕਰਦੇ ਹਨ । ਜੇ ਕੋਈ ਆਪਣੇ ਮਿੱਤਰ ਪਾਸੋਂ ਰੁਪਏ ਮੰਗਦਾ ਹੈ ਤੇ ਜੇ ਉਹ ਦੇ ਦਿੰਦਾ ਹੈ ਤਾਂ ਚੰਗਾ ਨਹੀਂ ਤਾਂ ਉਹਨਾਂ ਦੀ ਮਿਤਰਤਾ ਜਾਂਦੀ ਰਹਿੰਦੀ ਹੈ । ਇਕ ਕੋਈ ਮਿਤਰਤਾ ਹੈ, ਇਹ ਤਾਂ ਢੌਂਗ ਹੈ ਨਿਰਾ ਢੌਂਗ ।

ਪਿਆਰ ਪੈ ਜਾਂਦੇ ਹਨ । ਕੁਦਰਤੀ ਹੁੰਦੇ ਹਨ । ਗਊ ਆਪਣੇ ਬੱਚੇ ਨੂੰ ਪਿਆਰ ਕਰਦੀ ਹੈ । ਸ਼ੇਰਨੀ ਦੇ ਦਿਲ ਵਿਚ ਵੀ ਆਪਣੇ ਬੱਚਿਆਂ ਲਈ ਮੁਹੱਬਤ ਹੁੰਦੀ ਹੈ । ਇਹ ਮਿੱਤਰਤਾ ਹੁੰਦੀ ਹੈ । ਮਾਂ ਨੂੰ ਆਪਣਾ ਕੋਝਾ ਤੇ ਬੁਰਾ ਪੁਤਰ ਵੀ ਪਿਆਰਾ ਲੱਗਦਾ ਹੈ । ਇਹ ਪਿਆਰ ਬਿਨਾਂ ਕਿ[illegible]ਲਚ ਦੇ ਹਨ । ਅਸਲੀ ਮਿਤਰਤਾ

ਹੁੰਦੀ ਹੈ।

ਦੁਨੀਆਂ ਵਿਚ ਸੱਚੀ ਮਿਤਰਤਾ ਭਾਲਣੀ ਔਖੀ ਹੈ। ਲਾਲਚੀ ਸੁਆਰਥੀ ਮਿੱਤਰਾਂ ਨਾਲ ਦੁਨੀਆਂ ਭਰੀ ਪਈ- ਹੈ। ਜੇ ਕੋਈ ਇਕ ਵੀ ਹਿੱਤੂ ਰਾਹ ਵਿਖਾਊ ਮਿੱਤਰ ਮਿਲ ਜਾਵੇ ਤਾਂ ਜੀਵਨ ਵਿਚ ਹੋਰ ਮਿੱਤਰਾਂ ਦੀ ਲੋੜ ਨਹੀਂ ਭਾਸਦੀ।

ਮਿਤਰਤਾ ਦੇ ਗੁਣਾਂ ਨੂੰ ਘੱਟਾ ਲਗਾਉਣ ਨਾਲ ਮਿਤਰਤਾ ਨਹੀਂ ਆਉਂਦੀ। ਮਿਤਰਤਾ ਤਾਂ ਪਛਾਣ ਹੈ। ਮਿਤਰਤਾ ਵਿਚ ਲੁਕੋ ਨਹੀਂ ਹੁੰਦੀ। ਉਹ ਕੋਈ ਉਹਲਾ ਨਹੀਂ ਰਖਦੇ ਜਦੋਂ ਉਹਨਾਂ ਵਿਚ ਕੋਈ ਭੁਲੇਖਾ ਆ ਪਵੇ ਤਾਂ ਉਹ ਉਸ ਨੂੰ ਸਾਖ਼ ਕਰ ਲੈਂਦੇ ਹਨ ਨਹੀਂ ਤਾਂ ਜੇ ਇਹ ਭੁਲੇਖਾ ਰਹਿ ਜਾਵੇ ਤਾਂ ਵਧਦਾ ਵਧਦਾ ਭਿਆਨਕ ਰੂਪ ਧਾਰ ਲੈਂਦਾ ਹੈ ਤੇ ਮਿਤਰਤਾ ਦੇ ਮਰ ਜਾਣ ਦਾ ਵੀ ਡਰ ਰਹਿੰਦਾ ਹੈ।

ਮਿਤਰਤਾ ਨਿਭਾਓ, ਮਿੱਤਰ ਲਈ ਕੁਝ ਕਰੋ ਤੇ ਮਿਤਰਤਾ ਨੂੰ ਪ੍ਰਫੁਲਤ ਕਰੋ। ਮਨੁੱਖੀ ਜੀਵਨ ਵਿਚ ਕਿਸੇ ਨੂੰ ਮਿਤਰ ਮਿਲ ਜਾਣ ਉਸ ਲਈ ਨੇਕ ਬਖਤੀ ਦਾ ਚਿੰਨ੍ਹ ਹੈ। ਜਿਵੇਂ ਕੁਦਰਤ ਬਿਨਾਂ ਕਿਸੇ ਲਾਲਚ ਦੇ ਸਭ ਨੂੰ ਪਾਲਦੀ ਹੈ। ਇਉਂ ਹੀ ਲਾਲਚ ਤੋਂ ਬਿਨਾਂ ਮਿਤਰਤਾ ਦਾ ਹੜ੍ਹ ਵਗਾ ਦਿਓ ਤਾਂ ਜੋ ਜੀਵਨ ਵਿਚ ਤੇ ਸੰਸਾਰ ਵਿਚ ਸੁਖ ਹੀ ਸੁਖ ਹੋਵੇ। ਹਰ ਕਿਸੇ ਦਾ ਹਿਰਦਾ ਜੇ ਸੱਚੀ ਤੇ ਸੁਚੀ ਮਿਤਰਤਾ ਨਾਲ ਭਰ ਜਾਵੇ ਤਾਂ ਸਾਰੀ ਦੁਨੀਆਂ ਸਵਰਗ ਦਾ ਰੂਪ ਧਾਰ ਲਵੇ ਤੇ ਇਥੇ ਕੋਈ ਦੁਖ ਦਾ ਨਾਉਂ ਭੀ ਨਾ ਰਹੇ।

ਅਰੋਗਤਾ

ਸਰੀਰ ਨੂੰ ਤੰਦਰੁਸਤ ਤੇ ਨਰੋਆ ਰੱਖਣ ਨੂੰ ਹੀ ਅਰੋਗਤਾ ਆਖਿਆ ਜਾਂਦਾ ਹੈ। ਸਰੀਰ ਬਹੁਮੁਲਾ ਰਤਨ ਹੈ ਜੋ ਉਸ ਪ੍ਰਭੂ ਦੀ ਦਿੱਤੀ ਹੋਈ ਦਾਤ ਹੈ। ਜੇ ਸਰੀਰ ਅਰੋਗ ਹੈ ਤਾਂ ਅਨੇਕਾਂ ਖਜ਼ਾਨਿਆਂ ਦੇ ਬਰਾਬਰ ਹੈ। ਜੇ ਆਦਮੀ ਦਾ ਸਰੀਰ ਅਰੋਗ ਨਹੀਂ ਤਾਂ ਉਸ ਨੂੰ ਦੁਨੀਆਂ ਦੀ ਸੁਆਦੀ ਤੋਂ ਸੁਆਦੀ ਚੀਜ਼ ਵੀ ਦਿਓ ਤਾਂ ਉਸ ਨੂੰ ਹੱਥ ਨਾਲ ਪਰੇ ਕਰ ਦੇਵੇਗਾ। ਅਰੋਗ ਆਦਮੀ ਨੂੰ ਮਾਮੂਲੀ ਮਾਮੂਲੀ ਚੀਜ਼ਾਂ ਵੀ ਸੁਆਦ ਲਗਦੀਆਂ ਹਨ।

ਅਰੋਗ ਸਰੀਰ ਦੇ ਕਈ ਲਾਭ ਹਨ। ਰੋਗੀ ਤਾਂ ਦੂਜਿਆਂ ਤੇ ਭਾਰ ਹੀ ਹੁੰਦਾ ਹੈ। ਅਰੋਗ ਆਦਮੀ ਆਪਣਾ ਸਾਰਾ ਕੰਮ ਕਾਰ ਆਪ ਕਰ ਸਕਦਾ ਹੈ। ਉਸਨੂੰ ਕਿਸੇ ਦੇ ਹੱਥਾਂ ਵਲ ਨਹੀਂ ਦੇਖਣਾ ਪੈਂਦਾ। ਪਰ-ਅਧੀਨ ਨਹੀਂ ਹੁੰਦਾ ਤੇ ਖੁਸ਼ੀ ਖੁਸ਼ੀ ਆਪਣਾ ਕੰਮ ਕਰਦਾ ਹੈ।

ਚੰਗੀ ਸਿਹਤ ਹੋਵੇ ਤਾਂ ਆਦਮੀ ਦੁਨੀਆਂ ਵਿਚ ਉੱਨਤੀ ਦੀਆਂ ਪੌੜੀਆਂ ਚੜ੍ਹ ਸਕਦਾ ਹੈ। ਜਿਹੜਾ ਕੰਮ ਦਿਖਾਉਣ ਤੇ ਉਸ ਦਾ ਰੂਹ ਕਰੇ ਉਹ ਸਿੱਖ ਸਕਦਾ ਹੈ ਤੇ ਉਹ ਨਿਪੁੰਨਤਾ ਪ੍ਰਾਪਤ ਕਰ ਕੇ ਜਿਥੇ ਆਪਣੀ ਰੋਜ਼ੀ ਕਮਾ ਸਕਦਾ ਹੈ ਉਥੇ ਪ੍ਰਸਿਧੀ ਵੀ ਪ੍ਰਾਪਤ ਕਰ ਸਕਦਾ ਹੈ।

ਅਰੋਗ ਸਰੀਰ ਵਿਚ ਅਰੋਗ ਦਿਮਾਗ ਹੁੰਦਾ ਹੈ ਸੋ ਜੋ ਅਰੋਗ ਦਿਮਾਗ ਹੋਵੇ ਤਾਂ ਆਦਮੀ ਦਿਮਾਗੀ ਕੰਮ ਵਿਚ ਪ੍ਰੀਖਿਆਵਾਂ ਵਿਚ ਬਹੁਤ ਉੱਨਤੀ ਕਰ ਲੈਂਦਾ ਹੈ। ਪਰ ਬੀਮਾਰ ਆਦਮੀ ਇਹ ਕੰਮ ਕਾਰ ਨਹੀਂ ਕਰ ਸਕਦਾ ਤੇ ਦੂਜਿਆਂ ਤੇ ਭਾਰੂ ਹੁੰਦਾ ਹੈ।

ਸਹਿਨ ਸ਼ਕਤੀ ਕੀ ਅਰੋਗ ਸਰੀਰ ਵਿਚ ਹੁੰਦੀ ਹੈ। ਜੇ ਕੋਈ ਦੁਖ ਤਕਲੀਫ ਆ ਜਾਵੇ ਤਾਂ ਸਖਤ ਮਿਹਨਤ ਕਰਨੀ ਪੈ ਜਾਵੇ ਤਾਂ ਅਰੋਗ ਸਰੀਰ ਵਾਲਾ ਸਭ ਕੁਝ ਕਰ ਸਕਦਾ ਹੈ, ਇਸੇ ਲਈ ਆਖਿਆ ਜਾਂਦਾ ਹੈ ਕਿ ਬੀਮਾਰ ਰਹਿਣਾ ਇਕ ਕਿਸਮ ਦਾ ਪਾਪ ਹੈ ਇਸ ਪਾਪ ਤੋਂ ਸਦਾ ਦੂਰ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ।

ਸਿਹਤ ਵਿਗੜਨ ਦੇ ਕਈ ਕਾਰਣ ਹੋ ਸਕਦੇ ਹਨ। ਜੇ ਜ਼ਰਾ ਜਿੰਨਾਂ ਇਸ ਸਰੀਰ ਵਲੋਂ ਬੇਧਿਆਨਾ ਹੋ ਜਾਈਏ ਤਾਂ ਸਰੀਰ ਬੀਮਾਰ ਹੋ ਸਕਦਾ ਹੈ। ਸਿਹਤ ਖਰਾਬ ਹੋਣ ਵਿਚ ਮਨੁੱਖ ਦੀ ਆਪਣੀ ਲਾ-ਪ੍ਰਵਾਹੀ ਹੀ ਹੁੰਦੀ ਹੈ, ਜੋ ਇਨ੍ਹਾਂ ਕੁਦਰਤੀ ਨਿਯਮਾਂ ਤੇ ਵਰਤੋਂ ਕਰੇ ਤਾਂ ਫਿਰ ਕਦੇ ਵੀ ਬੀਮਾਰ ਨਹੀਂ ਹੋ ਸਕਦਾ ਇਹ ਜਦ ਵੀ ਉਸ ਦੇ ਕੁਦਰਤੀ ਨਿਯਮਾਂ ਦੀ ਉਲੰਘਣਾਂ ਕਰਦਾ ਹੈ ਤਾਂ ਬੀਮਾਰੀ ਦਾ ਸ਼ਿਕਾਰ ਹੋ ਸਕਦਾ ਹੈ।

ਆਖਿਆ ਜਾਂਦਾ ਹੈ ਕਿ, ਸਿਹਤ ਦੇ ਵੱਡੇ ਵੈਰੀ ਚਿੰਤਾ ਤੇ ਫਿਕਰ ਹਨ। ਜਿੰਨੀ ਮਰਜ਼ੀ ਖੁਰਾਕ ਖਾਧੀ ਜਾਵੇ ਪਰ, ਜੇ ਫਿਕਰ ਹੈ ਜਾਂ ਚਿੰਤਾ ਹੈ ਤਾਂ ਉਹ ਸਰੀਰ ਨੂੰ ਘੁਣ ਵਾਂਗ ਖਾਈ ਜਾਵੇਗੀ। ਤਦੋਂ ਆਖਿਆ ਜਾਂਦਾ ਹੈ ਕਿ ਚਿੰਤਾ ਚਿਖਾ ਬਰਾਬਰੀ। ਜੋ ਫਿਕਰ ਤੋਂ ਦੂਰ ਰਹਿਣਾ ਚਾਹੀਦਾ ਹੈ। ਫਿਰ ਸੁਆਲ ਪੈਦਾ ਹੁੰਦਾ ਹੈ ਕਿ ਦੁਨੀਆਂ ਵਿਚ ਕੋਈ ਆਦਮੀ ਨਹੀਂ ਹੋਵੇਗਾ ਜਿਸ ਨੂੰ ਫਿਕਰ ਨਹੀਂ ਹੋਵੇਗਾ। ਇਸ ਚਿੰਤਾ ਤੋਂ ਭਾਵ ਐਵੇਂ ਫਿਕਰ ਜਾਂ ਚਿੰਤਾ ਤੋਂ ਹੈ । ਚਿੰਤਾ ਹੋ ਜਾਂਦੀ ਹੈ, ਪਰ ਫਜ਼ੂਲ ਚਿੰਤਾ ਬੁਰੀ ਹੈ।

ਸਿਹਤ ਨੂੰ ਸੰਭਾਲਣ ਦੇ ਵੀ ਕਈ ਨਿਯਮ ਹਨ ਜਿਨ੍ਹਾਂ ਤੇ ਤੁਰਿਆਂ ਸਿਹਤ ਦੀ ਸੰਭਾਲ ਕੀਤੀ ਜਾ ਸਕਦੀ ਹੈ।

ਸਿਹਤ ਦੀ ਸੰਭਾਲ ਖੁਰਾਕ ਉਤੇ ਬਹੁਤੀ ਨਿਰਭਰ ਕਰਦੀ ਹੈ। ਖੁਰਾਕ ਸਾਫ ਤੇ ਛੇਤੀ ਪਚਣ ਵਾਲੀ ਖਾਣੀ ਚਾਹੀਦਾ ਹੈ। ਹੋਲੀ ਖੁਰਾਕ ਛੇਤੀ ਪਚ ਜਾਂਦੀ ਹੈ

ਅਤੇ ਭਾਰੀ ਛੇਤੀ ਨਹੀਂ ਪਚਦੀ ਇਸ ਲਈ ਜਿਥੋਂ ਤਾਈਂ ਹੋ ਸਕੇ ਹਲਕੀ ਖੁਰਾਕ ਖਾਣੀ ਚਾਹੀਦੀ ਹੈ।

ਇਸ ਤਰਾਂ ਖੁਰਾਕ ਸਮੇਂ ਸਿਰ ਖਾਣੀ ਚਾਹੀਦੀ ਹੈ ਤੇ ਨਾਲ ਹੀ ਲੋੜ ਤੋਂ ਵਧ ਨਹੀਂ ਖਾਣੀ ਚਾਹੀਦੀ। ਥੋੜ੍ਹੀ ਜਿਨੀ ਭੁੱਖ ਰੱਖ ਕੇ ਸਮੇਂ ਸਿਰ ਭੋਜਨ ਖਾਣਾ ਚਾਹੀਦਾ ਹੈ। ਸੁਆਦੀ ਭੋਜਨ ਲੋੜ ਤੋਂ ਵਧ ਨਹੀਂ ਖਾਣਾ ਚਾਹੀਦਾ।

ਖੁਰਾਕ ਚੰਗੀ ਖਾਣ ਤੋਂ ਇਲਾਵਾ ਹਫਤੇ ਵਿਚ ਇਕ ਦਿਨ ਵਰਤ ਰੱਖਣਾ ਚਾਹੀਦਾ ਹੈ ਜੋ ਸਿਹਤ ਲਈ ਕਾਫੀ ਲਾਭਦਾਇਕ ਹੋ ਸਕਦਾ ਹੈ।

ਫਿਰ ਆਖਿਆ ਜਾਂਦਾ ਹੈ ਕਿ ਰੋਟੀ ਨਾਲ ਪਾਣੀ ਨਹੀਂ ਪੀਣਾ ਚਾਹੀਦਾ ਤਾਂ ਰੋਟੀ ਖਾਣ ਪਿਛੋਂ ਕੁਝ ਸਮੇਂ ਬਾਅਦ ਪਾਣੀ ਪੀਣਾ ਚਾਹੀਦਾ ਹੈ। ਪਾਣੀ ਸਾਫ ਹੋਵੇ। ਜੇ ਸ਼ੱਕ ਹੋਵੇ ਤਾਂ ਪਾਣੀ ਨੂੰ ਉਬਾਲ ਲੈਣਾ ਚਾਹੀਦਾ ਹੈ।

ਇਸ ਤੋਂ ਬਿਨਾਂ ਸਿਹਤ ਲਈ ਖੁਲ੍ਹੀ ਹਵਾ ਤੇ ਸਫਾਈ ਵਾਲੀ ਥਾਂ ਦੀ ਲੋੜ ਹੈ। ਗੰਦੀ ਹਵਾ ਤੇ ਗੰਦੀ ਰਿਹਾਇਸ਼ ਸਰੀਰ ਉਤੇ ਬੁਰਾ ਅਸਰ ਪਾਉਂਦੀ ਹੈ। ਸਿਆਣੇ ਤਾਂ ਆਖਦੇ ਹਨ ਕਿ ਰੱਬ ਤੋਂ ਦੂਜੇ ਦਰਜੇ ਤੇ ਸਫਾਈ ਹੈ।

ਸੋ ਘਰ ਤੋਂ ਬਿਨਾਂ ਸਰੀਰ ਤੇ ਕਪੜਿਆਂ ਦੀ ਸਫਾਈ ਬਹੁਤ ਜ਼ਰੂਰੀ ਹੈ। ਰੋਜ ਸਮੇਂ ਸਿਰ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਚਾਹੀਦਾ ਹੈ। ਇਸ਼ਨਾਨ ਪਿਛੋਂ ਸਰੀਰ ਨੂੰ ਸਾਫ ਕਪੜੇ ਜਾਂ ਤੋਲੀਏ ਨਾਲ ਚੰਗੀ ਤਰ੍ਹਾਂ ਪੂੰਝਣਾ ਚਾਹੀਦਾ ਹੈ ਇਸੇ ਤਰ੍ਹਾਂ ਰੋਜ ਬੁਰਸ਼ ਦਾਤਨ ਵੀ ਕਰਨੀ ਚਾਹੀਦੀ ਹੈ ਤਾਂ ਜੋ ਦੰਦਾਂ ਦੀ ਪੂਰੀ ਤਰ੍ਹਾਂ ਸਫਾਈ ਹੋ ਸਕੇ। ਗੰਦੇ ਦੰਦਾਂ ਕਰਕੇ ਪੇਟ ਦੇ ਅੰਦਰ ਰੋਗ ਬਣੇ ਰਹਿੰਦੇ ਹਨ।

ਸਿਹਤ ਦੀ ਚੰਗਿਆਈ ਲਈ ਆਰਾਮ ਵੀ ਬਹੁਤ ਜ਼ਰੂਰੀ ਹੈ। ਸਮੇਂ ਸਿਰ ਜਾਗਣਾ, ਸੌਣਾ, ਸਮੇਂ ਸਿਰ ਉਠਣਾ ਬਹੁਤ ਜ਼ਰੂਰੀ ਹੈ। ਛੇਤੀ ਸਾਉਣਾ ਤੇ ਛੇਤੀ ਜ੍ਹਾਗਣਾ ਬਹੁਤ ਚੰਗਾ ਹੈ। ਇਸ ਤਰ੍ਹਾਂ ਅਰੋਗ ਸਰੀਰ ਲਈ ਸਵੇਰ ਦੀ ਸੈਰ ਤੇ ਕਸਰਤ ਵੀ ਬਹੁਤ ਜ਼ਰੂਰੀ ਹੈ ਸੋ ਇਨ੍ਹਾਂ ਅਸੂਲਾਂ ਦੀ ਪਾਲਣਾ ਨਾਲ ਸਰੀਰ ਅਰੋਗ ਰਹਿੰਦਾ ਹੈ।

ਸਿਆਣਿਆਂ ਦਸਿਆ ਹੈ ਕਿ ਸਮੇਂ ਸਿਰ ਖਾਣ ਤੋਂ ਸਮੇਂ ਸਿਰ ਸੌਣ ਨਾਲ ਵੀ ਸਿਹਤ ਠੀਕ ਰਹਿੰਦੀ ਹੈ। ਹਰ ਸਮੇਂ ਚਰਦੇ ਰਹਿਣ ਨਾਲ ਸਿਹਤ ਅਰੋਗ ਨਹੀਂ ਰਹਿੰਦੀ।

ਡਾ: ਰਾਧਾ ਕ੍ਰਿਸ਼ਨਨ

ਭਾਰਤ ਦਾ ਸੰਵਿਧਾਨ ਬਣਿਆ ਤਾਂ ਭਾਰਤ ਨੇ ਪਹਿਲੇ ਰਾਸ਼ਟਪਤੀ ਪਦ ਦਾ

ਸਨਮਾਨ ਦੇਸ਼ ਦੇ ਮਹਾਨ ਨੇਤਾ ਡਾ ਰਾਜਿੰਦਰ ਪ੍ਰਸ਼ਾਦ ਨੂੰ ਦਿਤਾ ਜੋ ਉਸ ਸਮੇਂ ਸੰਵਿਧਾਨ ਸਭਾ ਦੇ ਪ੍ਰਧਾਨ ਸਨ। ਸੰਨ 1952 ਵਿਚ ਹੀ ਉਨ੍ਹਾਂ ਦੇ ਨਾਲ ਡਾ: ਰਾਧਾ ਕ੍ਰਿਸ਼ਨਨ ਜੀ ਨੂੰ ਉਪਰਾਸ਼ਟਰਪਤੀ ਦਾ ਸਨਮਾਨ ਦਿੱਤਾ ਗਿਆ।

ਡਾ: ਜੀ ਫਿਲਾਸਫੀ ਦੇ ਮਹਾਨਤਮ ਪ੍ਰੋਫੈਸਰ ਹਨ। ਆਪ ਦਾ ਸਨਮਾਨ ਅਮਰੀਕਾ, ਯੂਰਪ ਤੇ ਹੋਰ ਸਭ ਦੇਸ ਕਰਦੇ ਹਨ। ਆਪ ਨੂੰ ਅੰਗਰੇਜ਼ ਸਰਕਾਰ ਨੇ ਡਾ: ਦਾ ਖਿਤਾਬ ਦਿਤਾ ਸੀ ਤੇ ਉਸੇ ਕਾਲ ਵਿਚ ਡਾਕਟਰ ਸਾਹਿਬ ਨੂੰ ਯੂਰਪ ਦੇ ਵੱਡੇ ਵਡੇ ਕਾਲਜਾਂ ਤੇ ਯੂਨੀਵਰਸਿਟੀਆ ਵਿਚੋਂ ਲੈਕਚਰ ਕਰਨ ਲਈ ਸੱਦੇ ਆਉਣ ਲਗੇ ਤੇ ਆਪ ਸਾਲ ਦਾ ਵਧੇਰੇ ਸਮਾਂ ਵਿਦੇਸ਼ਾਂ ਵਿਚ ਹੀ ਰਹਿੰਦੇ।

ਆਪ ਦਸ ਸਾਲ ਭਾਰਤ ਦੇ ਉਪ-ਰਾਸ਼ਟਰਪਤੀ ਰਹਿਣ ਪਿਛੋਂ 1962 ਵਿਚ ਭਾਰਤ ਦੇ ਰਾਸ਼ਰਰਪਤੀ ਚੁਨੇ ਗਏ ਪਰ 1967 ਵਿਚ ਰੀਟਾਇਰ ਹੋ ਗਏ ਕਿਉਂਕਿ ਆਪ ਦੀ ਸਿਹਤ ਅਗੋਂ ਹੋਰ ਕੰਮ ਕਰਨ ਦੀ ਆਗਿਆ ਨਹੀਂ ਸੀ ਦਿੰਦੀ। ਆਪ ਦਾ ਜਨਮ ਉਚ ਬ੍ਰਾਹਮਣ ਪਰਵਾਰ ਵਿਚ ਹੋਇਆ। ਆਪ ਮਦ੍ਰਾਸ ਪ੍ਰਾਂਤ ਦੇ ਰਹਿਣ ਵਾਲੇ ਹਨ ਤੇ ਇਸ ਸਮੇਂ ਆਪਦੀ ਉਮਰ ਲਗ ਪਗ 70 ਸਾਲ ਦੀ ਹੈ।

ਉਪਰਾਸ਼ਟਰਪਤੀ ਪਦ ਤੇ ਰਹਿੰਦੇ ਹੋਏ ਆਪ ਬੜੀ ਵਾਰ ਵਿਦੇਸ਼ਾਂ ਵਿਚ goodwill (ਸਦਭਾਵਨਾ) ਮਿਸ਼ਨ ਤੇ ਗਏ ਤੇ ਉਥੇ ਆਪਣਾ ਪ੍ਰਭਾਵ ਛਡਕੇ ਆਏ, ਰੂਸ, ਅਮਰੀਕਾ, ਬਰਤਾਨੀਆ, ਮਿਸਰ, ਯੋਗੋਸਲਾਵੀਆ, ਅਲਬਾਨੀਆ, ਰੁਮਾਨੀਆ ਚੈਕੋਸਲਵਾਕੀਆ ਗੱਲ ਕੀ ਆਪ ਨੇ ਸਭ ਵਡੇ ਵਡੇ ਦੇਸ਼ਾ ਦਾ ਦੌਰਾ ਕੀਤਾ ਤੇ ਸਭਨਾਂ ਨਾਲ ਭਾਰਤ ਦੀ ਮਿਤਰਤਾ ਵਧਾਈ। ਰਾਸ਼ਟਰਪਤੀ ਪਦ ਤੇ ਰਹਿੰਦੇ ਹੋਇਆਂ ਭੀ ਆਪ ਅਮਰੀਕਾ, ਰੂਸ, ਬਰਤਾਨੀਆਂ ਆਦਿ ਵਿਚ ਗਏ ਤੇ ਉਹਨਾਂ ਨਾਲ ਭਾਰਤ ਦੇ ਸਰਬੰਧ ਵਧਾਏ ਆਪ ਜਿੰਨਾ ਚਿਰ ਕੇਂਦਰੀ ਸਰਕਾਰ ਨਾਲ ਸੰਬੰਧਤ ਰਹੇ ਕੇਂਦਰੀ ਮੰਤਰੀ ਮੰਡਲ ਆਪ ਦੀ ਯੋਗਤਾ ਦਾ ਲਾਭ ਉਠਾਂਦਾ ਰਿਹਾ।

ਆਪ ਬੜੇ ਭਾਰੀ ਵਿਦਵਾਨ ਹਨ। ਆਪ ਦੀਆਂ ਪੁਸਤਕਾਂ ਅਮਰੀਕਾ ਤੇ ਯੂਰਪ ਵਿਚ ਛਪਦੀਆਂ ਹਨ ਜਿੰਨ੍ਹਾਂ ਦੇ ਭਾਰਤੀ ਐਡੀਸ਼ਨ ਭੀ ਵਿਕਦੇ ਹਨ। ਆਪ ਅਧਿਆਤਮਕਤਾ ਦੇ ਬੜੇ ਪੁਜਾਰੀ ਹਨ। ਆਪ ਨੂੰ ਸਾਲਾਨਾ ਚੰਖੀ ਰਾਇਲਟੀ ਮਿਲਦੀ ਹੈ।

ਆਪ ਬੜੇ ਭਾਰੀ ਵਕਤਾ ਹਨ। ਆਪ ਦੇ ਮੂੰਹੋਂ ਨਿਕਲਿਆ ਸ਼ਬਦ ਬੜਾ ਮਿਣਵਾਂ ਤੋਲਵਾਂ ਹੁੰਦਾ।

ਭਾਰਤ ਸਰਕਾਰ ਨੂੰ ਕਦੇ ਲੋੜ ਪਵੇ ਤਾਂ ਆਪ ਪਾਸੋਂ ਸਲਾਹ ਮਸ਼ਵਰਾ ਲੈ

ਸਕਦੀ ਹੈ। ਆਪ ਮਦ੍ਰਾਸ ਵਿਚ ਰਹਿੰਦੇ ਹਨ। ਸਰਕਾਰ ਵਲੋਂ ਆਪ ਦੀ ਪਿਨਸ਼ਨ ਮੁਕਰਰ ਹੈ।

ਵਿਸਾਖੀ ਦਾ ਮੇਲਾ

ਹਰ ਪਿੰਡ ਤੇ ਹਰ ਸਮੇਂ ਵਿਚ ਕੋਈ ਨਾ ਕੋਈ ਮੇਲਾ ਪੁਰਾਣੇ ਸੰਤ ਮਹਾਤਮਾ ਦੀ ਯਾਦ ਵਿਚ ਜ਼ਰੂਰ ਲੱਗਦਾ ਹੈ। ਇਸ ਲਈ ਭਾਰਤ ਨੂੰ ਮੇਲਿਆਂ ਤੇ ਤਿਉਹਾਰਾਂ ਦਾ ਦੇਸ ਆਖਿਆ ਜਾ ਸਕਦਾ ਹੈ।

ਸਾਡੇ ਪਿੰਡ ਭੀ ਇਕ ਮੇਲਾ ਲਗਦਾ ਹੈ। ਇਹ ਹੈ ਮੇਲਾ ਵਿਸਾਖੀ। ਇਹ ਮੇਲਾ ਮਹਾਰਾਜੇ ਬਿਕਰਮਾ ਜੀਤ ਦੀ ਯਾਦ ਨੂੰ ਮੁੜ ਤਾਜਾ ਕਰਦਾ ਹੈ। ਇਸ ਦਿਨ ਇਸ ਰਾਜੇ ਨੇ ਬਿਕਰਮੀ ਸੰਮਤ ਚਲਾਇਆ ਸੀ। ਇਹ ਦਿਨ ਬਿਕਰਮਾਜੀਤ ਰਾਜ ਦੀਆਂ ਉਹਨਾਂ ਯਾਦਾਂ ਨੂੰ ਜੀਉਂਦਾ ਕਰਦਾ ਹੈ ਜੋ ਉਸ ਸਮੇਂ ਦੀ ਉੱਨਤੀ ਤੇ ਸਭਿਅਤਾ ਨੂੰ ਮੁੜ ਜੀਉਂਦਿਆਂ ਕਰਦੀਆਂ ਹਨ। ਉਹ ਸਮਾਂ ਸੀ ਜਦੋਂ ਹੁਨਰ ਤੇ ਸਭਿਅਤਾ ਜੋਬਨ ਫੜ ਚੁਕੀ ਸੀ ਤੇ ਦੇਸ਼ ਵਿਚ ਸ਼ਾਂਤੀ ਦਾ ਰਾਜ ਹੁੰਦਾ ਸੀ। ਇਹ ਮੇਲਾ ਸਿੱਖਾਂ ਲਈ ਵੀ ਕਾਫੀ ਮਹੱਤਤਾ ਰੱਖਦਾ ਹੈ। ਇਸ ਦਿਨ ਉਸ ਸਿਖੀ ਮਹਿਲ ਦੀ ਨੀਂਹ ਰੱਖੀ ਗਈ ਸੀ ਮਹਿਲ ਦੀ ਉਸਾਰੀ ਲਈ ਇਸ ਦੀ ਨੀਂਹ ਰੱਖਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੁਤਰਾਂ ਨੂੰ ਇਸ ਦੀਆਂ ਨਹੀਂ (ਸਰਹੰਦ) ਵਿਚ ਚਿਣਵਾ ਦਿੱਤਾ ਤਾਂ ਜੋ ਇਹ ਮਹਲ ਪੱਕਾ ਹੋ ਜਾਵੇ। ਚਾਲੀ ਬਾਲੇ (ਚਾਲੀ ਮੁਕਤੇ) ਇਸ ਮਕਾਨ ਤੇ ਪਾਏ ਇਸ ਨੂੰ ਚਮਕਾਉਣ ਲਈ ਪਿਤਾ ਦਾ ਸੀਸ ਵਾਰਿਆ। ਇਸ ਮਹਿਲ ਦੀਆਂ ਨੀਹਾਂ ਵਿਚ ਕਈਆਂ ਸ਼ਹੀਦਾਂ ਦਾ ਗਾੜ੍ਹਾ ਲਹੂ ਪਿਆ ਹੋਇਆ ਹੈ। ਇਹੀ ਕਾਰਨ ਹੈ ਕਿ ਸਿੱਖੀ ਰੂਪ ਮਹਿਲ ਬੜੇ ਤੁਫਾਨਾਂ ਨੂੰ ਕੁਝ ਨਹੀਂ ਜਾਣਦਾ ਤੇ ਸਗੋਂ ਤੁਫਾਨਾਂ ਨੇ ਆ ਕੇ ਇਸ ਤੇ ਹੋਰ ਰੰਗ ਗਾੜ੍ਹਾ ਦਿਤਾ ਹੈ। ਇਸ ਵਿਸਾਖੀ ਵਾਲੇ ਦਿਨ ਸਿਖੀ ਦਾ ਬੂਟਾ ਲਾਇਆ ਗਿਆ ਸੀ। ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਮਿਟਾਉਣ ਲਈ ਨਵਾਂ ਧਰਮ ਪੰਥ ਤਿਆਰ ਕੀਤਾ ਸੀ ਅਥਵਾ ਖਾਲਸਾ ਸਜਾਇਆ ਸੀ।

ਵਿਸਾਖੀ ਵਾਲੇ ਦਿਨ ਹੀ ਜਲ੍ਹਿਆਂ ਵਾਲੇ ਬਾਗ਼ ਦਾ ਖੂਨੀ ਸਾਕਾ ਹੋਇਆ ਸੀ। ਇਸ ਦਿਨ ਜਲ੍ਹਿਆਂ ਵਾਲੇ ਬਾਗ਼ ਵਿਚ ਇਕ ਅੰਗਰੇਜ਼ ਅਫ਼ਸਰ ਡਾਇਰ ਨੇ ਭਾਰਤੀਆਂ ਤੇ ਗੋਲੀ ਚਲਾਈ ਸੀ ਤੇ ਲੱਖਾਂ ਨਿਦੋਸਿਆਂ ਨੂੰ ਮੌਤ ਰਾਣੀ ਕੋਲ ਭੇਜ

ਦਿੱਤਾ ਸੀ ।

ਇਸ ਵਿਸਾਖੀ ਵਾਲੇ ਦਿਨ ਹੀ ਸਾਡੇ ਭਾਰਤੀਆਂ ਨੇ ਇੱਕਠੀਆਂ ਹੋ ਕੇ ਆਜ਼ਾਦੀ ਲਈ ਬਲੀਦਾਨ ਦਿੱਤੇ ਸਨ ਤੇ ਹਿੰਦੂ, ਮੁਸਲਿਮ, ਸਿਖ, ਈਸਾਈ ਆਦਿ ਸਾਰਿਆਂ ਦਾ ਇੱਕਠਾ ਲਹੂ ਡੁਲ੍ਹਿਆ ਸੀ । ਇਹੀ ਕਾਰਨ ਹੈ ਕਿ ਇਹ ਪਵਿੱਤਰ ਤਿਉਹਾਰ ਪੰਜਾਬ ਵਿਚ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਹੈ ।

ਇਸ ਮੇਲੇ ਨੂੰ ਵੇਖਣ ਲਈ ਜਨਤਾ ਦੂਰ ਦੂਰ ਤੋਂ ਆਉਂਦੀ ਹੈ । ਸਾਡੇ ਪਿੰਡ ਵਿਚ ਕੋਈ ਅਜਿਹਾ ਘਰ ਨਹੀਂ ਹੁੰਦਾ ਜਿਥੇ ਪ੍ਰਾਹੁਣੇ ਨਾ ਆਏ ਹੋਣ, ਭਾਵ ਸਭ ਘਰ ਪ੍ਰਾਹੁਣਿਆਂ ਨਾਲ ਭਰੇ ਹੁੰਦੇ ਹਨ ਤੇ ਲੋਕੀਂ ਚੰਗੇ ਕਪੜੇ ਪਾ ਕੇ ਮੇਲੇ ਜਾਂਦੇ ਹਨ । ਇਉਂ ਜਾਪਦਾ ਹੈ ਜਿਵੇਂ ਹਰ ਚੀਜ਼ ਤੇ ਜੋਬਨ ਹੁੰਦਾ ਹੈ ਤੇ ਹਰ ਚੀਜ਼ ਦੀ ਨੁਹਾਰ ਵਿਚ ਤਬਦੀਲੀ ਜਿਹੀ ਜਾਪਦੀ ਹੈ ।

ਮੇਲਾ ਇਕ ਬਹੁਤ ਖੁਲ੍ਹੇ ਮੈਦਾਨ ਵਿਚ ਲਗਦਾ ਹੈ ਜੋ ਪਿੰਡ ਤੋਂ ਅਧ ਮੀਲ ਦੀ ਵਿਥ ਤੇ ਹੈ । ਮੇਲਾ ਲੱਗਣ ਤੋਂ ਚਾਪ ਪੰਜ ਦਿਨ ਪਹਿਲਾਂ ਹੀ ਦੁਕਾਨਾਂ ਲੱਗ-ਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਮੇਲੇ ਵਾਲੇ ਦਿਨ ਦੁਕਾਨਾਂ ਤੇ ਭੀ ਜੋਬਨ ਡੁਲ੍ਹ ਡੁਲ੍ਹ ਪੈਂਦਾ ਹੈ । ਹਰ ਪਾਸੇ ਖੁਸ਼ੀ ਦਾ ਰਾਜ ਜਾਪਦਾ ਹੈ ।

ਮੇਲੇ ਵਿਚ ਕਈ ਤਰ੍ਹਾਂ ਦੀਆਂ ਖੇਡਾਂ ਹੁੰਦੀਆਂ ਹਨ । ਕਿਸੇ ਪਾਸੇ ਕਬੱਡੀ ਵਾਲਿਆਂ ਦਾ ਪਿੜ ਹੁੰਦਾ ਹੈ । ਕਿਧਰੇ ਸਰਕਸ ਵਾਲਾ ਆਪਣੇ ਖੇਡ ਦਿਖਾ ਰਿਹਾ ਹੈ । ਇਕ ਪਾਸੇ ਮਦਾਰੀ ਆਪਣੀ ਬੀਨ ਵਜਾ ਕੇ ਸੱਪ ਨੂੰ ਮਸਤੀ ਵਿਚ ਲਿਆਉਂਦਾ ਹੈ ਦੂਜੇ ਪਾਸੇ ਬਾਜੀਗਰ ਆਪਣੇ ਕਰਤਬਾਂ ਨਾਲ ਲੋਕਾਂ ਨੂੰ ਹੈਰਾਨ ਕਰੀ ਜਾ ਰਿਹਾ ਹੈ । ਮੇਲਾ ਘੋਲਾਂ ਤੋਂ ਭੀ ਖਾਲੀ ਨਹੀਂ ਹੁੰਦਾ । ਇਕ ਪਾਸੇ ਕਈ ਹੀਰ ਰਾਂਝੇ ਦਾ ਕਿੱਸਾ ਗਾ ਕੇ ਲੋਕਾਂ ਨੇ ਆਪਣੀ ਵਲ ਖਿਚ ਰਹੇ ਹਨ । ਗੱਲ ਕੀ ਲੋਕਾਂ ਵਿਚ ਖੁਸ਼ੀ ਹੁੰਦੀ ਹੈ ਤੇ ਮੇਲਾ ਵੀ ਦਿਲ ਪਰਚਾਵਿਆਂ ਨਾਲ ਭਰਿਆ ਹੁੰਦਾ ਹੈ ।

ਜਦ ਸ਼ਾਮ ਹੁੰਦੀ ਹੈ ਤਾਂ ਸਾਰਾ ਮੇਲਾ ਦੁਕਾਨਾਂ ਤੇ ਟੁੱਟ ਪੈਂਦਾ ਹੈ । ਮਠਿ-ਆਈਆਂ ਦੀਆਂ ਦੁਕਾਨਾਂ ਦੇ ਥਾਲ ਹੁੰਝ ਲਏ ਜਾਂਦੇ ਹਨ । ਦਿਨ ਦੀ ਸ਼ਰਾਬ ਨਾਲ ਨਿਢਾਲ ਹੋਏ ਜੱਟ ਮਠਿਆਈ ਖੂਬ ਉਡਾਂਦੇ ਹਨ । ਉਹਨਾਂ ਦਾ ਮਿੱਠਾ ਉਸ ਤਰ੍ਹਾਂ ਭੀ ਮਨ ਭਾਉਂਦਾ ਖਾਜਾ ਹੈ । ਗੋਲ ਗੱਪੇ ਚਾਟਾਂ ਤੇ ਆਲੂ ਛੋਲੇ ਵਾਲੇ ਭੀ ਖੂਬ ਰੁਪਿਆ ਇਕਠਾ ਕਰਦੇ ਹਨ । ਬੱਚੇ ਜੋ ਭੀ ਮੇਲੇ ਜਾਂਦੇ ਹਨ ਮਿਟੀ ਦੇ ਖਿਡਾਉਣਿਆਂ ਤੋਂ ਖਾਲੀ ਨਹੀਂ ਆਉਂਦੇ । ਹਰ ਬੱਚਾ ਅਲਗੋਜਾਂ ਜਾਂ ਸੀਟੀ ਤਾਂ ਜ਼ਰੂਰ ਘਰ ਨੂੰ ਲਿਆਉਂਦਾ ਹੈ ।

ਜੱਟ ਸ਼ਰਾਬ ਪੀ ਕੇ ਆਪਣੇ ਪੁਰਾਣੇ ਵੈਰਾਂ ਨੂੰ ਮੁੜ ਤਾਜ਼ਾ ਕਰ ਲੈਂਦੇ ਹਨ ਤੇ ਲੜਾਈਆਂ ਹੋ ਜਾਂਦੀਆਂ ਹਨ । ਕਈਆਂ ਬੇਦੋਸਿਆਂ ਦੇ ਖੂਨ ਨਾਲ ਮੇਲਾ ਨਹਾਤਾ ਜਾਂਦਾ ਹੈ । ਪੁਲਸ ਨਾ ਹੋਵੇ ਤਾਂ ਹੋਰ ਕਈ ਦੁਰਘਟਨਾਵਾਂ ਹੋਣ ਦਾ ਵੀ ਡਰ ਰਹਿੰਦਾ ਹੈ ।

ਇਹਨਾਂ ਮੇਲਿਆਂ ਦੇ ਕਈ ਲਾਭ ਵੀ ਹੋਇਆ ਕਰਦੇ ਹਨ । ਮੇਲੇ ਵਿਚ ਵਿਛੋੜੇ ਯਾਰ ਮਿਲ ਜਾਂਦੇ ਹਨ । ਲੋਕਾਂ ਦਾ ਇਹ ਦਿਨ ਖੁਸ਼ੀ ਭਰਿਆ ਲੰਘ ਜਾਂਦਾ ਹੈ ਇਸ ਨਾਲ ਮੁੜ ਮਿਹਨਤ ਕਰਨ ਲਈ ਉਤਸ਼ਾਹ ਭਰ ਜਾਂਦਾ ਹੈ । ਪਰ ਦੂਜੇ ਪਾਸੇ ਇਸ ਮੇਲੇ ਦੀਆਂ ਗਲੀਆਂ ਸੜੀਆਂ ਚੀਜ਼ਾਂ ਖਾ ਕੇ ਭੋਲੇ ਪੇਂਡੂ ਬੀਮਾਰ ਹੋ ਜਾਂਦੇ ਹਨ ਤੇ ਆਪਣੀ ਬੀਮਾਰੀ ਤੇ ਕਈ ਕਈ ਦਿਨ ਪੈਸੇ ਲਾਉਂਦੇ ਰਹਿੰਦੇ ਹਨ । ਕਈ ਵਾਰੀ ਮੇਲਿਆਂ ਤੋਂ ਪਿਛੋਂ ਪਿੰਡਾਂ ਦੇ ਪਿੰਡ ਬੀਮਾਰ ਹੋ ਜਾਂਦੇ ਹਨ ਤੇ ਕਈ ਲੋਕ ਅਨਿਆਈ ਮੌਤ ਮਰ ਜਾਦੇ ਹਨ ।

ਸਾਡਾ ਰਾਸ਼ਟਰ ਪਤੀ

ਡਾ: ਵੀ. ਵੀ. ਗਿਰੀ

ਸਾਡਾ ਦੇਸ਼ 15 ਅਗਸਤ 1947 ਨੂੰ ਆਜ਼ਾਦ ਹੋਇਆ ਸੀ । ਉਸ ਸਮੇਂ ਅਜੇ ਇਹ ਅੰਗਰੇਜ਼ ਡੁਮੀਨੀਅਨ ਗਿਣਿਆ ਜਾਂਦਾ ਸੀ ਇਸ ਲਈ ਪਹਿਲਾ ਵਿਅਕਤੀ ਜੋ ਭਾਰਤੀ ਗਵਰਨਰ ਜਨਰਲ ਸ੍ਰੀ ਰਾਜਗੋਪਾਲ ਆਚਾਰੀਆ ਬਣਿਆ ਸੀ ਜੋ ਭਾਰਤ ਦਾ ਪੁਰਾਣਾ ਨੀਤੀਵਾਨ ਤੇ ਵਿਦਵਾਨ ਸੀ । 26 ਜਨਵਰੀ 1950 ਨੂੰ ਭਾਰਤ ਗਣ-ਰਾਜ ਬਣ ਗਿਆ । ਭਾਰਤ ਦਾ ਸੰਵਿਧਾਨ ਲਾਗੂ ਕਰ ਦਿੱਤਾ ਤੇ ਸੰਵਿਧਾਨ ਸਭਾ ਦੇ ਪ੍ਰਧਾਨ ਡਾ: ਰਾਜੇਂਦਰ ਪ੍ਰਸ਼ਾਦ ਜੋ ਭਾਰਤ ਦੇ ਪ੍ਰਸਿਧ ਵਿਦਵਾਨ, ਨੀਤੀਵਾਂਨ ਤੇ ਆਜ਼ਾਦੀ ਦੀ ਜੰਗ ਦੇ ਮੁਖੀ ਜਰਨੈਲਾਂ ਵਿਚੋਂ ਸਨ ਉਹਨਾਂ ਨੂੰ ਹੀ ਇਹ ਪਦ ਰਾਸ਼ਟਰ ਪਤੀ ਦੇ ਤੌਰ ਤੇ ਸੌਂਪ ਦਿਤਾ ਤੇ ਆਚਾਰੀਆਂ ਜੀ ਨੂੰ ਪਿਨ-ਸ਼ਨ ਦੇ ਦਿਤੀ ।

ਡਾ: ਰਾਜੇਂਦਰ ਪ੍ਰਸ਼ਾਦ ਜੀ ਸੰਨ 1962 ਤਕ ਇਸ ਪਦ ਤੇ ਰਹੇ । ਉਪਰੰਤ ਉਹਨਾਂ ਦੀ ਸਿਹਤ ਠੀਕ ਨਾ ਰਹਿਣ ਕਰਕੇ ਉਹ ਤਿਆਗ ਪਤਰ ਦੇ ਗਏ ਤੇ ਆਪ ਦੇ ਨਾਲ ਉਪ-ਰਾਸ਼ਟਰਪਤੀ ਡਾਕਟਰ ਰਾਧਾ ਕਿਸ਼ਨਨ ਨੂੰ ਇਹ ਪਦ ਸੰਭਾਲ ਦਿਤਾ ਗਿਆ । ਡਾ: ਰਾਧਾ ਕਿਸ਼ਨ ਜੀ 12 ਸਾਲ ਉਪ-ਰਾਸ਼ਟਰਪਤੀ ਰਹੇ ਸਨ । ਇਸ ਲਈ ਉਹਨਾਂ ਨੂੰ ਇਸ ਪਦ ਦਾ ਭਾਰੀ ਤਜਰਬਾ ਸੀ । ਡਾਕਟਰ

ਰਾਧਾ ਕ੍ਰਿਸ਼ਨਨ 1967 ਵਿਚ ਰੀਟਾਇਰ ਹੋ ਗਏ।

ਆਪ ਦੇ ਸਾਥੀ ਡਾ: ਜ਼ਾਕਿਰ ਹੁਸੈਨ ਜੋ ਉਪ-ਰਾਸ਼ਟਰਪਤੀ ਸਨ ਉਹਨਾਂ ਨੂੰ 1967 ਵਿਚ ਰਾਸ਼ਟਰਪਤੀ ਬਣਾ ਦਿੱਤਾ ਗਿਆ। ਡਾਕਟਰ ਜ਼ਾਕਿਰ ਹੁਸੈਨ ਲਗ ਪਗ $1\frac{1}{2}$ ਸਾਲ ਰਾਸ਼ਟਰ ਪਦ ਤੇ ਬਿਰਾਜਮਾਨ ਰਹੇ ਤੇ ਇਕ ਦਿਨ ਦਿਲ ਦੇ ਫੇਲ੍ਹ ਹੋ ਜਾਣ ਨਾਲ ਸੁਰਗ ਸਿਧਾਰ ਗਏ। ਉਸ ਸਮੇਂ ਡਾ: ਵੀ. ਵੀ. ਗਿਰੀ ਉਪ-ਰਾਸ਼ਟਰਪਤੀ ਸਨ ਜੋ ਆਰਜ਼ੀ ਰਾਸ਼ਟਰਪਤੀ ਬਣਾਏ ਗਏ।

ਇਸ ਪਦ ਤੇ ਛੇ ਮਹੀਨੇ ਅੰਦਰ ਸਥਾਈ ਰਾਸ਼ਟਰਪਤੀ ਚੁਣਨਾ ਹੁੰਦਾ ਹੈ। ਕਾਂਗਰਸ ਨੇ ਰਿਵਾਜ ਹੈ ਛਡ ਕੇ ਡਾ: ਸੰਜੀਵਾਰੇਡੀ ਜੋ ਲੋਕ ਸਭਾ ਦਾ ਸਪੀਕਰ ਸੀ, ਨੂੰ ਰਾਸ਼ਟਰਪਤੀ ਪਦ ਲਈ ਖੜਾ ਕਰ ਦਿਤਾ। ਡਾ: ਵੀ. ਵੀ. ਗਿਰੀ ਨੇ ਤਿਆਗ ਪਤਰ ਦੇ ਕੇ ਆਜ਼ਾਦਾਨਾ ਤੌਰ ਤੇ ਏਸ ਪਦ ਲਈ ਚੁਣਾਉ ਲੜਿਆ। ਡਾਕਟਰ ਵੀ. ਵੀ. ਗਿਰੀ ਸਾਹਿਬ ਜਿੱਤ ਗਏ ਤੇ ਡਾ: ਸੰਜੀਵਾ ਰੇਡੀ ਦੇ ਹਥੋਂ ਲੋਕ ਸਭਾ ਦੀ ਸਪੀਕਰੀ ਵੀ ਗਈ।

ਇਸੇ ਚੁਣਾਓ ਤੋਂ ਹੀ ਕਾਂਗਰਸ ਵਿਚ ਫੁਟ ਪੈ ਗਈ। ਡਾ: ਵੀ. ਵੀ. ਗਿਰੀ ਆਂਧਰ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਆਪ ਨੇ ਯੂਰਪ ਤੋਂ ਉਚ ਵਿਦਿਆ ਪ੍ਰਾਪਤ ਕੀਤੀ ਹੋਈ ਹੈ। ਆਪ ਮੁਢ ਤੋਂ ਹੀ ਮਜ਼ੂਰ ਸੰਗਠਨ ਦੇ ਹਾਮੀ ਸਨ। ਏਸ ਲਈ ਆਪ ਨੇ ਆਪਣਾ ਸਾਰਾ ਜੀਵਨ ਮਜ਼ੂਰਾਂ ਦੇ ਹਿਤ ਵਿਚ ਵਰਤਿਆ। ਕਈ ਵਾਰ ਮੰਤਰੀ, ਰਾਜਦੂਤ, ਗਵਰਨਰ ਆਦਿਕ ਪਦਾਂ ਉਪਰ ਵੀ ਰਹੇ। ਤੇ ਅਜ ਭਾਰਤ ਦੇ ਸਜ਼ਬੂਤ ਰਾਸ਼ਟਰਪਤੀ ਹਨ।

ਭਾਵੇਂ ਆਪ ਦੀ ਉਮਰ 72-73 ਸਾਲ ਦੀ ਹੈ ਪਰ ਸਿਹਤ ਚੰਗੀ ਹੈ। ਦਿਨ ਰਾਤ ਡਟ ਕੇ ਕੰਮ ਕਰਦੇ ਹਨ। ਕਿਸੇ ਗੱਲ ਵਿਚ ਪਿਛੇ ਨਹੀਂ। ਮੁਲਕੀ ਮਸ-ਲਿਆਂ ਵਿਚ ਹਰ ਵੇਲੇ ਸਾਲਾਹ ਮਸ਼ਵਰਾ ਕਰਦੇ ਹਨ।

ਭਾਰਤ ਨੇ ਰਾਸ਼ਟਰਪਤੀ ਪਦ ਉਪਰ ਅਜ ਤਕ ਦੇਸ ਦੇ ਸਿਰ ਕਢਵੇਂ ਵਿਅਕਤੀ ਨਿਯੁਕਤ ਕੀਤੇ ਹੋਏ ਹਨ। ਜਿਹੜੇ ਕਿ ਨੀਤੀ ਨਿਪੁੰਨ, ਬੜੇ ਸਾਹਿਤਕਾਰੀ, ਸਮਾਜਵਾਦੀ ਸਮਸਿਆਵਾਂ ਤੇ ਦਰਸ਼ਕ ਸ਼ਾਸਤਰ ਦੇ ਜਾਣੂ, ਸੰਸਾਰ ਦੀ ਆਰਥਿਕਤਾ ਨੂੰ ਸਮਝਣ ਵਾਲੇ ਹੋ ਚੁਕੇ ਹਨ।

ਪ੍ਰਮਾਤਮਾ ਕਰੇ ਸਾਡੇ ਰਾਸ਼ਟਰਪਤੀ ਡਾ: ਵੀ. ਵੀ. ਗਿਰੀ ਦੀ ਦੀਰਘ ਆਯੂ ਹੋਵੇ ਤੇ ਦੇਸ਼ ਉਸ ਦੀਆਂ ਨੇਕ ਸਲਾਹਵਾਂ ਦਾ ਲਾਭ ਉਠਾ ਸਕੇ।

ਸਾਡੀ ਪੰਜ ਸਾਲਾ ਯੋਜਨਾਵਾਂ

ਸਾਡਾ ਦੇਸ਼ ਆਰਥਕ ਤੌਰ ਤੇ ਬਹੁਤ ਪਛੜਿਆ ਹੋਇਆ ਹੈ। ਇਸ ਲਈ ਭਾਰਤ ਸਰਕਾਰ ਨੇ ਭਾਰਤ ਦੇ ਵਸਨੀਕਾਂ ਦੀ ਆਰਥਕ ਅਵਸਥਾ ਸੁਧਾਰਨ ਲਈ ਪੰਜ ਸਾਲਾ ਯੋਜਨਾਵਾਂ ਬਣਾਈਆਂ ਹਨ। ਇਹਨਾਂ ਯੋਜਨਾਵਾਂ ਬਣਾਨ ਲਈ ਭਾਰਤ ਸਰਕਾਰ ਨੇ 1950 ਵਿਚ ਇਕ ਯੋਜਨਾ ਕਮਿਸ਼ਨ ਬਣਾਇਆ ਸੀ ਜਿਸ ਦੇ ਅਨੁਸਾਰ ਪਹਿਲੀ ਪੰਜ ਸਾਲਾ ਯੋਜਨਾ 1951 ਤੋਂ 56 ਤੋਂ 61 ਲਈ ਤੀਜੀ 1961 ਤੋਂ 66 ਲਈ ਚੌਥੀ 1966 ਤੋਂ 1971 ਲਈ ਸੀ। ਪਰ 1966 ਤੋਂ ਬਾਦ ਹਾਲਾਤ ਕੁਝ ਅਨੁਕੂਲ ਨਾ ਰਹੇ। ਜਿਵੇਂ 1965 ਵਿਚ ਪਾਕਿਸਤਾਨ ਨਾਲ ਯੁਧ ਦਾ ਹੋਣਾ ਤੇ ਜਨਵਰੀ 1966 ਵਿਚ ਤਾਸ਼ਕੰਦ ਸੰਧੀ ਦੇ ਬਾਦ ਕੁਝ ਘਰੇਲੂ ਤੇ ਕੁਝ ਬਾਹਰ-ਲੀਆਂ ਅਵਸਥਾਵਾਂ ਠੀਕ ਨਾ ਹੋਣ ਕਰਕੇ 1966 ਦੇ ਬਾਦ 1967,68 69 ਵਿਚ ਤਿੰਨ ਯੋਜਨਾਵਾਂ ਇਕ ਇਕ ਸਾਲ ਦੀਆਂ ਬਣਾਈਆਂ ਗਈਆਂ ਜੋ ਸਿਰੇ ਚੜ੍ਹੀਆਂ ਹੁਣ 1969 ਤੋਂ 74 ਤਕ ਚੌਥੀ ਪੰਜ ਸਾਲਾ ਯੋਜਨਾ ਬਣਾਈ ਗਈ ਹੈ। ਜਿਸ ਉਤੇ ਕੰਮ ਹੋ ਰਿਹਾ ਹੈ।

ਉਦੇਸ਼—ਇਸ ਦੇ ਉਦੇਸ਼ ਇਸ ਪ੍ਰਕਾਰ ਹਨ :—

1. ਖੇਤੀ ਅਤੇ ਸਮੁਦਾਇਕ ਵਿਕਾਸ ਦੀ ਉਨਤੀ।
2. ਸਿੰਜਾਈ ਅਤੇ ਚਾਲਕ ਸ਼ਕਤੀ ਦੀ ਉਨਤੀ।
3. ਉਦਯੋਗ ਅਤੇ ਖਣਿਜ ਦੀ ਉਨਤੀ।
4. ਆਵਾਜਾਈ ਅਤੇ ਸੰਚਾਰ ਦੀ ਉਨਤੀ।
5. ਸਮਾਜ ਸੇਵਾਵਾਂ ਜਿਵੇਂ ਸਿਹਤ-ਸਿਖਿਆ, ਪਛੜੇ ਵਰਗਾਂ ਦੀ ਉਨਤੀ, ਬੇਰੋਜ਼ਗਾਰੀ ਦੂਰ ਕਰਨਾ।
6. ਫੁਟਕਲ ।

ਇਹਨਾਂ ਯੋਜਨਾਵਾਂ ਦੁਆਰਾ ਸਾਡੇ ਦੇਸ਼ ਦੀ ਆਰਥਕ, ਸਮਾਜਕ, ਵਪਾਰਕ ਤੇ ਰਾਜਨੀਤਕ ਅਵਸਥਾਂ ਸੁਧਰੀਆਂ।

ਸਭ ਤੋਂ ਪਹਿਲੀ ਯੋਜਨਾ ਵਿਚ ਖੇਤੀ ਬਾੜੀ ਵਲ ਧਿਆਨ ਦਿਤਾ ਗਿਆ ਸਗੋਂ ਸਾਰੀਆਂ ਯੋਜਨਾਵਾਂ ਵਿਚ ਖੇਤੀ ਬਾੜੀ ਤੇ ਉਦਯੋਗਾਂ ਵਲ ਧਿਆਨ ਦਿੱਤਾ। ਸਿਟਾ ਇਹ ਨਿਕਲਿਆ ਕਿ ਅਜ ਭਾਰਤ ਖੇਤੀ ਬਾੜੀ ਦੀ ਉਪਜ ਵਿਚ ਘਟੋ ਘਟ 33% ਵਧ ਉਪਜ ਕਰਨ ਲਗ ਪਿਆ ਹੈ ਉਦਯੋਗਿਕ ਲੀਹਾਂ ਤੇ ਚਲਕੇ ਦੇਸ਼ ਨੇ ਬੜੀ ਭਾਰੀ ਉਨਤੀ ਕੀਤੀ ਤੇ ਅਜ ਭਾਰਤ ਚਾਹ, ਪਟਸਨ, ਕਪਾਹ, ਮੂੰਗਫਲੀ

ਵਿਦੇਸ਼ਾਂ ਨੂੰ ਭੇਜਦਾ ਹੈ ਤੇ ਉਦਯੋਗਿਕ ਸਾਮਾਨ ਕਪੜਾ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਨੂੰ ਭੇਜਦੀ ਹੈ, ਇਸ ਤੋਂ ਛੁਟ ਰੇਸ਼ਮੀ ਤੇ ਗਰਮ ਕਪੜਾ ਵੀ ਵਿਦੇਸ਼ਾਂ ਨੂੰ ਭੇਜ ਕੇ ਡਾਲਰ ਕਮਾਏ ਜਾਂਦੇ ਹਨ ।

ਸਿੰਜਾਈ ਅਤੇ ਚਾਲਕ ਸ਼ਕਤੀ ਬਾਰੇ ਦੇਸ਼ ਦੇ ਵਿਚ ਬਹੁਤ ਸਾਰੀਆਂ ਬਹੁ ਮੁਖੀ ਯੋਜਨਾਵਾਂ ਮੁਕੰਮਲ ਹੋ ਗਈਆਂ ਹਨ ਜਿਨ੍ਹਾਂ ਨਾਲ ਨਹਿਰਾਂ ਕਢ ਕੇ ਸਿੰਜਾਈ ਦੇ ਸਾਧਨ ਵਧਾਏ ਗਏ ਹਨ ਤੇ ਨਾਲ ਹੀ ਬਿਜਲੀ ਦੀ ਉਪਜ ਵਧਾਈ ਗਈ ਹੈ । ਇਸ ਦੇ ਨਾਲ ਜਿਥੇ ਸਿੰਜਾਈ ਹੋ ਸਕੇਗੀ । ਉਥੇ ਇਹਨਾਂ ਪ੍ਰਾਜੈਕਟਰ ਦੁਆਰਾ ਬਿਜਲੀ ਦੀ ਉਪਜ ਵਧ ਸਕੇਗੀ । ਉਦਯੋਗਿਕ ਉਨਤੀ ਬਾਰੇ ਉਪਰ ਦੱਸ ਚੁਕੇ ਹਾਂ । ਕਿ ਸਰਕਾਰ ਨੇ ਰਾਸ਼ਟਰੀ ਪਧਰ ਤੇ ਵੱਡੀਆਂ ਵੱਡੀਆਂ (Heavy Industries) ਲਗਾਈਆਂ ਹਨ ਜਿਨ੍ਹਾਂ ਵਿਚ ਭਾਰੀ ਮਸ਼ੀਨਰੀ ਭਾਰਤ ਵਿਚ ਬਣਨ ਲਗ ਪਈ ਹੈ । ਜਿਵੇਂ ਟੈਲੀਫੂਨ ਤੇ ਉਸ ਨਾਲ ਸੰਬੰਧਤ ਸਾਮਾਨ ਹੁਣ ਭਾਰਤ ਵਿਚ ਹੀ ਬਣਦਾ ਹੈ । ਕੇਬਲ, ਟੈਲੀਗ੍ਰਾਫ, ਖਰਾਦ, ਲੇਸ, ਜੈਂਕ, ਮੋਟਰਾਂ, ਹਵਾਈ ਜਹਾਜ਼, ਤੇ ਸਮੁੰਦਰੀ ਜਹਾਜ਼ ਭਾਰਤ ਵਿਚ ਬਣ ਰਹੇ ਹਨ ।

ਲੋਹੇ ਦੇ ਅੱਗੇ ਵੀ ਵੱਡੇ ਵੱਡੇ ਕਾਰਖਾਨੇ ਸਨ ਪਰ ਇਹਨਾਂ ਯੋਜਨਾਵਾਂ ਦੁਆਰਾ ਭਿਲਾਈ (ਮਧ ਪ੍ਰਦੇਸ਼) ਦੁਰਗਾ ਪੁਰ (ਬੰਗਾਲ) ਰੁੜਕੇਲਾ (ਉੜੀਸਾ) ਵਿਚ ਤਿੰਨ ਵੱਡੇ ਕਾਰਖਾਨੇ ਇੰਗਲੈਂਡ, ਜਰਮਨ ਤੇ ਰੂਸ ਦੀ ਮਦਦ ਨਾਲ ਲਗਾਏ ਗਏ ਹਨ । ਜਿਥੇ ਲਖਾਂ ਟਨ, ਲੋਹਾਂ ਸਾਲਾਨਾ ਬਣਦਾ ਹੈ ।

ਐਲਮਿਊਨੀਅਮ ਦੇ ਸਾਫ਼ ਕਰਨ ਦੇ ਕਾਰਖਾਨੇ ਭਾਰਤ ਵਿਚ ਲਗ ਗਏ ਹਨ ਜਿਥੇ ਹਰ ਰੋਜ਼ ਐਲਮਿਊਨੀਅਮ ਸਾਫ ਹੁੰਦਾ ਹੈ । ਏਸੇ ਤਰ੍ਹਾਂ ਹੋਰ ਕਈ ਖਣਿਜ ਪਦਾਰਥ ਕਢੇ ਜਾਂਦੇ ਹਨ ।

ਅਬਰਕ ਲਈ ਭਾਰਤ ਸੰਸਾਰ ਦਾ ਪਹਿਲਾ ਦੇਸ਼ ਹੈ ਜੋ ਸਾਰੇ ਸੰਸਾਰ ਨੂੰ ਭੇਜਿਆ ਜਾਂਦਾ ਹੈ ਤੇ ਡਾਲਰ ਪ੍ਰਾਪਤ ਕੀਤੇ ਜਾਂਦੇ ਹਨ । ਕੋਇਲੇ ਦੀ ਉਪਜ ਭੀ ਕਾਫੀ ਵਧ ਗਈ ਹੈ ।

ਆਵਾਜਾਈ ਤੇ ਸੰਚਾਰ ਕੇਂਦਰੀ ਉਨਤੀ ਕਰ ਲਈ ਹੈ । ਆਵਾਜਾਈ ਤੇ ਸੰਚਾਰ ਦੀ ਉਨਤੀ ਨਾਲ ਸਾਡੇ ਵਪਾਰ ਆਦਿਕ ਤਰਕੀ ਕਰ ਰਹੇ ਹਨ ।

ਸਮਾਜ ਸੇਵਾਵਾਂ ਬਾਰੇ ਭਾਰਤ ਵਿਚ ਕੁਝ ਕਾਰਖਾਨੇ ਲਗ ਗਏ ਹਨ । ਜਿਨ੍ਹਾਂ ਵਿਚ ਪੈਨਸਲੀਨ, ਐਂਟੀ ਬਾਇਓਟਿਕ, ਸਲਫਰ ਡਰਗਜ਼, D.D.T.B.C.G. ਆਦਿਕ ਬਣਦੇ ਹਨ । ਇਹੀ ਕਾਰਨ ਹੈ ਕਿ ਭਾਰਤ ਵਿਚ ਅਗੇ ਨਾਲੋਂ ਬੀਮਾਰ ਘਟ

ਹੁੰਦੇ ਹਨ।

ਏਸ ਦੇ ਵਿਚ ਸੰਨ 1947 ਨਾਲੋਂ ਚੋਗੁਣੇ ਸਕੂਲ ਖੁਲ੍ਹ ਗਏ ਹਨ। ਪ੍ਰਾਇਮਰੀ, ਮਿਡਲ, ਹਾਈ ਤੋਂ ਛੁਟ ਕਾਲਜੀ ਤਾਲੀਮ ਨੇ ਭਾਰੀ ਉੱਨਤੀ ਕੀਤੀ ਹੈ।

ਸਾਹਿਤ, ਕਲਾਵਾਂ, ਆਦਿਕ ਵਿਚ ਭੀ ਕਾਫੀ ਅਗਾਂਹ ਵਧ ਗਏ ਹਾਂ।

ਭਾਵੇਂ ਦੇਸ਼ ਵਿਚੋਂ ਬੇਰੁਜ਼ਗਾਰੀ ਦੂਰ ਨਹੀਂ ਹੋਈ ਫੇਰ ਵੀ ਸਾਡੀ ਸਰਕਾਰ ਨੇ ਕਾਰਖਾਨੇ ਖੋਲ੍ਹ ਕੇ ਬਹੁਤ ਸਾਰੇ ਬੰਦਿਆਂ ਨੂੰ ਰੁਜ਼ਗਾਰ ਮੁਹੀਆ ਕੀਤਾ ਹੈ।

ਡਾਕਖਾਨੇ ਅਤੇ ਡਾਕਘਰ ਵੀ 1947 ਨਾਲੋਂ ਪੰਜ ਗੁਣਾ ਵਧ ਗਏ ਹਨ। ਟੈਲੀਫੂਨ ਬਹੁਤ ਉਨਤੀ ਕਰ ਗਿਆ ਹੈ।

ਗਲ ਕੀ ਹੋਰ ਦਸਾਂ ਸਾਲਾਂ ਤਕ ਭਾਰਤ ਇਹਨਾਂ ਯੋਜਨਾਵਾਂ ਦੁਆਰਾ ਭਾਰੀ ਉੱਨਤੀ ਕਰ ਜਾਵੇਗਾ।

ਸਫ਼ਰ ਦੇ ਲਾਭ

ਸਮਾਂ ਬਦਲਦਾ ਬਦਲਦਾ ਕੁਝ ਦਾ ਕੁਝ ਕਰ ਦਿੰਦਾ ਹੈ। ਉਹ ਭੀ ਸਮਾਂ ਸੀ ਜਦੋਂ ਸਫਰ ਕਰਨਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਅਸਲ ਵਿਚ ਉਹਨਾਂ ਦਿਨਾਂ ਵਿਚ ਸਫਰ ਕਰਨਾ ਖ਼ਤਰੇ ਤੋਂ ਖਾਲੀ ਵੀ ਨਹੀਂ ਸੀ। ਲੋਕੀਂ ਮੂੜ੍ਹ ਸਨ। ਸਮੁੰਦਰ ਵਿਚ ਸਫਰ ਕਰਨਾ ਜਲ ਦੇਵਤੇ ਦੀ ਬੇਪਤੀ ਸਮਝਿਆ ਜਾਂਦਾ ਸੀ। ਲੋੜ ਕਾਢ ਦੀ ਮਾਂ ਹੈ। ਜਿਉਂ ਜਿਉਂ ਮਨੁੱਖ ਦੀਆਂ ਖਾਹਸ਼ਾਂ ਵਧਦੀਆਂ ਗਈਆਂ ਮਨੁੱਖ ਆਪਣੇ ਆਰਾਮ ਲਈ ਕੁਝ ਨਾ ਕੁਝ ਨਵੀਆਂ ਚੀਜ਼ਾਂ ਬਣਾਉਂਦਾ ਗਿਆ। ਇਸ ਸਦੀ ਵਿਚ ਜਿਥੇ ਵਿਗਿਆਨ ਨੇ ਸਾਡੀ ਰੋਜ਼ਾਨਾ ਜ਼ਿੰਦਗੀ ਦੀ ਨੁਹਾਰ ਬਦਲ ਦਿੱਤੀ ਹੈ, ਉਥੇ ਸਾਡੇ ਸਫਰ ਭੀ ਬਹੁਤ ਸੁਖਾਲੇ ਅਤੇ ਤੇਜ਼ ਕਰ ਦਿੱਤੇ ਹਨ। ਪਿਛੇ ਇਕ ਥਾਂ ਤੋਂ ਦੂਜੀ ਥਾਂ ਜਾਣ ਤੋਂ ਪਹਿਲਾਂ ਜਾਣ ਵਾਲੇ ਦੇ ਗਲ ਲੱਗ ਕੇ ਸਾਰਾ ਟੱਬਰ ਮਿਲ ਲੈਂਦਾ ਸੀ, ਰੋ ਲੈਂਦਾ ਸੀ, ਕੀ ਖਬਰੇ ਦੂਜੇ ਥਾਂ ਤੋਂ ਮੁੜ ਕੇ ਭੀ ਆਉਣਾ ਹੈ ਜਾਂ ਨਹੀਂ। ਇਹ ਹੈ ਭੀ ਠੀਕ ਸੀ, ਰਾਹ ਵਿਚ ਚੋਰ ਡਾਕੂ ਜੰਗਲੀ ਜਾਨਵਰ ਥਾਂ ਥਾਂ ਮਿਲਦੇ ਸਨ। ਪਰ ਹੁਣ ਹਵਾਈ ਜਹਾਜ਼, ਸਮੁੰਦਰੀ ਜਹਾਜ਼, ਰੇਵ ਗੱਡੀਆਂ ਤੇ ਮੋਟਰਾਂ ਆਦਿਕ ਨੇ ਸਾਡੇ ਸਫਰ ਵਿਚ ਬਹੁਤ ਪਰੀਵਰਤਨ ਲੈ ਆਂਦਾ ਹੈ।

ਸਫਰ ਦੇ ਬੇਗਿਣਤ ਲਾਭ ਹਨ। ਇਹ ਭਾਵੇਂ ਉਸ ਤਰ੍ਹਾਂ ਵੇਖਣ ਨੂੰ ਨਹੀਂ ਜਾਪਦੇ ਪਰ ਸਾਡੇ ਰੋਜ਼ਾਨਾ ਜੀਵਨ ਵਿਚ ਕਾਫੀ ਉੱਨਤੀ ਦਾ ਕਾਰਨ ਬਣਦੇ ਹਨ।

ਸਫਰ ਅਸਲੀ ਤੇ ਨਿੱਗਰ ਗਿਆਨ ਦੇ ਵਾਧੇ ਦਾ ਸਭ ਤੋਂ ਉਤਮ ਸਾਧਨ ਹੈ। ਜੋ ਅਸੀਂ ਪੁਸਤਕਾਂ ਵਿਚ ਪੜ੍ਹਦੇ ਹਾਂ ਉਹ ਕੇਵਲ ਸਾਡਾ ਗਿਆਨ ਹੈ। ਜੋ ਕਦੀ ਭੁਲਣ ਦੀ ਸੰਭਾਵਣਾ ਰਖਦਾ ਹੈ, ਪਰ ਅੱਖੀਂ ਡਿਠੀ ਚੀਜ਼ ਦੇ ਨਜ਼ਾਰੇ ਨੂੰ ਪੜ੍ਹੇ ਹੋਏ ਨਾਲੋਂ ਸੁਹਣੀ ਤਰ੍ਹਾਂ ਲਿਖਿਆ ਜਾ ਸਕਦਾ ਹੈ। ਜਿਵੇਂ ਕੋਈ ਸਫਰ ਕਰ ਕੇ ਅੰਮ੍ਰਿਤਸਰ ਆ ਗਿਆ ਹੈ। ਉਸ ਨੂੰ ਅੰਮ੍ਰਿਤਸਰ ਨੂੰ ਆਪਣੀਆਂ ਨਿੱਜੀ ਅੱਖੀਆਂ ਨਾਲ ਵੇਖਿਆ ਹੈ। ਜੇ ਉਸ ਨੂੰ ਅੰਮ੍ਰਿਤਸਰ ਤੇ ਲੇਖ ਲਿਖਣਾ ਆ ਜਾਵੇ ਤਾਂ ਮੈਂ ਭਰੋਸੇ ਨਾਲ ਆਖ ਸਕਦਾ ਹਾਂ ਕਿ ਉਸ ਦਾ ਲੇਖ ਜ਼ਰੂਰ ਹੀ ਉਸ ਵਿਦਿਆਰਥੀ ਨਾਲੋਂ ਚੰਗਾ ਹੋਵੇਗਾ ਜਿਸ ਨੇ ਲੇਖ ਕੇਵਲ ਪੁਸਤਕ ਵਿਚੋਂ ਪੜ੍ਹਿਆ ਹੈ। ਵਿਦਿਆਰਥੀ ਜਿਹੜੇ ਬਹੁਤ ਸਫਰ ਕਰਦੇ ਹਨ ; ਆਮ ਕਰਕੇ ਉਹਨਾਂ ਦਾ ਗਿਆਨ ਕਾਫੀ ਵਿਸ਼ਾਲ ਹੁੰਦਾ ਹੈ ।

ਸਫਰ ਸਮਾਜ ਅਤੇ ਦੇਸ਼ ਦੀ ਉੱਨਤੀ ਦਾ ਕਾਰਨ ਵੀ ਬਣਦਾ ਹੈ ਅਸੀਂ ਸੈਰ ਕਰਨ ਦੂਜਿਆਂ ਦੇਸ਼ਾਂ ਵਿਚ ਜਾਂਦੇ ਹਾਂ ਜਿਹੜੇ ਉੱਨਤੀ ਦੀਆਂ ਕਾਫੀ ਪੌੜੀਅ ਚੜ੍ਹ ਚੁਕੇ ਹਨ, ਉਹਨਾਂ ਦੀ ਉਨਤੀ ਦੇਖ ਕੇ ਸਾਡੇ ਹਿਰਦੇ ਅੰਦਰ ਭੀ ਉਨਤੀ ਦੀ ਚਾਹ ਪ੍ਰਬਲ ਹੋ ਜਾਂਦੀ ਹੈ। ਸਾਡੇ ਕਈ ਵਿਦਿਆਰਥੀ ਹੁਣ ਵੀ ਵੱਖ ਵੱਖ ਦੇਸ਼ ਵਿਚ ਉਨਤੀ ਪਾ ਕੇ ਆਉਂਦੇ ਹਨ, ਉਹਨਾਂ ਨੂੰ ਕੇਵਲ ਸਫਰ ਕਰਨ ਨਾਲ ਦੂਜਿਆਂ ਦੇਸ਼ਾਂ ਦੀਆਂ ਚੰਗੀਆਂ ਤੇ ਬੁਰੀਆਂ ਚੀਜ਼ਾਂ ਦਾ ਪਤਾ ਲਗ ਜਾਂਦਾ ਹੈ ਤੇ ਉਸ ਅਨੁਸਾਰ ਹਰ ਦੇਸ਼ ਵਿਚੋਂ ਵਪਾਰ ਲਈ ਚੰਗੀਆਂ ਚੀਜ਼ਾਂ ਹੀ ਮੰਗਾਉਂਦੇ ਹਨ । ਉਥੇ ਜਾ ਕੇ ਇਹ ਪਤਾ ਲਗ ਜਾਂਦਾ ਹੈ ਕਿ ਕਿਸ ਦੇਸ਼ ਦੀ ਮਸ਼ੀਨਰੀ ਕਿਸ ਪ੍ਰਕਾਰ ਦੀ ਹੈ।

ਦੂਜਿਆਂ ਦੇਸ਼ਾਂ ਵਿਚ ਸਫਰ ਕਰ ਕੇ ਉਹਨਾਂ ਦੇਸ਼ਾਂ ਦੀ ਰਾਜਨੀਤਕ ਹਾਲਤ ਜਲਵਾਯੂ ਅਤੇ ਰਸਮੋ ਰਿਵਾਜ ਦਾ ਪਤਾ ਲਗ ਜਾਂਦਾ ਹੈ। ਉਥੋਂ ਦੇ ਲੋਕਾਂ ਦੇ ਜੀਵਨ ਨਿਰਵਾਹ ਪਤਾ ਲਗ ਜਾਂਦਾ ਹੈ । ਫਿਰ ਕਿਹੜੀ ਚੀਜ਼ ਸਾਨੂੰ ਉਹਨਾਂ ਦੇਸ਼ਾਂ ਵਿਚ ਚੰਗੀ ਲੱਗੇ ਅਸੀਂ ਆਪਣੇ ਵਿਚ ਭੀ ਚਾਲੂ ਕਰ ਸਕਦੇ ਹਾਂ।

ਸਫਰ ਨਾਲ ਵਪਾਰ ਸੰਬੰਧ ਵਿਚ ਕਾਫੀ ਗਿਆਨ ਹੋ ਜਾਂਦਾ ਹੈ। ਦੇਸ਼ ਕੋਨੇ ਕੋਨੇ ਵਿਚ ਸਫਰ ਕਰਨ ਨਾਲ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਦੇਸ਼ ਦੇ ਕਿਸ ਭਾਗ ਵਿਚ ਕਿਸ ਕਿਸ ਪ੍ਰਕਾਰ ਦੀਆਂ ਚੀਜ਼ਾਂ ਦੀ ਲੋੜ ਹੈ ਤੇ ਲੋਕੀ ਕਿਸ ਪ੍ਰਕਾਰ ਦੀਆਂ ਆਮ ਚੀਜ਼ਾਂ ਨੂੰ ਪਸੰਦ ਕਰਦੇ ਹਨ। ਇਸ ਤਰ੍ਹਾਂ ਵਪਾਰ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਸਫਰ ਅਰੋਗਤਾ ਲਈ ਕਾਫੀ ਲਾਭਦਾਇਕ ਹੈ। ਮਨੁਖ ਦਾ ਮਨ ਸਫਰ ਵਿਚ ਤਰ੍ਹਾਂ ਤਰ੍ਹਾਂ ਦੀਆਂ ਪ੍ਰਭੂ ਦੀਆਂ ਬਣਾਈਆਂ ਹੋਈਆਂ ਮੂਰਤਾਂ ਤੇ ਕੁਦਰਤੀ ਦ੍ਰਿਸ਼ਾਂ ਨੂੰ ਦੇਖ ਕੇ ਬਹੁਤ ਖੁਸ਼ ਰਹਿੰਦਾ ਹੈ। ਡਾਕਟਰਾਂ ਦਾ ਵਿਚਾਰ ਹੈ ਕਿ ਪ੍ਰਸੰਨਤਾ ਅਰੋਗਤਾ

ਦਾ ਵੱਡਾ ਚਿੰਨ੍ਹ ਹੈ ! ਸੋ ਸਫਰ ਚੰਗੀ ਸਿਹਤ ਤੇ ਕਾਫੀ ਚੰਗਾ ਪ੍ਰਭਾਵ ਪਾਉਂਦਾ ਹੈ। ਸਫਰ ਮਨੁਖ ਨੂੰ ਘਰ ਦੀਆਂ ਫਿਕਰਾਂ ਤੇ ਔਕੜਾਂ ਤੋਂ ਦੂਰ ਰਖਦਾ ਹੈ।

ਸਫਰ ਹਰ ਤਰ੍ਹਾਂ ਦੇ ਆਦਮੀ ਨਾਲ ਟਾਕਰਾ ਕਰਵਾ ਦਿੰਦਾ ਹੈ। ਸਫਰ ਵਿਚ ਚੰਗਾ ਤੋਂ ਚੰਗਾ ਆਦਮੀ ਮਿਲਦਾ ਹੈ ਅਤੇ ਬੁਰੇ ਤੋਂ ਬੁਰਾ । ਜੀਵਨ ਦਾ ਨਿਜੀ ਤਜਰਬਾ ਭੀ ਕਾਫੀ ਵਧ ਜਾਂਦਾ ਹੈ। ਹਰ ਤਰ੍ਹਾਂ ਦਾ ਸਿਧਾ ਸਾਦਾ ਪੇਂਡੂ ਮਿਲਦਾ ਹੈ ਤੇ ਹਰ ਪਰਕਾਰ ਦੇ ਤਿਖੇ ਸੁਭਾਉ ਵਾਲੇ ਸ਼ਹਿਰੀ ਨਾਲ ਵੀ ਵਾਸਤਾ ਪੈਂਦਾ ਹੈ। ਹਰ ਪ੍ਰਕਾਰ ਦੀ ਪੁਸ਼ਾਕ, ਕਿਸੇ ਸੂਬੇ ਵਿਚ ਕੋਈ, ਕਿਸੇ ਵਿਚ ਕੋਈ, ਮਨੁਖ ਦੇ ਮਨ ਨੂੰ ਉਤਸ਼ਾਹ ਭਰਪੂਰ ਬਣਾ ਦਿੰਦੀ ਹੈ। ਸਫਰ ਨਾਲ ਮਨੁਖ ਵਿਚ ਦੇਸ਼ ਪਿਆਰ ਵਧ ਜਾਂਦਾ ਹੈ । ਦੂਜੇ ਦੇਸ਼ ਵਿਚ ਕਿਤੇ ਆਪਣਾ ਦੇਸੀ ਆਦਮੀ ਮਿਲ ਪਵੇ ਤਾਂ ਅਸੀਂ ਉਸ ਨੂੰ ਉਡ ਕੇ ਮਿਲਦੇ ਹਾਂ। ਉਸ ਤਰ੍ਹਾਂ ਉਸ ਆਦਮੀ ਨੂੰ ਆਪਣੇ ਦੇਸ਼ ਵਿਚ ਭਾਵੇਂ ਬੁਲਾਈਏ ਤਕ ਵੀ ਨਾ ।

ਸਫਰ ਕਰਨ ਨਾਲ ਮਨੁਖ ਨੂੰ ਅਸਲੀ ਮਨੁਖਤਾ ਦਾ ਪਤਾ ਲਗਦਾ ਹੈ। ਸਫਰ ਵਿਚ ਗਰੀਬ ਤੋਂ ਗਰੀਬ ਅਤੇ ਅਮੀਰ ਤੋਂ ਅਮੀਰ ਆਦਮੀ ਨਾਲ ਟਾਕਰਾ ਹੁੰਦਾ ਹੈ। ਆਦਮੀ ਸੁਅਰਥ ਤਿਆਗ ਕੇ ਅਮਨ ਦਾ ਚਾਹਵਾਨ ਬਣ ਜਾਂਦਾ ਹੈ । ਸਾਡੇ ਭਾਰਤੀ ਹੁਣ ਕਾਫੀ ਸਫਰ ਕਰਦੇ ਹਨ। ਆਏ ਦਿਨ ਸਾਡੇ ਭਾਰਤ ਦੀ ਨੁਹਾਰ ਬਦਲੀ ਜਾ ਰਹੀ ਹੈ। ਇਸ ਤਰ੍ਹਾਂ ਕਰਦਿਆਂ ਕਰਦਿਆਂ ਸਾਡੇ ਦੇਸ਼ ਨੇ ਵੀ ਉੱਨਤੀ ਦੇ ਸਿਖਰ ਤੇ ਪੁਜ ਜਾਣਾ ਹੈ ਤੇ ਕਾਫੀ ਪੁਜਦਾ ਜਾ ਰਿਹਾ ਹੈ।

ਇਸਤਰੀ ਵਿਦਿਆ

ਹਰ ਦੇਸ਼ ਅਤੇ ਕੌਮ ਦੀ ਉੱਨਤੀ ਉਸ ਕੌਮ ਦੀਆਂ ਇਸਤਰੀਆਂ ਤੋਂ ਮਾਪੀ ਜਾਂਦੀ ਹੈ। ਜਿਸ ਕੌਮ ਦੀਆਂ ਇਸਤਰੀਆਂ ਉੱਨਤੀ ਦੀ ਟੀਸੀ ਤੇ ਪੁਜ ਚੁਕੀਆਂ ਹਨ ਉਹ ਕੌਮ ਹੀ ਅਗਾਂਹ ਵਧੂ ਅਤੇ ਉੱਨਤ ਕੌਮਾਂ ਦੀ ਕਤਾਰ ਵਿਚ ਖੜੀ ਹੋ ਜਾਵੇਗੀ। ਜਿਸ ਕੌਮ ਦੀਆਂ ਇਸਤਰੀਆਂ ਪਿਛੇ ਰਹੀਆਂ ਹੋਈਆਂ ਹਨ, ਉਸ ਕੌਮ ਦਾ ਉੱਨਤੀ ਕਰਨਾ ਜੇ ਅਸੰਭਵ ਨਹੀਂ ਤਾਂ ਘਟੋ ਘਟ ਮੁਸ਼ਕਲ ਜ਼ਰੂਰ ਹੈ । ਪਰ ਇਸਤਰੀਆਂ ਦੀ ਉੱਨਤੀ ਉਹਨਾਂ ਦੀ ਵਿਦਿਆ ਤੇ ਨਿਰਭਰ ਹੁੰਦੀ ਹੈ। ਅਨਪੜ੍ਹ ਇਸਤਰੀਆਂ ਨੇ ਕੀ ਉੱਨਤੀ ਕਰਨੀ ਹੈ ਕਿਉਂਕਿ ਸਿਆਣਿਆਂ ਆਖਿਆ ਹੈ ਕਿ ਵਿਦਿਆ ਚਾਨਣ ਅਤੇ ਅਣਪੜ੍ਹਤਾ ਹਨੇਰਾ ਹੈ ਸੋ ਆਪਣੇ ਦੇਸ਼ ਦੀ ਅੱਸੀ ਫੀ ਸਦੀ ਵਸੋਂ ਹਨੇਰੇ ਵਿਚ ਰਖ ਕੇ ਅਸੀਂ ਕਿਸ ਤਰ੍ਹਾਂ ਉੱਨਤੀ ਕਰ ਸਕਦੇ ਹਾਂ ।

ਦੁਨੀਆਂ ਵਿਚ ਸਾਰੇ ਆਦਮੀ ਇਕ ਵਿਚਾਰ ਦੇ ਨਹੀਂ ਹੋਇਆ ਕਰਦੇ । ਇਹ ਵਿਦਿਆ ਇਸਤਰੀਆਂ ਦੇ ਆਚਰਨ ਖਰਾਬ ਕਰ ਦਿੰਦੀ ਹੈ ਤੇ ਇਸ ਨਾਲ ਇਸ-ਤਰੀਆਂ ਖੁਲੀਆਂ ਹੋ ਜਾਂਦੀਆਂ ਹਨ । ਸੋਚਿਆ ਜਾਵੇ ਤਾਂ ਇਹ ਇਸਤਰੀ ਵਿਦਿਆ ਦੇ ਵਿਰੋਧੀਆਂ ਦੀ ਵੱਡੀ ਭੁਲ ਹੈ ਕਿਉਂਕਿ ਆਮ ਜੀਵਨ ਵਿਚ ਦੇਖਿਆ ਗਿਆ ਹੈ ਕਿ ਜਿਸ ਕੁੜੀ ਦਾ ਆਚਰਨ ਵਿਗੜਦਾ ਹੈ ਉਹ ਘਰ ਦੀ ਚਾਰ ਦੀਵਾਰੀ ਵਿਚ ਭੀ ਵਿਗੜ ਜਾਂਦਾ ਹੈ । ਵਿਦਿਆ ਆਚਰਨ ਖਰਾਬ ਨਹੀਂ ਕਰਦੀ ਸਗੋਂ ਠੀਕ ਕਰਦੀ ਹੈ ।

ਇਹ ਭੀ ਆਖਿਆ ਜਾਂਦਾ ਹੈ ਕਿ ਪੜ੍ਹਾਈ ਲਈ ਇਸਤਰੀਆਂ ਦੇ ਦਿਮਾਗ ਕਾਫੀ ਕਮਜ਼ੋਰ ਹੁੰਦੇ ਹਨ । ਇਹ ਪਹਿਲਾਂ ਨਾਲੋਂ ਭੀ ਭੁਲੇਖਾ ਅਤੇ ਭੁਲ ਹੈ । ਕਿਉਂਕਿ ਅਜ ਕਲ ਦੀਆਂ ਪ੍ਰਖਿਆਵਾਂ ਵੀ ਇਸ ਗੱਲ ਦੀ ਉਗਾਹੀ ਭਰ ਰਹੀਆਂ ਹਨ ਕਿ ਕੁੜੀਆਂ ਦੇ ਦਿਮਾਗ ਵਿਚ ਕੋਈ ਕਮਜ਼ੋਰੀ ਨਹੀਂ ਹੁੰਦੀ । ਬਹੁਤੀਆਂ ਪ੍ਰੀਖਿਆਵਾਂ ਵਿਚ ਕੁੜੀਆਂ ਸਾਰੀ ਯੂਨੀਵਰਸਿਟੀ ਵਿਚੋਂ ਪਹਿਲਾ ਦਰਜਾ ਪ੍ਰਾਪਤ ਕਰਦੀਆਂ ਹਨ ਅਸਲ ਵਿਚ ਅਨਪੜ੍ਹ ਮਾਪੇ ਆਪਣੀਆਂ ਕੁੜੀਆਂ ਦੀ ਵਿਦਿਆ ਦੇ ਹੱਕ ਵਿਚ ਨਹੀਂ ਹਨ ਉਹਨਾਂ ਨੂੰ ਵਿਦਿਆ ਦੀ ਮਹੱਤਤਾ ਦਾ ਪਤਾ ਨਹੀਂ ।

ਵਰਤਮਾਨ ਸਮੇਂ ਵਿਚ ਇਸਤਰੀਆਂ ਕਾਫੀ ਵਿਦਿਆ ਪ੍ਰਾਪਤ ਕਰ ਰਹੀਆਂ ਹਨ । ਇਹਨਾਂ ਨੇ ਸਾਬਤ ਭੀ ਕਰ ਦਿੱਤਾ ਹੈ ਕਿ ਇਹ ਮਰਦਾਂ ਨਾਲੋਂ ਕਿਸੇ ਗੱਲ ਵਿਚ ਭੀ ਘਟ ਨਹੀਂ ਹਨ । ਇਹ ਮਰਦਾਂ ਵਾਂਗ ਸਮਾਜਕ ਭਾਈਚਾਰਕ ਤੇ ਰਾਜਸੀ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੀਆਂ ਹਨ । ਸ੍ਰੀਮਤੀ ਰਾਜ ਕੁਮਾਰੀ ਅੰਮ੍ਰਿਤ ਕੌਰ ਭਾਰਤ ਦੀ (Health Minister) ਸਿਹਤ ਵਿਭਾਗ ਦੀ ਵਜ਼ੀਰ ਰਹਿ ਚੁਕੀ ਹੈ । ਇਸ ਤਰ੍ਹਾਂ ਵਿਜੈ ਲਕਸ਼ਮੀ ਪੰਡਤ ਹਨ । ਜੋ ਭਾਰਤ ਦੀ ਰਾਜਦੂਤ ਬਣ ਕੇ ਬਰਤਾ-ਨੀਆਂ ਰੂਸ ਤੇ ਅਮਰੀਕਾ ਰਹਿ ਕੇ ਆਈ ਹੈ ਤੇ ਸੁਰਗਵਾਸੀ ਸਰੋਜਨੀ ਨੈਡੋ ਤੇ ਅੱਜ ਉਸ ਦੀ ਧੀ ਹੈ । ਇਹਨਾਂ ਸਭ ਨੇ ਮਿਲਕੇ ਭਾਰਤ ਦੀ ਆਜ਼ਾਦੀ ਲਈ ਮਰਦਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਯਤਨ ਕੀਤੇ ਹਨ ਤੇ ਅਜ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਇਸਤਰੀ ਹੈ । ਕੇਵਲ ਇਸ ਤਰ੍ਹਾਂ ਇਸ ਸਭ ਕੁਝ ਹੋਣ ਦਾ ਕਾਰਣ ਉਨ੍ਹਾਂ ਦੀ ਵਿਦਿਆ ਹੈ । ਵਿਦਿਆ ਤੋਂ ਬਿਨਾਂ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦੀ ਸੋਝੀ ਨਹੀਂ ਹੋ ਸਕਦੀ ਸੀ ।

ਵਿਦਿਆ ਇਸਤਰੀ ਦੀ ਵਾਕਫੀਅਤ ਵਿਚ ਵਾਧਾ ਕਰਨ ਦਾ ਵਧੀਆ ਸਾਧਨ ਹੈ । ਵਿਦਿਆ ਵਾਲੀ ਇਸਤਰੀ ਹਰ ਪਰਕਾਰ ਦੀ ਅਖਬਾਰ ਪੜ੍ਹ ਸਕਦੀ ਹੈ । ਉਸ ਨੂੰ ਆਪਣੇ ਤੇ ਦੂਜੇ ਦੇਸ਼ਾਂ ਵਿਚ ਕੀ ਹੋ ਰਿਹਾ ਹੈ ਸਭ ਕੁਝ ਪਤਾ ਲਗ

ਜਾਂਦਾ ਹੈ ਵਿਦਿਆ ਉਸ ਦੇ ਭਰਮਾਂ ਨੂੰ ਦੂਰ ਕਰਦੀ ਹੈ ਉਸ ਨੂੰ ਪਤਾ ਹੁੰਦਾ ਹੈ ਕਿ ਅਸਲੀਅਤ ਕਿਸ ਚੀਜ਼ ਵਿਚ ਹੈ। ਅਨਪੜ੍ਹ ਇਸਤਰੀ ਵਾਂਗ ਉਹ ਲਕੀਰ ਦੀ ਫਕੀਰ ਨਹੀਂ ਹੁੰਦੀ। ਦੇਸ ਨੂੰ ਆਪਣਾ ਘਰ ਚਲਾਉਣ ਦਾ ਪੂਰਾ ਪੂਰਾ ਪਤਾ ਹੁੰਦਾ ਹੈ। ਗੱਲ ਕੀ ਉਸ ਨੂੰ ਆਪਣੇ ਜੀਵਨ ਦੀ ਗੱਡੀ ਤੋਰਨ ਲਈ ਵਿਦਿਆ ਕਾਫੀ ਸਹਾਇਤਾ ਦਿੰਦੀ ਹੈ।

ਵਿਦਿਆ ਉਸ ਨੂੰ ਸੋਝੀਵਾਨ ਬਣਾ ਦਿੰਦੀ ਹੈ। ਇਸੇ ਤਰ੍ਹਾਂ ਇਸਤਰੀ ਕਿਤੇ ਧੋਖਾ ਨਹੀਂ ਖਾਂਦੀ। ਉਹ ਆਪਣੇ ਪਤੀ ਦੀਆਂ ਰੀਝਾਂ ਨੂੰ ਚੰਗੀ ਤਰ੍ਹਾਂ ਜਾਣਦੀ ਹੁੰਦੀ ਹੈ ਤੇ ਉਨ੍ਹਾਂ ਰੀਝਾਂ ਦੀ ਪੂਰਤੀ ਲਈ ਉਹ ਹਰ ਹੁੰਦਾ ਯਤਨ ਕਰਦੀ ਹੈ ਤੇ ਘਰ ਵਿਚ ਲੋੜ ਪਏ ਤਾਂ ਉਹ ਆਪਣੇ ਪਤੀ ਦੀ ਮਦਦ ਲਈ ਨੌਕਰੀ ਵੀ ਕਰ ਲੈਂਦੀ ਹੈ ਤੇ ਆਪਣੀਆਂ ਆਰਥਕ ਔਕੜਾਂ ਨੂੰ ਚੰਗੀ ਤਰ੍ਹਾਂ ਹੱਲ ਕਰ ਸਕਦੀ ਹੈ। ਪ੍ਰਭੂ ਨਾ ਕਰੇ ਜੇ ਰਬ ਸਬੱਬੀਂ ਇਸਤਰੀ ਵਿਧਵਾ ਹੋ ਜਾਂਦੀ ਹੈ ਤਾਂ ਇਹ ਵਿਦਿਆ ਉਸ ਦੀ ਆਪਣੀ ਉਦਰ ਪੂਰਤੀ ਦਾ ਸਾਧਨ ਬਣ ਜਾਂਦੀ ਹੈ। ਇਸ ਤਰ੍ਹਾਂ ਉਸ ਨੂੰ ਸਮਾਜ ਦੇ ਗੰਦੇ ਆਗੂਆਂ ਅੱਗੇ ਮਿੰਨਤਾਂ ਨਹੀਂ ਕਰਨੀਆਂ ਪੈਂਦੀਆਂ। ਉਹ ਕੋਈ ਨਿੱਕੀ ਮੋਟੀ ਨੌਕਰੀ ਕਰ ਕੇ ਆਪਣੇ ਦਿਨ ਪੂਰੇ ਕਰ ਸਕਦੀ ਹੈ।

ਵਰਤਮਾਨ ਸਮੇਂ ਵਿਚ ਕੁਝ ਇਸਤਰੀ ਵਿਦਿਆ ਦਾ ਥੋੜ੍ਹਾ ਜਿਹਾ ਰਿਵਾਜ ਪਿਆ ਹੈ। ਇਸੇ ਲਈ ਪੜ੍ਹੀਆਂ ਲਿਖੀਆਂ ਇਸਤਰੀਆਂ ਦਫਤਰਾਂ, ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਵਿਚ ਕੰਮ ਕਰਦੀਆਂ ਹਨ। ਇਥੋਂ ਤਕ ਕਿ ਹੁਣ ਪੁਲਸ ਵਿਚ ਭੀ ਕੁੜੀਆਂ ਕੰਮ ਕਰਨ ਲੱਗ ਪਈਆਂ ਹਨ। ਸੋ ਵਰਤਮਾਨ ਇਸਤਰੀ ਭਾਈਚਾਰਕ ਰਾਜਸੀ ਅਤੇ ਇਸ ਤਰ੍ਹਾਂ ਦੀਆਂ ਹੋਰ ਸਮਸਿਆਵਾਂ ਨੂੰ ਸੁਲਝਾਉਣ ਵਿਚ ਪੂਰੀ ਪੂਰੀ ਸਹਾਇਤਾ ਕਰਦੀ ਹੈ।

ਬੱਚੇ ਦੇਸ਼ ਅਤੇ ਕੌਮ ਦਾ ਧਨ ਹੁੰਦੇ ਹਨ ਇਹਨਾਂ ਦੀ ਦੇਖ ਸੰਭਾਲ ਵਿਚ ਪੜ੍ਹੀ ਲਿਖੀ ਇਸਤਰੀ ਚੰਗੀ ਤਰ੍ਹਾਂ ਸਫਲ ਹੁੰਦੀ ਹੈ। ਸੋ ਜਾਂਦੇ ਰੂਪ ਵਿਚ ਪੜ੍ਹੀ ਲਿਖੀ ਇਸਤਰੀ ਕੌਮ ਤੇ ਦੇਸ਼ ਦੀ ਉੱਨਤੀ ਦਾ ਕਾਰਨ ਬਣ ਜਾਂਦੀ ਹੈ ਸਭ ਵੱਡੇ ਵੱਡੇ ਆਗੂਆਂ ਦੀ ਪ੍ਰਸਿਧਤਾ ਅਤੇ ਵਡਪਣ ਦਾ ਕਾਰਨ ਉਹਨਾਂ ਦੀਆਂ ਮਾਵਾਂ ਹੀ ਹਨ। ਪੜ੍ਹੀ ਲਿਖੀ ਮਾਂ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਅਰੋਗਤਾ ਦਾ ਪੂਰਾ ਖਿਆਲ ਰਖ ਸਕਦੀ ਹੈ। ਬੱਚੇ ਦੀ ਮੁਢਲੀ ਵਿਦਿਆ ਚੰਗੀ ਪੜ੍ਹੀ ਲਿਖੀ ਮਾਂ ਹੀ ਪੂਰੀ ਕਰ ਸਕਦੀ ਹੈ।

ਅਜੋਕੇ ਸਮੇਂ ਵਿਚ ਇਸਤਰੀਆਂ ਜਿਨ੍ਹਾਂ ਨੇ ਵਿਦਿਆਂ ਪ੍ਰਾਪਤ ਕੀਤੀ ਹੈ, ਹਸਪਤਾਲ ਵਿਚ ਡਾਕਟਰ ਅਤੇ ਨਰਸਾਂ ਲੱਗੀਆਂ ਹੋਈਆਂ ਹਨ। ਲੜਾਈ ਲੱਗਣ

ਤੇ ਮਰਦ ਲੜਾਈ ਲਈ ਜਾਣ ਕਰ ਕੇ ਇਸਤਰੀਆਂ ਪਿਛੋਂ ਦਫਤਰਾਂ ਦਾ ਪੂਰਾ ਪੂਰਾ ਕੰਮ ਕਰ ਸਕਦੀਆਂ ਹਨ। ਇਥੋਂ ਤਕ ਕਿ ਹੁਣ ਇਸਤਰੀਆਂ ਪੜ੍ਹ ਲਿਖ ਕੇ ਮੋਟਰਾਂ ਅਤੇ ਹਵਾਈ ਜਹਾਜ਼ ਭੀ ਚਲਾਉਣ ਲਗ ਪਈਆਂ ਹਨ।

ਵਿਦਿਆ ਦੇ ਲਾਭ ਹੀ ਲਾਭ ਹਨ। ਪਰ ਕਈ ਇਸਤਰੀਆਂ ਜੋ ਵਿਦਿਆ ਪਾ ਕੇ ਪੱਛਮੀ ਸਭਿਅਤਾ ਦੀਆਂ ਮੂਰਤਾਂ ਬਣ ਜਾਂਦੀਆਂ ਹਨ, ਉਹ ਆਪਣੇ ਥੋੜੇ ਤਨਖਾਹ ਵਾਲੇ ਪਤੀਆਂ ਦੀ ਤੰਗੀ ਦਾ ਕਾਰਨ ਬਣ ਜਾਂਦੀਆਂ ਹਨ। ਪੜ੍ਹੀ ਲਿਖੀ ਹਰ ਇਸਤਰੀ ਨਹੀਂ, ਸਗੋਂ ਉਹ ਜਿਹੜੀ ਫੈਸ਼ਨ ਦੀ ਗੁਲਾਮ ਹੁੰਦੀ ਹੈ ਆਪਣੇ ਫੈਸ਼ਨ ਦੀ ਪੂਰਤੀ ਲਈ ਕਈ ਵਾਰ ਆਪਣੇ ਪਤੀ ਨਾਲ ਲੜ ਪੈਂਦੀ ਹੈ। ਕਈ ਵਾਰੀ ਬਾਬੂ ਹੋਰਾਂ ਨੂੰ ਪਾਉਡਰ ਮੁੱਕਣ ਤੇ ਝਾੜਾਂ ਪੈ ਜਾਂਦੀਆਂ ਹਨ ਤੇ ਪਿਛੋਂ ਮਹਾ ਯੁਧ ਦਾ ਡਰ ਰਹਿੰਦਾ ਹੈ। ਭਲਾ ਥੋੜ੍ਹੀ ਤਨਖਾਹ ਵਾਲਾ ਬਾਬੂ ਕਿਸ ਤਰ੍ਹਾਂ ਫੈਸ਼ਨ ਪੂਰਾ ਕਰ ਸਕਦਾ ਹੈ। ਇਸ ਲਈ ਇਸ ਤਰ੍ਹਾਂ ਦੀ ਦੰਪਤੀ ਦਾ ਜੀਵਨ ਸੁਆਦਲਾ ਨਹੀਂ ਬੀਤਦਾ। ਇਹਨਾਂ ਲਈ ਵਿਦਿਆ ਅਵਗੁਣ ਦਾ ਰੂਪ ਧਾਰ ਲੈਂਦੀ ਹੈ।

ਬਾਕੀ ਹਾਲੇ ਤਕ ਇਸਤਰੀਆਂ ਨੂੰ ਸਾਹਿਤਕ ਵਿਦਿਆ ਹੀ ਦਿੱਤੀ ਜਾਂਦੀ ਹੈ। ਜਿਹੜੀ ਵਿਦਿਆ ਮੁੰਡੇ ਪੜ੍ਹਦੇ ਹਨ ਉਹੀ ਕੁੜੀਆਂ ਨੂੰ ਦਿੱਤੀ ਜਾਂਦੀ ਹੈ, ਪਰ ਦੋਹਾਂ ਦੇ ਜੀਵਨ ਦੇ ਮਨੋਰਥਾਂ ਵਿਚ ਢੇਰ ਫਰਕ ਹੈ। ਇਸਤਰੀ ਤੇ ਪੜ੍ਹ ਲਿਖ ਕੇ ਸੁਚੱਜੀ ਮਾਂ ਬਨਣਾ ਤੇ ਮੁੰਡਿਆਂ ਨੇ ਵਿਦਿਆ ਨੂੰ ਆਪਣੀ ਰੋਜ਼ੀ ਲਈ ਵਰਤਣਾ ਹੁੰਦਾ ਹੈ। ਸੋ ਇਸਤਰੀ ਲਈ ਬੱਚਿਆਂ ਦੀ ਸੰਭਾਲ ਤੇ ਘਰੇਲੂ ਜੀਵਨ ਚਲਾਉਣ ਦੀ ਵਖਰੀ ਸਿਖਿਆ ਭੀ ਚਾਹੀਦਾ ਹੈ ਤਾਂ ਜੋ ਇਹਨਾਂ ਦੀ ਵਿਦਿਆ ਦਾ ਪ੍ਰਭਾਵ ਘਰੇਲੂ ਜੀਵਨ ਦੀ ਉੱਨਤੀ ਤੇ ਭੀ ਪੈ ਸਕੇ। ਸਰਕਾਰ ਯਤਨ ਤਾਂ ਕਰ ਰਹੀ ਹੈ। ਕਈ ਵਿਸ਼ੇ ਇਸਤਰੀਆਂ ਲਈ ਨਵੇਂ ਪੈਦਾ ਕੀਤੇ ਗਏ ਹਨ, ਪਰ ਫਿਰ ਭੀ ਇਸਤਰੀਆਂ ਲਈ ਹੋਰ ਘਰੇਲੂ ਜੀਵਨ ਨੂੰ ਸੁਖੀ ਬਨਾਉਣ ਦੀ ਸਿਖਿਆ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।

ਅਖਬਾਰਾਂ

ਅਜੋਕੀ ਦੁਨੀਆਂ ਵਿਚ ਜੀਵਨ ਦਾ ਘੋਲ ਬਹੁਤ ਮਹਾਨਤਾ ਫੜ ਚੁਕਾ ਹੈ। ਰੋਟੀ ਦਾ ਸੁਆਲ ਜ਼ਰੂਰੀ ਤੋਂ ਜ਼ਰੂਰੀ ਹੁੰਦਾ ਜਾਂਦਾ ਹੈ। ਲੋਕਾਂ ਕੋਲ ਵਿਹਲ ਵੀ ਘਟ ਜਾਂਦੀ ਹੈ। ਸਾਇੰਸ ਉੱਨਤੀ ਕਰ ਚੁਕੀ ਹੈ। ਛਾਪੇਖਾਨੇ ਬਣ ਚੁਕੇ ਹਨ। ਪਹਿਲਾਂ ਜਦੋਂ ਛਾਪੇਖਾਨੇ ਨਹੀਂ ਹੋਇਆ ਕਰਦੇ ਸਨ, ਅਖਬਾਰਾਂ ਛਪਣੀਆਂ ਤਾਂ ਇਕ ਪਾਸੇ ਰਹੀਆਂ ਕਿਤਾਬਾਂ ਵੀ ਨਹੀਂ ਛਪਦੀਆਂ ਹੁੰਦੀਆ ਸਨ। ਸਭ ਲਿਖਤਾਂ

ਹੱਥ ਦੀਆਂ ਲਿਖੀਆਂ ਹੁੰਦੀਆਂ ਸਨ । ਛਾਪੇਖਾਨਿਆਂ ਨੇ ਸਾਡੇ ਜੀਵਨ ਵਿਚ ਬਹੁਤ ਤਬਦੀਲੀਆਂ ਲੈ ਆਂਦੀਆਂ ਹਨ । ਅਖਬਾਰਾਂ ਹੁਣ ਸਾਡੇ ਜੀਵਨ ਦਾ ਜ਼ਰੂਰੀ ਅੰਗ ਬਣ ਗਈਆਂ ਹਨ । ਇਹ ਸਰਕਾਰ ਦਾ ਹੀ ਬਹੁਤ ਜ਼ਰੂਰੀ ਭਾਗ ਹਨ । ਇੰਗਲੈਂਡ ਦਾ ਬਾਦਸ਼ਾਹ ਤੇ ਪਾਰਲੀਮੈਂਟ ਤੋਂ ਹਟ ਕੇ ਅਖਬਾਰਾਂ ਦੇ ਹੱਥ ਹੀ ਸਾਰੀ ਤਾਕਤ ਹੈ । ਇਹਨਾਂ ਦੇ ਸਾਨੂੰ ਕਈ ਲਾਭ ਹਨ ।

ਸਭ ਤੋਂ ਵੱਡਾ ਲਾਭ ਇਹ ਹੈ ਕਿ ਅਸੀਂ ਘਰ ਬੈਠੇ ਹੀ ਦੇਸ਼ ਤੇ ਵਿਦੇਸ਼ ਦੇ ਕੋਨੇ ਕੋਨੇ ਦੀਆਂ ਤਾਜ਼ੀਆਂ ਖਬਰਾਂ ਅਖਬਾਰਾਂ ਰਾਹੀਂ ਪੜ੍ਹ ਸਕਦੇ ਹਾਂ । ਆਪਣੇ ਇਕੱਲੇ ਦੇਸ਼ ਦੀਆਂ ਖਬਰਾਂ ਨਹੀਂ ਸਗੋਂ ਦੂਜਿਆਂ ਦੇਸ਼ਾਂ ਦੀਆਂ ਜ਼ਰੂਰੀ ਖਬਰਾਂ ਵੀ ਸਾਨੂੰ ਅਖਬਾਰਾਂ ਰਾਹੀਂ ਪ੍ਰਾਪਤ ਹੋ ਸਕਦੀਆਂ ਹਨ ਤੇ ਹੁੰਦੀਆਂ ਹਨ । ਇਹ ਸਾਡੀ ਵਾਕਫੀਅਤ ਵਿਚ ਵਾਧਾ ਕਰਦੀਆਂ ਹਨ । ਦੇਸ਼ ਵਿਚ ਕਾਲ ਪੈ ਜਾਵੇ ਤਾਂ ਹੜ੍ਹ ਆ ਜਾਵੇ ਅਖਬਾਰਾਂ ਰਾਹੀਂ ਸਾਨੂੰ ਇਕ ਅੱਖ ਦੇ ਫੋਰੇ ਵਿਚ ਪਤਾ ਲਗ ਜਾਂਦਾ ਹੈ ਕਿ ਸਾਡੇ ਦੇਸ਼ ਦੇ ਫਲਾਣੇ ਭਾਗ ਦੁਖ ਵਿਚ ਹਨ । ਕਿਸੇ ਡਾਕੇ, ਕਤਲ, ਅਗਵਾ, ਗੜਬੜ, ਝਗੜਿਆਂ ਵਾਲਿਆਂ ਦਾ ਹਾਲ ਜੋ ਭਾਵੇਂ ਕਿਤੇ ਪਿਆ ਹੋਇਆ ਹੋਵੇ ਸਾਨੂੰ ਅਖਬਾਰਾਂ ਰਾਹੀਂ ਆਪਣੇ ਘਰ ਬੈਠਿਆਂ ਹੀ ਪਤਾ ਲਗ ਜਾਂਦਾ ਹੈ ।

ਭਾਵੇਂ ਕਿਸੇ ਵੀ ਦੇਸ਼ ਦਾ ਕੋਈ ਸਾਇੰਸਦਾਨ ਆਪਣੀ ਕੋਈ ਕਾਢ ਹੋਂਦ ਵਿਚ ਲਿਆਵੇ, ਪਰ ਅਖਬਾਰਾਂ ਸਾਨੂੰ ਆਪਣੇ ਦੇਸ਼ ਵਿਚ ਬੈਠਿਆਂ ਉਸ ਕਾਢ ਬਾਬਤ ਪੂਰਾ ਗਿਆਨ ਕਰਵਾ ਦਿੰਦੀਆਂ ਹਨ ਉਹ ਦੂਜੇ ਦੇਸ਼ਾਂ ਦੀ ਆਰਥਕ ਤੇ ਸਮਾਜਿਕ ਹਾਲਤ ਤੋਂ ਪੂਰੀ ਤਰ੍ਹਾਂ ਵਾਕਫ਼ੀ ਕਰਵਾਂਦੀਆਂ ਹਨ ।

ਅਖਬਾਰਾਂ ਵਿਚ ਸਾਰੇ ਦੇਸ਼ ਦੀਆਂ ਨੌਕਰੀਆਂ ਬਾਬਤ ਲਿਖਿਆ ਗਿਆ ਹੁੰਦਾ ਹੈ ਕਿ ਕਿਸ ਸ਼ਹਿਰ ਵਿਚ ਕਿਸ ਤਰ੍ਹਾਂ ਦੇ ਆਦਮੀਆਂ ਦੀ ਲੋੜ ਹੈ. ਇਸ ਨਾਲ ਵਿਹਲੇ ਬੈਠੇ ਆਦਮੀਆਂ ਨੂੰ ਉਨ੍ਹਾਂ ਖਾਲੀ ਥਾਵਾਂ ਦਾ ਪਤਾ ਲੱਗ ਜਾਂਦਾ ਹੈ ਤੇ ਉਥੇ ਜਾ ਕੇ ਨੌਕਰੀਆਂ ਲਭ ਲੈਂਦੇ ਹਨ । ਭਾਵ ਇਹ ਨੌਕਰੀਆਂ ਬਾਬਤ ਦਸਦੀਆਂ ਹਨ । ਸਾਡੇ ਲਈ ਕਾਫ਼ੀ ਲਾਭਦਾਇਕ ਹੁੰਦੀਆਂ ਹਨ ।

ਅਖਬਾਰਾਂ ਵਿਚ ਹਰ ਸ਼ੈ ਦਾ ਭਾਅ ਲਿਖਿਆ ਹੁੰਦਾ ਹੈ । ਜੋ ਦੇਸ਼ ਦੀਆਂ ਵੱਖ ਵੱਖ ਮੰਡੀਆਂ ਦਾ ਹੋਇਆ ਕਰਦਾ ਹੈ ਸਾਨੂੰ ਹਰ ਚੀਜ਼ ਬਾਬਤ ਪਤਾ ਲਗਦਾ ਰਹਿੰਦਾ ਹੈ ਕਿ ਦੇਸ਼ ਦੇ ਕਿਸ ਭਾਗ ਵਿਚ ਕਿਹੜੀ ਚੀਜ਼ ਮਹਿੰਗੀ ਹੈ ਤੇ ਕਿਹੜੇ ਭਾਗ ਵਿਚ ਸਸਤੀ ਹੈ ।

ਅਖਬਾਰਾਂ ਸਾਡੇ ਜੀਵਨ ਤੇ ਭਾਈਚਾਰਕ ਸੁਧਾਰ ਲਈ ਇਕ ਬਹੁਤ ਲਾਭ-

ਦਾਇਕ ਸਾਧਨ ਹਨ । ਅਖਬਾਰਾਂ ਰਾਹੀਂ ਕਾਫੀ ਸੁਧਾਰ ਕੀਤਾ ਜਾ ਸਕਦਾ ਹੈ। ਪਿੰਡਾਂ ਦੀਆਂ ਬੁਰੀਆਂ ਰਸਮਾਂ ਨੂੰ ਪੂਰੀ ਤਰ੍ਹਾਂ ਹਟਾਇਆ ਜਾ ਸਕਦਾ ਹੈ। ਲੋਕਾਂ ਨੂੰ ਇਸ ਤਰ੍ਹਾਂ ਲੇਖ ਲਿਖ ਕੇ ਉਹਨਾਂ ਦੀਆਂ ਭੈੜੀਆਂ ਰਸਮਾਂ ਤੋਂ ਜਾਣੂ ਕਰਾਇਆ ਜਾਂਦਾ ਹੈ ਤੇ ਉਹਨਾਂ ਵਿਚ ਵਿਆਹਾਂ ਤੇ ਵਡੇ ਖਰਚ, ਅਨਪੜ੍ਹਾਂ ਤੇ ਲੜਾਈ ਝਗੜਿਆਂ ਵਿਰੁਧ ਘਿਰਣਾ ਪੈਦਾ ਕੀਤੀ ਜਾ ਸਕਦੀ ਹੈ। ਅਖਬਾਰਾਂ ਭਾਈਚਾਰਕ ਤੇ ਸਮਾਜ ਸੁਧਾਰ ਬਹੁਤ ਕਰ ਸਕਦੀਆਂ ਹਨ ਤੇ ਕਰਦੀਆਂ ਹਨ। ਇਨ੍ਹਾਂ ਵਿਚ ਬਹੁਤ ਚੰਗੇ ਚੰਗੇ ਵਿਦਵਾਨਾਂ ਦੇ ਲੇਖ ਛਪਦੇ ਹਨ, ਜੋ ਸਾਡੇ ਜੀਵਨ ਵਿਚ ਪਲਟਾ ਲਿਆ ਦੇਣ ਦੀ ਸ਼ਕਤੀ ਰੱਖਦੇ ਹਨ।

ਅਖਬਾਰਾਂ ਵਿਚ ਦੇਸ਼ ਵਿਚ ਹੋਈਆਂ ਖੇਡਾਂ ਤੇ ਲਗੀਆਂ ਨੁਮਾਇਸ਼ਾਂ ਦਾ ਬਿਆਨ ਕੀਤਾ ਹੁੰਦਾ ਹੈ, ਜਿਸ ਨੂੰ ਪੜ੍ਹ ਕੇ ਅਸੀਂ ਵਧੇਰੇ ਵਾਕਫੀਅਤ ਪ੍ਰਾਪਤ ਕਰ ਸਕਦੇ ਹਾਂ ਅਖਬਾਰਾਂ ਵਿਚ ਬੜੀਆਂ ਬੜੀਆਂ ਮੀਟਿੰਗਾਂ ਅਤੇ ਜਲਸਿਆਂ ਦਾ ਹਾਲ ਅਸੀਂ ਪੜ੍ਹ ਸਕਦੇ ਹਾਂ।

ਅਖਬਾਰਾਂ ਰਾਜ ਪ੍ਰਬੰਧ ਸੁਧਾਰਨ ਲਈ ਕਾਫੀ ਮਦਦ ਕਰਦੀਆਂ ਹਨ। ਇਹ ਸਰਕਾਰ ਅਤੇ ਪਰਜਾ ਵਿਚ ਇਕ ਵਿਚੋਲੇ ਪੁਣੇ ਦਾ ਕੰਮ ਕਰਦੀਆਂ ਹਨ। ਸਰਕਾਰ ਦਾ ਜੋ ਕਾਨੂੰਨ ਨਵਾਂ ਬਣਦਾ ਹੈ । ਉਸ ਬਾਰੇ ਅਖਬਾਰਾਂ ਰਾਹੀਂ ਸਰਕਾਰੀ ਆਵਾਜ਼ ਲੋਕਾਂ ਤਾਈਂ ਪੁਜ ਜਾਂਦੀ ਹੈ ਤੇ ਲੋਕ ਭੀ ਆਪਣੀ ਆਵਾਜ਼ ਸਰਕਾਰ ਤਾਈਂ ਪੁਚਾਣ ਲਈ ਅਖਬਾਰਾਂ ਤੋਂ ਮਦਦ ਲੈਂਦੇ ਹਨ। ਚੰਗੀਆਂ ਅਖਬਾਰਾਂ ਨੁਕਤਾਚੀਨੀ ਆਲੋਚਨਾ ਨਾਲ ਆਪਣੀ ਰਾਏ ਦੇ ਕੇ ਲੋਕਾਂ ਅਤੇ ਸਰਕਾਰ ਵਿਚ ਮੇਲ ਪੈਦਾ ਕਰਦੀਆਂ ਹਨ। ਇਹ ਸਰਕਾਰ ਦੀਆਂ ਵਧੀਕੀਆਂ ਤੇ ਜ਼ੁਲਮਾਂ ਨੂੰ ਪੂਰੀ ਤਰ੍ਹਾਂ ਨੰਗਾ ਕਰਦੀਆਂ ਹਨ ਤੇ ਨਾਲ ਹੀ ਲੋਕਾਂ ਦੀਆਂ ਦਿਲੀ ਚਾਹਾਂ ਨੂੰ ਕਲਮ ਦਾ ਰੂਪ ਦੇ ਕੇ ਸਰਕਾਰ ਤਾਈਂ ਪਹੁੰਚਦੀਆਂ ਹਨ।

ਹਰ ਚੀਜ਼ ਦੇ ਦੋ ਪਾਸੇ ਹੋਇਆ ਕਰਦੇ ਹਨ। ਅਖਬਾਰਾਂ ਦੇ ਬਹੁਤ ਲਾਭਾਂ ਦੇ ਨਾਲ ਨਾਲ ਇਨ੍ਹਾਂ ਦੇ ਔਗੁਣ ਵੀ ਹਨ। ਲੋਕੀਂ ਇਨ੍ਹਾਂ ਵਿਚ ਗਲਤ ਤੇ ਨਿਰਾ-ਰਥਕ ਖਬਰਾਂ ਦੇ ਕੇ ਜਨਤਾ ਵਿਚ ਝੂਠਾ ਪ੍ਰਚਾਰ ਕਰਦੇ ਹਨ। ਉਹ ਅਖਬਾਰਾਂ ਜੋ ਫਿਰਕੂ ਲੀਹਾਂ ਤੇ ਚਲ ਰਹੀਆਂ ਹਨ, ਦੇਸ਼ ਲਈ ਬਹੁਤ ਹਾਨੀਕਾਰਕ ਹਨ। ਉਹ ਲੋਕਾਂ ਵਿਚ ਫੁਟ ਦਾ ਬੀਜਦੀਆਂ ਹਨ। ਭੜਕਾਊ ਲੇਖ ਛਾਪ ਛਾਪ ਕੇ ਲੋਕਾਂ ਨੂੰ ਕੁਰਾਹੇ ਲਾਇਆ ਜਾਂਦਾ ਹੈ ਤੇ ਉਹਨਾਂ ਪਾਸੋਂ ਹਰ ਗਲ ਦੀ ਅਸਲੀਅਤ ਲੁਕਾਈ ਜਾਂਦੀ ਹੈ ਤੇ ਫੇਰ ਦਸਿਆ ਜਾਂਦਾ ਹੈ। ਜਿਸ ਕਰ ਕੇ ਲੋਕਾਂ ਵਿਚ ਬਹੁਤ ਜੋਸ਼ ਆ ਜਾਂਦਾ ਹੈ ਤੇ ਪਿਛੋਂ ਅਸਲੀਅਤ ਦਾ ਪਤਾ ਲਗਣ ਤੇ ਹੋਰ ਵੀ ਹਾਨ ਹੁੰਦਾ ਹੈ।

ਅਖਬਾਰਾਂ ਆਪਣੇ ਜਾਤੀ ਲਾਭ ਨੂੰ ਮੁਖ ਰਖਦਿਆਂ ਤੇ ਬਾਕੀ ਸਾਰੇ ਆਸ਼ਿਆਂ ਨੂੰ ਅੱਖੋਂ ਉਹਲੇ ਕਰ ਦਿੰਦੀਆਂ ਹਨ।

ਉਹ ਸਮਾਜ ਸੁਧਾਰ ਦੀ ਥਾਂ ਸਮਾਜ ਵਿਗਾੜ ਜ਼ਰੂਰ ਦਿੰਦੀਆਂ ਹਨ। ਅਖਬਾਰਾਂ ਵਿਚ ਭੈੜੇ ਇਸ਼ਤਿਹਾਰ ਲੋਕਾਂ ਦੇ ਆਚਰਨ ਵਿਗਾੜ ਦੇਂਦੇ ਹਨ। ਇਸ ਲਈ ਅਖਬਾਰਾਂ ਦਾ ਲਾਭ ਤਦ ਹੀ ਹੋ ਸਕਦਾ ਹੈ ਜੇ ਉਹਨਾਂ ਦੇ ਸੰਪਾਦਿਕ ਨਿਰ-ਪੱਖ ਸਿਆਣੇ ਨਿਰਵੈਰ ਅਤੇ ਠੀਕ ਪੜਚੋਲੀਏ ਹੋਣ। ਨਹੀਂ ਤਾਂ ਹੌਲੇ ਹੌਲੇ ਇਹਨਾਂ ਲਾਭਾਂ ਨਾਲੋਂ ਇਹਨਾਂ ਦੇ ਨੁਕਸਾਨ ਵਧ ਜਾਣਗੇ ਤੇ ਸੁਧਾਰ ਦੀ ਥਾਂ ਬਰਬਾਦੀ ਲਿਆਂਦੀ ਜਾਵੇਗੀ।

ਭਾਖੜਾ ਨੰਗਲ ਡੈਮ

ਦਰਿਆ ਸਤਲੁਜ ਵਿਚ ਅੰਗਰੇਜ਼ਾਂ ਦੇ ਵੇਲੇ ਵੀ ਹੜ੍ਹ ਆਉਂਦੇ ਸਨ ਤੇ ਪੰਜਾਬ ਦੇ ਪਿੰਡਾਂ ਤੇ ਨਗਰਾਂ ਨੂੰ ਹਾਨੀ ਪਹੁੰਚਾਂਦੇ ਸਨ। ਉਸ ਵੇਲੇ ਇਹਨਾਂ ਰੋਜ਼ ਦੇ ਨੁਕਸਾਨਾਂ ਨੂੰ ਸਹਿਣ ਨਾ ਕਰਦੇ ਹੋਏ ਅੰਗਰੇਜ਼ ਸਰਕਾਰ ਨੇ ਇਕ ਯੋਜਨਾ ਬਣਾਈ ਜਿਸ ਦਾ ਉਦੇਸ਼ ਸੀ "ਬਹੁਮੁਖੀ ਯੋਜਨਾ" ਭਾਵ ਇਹ ਕਿ ਦਰਿਆ ਸਤਲੁਜ ਦੇ ਪਾਣੀ ਨੂੰ ਇਕ ਥਾਂ ਇਕਠਾ ਕਰ ਕੇ ਉਸ ਪਾਣੀ ਤੋਂ ਬਿਜਲੀ ਕਢੀ ਜਾਵੇ, ਪਾਣੀ ਸਿੰਜਾਈ ਲਈ ਵਰਤਿਆ ਜਾਵੇ, ਸਿੰਚਾਈ ਲਈ ਨਹਿਰਾਂ ਕਢੀਆਂ ਜਾਣ, ਸਨਅਤਾਂ ਪ੍ਰਫੁਲਤ ਹੋਣ ਬੇਕਾਰੀ ਦੂਰ ਕੀਤੀ ਜਾਵੇ।

ਇਸ ਤੋਂ ਪਹਿਲਾਂ ਜੁਗਿੰਦਰ ਨਗਰ ਹਾਈਡਰੋਇਲੈਕਟਰਿਕ ਸਕੀਮ ਮੁਕੰਮਲ ਹੋ ਚੁਕੀ ਸੀ ਤੇ ਪਾਣੀ ਤੋਂ ਬਿਜਲੀ ਕਢਣ ਦਾ ਤਜਰਬਾ ਕੀਤਾ ਗਿਆ ਸੀ। ਫਿਰ ਭੀ ਇਹ ਯੋਜਨਾ ਉਸ ਤੋਂ ਬਹੁਤ ਵਡੀ ਸੀ, ਪਰ ਦੂਜੀ ਵਡੀ ਜੰਗ ਨੇ ਰੁਕਾਵਟ ਪਾ ਦਿੱਤੀ, ਜੰਗ ਮੁੱਕੀ ਤਾਂ ਅੰਗਰੇਜ਼ਾਂ ਨੂੰ ਭਾਰਤ ਦੇ ਸੁਤੰਤਰ ਕਰਨ ਦੀ ਸੋਚ ਲਗ ਗਈ ਉਹ ਯੋਜਨਾ ਜਿਥੇ ਪਈ ਸੀ ਉਥੇ ਹੀ ਪਈ ਰਹੀ।

ਅੰਤ ਜਵਾਹਰ ਲਾਲ ਆਰਜ਼ੀ ਸਰਕਾਰ ਦੇ ਪ੍ਰਧਾਨ ਮੰਤਰੀ ਬਣੇ ਤਦ ਆਪ ਨੇ ਇਸ ਯੋਜਨਾ ਨੂੰ ਪਲਾਨਿੰਗ (ਯੋਜਨਾ) ਕਮੀਸ਼ਨ ਦੇ ਪੇਸ਼ ਕੀਤਾ ਤੇ ਇਸ ਦੇ ਨਾਲ ਹੀ ਵਿਚਾਰ ਪੇਸ਼ ਕੀਤੀ ਕਿ ਵੱਡੇ ਵੱਡੇ ਦਰਿਆਵਾਂ ਤੇ ਜਲ ਬਿਜਲੀ ਸਕੀਮਾਂ ਬਣਾ-ਈਆਂ ਜਾਣ ਉਸ ਦੇ ਅਨੁਸਾਰ ਆਪ ਨੇ ਲਗਪਗ ਡੇਢ ਸੌ ਅਜੇਹੀਆਂ ਯੋਜਨਾਵਾਂ ਸਾਹਮਣੇ ਆਂਦੀਆਂ।

ਸੰਨ 1947, 15 ਅਗਸਤ ਤੋਂ ਪਿਛੋਂ ਪੰਜਾਬ ਦੀ ਭਾਖੜਾ ਨੰਗਲ ਯੋਜਨਾ ਨੂੰ ਮੁਖ ਰਖ ਕੇ ਚਾਲੂ ਕੀਤਾ ਗਿਆ। ਭਾਖੜਾ ਅੰਬਾਲੇ ਤੋਂ 50 ਮੀਲ ਉਪਰਲੇ

ਪਾਸੇ ਵੱਲ ਹੈ । ਉਥੇ ਦਰਿਆ ਸਤਲੁਜ ਇਕ ਤੰਗੀ ਘਾਟੀ ਵਿਚੋਂ ਲੰਘਦਾ ਹੈ। ਉਥੋਂ ਇਕ 760 ਫੁਟ ਉੱਚਾ ਡੈਮ ਬਣਾ ਕੇ ਉਸ ਥਾਂ ਦੇ ਪਿਛਲੇ ਪਾਸੇ ਇਕ ਝੀਲ ਬਣਾਈ ਗਈ ਤੇ ਉਸ ਝੀਲ ਦਾ ਨਾਂ ਝੀਲ ਗੋਬਿੰਦ ਸਾਗਰ ਰਖਿਆ ਗਿਆ। ਇਹ ਡੈਮ ਸੰਸਾਰ ਦਾ ਸਭ ਤੋਂ ਵੱਡਾ ਡੈਮ ਹੈ ਜੋ ਪਕੀ ਕੰਕਰੀਟ ਦਾ ਬਣਿਆ ਹੋਇਆ ਹੈ। ਇਸ ਬੰਨ੍ਹ ਦੇ ਦੁਹੀਂ ਪਾਸੀਂ ਜੋ ਬਿਜਲੀ ਘਰ ਬਣਾਏ ਗਏ ਹਨ। ਉਹ ਪੰਜਾਬ, ਦਿੱਲੀ, ਰਾਜਸਥਾਨ, ਹਰਿਆਨਾ ਤੇ ਹਿਮਾਚਲ ਨੂੰ ਬਿਜਲੀ ਦੇਂਦੇ ਹਨ।

ਭਾਖੜੇ ਤੋਂ ਹੇਠਾਂ 12 ਮੀਲ ਅੰਬਾਲੇ ਵਾਲੇ ਪਾਸੇ ਇਕ ਹੋਰ ਬੰਨ੍ਹ ਬੰਨ੍ਹਿਆਂ ਗਿਆ ਜਿਸ ਦਾ ਨਾਂ ਨੰਗਲ ਡੈਮ ਰਖਿਆ । ਇਥੇ ਨੰਗਲ ਨਾਂ ਦਾ ਕਸਬਾ ਹੈ। ਇਹ ਡੈਮ ਲਗ ਪਗ 80 ਫੁਟ ਉੱਚਾ ਹੈ। ਇਥੇ ਡੈਮ ਬਣਾ ਕੇ ਇਕ ਨੰਗਲ ਹਾਈਡਰੋਚੈਨਲ ਨਾਂ ਦੀ ਨਹਿਰ ਕਢੀ ਗਈ ਹੈ। ਜਿਸ ਦੇ ਇਕ ਸਿਰੇ ਤੇ ਗੰਗੋਵਾਲ ਤੇ ਦੂਜੇ ਸਿਰੇ ਤੇ ਕੋਟਲਾ ਦੇ ਅਸਥਾਨ ਤੇ ਦੋ ਬਿਜਲੀ ਘਰ ਬਣਾਏ ਗਏ ਹਨ। ਜੋ ਪੰਜਾਬ ਅਤੇ ਹੋਰਨਾਂ ਥਾਵਾਂ ਨੂੰ ਬਿਜਲੀ ਦੇਂਦੇ ਹਨ।

ਭਾਖੜਾ ਡੈਮ ਵਿਚੋਂ ਇਕ ਭਾਖੜਾ ਮੇਨ ਕੈਨਾਲ ਕਢੀ ਗਈ ਹੈ। ਉਪਰੰਤ ਇਕ ਜਲੰਧਰ ਤੇ ਨਵਾਂ ਸ਼ਹਿਰ ਬ੍ਰਾਂਚ ਕਢੀ ਗਈ ਹੈ। ਇਕ ਹੋਰ ਨਹਿਰ ਕਢੀ ਗਈ ਹੈ ਜੋ ਹਰਿਆਨੇ ਦੇ ਇਲਾਕੇ ਹਿਸਾਰ, ਟੁਹਾਨਾ ਆਦਿ ਨੂੰ ਸਿੰਜਦੀ ਹੋਈ ਰਾਜ ਸਥਾਨ ਵਿਚ ਜਾ ਪੁਜਦੀ ਹੈ।

ਇਉਂ ਭਾਖੜਾ ਨੰਗਲ ਡੈਮ ਪੰਜਾਬ ਦਾ ਇਕ ਮੰਦਰ ਬਣ ਗਿਆ ਹੈ ਇਸ ਦੇ ਨਾਲ ਪੰਜਾਬ ਬਿਜਲੀ ਤੇ ਉਪਜ ਵਾਸਤੇ ਪਛੜਿਆ ਨਾ ਰਹੇਗਾ । ਦਰਿਆ ਸਤਲੁਜ ਹੁਣ ਪਿੰਡਾਂ ਨੂੰ ਢਾਹ ਨਹੀਂ ਲਗਾ ਸਕੇਗਾ। ਪਾਣੀ ਦੀ ਝੀਲ ਤੋਂ ਹਰ ਵੇਲੇ ਖੇਤਾਂ ਨੂੰ ਪਾਣੀ ਦਿਤਾ ਜਾ ਸਕੇਗਾ।

ਇਸ ਦੇ ਨਾਲ ਪੰਜਾਬ ਤੇ ਹਰਿਆਣਾ ਦੇ ਲੋਕ ਵਧ ਤੋਂ ਵਧ ਸਨਅਤਾਂ ਚਲਾ ਸਕਣਗੇ ਕਿਉਂ ਕਿ ਉਨ੍ਹਾਂ ਨੂੰ ਵਧ ਤੋਂ ਵਧ ਬਿਜਲੀ ਮਿਲ ਸਕੇਗੀ।

ਦਸਤਕਾਰੀ (ਸਨਅਤਾਂ)

ਭਾਰਤ ਨੂੰ ਮੁਢ ਤੋਂ ਹੀ ਖੇਤੀ ਬਾੜੀ ਪ੍ਰਧਾਨ ਦੇਸ਼ ਗਿਣਦੇ ਸਨ। ਏਸੇ ਆਧਾਰ ਤੇ ਭਾਰਤ ਦੀ ਪਹਿਲੀ ਪੰਜ ਸਾਲਾ ਯੋਜਨਾ ਬਣਾਈ ਗਈ ਪਰ ਦੂਜੀ ਯੋਜਨਾ ਬਣਾਨ ਲਗਿਆਂ ਸਾਡੇ ਨੇਤਾਵਾਂ ਨੇ ਸੋਚਿਆ ਕਿ ਜਦ ਤਕ ਦੇਸ਼ ਦੀਆਂ ਸਨਅਤਾਂ ਨਹੀਂ ਵਧਣਗੀਆਂ ਤਦ ਤਕ ਦੇਸ਼ ਦੇ ਅੰਦਰੋਂ ਬੇਕਾਰੀ ਤੇ ਬੇਰੁਜ਼ਗਾਰੀ

ਦੂਰ ਨਹੀਂ ਹੋਵੇਗੀ ਯੂਰਪ ਦੇ ਵਿਚ ਨਿਕੇ ਨਿਕੇ ਦੇਸ਼ ਹਨ ਜੋ ਕੇਵਲ ਸਨਅਤਾਂ ਦੇ ਸਿਰ ਤੇ ਜੀਉਂਦੇ ਹਨ। ਵੇਖੋ ਇੰਗਲੈਂਡ ਨੇ ਦਰਿਆ ਉਤੇ ਘਰ ਪਾਏ ਹਨ। ਬਹੁਤ ਤੰਗ ਤੇ ਸੰਘਣੀ ਵਸੋਂ ਹੈ ਉਥੇ ਖਾਣ ਲਈ ਅਨਾਜ ਉਹ ਆਸਟਰੇਲੀਆ ਤੋਂ ਮੰਗਾਂਦੇ ਹਨ। ਪਰ ਦੇਸ਼ ਵਿਚ ਉਹਨਾਂ ਨੇ ਸਨਅਤਾਂ ਨੂੰ ਸਿਖਰ ਤੇ ਪੁਚਾ ਰੱਖਿਆ ਹੈ। ਇਥੋਂ ਤਕ ਕਿ ਉਥੇ ਸਾਡੇ ਪੰਜਾਬੀ ਲੋਕ ਉਹਨਾਂ ਸਨਅਤਾਂ ਵਿਚ ਅੱਡ ਅੱਡ ਪਦਾਂ ਤੇ ਕੰਮ ਕਰਨ ਗਏ ਹਨ। ਇਹੀ ਹਾਲਤ ਕਨੇਡਾ ਤੇ ਅਮਰੀਕਾ ਦੀ ਹੈ ਉਥੇ ਇਕ ਪਾਸੇ ਸਨਅਤਾਂ ਉੱਨਤੀ ਕਰ ਰਹੀਆਂ ਹਨ ਤੇ ਦੂਜੇ ਪਾਸੇ ਖੇਤੀ ਬਾੜੀ ਇਉਂ ਸਾਡੇ ਦੇਸ ਦੇ ਨੇਤਾਵਾਂ ਨੇ ਸੋਚਿਆ ਕਿ ਦੇਸ਼ ਦੀ ਬੇਕਾਰੀ ਬੇਰੁਜ਼ਗਾਰੀ ਤੇ ਗਰੀਬੀ ਆਦਿ ਤਾਂ ਹੀ ਦੂਰ ਹੋ ਸਕਦੀ ਹੈ ਜੇ ਨਾਲ ਸਨਅਤੀ ਤਰਕੀ ਕੀਤੀ ਜਾਵੇ।

ਇਸ ਦੇ ਵਾਸਤੇ ਆਵਾਜਾਈ ਲਈ ਸੜਕਾਂ ਬਣਾਉਣੀਆਂ,ਪਰਿਵਾਨ ਤੇ ਸੰਚਾਰ ਦੀ ਉੱਨਤੀ ਕਰਨੀ ਪਈ। ਸਨਅਤਾਂ ਦੇ ਚਲਾਉਣ ਲਈ ਬਿਜਲੀ ਦੀ ਵਧ ਤੋਂ ਵਧ ਉਪਜ ਦਾ ਪ੍ਰਬੰਧ ਕੀਤਾ ਜਿਵੇਂ ਭਾਰਤ ਦੇ ਵੱਡੇ ਵੱਡੇ ਦਰਿਆ ਜੋ ਹਰ ਸਾਲ ਹੜ੍ਹਾਂ ਨਾਲ ਨੁਕਸਾਨ ਪੁਚਾਂਦੇ ਸਨ ਹੁਣ ਉਹਨਾਂ ਤੇ ਬੰਧ ਬੰਨ੍ਹੇ ਜਾ ਰਹੇ ਹਨ। ਤਾਕਿ ਉਸ ਪਾਣੀ ਨੂੰ ਬੰਧਾ ਦੇ ਪਿਛੇ ਜਮ੍ਹਾ ਕਰਕੇ ਉਹਨਾਂ ਵਿਚੋਂ ਨਹਿਰਾਂ ਕਢੀਆਂ ਜਾਣ ਤੇ ਪਾਣੀ ਨੂੰ ਉਚੇ ਥਾਂ ਤੋਂ ਡੇਗ ਕੇ ਬਿਜਲੀ ਪੈਦਾ ਕੀਤੀ ਜਾਵੇ ਜਿਵੇਂ ਸਾਡੇ ਪੰਜਾਬ ਵਿਚ ਭਾਖੜਾ ਨੰਗਲ ਡੈਮ ਨੇ ਪੰਜਾਬ ਤੇ ਹਰਿਆਣਾ ਦੀਆਂ ਸਨਅਤਾਂ ਨੂੰ ਉੱਨਤੀ ਵਾਲੇ ਪਾਸੇ ਤੋਰਿਆ ਹੈ। ਪੰਜਾਬ ਵਿਚ ਇਕ ਹੋਰ ਡੈਮ ਪੌਂਗਡੈਮ ਨਾਂ ਦਾ ਬਣ ਰਿਹਾ ਹੈ ਉਸ ਦੇ ਬਣ ਜਾਣ ਨਾਲ ਦਰਿਆ ਬਿਆਸ ਦਾ ਪਾਣੀ ਸਤਲੁਜ ਵਿਚ ਆ ਜਾਵੇਗਾ ਜਿਸ ਤੋਂ ਬਿਜਲੀ ਦੀ ਉਪਜ ਹੋਰ ਵਧ ਜਾਵੇਗੀ।

ਅਗੇ ਦੇਸ਼ ਵਿਚ ਛੋਟੀਆਂ ਸਨਅਤਾਂ ਸਨ ਭਾਰਤ ਸਰਕਾਰ ਨੇ ਦੂਜੀ ਤੇ ਤੀਜੀ ਯੋਜਨਾ ਵਿਚ ਭਾਰਤ ਭਾਰੀਆਂ ਸਨਅਤਾਂ ਵਲ ਧਿਆਨ ਦਿੱਤਾ ਜਿਵੇਂ—ਹਵਾਈ ਜਹਾਜ਼, ਸਮੁੰਦਰੀ ਜਹਾਜ਼, ਵੱਡੀਆ ਵੱਡੀਆਂ ਮਸ਼ੀਨਾਂ, ਰੇਲਵੇ ਇੰਜਨ, ਰੇਲਾਂ ਦੇ ਡੱਬੇ, ਟੈਲੀਫੂਨ, ਤਾਰ ਆਦਿ ਦਾ ਸਾਮਾਨ, ਫੂਲਾਦ ਦੇ ਕਾਰਖਾਨੇ ਆਦਿ ਬਹੁਤ ਸਾਰੀ ਮਸ਼ੀਨਰੀ ਜੋ ਵਿਦੇਸ਼ਾਂ ਤੋਂ ਆਉਂਦੀ ਸੀ ਉਹ ਸਾਡੇ ਦੇਸ ਵਿਚ ਬਣਨ ਲਗ ਪਏ। ਭਾਰੀ ਮਸ਼ੀਨਰੀ ਬਣਨ ਤੋਂ ਸਾਡੇ ਦੇਸ਼ ਦਾ ਧਨ ਪ੍ਰਦੇਸ਼ ਜਾਣ ਤੋਂ ਰੁਕ ਜਾਵੇਗਾ। ਇਸ ਸ ਅਤੀ ਤਰੱਕੀ ਕਰਕੇ ਸਾਡਾ ਦੇਸ਼ ਵਿਦੇਸ਼ਾਂ ਨੂੰ ਖੰਡ, ਕਪੜਾ, ਪਟਸਨ ਦਾ ਸਾਮਾਨ ਤੇ ਚਾਹ ਭੇਜਦਾ ਹੈ, ਜੋ ਸਾਨੂੰ ਡਾਲਰ ਦੇਂਦਾ ਹੈ। ਇਹਨਾਂ ਕਾਰਖਾਨਿਆਂ ਵਿਚ ਲਖਾਂ ਮਜ਼ਦੂਰ ਤੇ ਪੜੇ ਲਿਖੇ ਖਪ ਗਏ ਹਨ ਤੇ ਅਗੋਂ ਖਪਣਗੇ।

ਇਸ ਤੋਂ ਛੁਟ ਸਾਡੇ ਦੇਸ਼ ਨੇ ਸਾਈਕਲ, ਖਰਾਦ, ਕਪੜੇ ਸੀਉਣ ਦੀਆਂ ਮੁਸ਼ੀਨਾਂ ਆਦਿ ਦਰਮਿਆਨੀ ਸਨਅਤਾਂ ਵਿਚ ਵੀ ਤਰੱਕੀ ਕੀਤੀ ਹੈ। ਕਦੇ ਸਾਡੇ ਦੇਸ਼ ਵਿਚ ਵਿਦੇਸ਼ੀ ਸਾਈਕਲ ਆ ਕੇ ਵਿਕਦੇ ਸਨ, ਉਹ ਹੁਣ ਨਹੀਂ ਆਉਂਦੇ। ਏਸੇ ਤਰ੍ਹਾਂ ਊਸ਼ਾ ਮਸ਼ੀਨ ਨੇ ਸਿੰਗਰ ਮਸ਼ੀਨਾਂ ਦਾ ਨਾਂ ਭੁਲਾ ਦਿਤਾ ਹੈ। ਹੋਲੀ ਹੋਲੀ ਸਾਡਾ ਦੇਸ਼ ਸਨਅਤੀ ਉੱਨਤੀ ਵਲ ਤੁਰ ਪਿਆ ਹੈ।

ਇਸ ਤੋਂ ਛੁਟ ਘਰੇਲੂ ਜਾਂ ਛੋਟੀਆਂ ਸਨਅਤਾਂ ਹਨ। ਇਹ ਬਹੁਤ ਸਾਰੀਆਂ ਹਨ ਜਿਵੇਂ—ਤੇਲ, ਸਾਬਨ, ਪਾਊਡਰ, ਕਰੀਮ, ਫਨੈਲ, ਚਾਕ, ਪਿਨਸਲਾਂ, ਬੈਟਰੀ-ਸੈਲ, ਪਲਾਸਟਕ, ਚੂੜੀਆਂ, ਨਹੁੰਪਾਲਸ਼, ਸ਼ੀਸ਼ੇ, ਖਿਡੋਣੇ, ਮੌਮਬਤੀਆਂ, ਨਰਮੇ ਦਾ ਕਪੜਾ, ਖਡੀਆਂ ਆਦਿਕ ਇਹਨਾਂ ਸਭਨਾਂ ਸਨਅਤਾਂ ਤੋਂ ਮਧ ਦਰਜੇ ਦੇ ਲੋਕ ਘਰ ਬੈਠ ਕੇ ਆਪਣੇ ਪਰੀਵਾਰ ਦੀ ਮਦਦ ਦੇ ਨਾਲ ਰੋਟੀ ਕਮਾ ਕੇ ਖਾ ਸਕਦਾ ਹੈ ਤੇ ਕਿਸੇ ਦਾ ਮੁਥਾਜ ਨਹੀਂ ਹੁੰਦਾ।

ਸਵਿਟਜ਼ਰਲੈਂਡ ਇਕ ਨਿੱਕਾ ਜਿਹਾ ਪਹਾੜੀ ਦੇਸ਼ ਹੈ, ਪਰ ਅਜ ਤਕ ਉਸ ਦੇ ਉਪਰ ਨਾ ਕਿਸੇ ਨੇ ਹਮਲਾ ਕੀਤਾ ਹੈ ਤੇ ਨਾ ਹੀ ਉਸ ਨੇ ਕਿਸੇ ਨੂੰ ਹਾਨੀ ਪੁਚਾਈ ਹੈ, ਉਸ ਦੇਸ਼ ਘੜੀਆਂ ਦੀ ਸਨਅਤ ਲਈ ਪ੍ਰਸਿਧ ਹੈ। ਉਸ ਦੇਸ਼ ਵਿਚ ਘਰ ਘਰ ਘੜੀਆਂ ਦੇ ਪੁਰਜ਼ੇ ਬਣਦੇ ਹਨ।

ਏਸੇ ਤਰ੍ਹਾਂ ਜਾਪਾਨ ਦੀ ਸਨਅਤ ਨੇ ਹੈਰਾਨ ਕਰ ਦੇਣ ਵਾਲੀ ਤਰਕੀ ਕੀਤੀ ਹੈ ਟਿਕ ਚੀਜ਼ ਜੋ ਸਾਡੇ ਦੇਸ਼ ਵਿਚ ਇਕ ਰੁਪਏ ਦੀ ਮਿਲਦੀ ਹੈ ਉਥੇ ਚਾਰ ਆਨੇ ਦੀ ਹੈ। ਇਹੀ ਕਾਰਨ ਹੈ ਕਿ ਉਸ ਦੀ ਸਨਅਤ ਨੇ ਵਿਦੇਸ਼ਾਂ ਵਿਚ ਆਪਣਾ ਥਾਂ ਬਣਾ ਲਿਆ ਹੈ।

ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਹਰ ਨਗਰ ਵਿਚ ਦਸਤਕਾਰੀ ਸਕੂਲ ਖੋਹਲ ਕੇ ਲੋਕਾਂ ਦਾ ਧਿਆਨ ਦਸਤਕਾਰੀ ਵਲ ਦਿਵਾਵੇ ਤਾਂ ਕਿ ਹਰ ਆਦਮੀ ਛੋਟੇ ਜਿਹੇ ਸਰਮਾਏ ਨਾਲ ਆਪਣੀ ਰੋਟੀ ਕਮਾ ਸਕੇ।

ਇਉਂ ਸਾਡਾ ਦੇਸ਼ ਖੇਤੀ ਬਾੜੀ ਤੇ ਸਨਅਤ ਦੁਹਾਂ ਖੇਤਰਾਂ ਵਿਚ ਉਨਤੀ ਕਰ ਸਕੇਗਾ।

ਦੀਵਾਲੀ

ਭਾਰਤ ਵਿਚ ਜਿਥੇ ਮੇਲੇ ਕਾਫੀ ਹੁੰਦੇ ਹਨ, ਉਥੇ ਤਿਉਹਾਰ ਵੀ ਕਾਫੀ ਮਨਾਏ ਜਾਂਦੇ ਹਨ। ਤਿਉਹਾਰ ਤਾਂ ਹੋਰਨਾਂ ਦੇਸ਼ਾਂ ਵਿਚ ਵੀ ਮਨਾਉਂਦੇ ਹਨ, ਪਰ

ਜਿੰਨੇ ਉਤਸ਼ਾਹ ਨਾਲ ਇਥੇ ਮਨਾਏ ਜਾਂਦੇ ਹਨ। ਸ਼ਾਇਦ ਹੀ ਹੋਰ ਕਿਸੇ ਦੇਸ਼ ਵਿਚ ਮਨਾਏ ਜਾਂਦੇ ਹੋਣ ਇਹਨਾਂ ਤਿਉਹਾਰਾਂ ਵਿਚੋਂ 'ਦੀਵਾਲੀ' ਵੀ ਇਕ ਸ਼ਰੋਮਣੀ ਤਿਉਹਾਰ ਹੈ ਜੋ ਬਹੁਤ ਚਾਵਾਂ ਤੇ ਮਲ੍ਹਾਰਾਂ ਨਾਲ ਮਨਾਇਆ ਜਾਂਦਾ ਹੈ।

'ਦੀਵਾਲੀ' ਸ਼ਬਦ ਵਾਸਤਵ ਵਿਚ 'ਦੀਪਾਂ ਵਾਲੀ' ਦਾ ਹੀ ਸੰਖੇਪ ਰੂਪ ਹੈ। ਜਾਂ ਇਉਂ ਆਖ ਲਵੋ ਕਿ ਭਾਰਤੀਆਂ ਦੇ ਸੰਖੇਪ ਸੁਭਾ ਨੇ ਹੀ ਇਸ ਦਾ ਸੰਖੇਪ ਬਣਾ ਦਿੱਤਾ ਹੈ। ਇਹ ਦਿਨ ਆਉਣ ਦੀ ਦੇਰ ਹੈ ਕਿ ਲੋਕਾਂ ਦੇ ਵਿਚ ਸਿਆਲ ਆਉਣ ਦੀ ਨਿਸ਼ਾਨੀ ਆ ਜਾਂਦੀ ਹੈ। ਆਮ ਲੋਕ ਅੰਦਰ ਸੋਣ ਲਗ ਜਾਂਦੇ ਹਨ। ਪਾਲਾ ਜਨਮ ਲੈ ਚੁਕਾ ਹੁੰਦਾ ਹੈ ਤੇ ਵਧਦਾ ਨਜ਼ਰੀਂ ਆਉਂਦਾ ਹੈ।

ਇਸ ਦੇ ਮਨਾਏ ਜਾਣ ਦੇ ਕਈ ਕਾਰਨ ਹਨ ਤੇ ਇਸ ਨਾਲ ਇਤਿਹਾਸਕ ਕਾਰਨ ਜੁੜ ਗਏ ਹਨ। ਇਸ ਦਿਨ ਅਯੁਧਿਆ ਦੇ ਰਾਜਾ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲਾਂ ਦੇ ਬਣਵਾਸ ਪਿਛੋਂ ਰਾਵਣ ਨੂੰ ਮਾਰ ਕੇ ਸੀਤਾ ਸਮੇਤ ਆਪਣੇ ਸ਼ਹਿਰ ਪੁਜੇ ਸਨ। ਲੋਕਾਂ ਨੇ ਇਹਨਾਂ ਨੂੰ ਜੀ ਆਇਆਂ ਆਖਣ ਲਈ ਸਾਰੀ ਅਯੁਧਿਆ ਨੂੰ ਸੱਜ ਵਿਆਹੀ, ਸੱਜਣੀ ਵਾਂਗ ਸਜਾਇਆ ਤੇ ਰਾਤ ਨੂੰ ਆਪਣੇ ਘਰਾਂ ਵਿਚ ਰੋਸ਼ਨੀ ਕੀਤੀ ਸੀ। ਉਸੇ ਖੁਸ਼ੀ ਦੀ ਯਾਦ ਨੂੰ ਮੁੜ ਸੁਰਜੀਤ ਕਰਨ ਲਈ ਇਹ ਦਿਨ ਹਰ ਸਾਲ ਮਨਾਇਆ ਜਾਂਦਾ ਹੈ। ਇਥੇ ਹੀ ਬਸ ਨਹੀਂ ਇਹ ਦਿਨ ਸਿੱਖਾਂ ਲਈ ਭੀ ਕਾਫੀ ਮਹੱਤਤਾ ਰਖਦਾ ਹੈ। ਇਸੇ ਦਿਨ ਹੀ ਸਿਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਚਾਲੀ ਦਿਨਾਂ ਦੀ ਕੈਦ ਪਿਛੋਂ ਗਵਾਲੀਅਰ ਦੇ ਕਿਲੇ ਵਿਚੋਂ ਜਦ ਸ੍ਰੀ ਅੰਮ੍ਰਿਤਸਰ ਪੁਜੇ ਤਾਂ ਸਿਖਾਂ ਨੇ ਆਪ ਨੂੰ ਜੀ ਆਇਆਂ ਆਖਣ ਲਈ ਦੀਪ ਮਾਲਾ ਕੀਤੀ ਤੇ ਸਿਖ ਵੀ ਇਸ ਦਿਨ ਨੂੰ ਖੁਸ਼ੀਆਂ ਨਾਲ ਹਰ ਸਾਲ ਮਨਾਉਣ ਲਗ ਪਏ।

ਦੀਵਾਲੀ ਵਾਲੇ ਦਿਨ ਹਰ ਪਿੰਡ ਤੇ ਸ਼ਹਿਰ ਵਿਚ ਰੌਣਕ ਹੁੰਦੀ ਹੈ। ਇਸ ਦਿਨ ਤੋਂ ਲੋਕੀਂ ਸਰਦੀ ਮਹਿਸੂਸ ਕਰਨ ਲਗ ਪੈਂਦੇ ਹਨ ਤੇ ਖੁਲ੍ਹੀ ਹਵਾ, ਸਾਫ਼ ਪੌਣ ਪਾਣੀ ਨੂੰ ਛਡ ਕੇ ਕਮਰਿਆਂ ਦੇ ਅੰਦਰ ਸੋਣ ਲਗ ਪੈਂਦੇ ਹਨ। ਲੋਕੀਂ ਦੀਵਾਲੀ ਤੋਂ ਇਕ ਮਹੀਨਾ ਪਹਿਲਾਂ ਹੀ ਇਸ ਦੀ ਤਿਆਰੀ ਕਰਨ ਲਗ ਪੈਂਦੇ ਹਨ। ਘਰਾਂ ਦੀਆਂ ਸਫਾਈਆਂ ਕੀਤੀਆਂ ਜਾਂਦੀਆਂ ਹਨ। ਘਰ ਦੀ ਹਰ ਸ਼ੈ ਨੂੰ ਮੁੜ ਸ਼ਿੰਗਾਰਿਆ ਜਾਂਦਾ ਹੈ।। ਮੁੰਡੇ ਬਹੁਤ ਚਿਰ ਪਹਿਲਾਂ ਹੀ ਨਿਕੇ ਨਿਕੇ ਕਾਗਜ਼ਾਂ ਦੇ ਖਿਡੌਣੇ ਬਣਾ ਕੇ ਘਰਾਂ ਵਿਚ ਟੰਗਣ ਲਗ ਪੈਂਦੇ ਹਨ ਤੇ ਬਚੇ ਇਸ ਦਿਨ ਛੁਰਛੁ-ਰੀਆਂ ਤੇ ਆਵਾਜ਼ ਵਾਲੇ ਪਟਾਕੇ ਲੈਣ ਲਈ ਪੈਸੇ ਭੀ ਜਮ੍ਹਾਂ ਕਰਨ ਲਗ ਜਾਂਦੇ ਹਨ ਇਸ ਦਿਨ ਸਭ ਲੋਕੀਂ ਨਵੇਂ ਕਪੜੇ ਪਾ ਕੇ ਖੁਸ਼ੀਆਂ ਮਾਣਦੇ ਤੇ ਅਨੰਦ ਭੋਗਦੇ

ਹਨ । ਲੋਕੀਂ ਘਰਾਂ ਵਿਚ ਸ਼ਾਮ ਨੂੰ ਦੀਵੇ ਜਗਾਉਂਦੇ ਹਨ । ਪਿੱਪਲਾਂ, ਮੜ੍ਹੀਆਂ, ਢੇਰਾਂ ਤੇ ਖੂਹਾਂ ਆਦਿ ਤੇ ਰਿਵਾਜ ਅਨੁਸਾਰ ਦੀਵੇ ਜ਼ਰੂਰ ਜਗਾਏ ਜਾਂਦੇ ਹਨ । ਪਿੰਡਾਂ ਵਿਚ ਧਰਮਸਾਲਾ ਵਿਚ ਦੀਵਾਨ ਲਗਾਏ ਜਾਂਦੇ ਹਨ ਤੇ ਧਾਰਮਿਕ ਸਿਖਿਆ ਦੇ ਉਪਦੇਸ਼ ਦਿੱਤੇ ਜਾਂਦੇ ਹਨ ।

ਭਾਵੇਂ ਕਿਸੇ ਤਰ੍ਹਾਂ ਭੀ ਹੈ, ਜੋ ਦੀਵਾਲੀ ਸ੍ਰੀ ਅੰਮ੍ਰਿਤਸਰ ਵਿਚ ਮਨਾਈ ਜਾਂਦੀ ਹੈ ਉਸ ਦਾ ਕੀ ਆਖਣਾ ? ਲੋਕੀਂ ਸਾਰੇ ਦੇਸ਼ ਦੇ ਕੋਨੇ ਕੋਨੇ ਵਿਚੋਂ ਇਸ ਤਿਉਹਾਰ ਨੂੰ ਸ੍ਰੀ ਅੰਮ੍ਰਿਤਸਰ ਵੇਖਣ ਆਉਂਦੇ ਹਨ । ਇਸ ਦਿਨ ਸਚਮੁਚ ਹੀ ਅੰਮ੍ਰਿਤਸਰ ਇਕ ਨਵੀਂ ਵਿਆਹੀ ਸਜਨੀ ਵਾਂਗ ਸ਼ਿੰਗਾਰਿਆ ਹੁੰਦਾ ਹੈ । ਹਰ ਚੀਜ਼ ਨੂੰ ਆਪਣੇ ਅਸਲੀ ਜੋਬਨ ਨੂੰ ਲਿਆਉਣ ਦਾ ਯਤਨ ਕੀਤਾ ਜਾਂਦ ਹੈ । ਜੋ ਲੰਘਣ ਵਾਲੇ ਦੇ ਮੂੰਹ ਵਿਚ ਬਦੋਬਦੀ ਪਾਣੀ ਲਿਆ ਦਿੰਦੀ ਹੈ ।

ਸ਼ਾਮ ਨੂੰ ਹਰਿਮੰਦਰ ਸਾਹਿਬ ਵਿਖੇ ਦੀਪ ਮਾਲਾ ਵੇਖਣ ਲਈ ਜਨਤਾ ਬਹੁਤ ਗਿਣਤੀ ਵਿਚ ਆਈ ਹੋਈ ਹੁੰਦੀ ਹੈ ਤੇ ਜਿਸ ਸਮੇਂ ਅੰਦਰ ਪਰਕਰਮਾ ਭਰ ਜਾਂਦੀ ਹੈ ਤਾਂ ਸੇਵਾਦਾਰ ਬੂਹੇ ਬੰਦ ਕਰ ਲੈਂਦੇ ਹਨ । ਸਰੋਵਰ ਦੇ ਚਾਰੇ ਪਾਸੇ ਦੀਵੇ ਜਗਾਏ ਜਾਂਦੇ ਹਨ । ਇਹਨਾਂ ਦਾ ਨਜ਼ਾਰਾ ਵੇਖਣ ਯੋਗ ਹੁੰਦਾ ਹੈ ਤੇ ਇਹ ਮਨ ਤੇ ਰੂਹ ਨੂੰ ਸ਼ਾਂਤੀ ਬਖਸ਼ਦਾ ਹੈ । ਬਿਜਲੀਆਂ ਦੇ ਲਾਟੂਆਂ ਨੂੰ ਹਾਰਾਂ ਦਾ ਰੂਪ ਦੇ ਕੇ ਚਾਰੇ ਪਾਸੇ ਲਟਕਾਇਆ ਜਾਂਦਾ ਹੈ । ਜੋ ਭਾਂਤ ਭਾਂਤ ਦੇ ਰੰਗ ਹੋਣ ਕਰ ਕੇ ਬਹੁਤ ਮਨਮੋਹਨਾ ਨਜ਼ਾਰਾ ਦਿੰਦੇ ਹਨ । ਚਾਰੇ ਪਾਸੇ ਦੀਵੀਆਂ ਦੀ ਰੌਸ਼ਨੀ ਤੇ ਰੰਗ ਬਰੰਗੇ ਲਾਟੂਆਂ ਦਾ ਪ੍ਰਤੀਬਿੰਬ (ਸਾਇਆ) ਸਰੋਵਰ ਵਿਚ ਪੈਂਦਾ ਹੋਇਆ ਇਸ ਤਰ੍ਹਾਂ ਭਾਸਦਾ ਹੈ ਕਿ ਲੰਮੇ ਚਮਕੀਲੇ ਤੇ ਜਗਦਿਆਂ ਸਿਰਾਂ ਵਾਲ ਸੱਪ ਸਰੋਵਰ ਵਿਚ ਉਡਾਰੀਆਂ ਮਾਰ ਰਹੇ ਹਨ । ਇਸੇ ਤਰ੍ਹਾਂ ਦਰਸ਼ਨੀ ਡਿਉਢੀ ਵਿਚ ਸਾਹਮਣੇ ਵਾਲੇ ਬੁੰਗੇ ਤੇ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ । ਇਸ ਤਰ੍ਹਾਂ ਮਸਿਆ ਦੀ ਕਾਲੀ ਰਾਤ ਵਿਚ ਦਰਬਾਰ ਸਾਹਿਬ ਦਿਨ ਵਾਂਗ ਚਮਕਿਆ ਹੁੰਦਾ ਹੈ । ਇਹ ਨਜ਼ਾਰਾ ਦਿਲ ਤੇ ਦਿਮਾਗ਼ ਉੱਤੇ ਅਮਿਟ ਪ੍ਰਭਾਵ ਪਾਉਂਦਾ ਹੈ ਜੋ ਆਉਣ ਵਾਲੇ ਜੀਵਨ ਵਿਚ ਖੁਸ਼ੀ ਦਾ ਕਾਰਨ ਬਣ ਜਾਂਦਾ ਹੈ ।

ਲੋਕੀਂ ਇਸ ਰਾਤ ਲਛਮੀ ਦੇਵੀ ਦੀ ਪੂਜਾ ਕਰਦੇ ਹਨ ਤਾਂ ਜੋ ਸਾਰਾ ਸਾਲ ਲਛਮੀ ਦਾ ਆਉਣਾ ਬਣਿਆ ਰਹੇ । ਸਾਰੀ ਰਾਤ ਚਾਂਦੀ ਦੇ ਰੁਪਇਆ ਨੂੰ ਕਚੀ ਲੱਸੀ ਵਿਚ ਧੋ ਕੇ ਸੰਧੂਰ ਲਗਾਇਆ ਜਾਂਦਾ ਹੈ ਤੇ ਘਰਾਂ ਦੇ ਬੂਹੇ ਭੀ ਖੁਲ੍ਹੇ ਰਖਦੀ ਹਨ ਸਫਾਈ ਅਜਿਹੀ ਕੀਤੀ ਜਾਂਦੀ ਹੈ ਕਿ ਉਹਨਾਂ ਦਾ ਖਿਆਲ ਹੈ ਕਿ ਗੰਦੀ ਥਾਂ ਤੇ ਲਛਮੀ ਪੈਰ ਨਹੀਂ ਰਖਦੀ ਹੈ ਭਾਵੇਂ ਇਸ ਗਲ ਨੂੰ ਵਹਿਮ ਹੀ ਆਖਿਆ ਜਾ ਸਕਦਾ

ਹੈ । ਪਰ ਇਸ ਵਹਿਮ ਨਾਲ ਸਫ਼ਾਈ ਜ਼ਰੂਰ ਹੋ ਜਾਂਦੀ ਹੈ ।

ਇਹ ਦਿਨ ਸਾਡੇ ਸਮਾਜ ਦਾ ਕੋਝਾ ਅੰਗ ਵੀ ਜਾਪਦਾ ਹੈ । ਲੋਕੀਂ ਇਸ ਦਿਨ ਜੂਆ ਖੇਡਦੇ ਹਨ । ਖੇਡਣ ਵਾਲੇ ਆਪਣੀ ਬੁਰਾਈ ਨੂੰ ਲੁਕਾਣ ਲਈ ਇਹ ਆਖਦੇ ਹਨ ਕਿ ਜਿਹੜਾ ਇਸ ਰਾਤ ਜੂਆ ਨਹੀਂ ਖੇਡੇਗਾ ਉਹ ਖੋਤੇ ਦੀ ਜੂਨ ਪਵੇਗਾ । ਪਰ ਇਹ ਨਿਰਾ ਵਹਿਮ ਹੈ । ਜੂਏ ਦੀ ਕੀ ਤਾਕਤ ਜੋ ਇਹ ਜੂਨਾਂ ਵਿਚ ਅਦਲਾ ਬਦਲੀ ਕਰਵਾ ਸਕੇ । ਚੰਗੇ ਦਿਨ ਜੂਏ ਜਿਹੀ ਬੁਰੀ ਆਦਤ ਦੀ ਨੀਂਹ ਰਖੀ ਜਾਂਦੀ ਹੈ ਜਿਸ ਦੇ ਆਉਣ ਵਾਲੇ ਸਮੇਂ ਵਿਚ ਪੱਕਣ ਦਾ ਡਰ ਹੁੰਦਾ ਹੈ । ਲੋੜ ਹੈ ਇਸ ਦਿਨ ਜੂਆ ਹਟਾਉਣ ਦੀ ਤਾਂ ਜੋ ਦੀਵਾਲੀ ਖੁਸ਼ੀ ਦਾ ਕਾਰਣ ਬਣੇ ਤੇ ਕਿਸੇ ਦਾ ਦੀਵਾਲੀ ਦੀ ਥਾਂ ਦੀਵਾਲਾ ਨਾ ਨਿਕਲੇ ।

ਸਿਨੇਮਾ

ਜੀਵਨ ਦੇ ਹਰ ਪੜਾ ਤੇ ਮਨੁਖ ਆਪਣੇ ਮਨੋਰੰਜਨ ਦਾ ਕੋਈ ਨਾ ਕੋਈ ਪ੍ਰਬੰਧ ਕਰਦਾ ਆਇਆ ਹੈ । ਜੰਗਲਾਂ ਵਿਚ ਰਹਿੰਦਾ ਮਨੁੱਖ ਸ਼ਿਕਾਰ ਕਰਦਾ ਸੀ । ਇਸ ਨਾਲ ਉਸ ਦੀ ਉਦਰ ਪੂਰਤੀ ਵੀ ਹੁੰਦੀ ਸੀ ਨਾਲ ਹੀ ਇਸ ਦਾ ਦਿਲ ਵੀ ਲਗਾ ਰਹਿੰਦਾ ਸੀ । ਫਿਰ ਹੌਲੀ ਹੌਲੀ ਮਨੁੱਖ ਦੀ ਉੱਨਤੀ ਨਾਲ ਇਸ ਦੇ ਮਨੋਰੰਜਨ ਦੇ ਸਾਧਨ ਵੀ ਬਦਲਦੇ ਰਹੇ ।

ਸਾਇੰਸ ਦੇ ਸਮੇਂ ਵਿਚ ਜਿਥੇ ਹੋਰਨਾਂ ਪੱਖਾਂ ਨੇ ਉੱਨਤੀ ਕੀਤੀ ਉਥੇ ਮਨੋਰੰਜਨ ਦੇ ਸਾਧਨਾਂ ਵਿਚ ਵੀ ਕਾਫ਼ੀ ਉੱਨਤੀ ਹੋ ਗਈ ਹੈ । ਇਹਨਾਂ ਵਿਚੋਂ ਸਿਨੇਮਾ ਇਕ ਸ਼ਰੋਮਣੀ ਮਨੋਰੰਜਨ ਦਾ ਸਾਧਨ ਹੈ।

ਇਸ ਤਰ੍ਹਾਂ ਬੋਲਣ ਵਾਲੀਆਂ ਤੇ ਹਰ ਪ੍ਰਕਾਰ ਦੀਆਂ ਤਸਵੀਰਾਂ ਆਉਣ ਤੋਂ ਪਹਿਲਾਂ ਖੜੀਆਂ ਤੇ ਚੁਪ ਤਸਵੀਰਾਂ ਹੁੰਦੀਆਂ ਸਨ ਤੇ ਫਿਰ ਹੌਲੀ ਹੌਲੀ ਉੱਨਤੀ ਹੋਈ ਤੇ ਅਜ ਹਰ ਦ੍ਰਿਸ਼ਾਂ ਨੂੰ ਫਿਲਮਾਇਆ ਜਾ ਸਕਦਾ ਹੈ ।

ਇਸ ਦੇ ਕਈ ਲਾਭ ਹਨ ਤੇ ਕਈ ਹਾਨ । ਲਾਭ ਵਿਚੋਂ ਪਹਿਲਾਂ ਤਾਂ ਦਿਲ ਪਰਚਾਵੇ ਦਾ ਵੱਡਾ ਲਾਭ ਹੈ । ਜਦ ਮਨੁੱਖ ਆਪਣੀ ਦਿਨ ਦੀ ਕਿਰਤ ਕਮਾਈ ਤੋਂ ਵਿਹਲਾ ਹੋ ਕੇ ਥਕਾ ਟੁਟਾ ਘਰ ਆਉਂਦਾ ਹੈ ਤਾਂ ਉਸ ਦੇ ਦਿਲ ਪਰਚਾਵੇ ਲਈ ਕੋਈ ਸਾਧਨ ਹੋਣਾ ਚਾਹੀਦਾ ਹੈ ਤਾਂ ਜੋ ਦੂਜੇ ਦਿਨ ਕਿਰਤ ਲਈ ਮੁੜ ਉਤਸ਼ਾਹ ਭਰ ਜਾਏ । ਮੋਟੀਆਂ ਮੋਟੀਆਂ ਪੁਸਤਕਾਂ ਪੜ੍ਹਨ ਦੀ ਉਸ ਵਿਚ ਸ਼ਕਤੀ ਨਹੀਂ ਹੁੰਦੀ ਇਸ ਲਈ ਉਹ ਆਪਣੇ ਦਿਲ ਨੂੰ ਹੋਰ ਪਾਸੇ ਲਾਉਣ ਲਈ ਸਿਨਮੇ ਚਲਾ ਜਾਂਦਾ ਹੈ । ਉਥੇ ਉਹ ਉਹਨਾਂ ਦਰਿਆਵਾਂ ਦੀਆਂ ਤੁਰਦੀਆਂ ਫਿਰਦੀਆਂ ਤਸਵੀਰਾਂ ਦੇਖਦਾ

ਹੈ।ਜਿਨ੍ਹਾਂ ਨੂੰ ਉਹ ਉਸ ਤਰ੍ਹਾਂ ਕਦੀ ਨਹੀਂ ਦੇਖ ਸਕਦਾ। ਸਿਨਮੇ ਦੀਆਂ ਮਨ-ਮੋਹਣੀਆਂ ਤੇ ਮਿਠੀਆਂ ਨਾਰੀਆਂ ਉਸ ਨੂੰ ਖੁਸ਼ੀ ਦਿੰਦੀਆਂ ਹਨ। ਪਿਆਰ ਵਿਚ ਭਿੱਜੇ ਹੋਏ ਗਾਣੇ ਉਸ ਨੂੰ ਹੋਰ ਭੀ ਸੁਆਦ ਦਿੰਦੇ ਹਨ ਤੇ ਉਸ ਦੇ ਕੁਆਰੇ ਵਲ-ਵਲੀਆਂ ਨੂੰ ਟੁੰਬਦੇ ਹਨ। ਤਰ੍ਹਾਂ ਤਰ੍ਹਾਂ ਦਿਆਂ ਬਚਿਆਂ (ਭਾਵ ਐਕਟਰਾਂ ਐਕਟਰਸਾਂ ਤੋਂ ਹੈ) ਦੇ ਨਾਚ ਤੇ ਤਾਲ ਉਸ ਨੂੰ ਖੁਸ਼ੀ ਦਾ ਸੋਮਾ ਪ੍ਰਤੀਤ ਹੁੰਦੇ ਹਨ। ਉਹ ਖੁਸ਼ੀ ਦੇ ਦਿਲ ਪਰਚਾਵੇ ਵਿਚ ਢਾਈ ਤਿੰਨ ਘੰਟਿਆਂ ਨੂੰ ਧੱਕਾ ਦੇ ਆਉਂਦਾ ਹੈ।

ਆਮ ਦੇਖਿਆ ਗਿਆ ਹੈ ਕਿ ਨਾਟਕ ਜੀਵਨ ਵਿਚ ਪਲਟਾ ਲਿਆ ਦੇਣ ਦੀ ਵਧੇਰੇ ਸ਼ਕਤੀ ਰਖਦਾ ਹੈ। ਇਸ ਲਈ ਸਾਡੀ ਸਮਾਜ ਦੀਆਂ ਕੁਰੀਤੀਆਂ ਨੂੰ ਸਿਨੇਮਾ ਵਿਚ ਵਿਖਾ ਕੇ ਇਹਨਾਂ ਦਾ ਸੁਧਾਰ ਬਹੁਤੀ ਚੰਗੀ ਤਰ੍ਹਾਂ ਕੀਤਾ ਜਾ ਸਕਦਾ ਹੈ। ਪਿੰਡ ਸੁਧਾਰ ਲਈ ਸਫਾਈ ਆਦਿ ਦੀਆਂ ਫਿਲਮਾਂ ਸਾਡੇ ਜੀਵਨ ਲਈ ਬਹੁਤ ਲਾਭਦਾਇਕ ਹਨ। ਚੰਗੀਆਂ ਫਿਲਮਾਂ ਭਗਤ ਸੂਰਦਾਸ, ਪੂਰਨ ਭਗਤ, ਹਰੀਸ਼ ਚੰਦਰ ਅਤੇ ਹੋਰ ਸਿਕੰਦਰ, ਪਿਆਰ ਦੀ ਪਿਆਸ, ਟੀਪੂ ਸੁਲਤਾਨ ਜਿਹੀਆਂ ਫਿਲਮਾਂ ਸਾਡੇ ਜੀਵਨ ਵਿਚ ਬਹੁਤ ਤਬਦੀਲੀਆਂ ਲਿਆਉਂਦੀਆਂ ਹਨ। ਸਾਨੂੰ ਸਾਡੇ ਪੁਰਾਣੇ ਇਤਿਹਾਸ ਤੋਂ ਜਾਣੂ ਕਰਾ ਕੇ ਸਾਡੇ ਸੁਤੇ ਹੋਏ ਜਜ਼ਬਾਤਾਂ ਨੂੰ ਟੁੰਬਦੀਆਂ ਹਨ। ਧਾਰਮਿਕ ਫਿਲਮਾਂ ਸਾਡੇ ਜੀਵਨ ਦੇ ਬਿਖੜੇ ਤੇ ਔਖੇ ਮਾਰਗ ਨੂੰ ਬਹੁਤ ਸੌਖਾ ਤੇ ਸਿਧਾ ਬਣਾਉਂਦੀਆਂ ਹਨ। ਇਹ ਫਿਲਮਾਂ ਸਿਖਿਆਦਾਇਕ ਹੋਣ, ਕਈਆਂ ਯੁਵਕਾਂ ਨੂੰ ਨਵੇਂ ਖਿਆਲ ਦਿੰਦੀਆਂ ਹਨ ਤੇ ਕਈਆਂ ਦਾ ਜੀਵਨ ਸਫਲ ਕਰ ਦਿੰਦੀਆਂ ਹਨ।

ਉਚੇ ਆਚਰਣ ਤੇ ਬੀਰ ਰਸ ਨਾਲ ਭਰੀਆਂ ਹੋਈਆਂ ਫਿਲਮਾਂ ਸਾਡੇ ਸ਼ਹਿਰੀਆਂ ਤੇ ਬਹੁਤ ਸੋਹਣਾ ਅਸਰ ਪਾਉਂਦੀਆਂ ਹਨ। ਦੇਸ਼ ਪਿਆਰ ਨਾਲ ਭਰੀਆਂ ਹੋਈਆਂ ਫਿਲਮਾਂ ਦੇਸ਼ ਵਾਸ਼ੀਆਂ ਦੇ ਦਿਲ ਵਿਚ ਪਿਆਰ ਦਾ ਹੜ੍ਹ ਲਿਆ ਦਿੰਦੀਆਂ ਹਨ।

ਇਹ ਸਿਨਮੇ ਦੀਆਂ ਫਿਲਮਾਂ ਵਿਦਿਆਰਥੀਆਂ ਲਈ ਭੀ ਬਹੁਤ ਲਾਭਦਾਇਕ ਹਨ ਆਮ ਤੌਰ ਤੇ ਅਸਲੀ ਫਿਲਮਾਂ ਸ਼ੁਰੂ ਕਰਨ ਤੋਂ ਪਹਿਲਾਂ ਵਾਕਫੀਅਤ ਲਈ ਸਰਕਾਰ ਵਲੋਂ ਫਿਲਮਾਂ ਦਿਖਾਈਆਂ ਜਾਂਦੀਆਂ ਹਨ।ਜਿਨ੍ਹਾਂ ਨੂੰ ਕਿ ਵਿਦਿਆਰਥੀ ਆਪਣੇ ਵਿਗਿਆਨ ਨੂੰ ਤੇ ਆਮ ਵਾਕਫ਼ੀਅਤ ਨੂੰ ਸੁਹਣੀ ਤਰ੍ਹਾਂ ਵਧਾ ਸਕਦੇ ਹਨ। ਦੁਨੀਆਂ ਦੇ ਕੋਨੇ ਕੋਨੇ ਦੀਆਂ ਗੱਲਾਂ ਅਤੇ ਆਪਣੇ ਦੇਸ਼ ਦੀਆਂ ਪ੍ਰਸਿਧ ਖਬਰਾਂ ਨੂੰ ਤਸਵੀਰਾਂ ਰਾਹੀਂ ਭੀ ਬਿਆਨਿਆ ਗਿਆ ਹੁੰਦਾ ਹੈ।

ਦੇਸ਼ ਵਿਚ ਕਿਸੇ ਗੱਲ ਦਾ ਪ੍ਰਚਾਰ ਕਰਨਾ ਹੋਵੇ ਤਾਂ ਫਿਲਮਾਂ ਦੀ ਮਦਦ ਲਈ ਜਾ ਸਕਦੀ ਹੈ। ਫਿਲਮਾਂ ਰਾਹੀਂ ਬੋਲੀ ਭੀ ਉਨਤੀ ਕਰ ਜਾਂਦੀ ਹੈ ਅਤੇ ਕਾਫੀ ਸਫਲ ਹੋ ਜਾਂਦੀ ਹੈ। ਜਿਸ ਬੋਲੀ ਵਿਚ ਫਿਲਮਾਂ ਲਿਖੀਆਂ ਜਾਂਦੀਆਂ ਹਨ, ਉਸ ਬੋਲੀ ਦਾ ਭੀ ਉੱਨਤ ਹੋਣਾ ਜ਼ਰੂਰੀ ਹੈ। ਬਾਕੀ ਇਹਨਾਂ ਦੇ ਸਿਰ ਤੇ ਹੀ ਰੋਟੀ ਕਮਾ ਰਹੇ ਹਨ। ਸਿਨੇਮਾ ਦੇਸ਼ ਦੀ ਬੇਰੁਜ਼ਗਾਰੀ ਦੀ ਸਮਸਿਆ ਹਲ ਕਰਨ ਲਈ ਲਾਭ-ਦਾਇਕ ਹੈ।

ਇਹ ਤਾਂ ਮੰਨਣ ਵਾਲੀ ਗੱਲ ਹੈ ਕਿ ਜੋ ਚੀਜ਼ ਚੰਗੀ ਹੁੰਦੀ ਹੈ ਉਸ ਵਿਚ ਕੁਝ ਭੈੜੇ ਵੀ ਹੁੰਦੇ ਹਨ ਜਿਸ ਤਰ੍ਹਾਂ ਕਿ ਹਰ ਆਦਮੀ ਪੂਰਾ ਬੁਰਾ ਨਹੀਂ ਅਤੇ ਹਰ ਆਦਮੀ ਪੂਰਾ ਚੰਗਾ ਨਹੀਂ ਹੋ ਸਕਦਾ, ਇਸ ਤਰ੍ਹਾਂ ਭੀ ਕਹੀਏ ਤਾਂ ਠੀਕ ਹੈ ਕਿ ਚੰਗੀ ਚੀਜ਼ ਪਿਛੋਂ ਅਸਰ ਕਰਦੀ ਹੈ ਤੇ ਭੈੜੀ ਪਹਿਲਾਂ। ਇਸ ਪ੍ਰਕਾਰ ਆਮ ਲੋਕਾ ਦੇ ਆਚਰਨ ਤੇ ਇਹ ਭੈੜੀਆਂ ਤੇ ਆਚਰਨ ਹੀਣ ਫਿਲਮਾਂ ਬਹੁਤ ਅਸਰ ਪਾਉਂ-ਦੀਆਂ ਹਨ। ਫਿਲਮਾਂ ਵਾਲੇ ਇਹੋ ਜਹੀਆਂ ਫਿਲਮਾਂ ਬਣਾਉਂਦੇ ਹਨ ਜਿੰਨ੍ਹਾਂ ਨਾਲ ਜਜ਼ਬੇ ਟੁੰਬੇ ਜਾਣ ਤੇ ਉਹਨਾਂ ਤੇ ਬੁਰਾ ਅਸਰ ਪਵੇ। ਭਾਰਤੀ ਗਭਰੂ ਤੇ ਮੁਟਿਆਰਾਂ ਉਤੇ ਇਹਨਾਂ ਦਾ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ।

ਇਹ ਫਜ਼ੂਲ ਖਰਚੀ ਦਾ ਸ਼ਾਧਨ ਬਣ ਜਾਂਦਾ ਹੈ। ਰੋਜ਼ ਦੇਖਣ ਤੇ ਇਸਦੀ ਆਦਤ ਪੈ ਜਾਂਦੀ ਹੈ, ਜੋ ਬੁਰੀ ਆਖੀ ਜਾ ਸਕਦੀ ਹੈ। ਮਜ਼ਦੂਰ ਦਿਨ ਭਰ ਮਿਹਨਤ ਕਰਦਾ ਮਰ ਜਾਂਦਾ ਹੈ, ਪਰ ਇਹ ਸਿਨਮੇ ਦੀ ਆਦਤ ਉਸ ਦਾ ਬੜਾ ਹਰਜ ਕਰ ਦਿੰਦੀ ਹੈ। ਦਿਨ ਭਰ ਦੀ ਕਮਾਈ ਮਿਹਨਤੀ ਬੰਦਾ ਸਿਨਮੇ ਵਿਚ ਰੋੜ੍ਹ ਦਿੰਦਾ ਹੈ। ਰੋਟੀ ਚਾਹੇ ਮਿਲੇ ਜਾਂ ਨਾ ਮਿਲੇ ਸਿਹਤ ਠੀਕ ਹੋਵੇ ਜਾਂ ਨਾ, ਪਰ ਉਹਨਾਂ ਸਿਨਮਾ ਜ਼ਰੂਰ ਵੇਖਣਾ ਹੈ।

ਇਹ ਬੁਰੀ ਆਦਤ ਤਦੋਂ ਬਣ ਜਾਂਦੀ ਹੈ ਜਦੋਂ ਇਹ ਬਹੁਤ ਦੇਖਿਆ ਜਾਂਦਾ ਹੈ। ਇਸ ਦੀ ਰੋਸ਼ਨੀ ਨਾਲ ਅੱਖੀਆਂ ਵੀ ਖਰਾਬ ਹੋਣ ਦਾ ਡਰ ਰਹਿੰਦਾ ਹੈ। ਕਈ ਬੁਰੀਆਂ ਆਤਮਾਂ ਵੀ ਇਥੇ ਆ ਜਾਂਦੀਆਂ ਹਨ। ਜਿਥੋਂ ਤਾਈਂ ਹੋ ਸਕੇ ਇਸ ਤੋਂ ਬਚਣਾਂ ਹੀ ਚਾਹੀਦਾ ਹੈ ਨਹੀਂ ਤਾਂ ਮਨੋਰੰਜਨ ਦੀ ਇਹ ਚੀਜ਼ ਬਰਬਾਦੀ ਦਾ ਕਾਰਨ ਬਣ ਜਾਂਦੀ ਹੈ ਤੇ ਇਹ ਭੈੜੀ ਆਦਤ ਸਾਰੀ ਉਮਰ ਦੁਖ ਦਾ ਕਾਰਨ ਬਣ ਜਾਂਦੀ ਹੈ। ਇਸ ਤੋਂ ਬਚਣਾ ਹੀ ਚਾਹੀਦਾ ਹੈ।

———

ਭਾਰਤ ਪਾਕਿਸਤਾਨ ਯੁਧ 1972

ਭਾਰਤ ਦੀ ਵੰਡ ਦੋ ਕੌਮਾਂ ਦੇ ਸਿਧਾਂਤ ਤੇ ਹੋਈ। ਮੁਸਲਮਾਨ ਨੇਤਾਵਾਂ ਨੂੰ ਮੁਸਲਮਾਨਾਂ ਵਿਚ ਫਿਰਕੇਦਾਰੀ ਦਾ ਜ਼ੈਹਰ ਭਰ ਦਿੱਤਾ। ਜਿਸ ਤੋਂ ਉਹਨਾਂ ਦੇ ਦਿਲਾਂ ਵਿਚ ਹਿੰਦੂਆਂ ਪ੍ਰਤੀ ਨਫ਼ਰਤ ਭਰ ਗਈ। ਇਸ ਨਫ਼ਰਤ ਦੇ ਆਧਾਰ ਤੇ ਹਿੰਦੁਸਤਾਨ ਦੇ ਦੁਹੀਂ ਪੱਖੀਂ ਪੂਰਬੀ ਤੇ ਪੱਛਮੀ ਪਾਕਿਸਤਾਨ ਬਣਾਏ ਗਏ। ਬੰਗਾਲ ਤੇ ਪੰਜਾਬ ਦੇ ਬਹੁ ਮੁਸਲਿਮ ਗਿਣਤੀ ਵਾਲੇ ਇਲਾਕੇ ਵੰਡੇ ਗਏ। ਇਹਨਾਂ ਦੁਹਾਂ ਪਾਕਿਸਤਾਨਾਂ ਦੀ ਰਾਜਧਾਨੀ ਪਹਿਲਾਂ ਕਰਾਚੀ ਵਿਚ ਬਣਾਈ ਗਈ ਤੇ ਫਿਰ ਰਾਵਲ ਪਿੰਡੀ ਦੇ ਕੋਲ ਇਸਲਾਮਾਬਾਦ ਵਸਾ ਕੇ ਰਾਜਧਾਨੀ ਬਣਾਈ। 1947 ਤੋਂ 1971 ਤਕ ਇਹਨਾਂ 25 ਸਾਲਾਂ ਵਿਚ ਪਾਕਿਸਤਾਨ ਨੇ ਭਾਰਤ ਨਾਲ ਲੜਾਈ ਛੇੜੀ ਹੀ ਰੱਖੀ, ਪਰ ਇਸ ਦੀਆਂ ਮੁਖ ਲੜਾਈਆਂ ਇਸ ਪ੍ਰਕਾਰ ਹਨ।

ਪਹਿਲੀ ਵਾਰੀ ਪਾਕਿਸਤਾਨ ਬਣਨ ਸਾਰ ਹੀ ਜਿਨਾਹ ਨੇ ਪਾਕੀ ਜਰਨੈਲਾਂ ਦੀ ਮਦਦ ਨਾਲ ਕਬਾਇਲੀਆਂ ਪਾਸੋਂ ਭਾਰਤੀ ਕਸ਼ਮੀਰ ਤੇ ਹਮਲਾ ਕਰਵਾ ਦਿੱਤਾ ਤੇ ਜਿਨਾਹ ਨੇ ਈਦ ਵਾਲੇ ਦਿਨ ਸ੍ਰੀ ਨਗਰ ਵਿਚ ਨਮਾਜ਼ ਪੜ੍ਹਨ ਦੀ ਕਸਮ ਖਾਧੀ। ਮਹਾਰਾਜਾ ਕਸ਼ਮੀਰ ਨੇ ਭਾਰਤ ਤੋਂ ਮਦਦ ਮੰਗੀ। ਭਾਰਤ ਨੇ ਉਸ ਦੀ ਮਦਦ ਕਰਨੀ ਮੰਨ ਲਈ ਤੇ ਹਵਾਈ ਜਹਾਜ਼ਾਂ ਤੇ ਫੌਜ ਭੇਜ ਦਿੱਤੀ। ਭਾਰਤੀ ਫੌਜ ਨੇ ਜਾਣ ਤੋੜ ਕੇ ਕਸ਼ਮੀਰ ਦੀ ਮਦਦ ਕੀਤੀ ਤੇ 1948 ਵਿਚ ਇਤਿਹਾਦੀ ਸਭਾ ਨੇ ਲੜਾਈ ਬੰਦ ਕਰਵਾ ਦਿੱਤੀ।

ਉਸ ਦੇ ਬਾਦ ਪਾਕਿਸਤਾਨ ਨੇ ਛੋਟੀਆਂ ਮੋਟੀਆਂ ਸਰਹੱਦੀ ਲੜਾਈਆਂ ਜਾਰੀ ਰਖੀਆਂ। ਫੇਰ ਹੈਦਰਾਬਾਦ ਵਿਚ ਸ਼ਰਾਰਤ ਕਰਵਾ ਦਿੱਤੀ। ਨਾਲ ਹੀ ਗੁਜਰਾਤ ਕਾਠੀਆਵਾੜ ਵਿਚ ਨਵਾਬ ਜੂਨਾਗੜ੍ਹ ਨੇ ਵੀ ਸ਼ਰਾਰਤ ਕੀਤੀ ਪਰ ਸਾਡੀ ਸਰਕਾਰ ਨੇ ਸਭ ਬਗਾਵਤਾਂ ਦਬਾ ਦਿੱਤੀਆਂ।

1965 ਵਿਚ ਦੂਜੀਵਾਰ ਪਾਕਿਸਤਾਨ ਨੇ ਸਿੰਧ ਸਰਹੱਦ ਤੋਂ ਰਣ ਕਛ ਉਤੇ ਹਮਲਾ ਕਰ ਦਿੱਤਾ। ਇਸ ਹਮਲੇ ਨੂੰ ਜਦ ਪਛਾੜਿਆ ਤਾਂ ਉਸ ਨੇ ਕਸ਼ਮੀਰ ਵਿਚ ਅਗਸਤ 1965 ਵਿਚ ਹਮਲਾ ਕਰ ਦਿੱਤਾ। ਇਸ 18 ਦਿਨਾਂ ਦੀ ਜੰਗ ਵਿਚ ਪਾਕਿਸਤਾਨ ਦੇ ਛੱਕੇ ਛੁਟ ਗਏ। ਤੇ ਉਸ ਨੇ ਇਤਿਹਾਦੀ ਸਭਾ ਨੂੰ ਕਿਹਾ ਤੇ ਉਸ ਨੇ ਜੰਗ ਬੰਦ ਕਰਵਾ ਦਿੱਤੀ। ਇਸ ਖਿੱਚਾ ਤਾਣੀ ਵਿਚ ਰੂਸ ਨੇ ਮਦਦ ਕੀਤੀ ਤੇ ਤਾਸ਼ਕੰਦ ਸੰਧੀ ਕਰਵਾਈ। ਇਸ ਸੰਧੀ ਵੇਲੇ ਭਾਰਤ ਦਾ ਪ੍ਰਧਾਨਮੰਤਰੀ ਲਾਲ

ਬਹਾਦਰ ਤਾਸ਼ਕੰਦ ਵਿਚ ਸੁਰਗ ਸਿਧਾਰ ਗਏ। ਭਾਰਤ ਨੇ ਤਾਸ਼ਕੰਦ ਸੰਧੀ ਨੂੰ ਸਿਰ ਮੱਥੇ ਮੰਨ ਲਿਆ।

ਫਿਰ ਅਯੂਬ ਦੇ ਪਤਨ ਦਾ ਕਾਲ ਆ ਗਿਆ ਤੇ ਉਸ ਦੀ ਥਾਂ ਯਾਹੀਜਾ ਖਾਂ ਨੇ ਮਲ ਲਈ। ਯਾਹੀਆ ਖਾਂ ਨੇ ਰੂਸ, ਅਮਰੀਕਾ ਤੇ ਚੀਨ ਤੋਂ ਫੌਜੀ ਮਦਦ ਲੈ ਕੇ 1971 ਵਿਚ 3 ਦਸੰਬਰ ਵਾਲੇ ਦਿਨ ਭਾਰਤ ਉਪਰ ਅਚਨਚੇਤ ਹਵਾਈ ਹਮਲੇ ਕਰਵਾ ਦਿਤੇ। ਭਾਰਤ ਨੂੰ ਇਸ ਦੀ ਖਬਰ ਪਹਿਲਾਂ ਲਗ ਗਈ। ਇਸਲਈ ਉਸ ਦੇ ਜਹਾਜ਼ ਨੁਕਸਾਨ ਨਾ ਪਹੁੰਚਾ ਸਕੇ। ਅਗਲੇ ਦਿਨ 4 ਦਸੰਬਰ ਨੂੰ ਭਾਰਤ ਨੇ ਜੁਆਬੀ ਹਮਲਾ ਕਰ ਦਿੱਤਾ।

16 ਦਸੰਬਰ ਤਕ ਖੂਬ ਜੰਗ ਮੱਚੀ ਪਾਕਿਸਤਾਨ ਦੇ ਛਕੇ ਛੁਟ ਗਏ। ਭਾਰਤ ਦੀ ਪ੍ਰਧਾਨ ਮੰਤਰੀ ਨੇ ਖੁਲ੍ਹੇ ਸ਼ਬਦਾਂ ਵਿਚ ਕਿਹਾ ਅਸੀਂ ਕਿਸੇ ਦਾ ਇਲਾਕਾ ਜਿਤਣਾ ਨਹੀਂ ਚਾਹੁੰਦੇ ਨਾ ਹੀ ਕਿਸੇ ਨੂੰ ਅਧੀਨ ਕਰਨਾ ਚਾਹੁੰਦੇ ਹਾਂ। ਅਸੀਂ ਸੰਸਾਰ ਦੇ ਲੋਕਾਂ ਨੂੰ ਇਹ ਦਸਣਾ ਸੀ ਕਿ ਹਰ ਵੇਲੇ ਜੰਗ ਦੀ ਸਥਿਤੀ ਜਿਥੇ ਭਾਰਤ ਲਈ ਦੁਖ ਦਾ ਕਾਰਨ ਹੈ ਉਥੇ ਪਾਕਿਸਤਾਨ ਲਈ ਭੀ ਮਾੜੀ ਹੈ।

ਪਾਕਿਸਤਾਨ ਨੇ 1947 ਤੋਂ ਭਾਰਤ ਨਾਲ ਜੰਗ ਬਾਜ਼ਾਂ ਵਾਲੀ ਸਿਥਤੀ ਬਣਾ ਕੇ ਰਖੀ। ਅਸੀਂ ਹਰ ਵਾਰ ਰੋਕਦੇ ਰਹੇ। 1970 ਵਿਚ ਜਦ ਉਸ ਨੇ ਇਕ ਕਰੋੜ ਸ਼ਰਨਾਰਥੀ ਪੂਰਬੀ ਬੰਗਾਲ ਵਿਚੋਂ ਭਾਰਤ ਭੇਜ ਦਿਤੇ ਤਾਂ ਇਹ ਭਾਰਤ ਤੇ ਆਰਥਕ ਪੱਖ ਤੇ ਬੜਾ ਵੱਡਾ ਹਮਲਾ ਸੀ ਜਿਸ ਹਮਲੇ ਨਾਲ ਭਾਰਤ ਨੂੰ ਹਰ ਰੋਜ਼ ਤਿੰਨ ਚਾਰ ਕਰੋੜ ਰੁਪਏ ਉਨ੍ਹਾਂ ਲੋਕਾਂ ਦੀ ਰੋਟੀ ਲਈ ਖਰਚਣੇ ਪੈਂਦੇ ਸਨ। ਇਹ ਹਾਲਤ 9 ਮਹੀਨੇ ਬਣੀ ਰਹੀ।

ਬੰਗਲਾ ਦੇਸ਼ ਦੇ ਲੋਕ ਅਤਿਆਚਾਰ ਦੀ ਚੱਕੀ ਵਿਚ ਪਿਸ ਗਏ ਤੇ ਉਹਨਾਂ ਨੇ ਵਾਰ ਵਾਰ ਭਾਰਤ ਨੂੰ ਮਦਦ ਲਈ ਪੁਕਾਰਿਆ। ਤਦ ਭਾਰਤ ਨੇ 3 ਦਸੰਬਰ 1971 ਨੂੰ ਬੰਗਲਾ ਦੇਸ਼ ਦੀ ਮਦਦ ਲਈ ਬੰਗਲਾ ਦੇਸ ਵਿਚ ਭਾਰਤੀ ਫੌਜਾਂ ਭੇਜ ਦਿੱਤੀਆਂ।

16 ਦਸੰਬਰ ਭਾਵ ਤੇਰਾਂ ਦਿਨਾਂ ਵਿਚ ਪਾਕਿਸਤਾਨੀ ਜਰਨੈਲ ਨੇ ਹਥਿਆਰ ਸੁੱਟ ਦਿੱਤੇ ਨਾਲ ਹੀ ਇਕ ਲਖ ਫੌਜੀਆਂ ਨੇ ਵੀ ਹਥਿਆਰ ਸੁਟੇ।

ਭਾਰਤ ਨੇ ਬੰਗਲਾ ਦੇਸ਼ ਦਾ ਰਾਜ ਬੰਗਲਾ ਦੇਸ਼ ਦੇ ਨੇਤਾ ਸ਼ੇਖ਼ ਮੁਜ਼ੀਬ ਰਹਿਮਾਨ ਨੂੰ ਸੌਂਪ ਦਿੱਤਾ ਤੇ ਆਪਣੀਆਂ ਫੌਜਾਂ ਕਢ ਲਈਆਂ।

ਭਾਰਤ ਦੀਆਂ ਫੌਜਾਂ ਨੇ ਪਛਮੀ ਪਾਕਿਸਤਾਨ ਵਿਚ ਸਿੰਧ, ਰਣ ਕਛ, ਪੰਜਾਬ, ਸਿਆਲ ਕੋਟ ਤੇ ਕਸ਼ਮੀਰ ਆਦਿਕ ਦੇ ਇਲਾਕਿਆਂ ਵਿਚ ਕਾਫ਼ੀ ਇਲਾਕਾ ਜਿੱਤ

ਲਿਆ ਤੇ 16 ਦਸੰਬਰ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਨੇ ਉਦਾਰ ਹਿਰਦੇ ਨਾਲ ਇਕ ਤਰਫਾ ਜੰਗ ਬੰਦ ਕਰ ਦਿੱਤੀ।

ਸਾਡੀਆਂ ਫੌਜਾਂ ਉਥੇ ਹੀ ਖੜੀਆਂ ਹਨ ਜਿਥੇ 16 ਦਸੰਬਰ ਨੂੰ ਸਨ। ਸਾਡੇ ਫੌਜੀ ਬੜੇ ਸੁਚੇਤ ਹਨ ਕਿਉਂਕਿ ਪਾਕਿਸਤਾਨ ਦਾ ਕੋਈ ਭਰੋਸਾ ਨਹੀਂ।

ਦੇਸ਼ ਪਿਆਰ

ਦੇਸ਼ਪ੍ਰੇਮ ਦੀ ਨੀਂਹ ਘਰ ਦੇ ਪ੍ਰੇਮ ਵਿਚੋਂ ਹੀ ਰਖੀ ਜਾਂਦੀ ਹੈ। ਅਸੀਂ ਆਪਣੇ ਘਰ ਸਾਰੇ ਮੈਂਬਰਾਂ ਨੂੰ ਪਿਆਰ ਕਰਦੇ ਹਾਂ ਜਿਹੜਾ ਵੀ ਉਹਨਾਂ ਵੱਲ ਬੁਰਾ ਤੱਕੇ ਜਾਂ ਉਹਨਾਂ ਵੱਲ ਉਂਗਲ ਕਰੇ, ਅਸੀਂ ਉਸ ਦੇ ਵੈਰੀ ਬਣ ਜਾਂਦੇ ਹਾਂ ਇਉਂ ਹੀ ਦੇਸ਼ ਨਾਲ ਪਿਆਰ ਹੁੰਦਾ ਹੈ।

ਉਹ ਕਿਹੜਾ ਮਨੁੱਖ ਹੈ ਜਿਹੜਾ ਦੇਸ਼ ਨਾਲ ਪਿਆਰ ਨਾ ਕਰਦਾ ਹੋਵੇ। ਜਿਸ ਧਰਤੀ ਤੇ ਅਸੀਂ ਪਲਦੇ ਹਾਂ ਆਪਣਾ ਬਚਪਣ ਨੰਘਾਉਂਦੇ, ਜੁਆਨੀ ਮਾਨਦੇ ਹਾਂ ਜਿਸ ਦੇ ਦਰਿਆਵਾਂ ਦਾ ਪਾਣੀ ਤੇ ਸੁੰਦਰ ਹਵਾ ਭੱਖਦੇ ਹਾਂ, ਉਸ ਨਾਲ ਕਿਉਂ ਨਾ ਪਿਆਰ ਹੋਵੇ, ਇਸ ਦੇ ਜੱਰੇ ਜੱਰੇ ਵਿਚ ਸਾਡਾ ਪਿਆਰ ਰਚ ਜਾਂਦਾ ਹੈ। ਜਦੋਂ ਫਿਰ ਦੇਸ਼ ਵੱਲ ਕੋਈ ਭੈੜੀ ਨਿਗਾਹ ਨਾਲ ਦੇਖੇ ਤਾਂ ਉਸ ਦੀ ਅੱਖ ਕੱਢਣ ਦਾ ਜਜ਼ਬਾ ਪੈਦਾ ਹੋ ਜਾਂਦਾ ਹੈ।

ਇਹ ਪਿਆਰ ਦਾ ਜਜ਼ਬਾ ਤਾਂ ਜਾਨਵਰਾਂ ਵਿਚ ਵੀ ਹੁੰਦਾ ਹੈ ਪੰਛੀ ਸਾਰਾ ਦਿਨ ਬਾਹਰ ਰਹਿੰਦੇ ਚੋਗਾ ਚੁਗਦੇ ਹਨ ਪਰ ਸ਼ਾਮ ਨੂੰ ਆਪਣੇ ਆਹਲਣੇ ਵਿਚ ਆਉਂਦੇ ਹਨ। ਇਉਂ ਹੀ ਗਊ ਨੂੰ ਆਪਣਾ ਕਿੱਲਾ ਤੇ ਘੋੜੇ ਨੂੰ ਆਪਣਾ ਅਸਤਬਲ ਪਿਆਰਾ ਹੁੰਦਾ ਹੈ।

ਇਸੇ ਦੇਸ਼ ਪਿਆਰ ਦਾ ਮਨੁੱਖ ਦੇ ਅੰਦਰ ਕੁਦਰਤੀ ਜਜ਼ਬਾ ਹੁੰਦਾ ਹੈ। ਤਾਂ ਭਾਵੇਂ ਆਪਣੇ ਦੇਸ਼ ਦੇ ਕਿਸੇ ਵੀ ਭਾਗ ਦਾ ਆਦਮੀ ਕਿਉਂ ਨਾ ਉਥੇ ਮਿਲੇ ਸਾਡਾ ਜੀ ਉਸ ਨੂੰ ਗਲਵਕੜੀ ਪਾਉਣ ਤੇ ਹੀ ਕਰਦਾ ਹੈ।

ਸਾਨੂੰ ਇਹ ਭਨਾਂ ਕਿੰਨਾ ਪਿਆਰਾ ਹੈ, ਇਹ ਹਿਮਾਲਿਆ ਕਿੰਨਾ ਸੋਹਣਾ ਹੈ ਇਹ ਤਾਜ ਮਹਲ ਕਿੰਨਾ ਸੋਹਣਾ ਸਮਝਦੇ ਹਾਂ। ਇਹ ਹਿੰਦੂ ਇਹ ਸਿੱਖ ਸਭ ਐਨੇ ਚੰਗੇ ਕਿਉਂ ਲਗਦੇ ਹਨ, ਕਿਉਂਕਿ ਇਹ ਸਾਡੇ ਦੇਸ਼ ਦੇ ਹਨ। ਸਾਡੇ ਦੇਸ਼ ਭਰਾ ਹਨ। ਇਹੋ ਹੀ ਦੇਸ਼ ਪ੍ਰੇਮ ਦਾ ਜਜ਼ਬਾ ਹੈ।

ਸਾਡੇ ਭਾਰਤ ਦੇ ਦੇਸ਼ ਪਿਆਰ ਕਰਨ ਵਾਲਿਆ ਦੀ ਵੀ ਕੋਈ ਹੱਦ ਨਹੀਂ।

ਪੁਰਾਣਾ ਇਤਿਹਾਸ ਉਗਾਹੀ ਕਰਦਾ ਹੈ ਕਿ ਕਿਵੇਂ ਦੇਸ਼ ਭਗਤੀ ਨੇ ਦੇਸ਼ ਦੀ ਅਜ਼ਾਦੀ ਖਾਤਰ ਕੁਰਬਾਨੀਆਂ ਕੀਤੀਆਂ ਦੁਖ ਸਹੇ ਤੇ ਸ਼ਹੀਦੀਆਂ ਪਾਈਆਂ। ਭਗਤ ਸਿੰਘ, ਝਾਂਸੀ ਦੀ ਰਾਣੀ, ਗਾਂਧੀ ਤੇ ਸੁਭਾਸ਼ ਜਿਹੇ ਦੇਸ਼ ਭਗਤਾਂ ਨੂੰ ਕੌਣ ਨਹੀਂ ਜਾਣਦਾ ਜੋ ਦੇਸ਼ ਲਈ ਸ਼ਹੀਦ ਹੋ ਗਏ ਹਨ।

ਦੇਸ਼ ਭਗਤ ਦੇਸ਼ ਲਈ ਪਿਆਰ ਕਰਨ ਸਮੇਂ ਇਸ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਆਉਣ ਦਿੰਦਾ। ਉਸ ਲਈ ਦੇਸ਼ ਦੇ ਦੁਖ ਆਪਣੇ ਦੁਖ ਹਨ ਤੇ ਦੇਸ਼ ਦੀਆਂ ਚੀਜ਼ਾਂ ਉਸ ਦੀਆਂ ਚੀਜ਼ਾਂ ਹਨ। ਦੇਸ਼ ਵਿਚ ਕੋਈ ਔਕੜ ਆਵੇ ਉਹ ਚੀਜ਼ਾਂ ਉਸ ਦੀਆਂ ਕਰਨ ਲਈ ਤਿਆਰ ਬਰ ਤਿਆਰ ਰਹਿੰਦੇ ਹਨ।

ਹੋਰਨਾਂ ਦੇਸ਼ਾਂ ਵਿਚ ਤਾਂ ਵਿਦਿਆਰਥੀ ਨੂੰ ਦੇਸ਼ ਨਾਲ ਪਿਆਰ ਕਰੀਦੇ ਤੇ ਦੇਸ਼ ਦੀ ਉੱਨਤੀ ਲਈ ਆਪਣੇ ਸੁਖ ਲੈਣ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼•ਲਈ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹੀਏ।

ਇਸ ਦਾ ਇਹ ਭਾਵ ਨਹੀਂ ਕਿ ਆਪਣੇ ਦੇਸ਼ ਨੂੰ ਪਿਆਰ ਤੇ ਦੂਜਿਆਂ ਦੇਸ਼ਾਂ ਨੂੰ ਘਿਰਨਾ ਕਰੀਏ ਨਹੀਂ ਸਾਨੂੰ ਮਨੁਖਤਾ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਉਸ ਲਈ ਸਭ ਕੁਝ ਕਰਨਾ ਚਾਹੀਦਾ ਹੈ। ਜਿਹੜਾ ਸਾਡੇ ਦੇਸ਼ ਵਲ ਬੁਰੀ ਨਿਗਾਹ ਨਾਲ ਦੇਖਦਾ ਹੈ ਸਾਨੂੰ ਉਸ ਦੀ ਅੱਖ ਕੱਢ ਦੇਣੀ ਚਾਹੀਦੀ ਹੈ। ਕਿਉਂਕਿ ਦੇਸ਼ ਦੀ ਰਖਿਆ ਹਰ ਵਾਸੀ ਦਾ ਪਹਿਲਾ ਤੇ ਪਰਮ ਫਰਜ਼ ਹੈ।

ਬੰਗਲਾ ਦੇਸ਼

"ਨਫ਼ਰਤ ਬਹੁਤ ਬੁਰੀ ਹੁੰਦੀ ਹੈ। ਇਸ ਨੇ ਘਰ ਤਾਂ ਕੀ ਮੁਲਕਾਂ ਦੇ ਮੁਲਕ ਉਜਾੜ ਦਿੱਤੇ।" ਪਾਕਿਸਤਾਨ ਵੀ ਇਸ ਨਫ਼ਰਤ ਦੀ ਉਪਜ ਹੈ। ਹਿੰਦੁਸਤਾਨ ਇਕ ਦੇਸ਼ ਸੀ। ਇਥੇ ਹਿੰਦੂ, ਮੁਸਲਿਮ, ਸਿਖ, ਇਸਾਈ, ਸਭ ਰਲ ਕੇ ਰਹਿੰਦੇ ਸਨ। ਸਭ ਆਪੋ ਵਿਚ ਭਾਈ ਭਾਈ ਬਣ ਕੇ ਵਰਤਦੇ ਸਨ ਪਰ ਅੰਗਰੇਜ਼ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਹਿੰਦੂ ਮੁਸਲਮਾਨਾਂ ਨੂੰ ਲੜਾ ਦਿਤਾ ਤੇ ਮੁਸਲਮਾਨਾਂ ਨੇ ਅੰਗਰੇਜ਼ਾਂ ਦੇ ਇਸ਼ਾਰੇ ਨਾਲ ਪਾਕਿਸਤਾਨ ਦੀ ਮੰਗ ਕਰ ਦਿਤੀ।

ਭਾਰਤ ਜਨਤਾ ਦੀ ਆਜ਼ਾਦੀ ਦਾ ਪ੍ਰਸ਼ਨ, ਪਾਕਿਸਤਾਨ ਦੀ ਮੰਗ ਕਰਕੇ ਅੜ ਗਿਆ। ਅੰਤ ਅੰਗਰੇਜ਼ ਵਾਇਸਰਾਏ ਲਾਰਡ ਮਾਊਂਟ ਬੇਟਨ ਨੇ ਭਾਰਤ ਦੇ ਦੋਹੀਂ ਪੂਰਬੀ ਤੇ ਪਛਮੀ ਪੱਖ ਤੇ ਪਾਕਿਸਤਾਨ ਬਣਾ ਦਿੱਤੇ ਤੇ ਉਸ ਦਾ ਗਵਰਨਰ ਜਨਰਲ ਜਿਨਾਹ ਨੂੰ ਬਣਾ ਦਿਤਾ।

ਇਹ ਦੋਵੇਂ ਇਲਾਕੇ ਬਹੁ ਮੁਸਲਮ ਗਿਣਤੀ ਦੇ ਸਨ। ਪਰ ਦੁਹਾਂ ਇਲਾ-ਕਿਆਂ ਵਿਚ ਪੂਰਬੀ ਪਾਕਿਸਤਾਨ ਵਿਚ ਬੰਗਾਲੀ ਤੇ ਆਸਾਮੀ ਸਨ। ਜਿਨ੍ਹਾਂ ਦਾ ਕਲਚਰ, ਬੋਲੀ, ਖਾਣਪੀਣ, ਰਹਿਣ ਸਹਿਣ ਵਰਤੋਂ ਵਿਹਾਰ ਪਛਮੀ ਪਾਕਿਸਤਾ-ਨੀਆਂ ਨਾਲੋਂ ਬਿਲਕੁਲ ਅਡ ਸੀ। ਪਛਮੀ ਪਾਕਿਸਤਾਨ ਵਿਚ ਪੰਜਾਬ, ਸਿੰਧ, ਬਲੋਚ, ਪਠਾਣ ਤੇ ਕਬਾਇਲੀ ਹਨ, ਇਹਨਾਂ ਸਭਨਾਂ ਦਾ ਕਲਚਰ ਭਾਸਾ, ਰਹਿਣ ਸਹਿਣ, ਖਾਣਪੀਣ ਆਦਿਕ ਵੀ ਆਪੋ ਵਿਚ ਨਹੀਂ ਮਿਲਦਾ। ਦੁਹਾਂ ਪੱਖਾਂ ਵਿਚ ਬੜੀ ਭਾਰੀ ਵਿਥ ਸੀ 1200 ਮੀਲ ਦੀ, ਉਹ ਵੀ ਸਮੁੰਦਰੀ। ਸੁੱਕਾ ਰਾਹ ਦੁਹਾਂ ਦੇ ਮਿਲਣ ਦਾ ਕੋਈ ਨਹੀਂ। ਪੂਰਬੀ ਬੰਗਾਲ, ਭਾਰਤ ਦੇ ਪਛਮੀ ਬੰਗਾਲ ਨੇ ਘੇਰਿਆ ਹੋਇਆ ਸੀ।

•ਫੇਰ ਇਹਨਾਂ ਦੁਹਾਂ ਪੱਖਾਂ ਵਿਚ ਕੋਈ ਚੀਜ਼ ਸਾਂਝੀ ਸੀ ਤਾਂ ਉਹ ਨਫਰਤ ਸੀ ਭਾਰਤ ਵਾਸੀਆਂ ਨਾਲ। ਹੌਲੀ ਹੌਲੀ ਬੰਗਾਲੀਆਂ ਨੂੰ ਸੁਰਤ ਆਈ ਕਿ ਸਾਨੂੰ ਆਰ-ਥਕ ਖੇਤੀ ਬਾੜੀ ਤੇ ਉਦਯੋਗਿਕ ਤੋਰ ਤੇ ਪਛਮੀ ਪਾਕਿਸਤਾਨ ਲੁਟ ਕੇ ਖਾ ਰਿਹਾ ਹੈ, ਵਿਦੇਸ਼ੀ ਮਦਦ ਸਾਨੂੰ ਨਹੀਂ ਮਿਲ ਰਹੀ। ਉਨਤੀ ਸਾਡੀ ਤੇ ਕੋਈ ਖਰਚ ਨਹੀਂ ਹੋ ਰਿਹਾ। ਇਸ ਕਰਕੇ ਸਾਨੂੰ ਪਛਮੀ ਪਾਕਿਸਤਾਨ ਤੋਂ ਆਜ਼ਾਦ ਹੋਣਾ ਚਾਹੀਦਾ ਹੈ।

ਫੌਜੀ ਡਿਕਟੇਟਰ ਯਾਹੀਆ ਖਾਂ ਨੇ ਜਨਰਲ ਚੁਣਾਉ ਕਰਵਾਏ। ਕੌਮੀ ਐਸੰਬਲੀ ਵਿਚ ਸ੍ਰੀ ਮੁਜੀਬ ਰਹਿਮਾਨ ਦੀ ਅਵਾਮੀ ਲੀਗ ਜਿੱਤ ਗਈ ਤੇ ਉਸ ਦਾ ਕੌਮੀ ਕੌਂਸਲ ਵਿਚ ਬਹੁਮਤ ਹੋ ਗਿਆ। ਦੂਜੇ ਦਰਜੇ ਤੇ ਭੁਟੋ ਦੀ ਪਾਰਟੀ ਸੀ। ਪਰ ਸ਼ੇਖ ਮੁਜੀਬ ਰਹਿਮਾਨ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਸੀ। ਜਦੋਂ ਕਿ ਭੁਟੋ ਤੇ ਯਾਹੀਆ ਖਾਂ ਬੰਗਾਲੀਆਂ ਨੂੰ ਇਹ ਅਧਿਕਾਰ ਦੇਣਾ ਨਹੀਂ ਸੀ ਚਾਹੁੰਦਾ।

ਏਨੇ ਚਿਰ ਨੂੰ ਪ੍ਰਾਂਤੀ ਚੁਣਾਉ ਹੋ ਗਏ। ਪੂਰਬੀ ਬੰਗਾਲ ਦੀਆਂ ਸਾਰੀਆਂ ਪ੍ਰਾਂਤੀ ਸੀਟਾਂ ਸ਼ੇਖ ਮੁਜੀਬ ਰਹਿਮਾਨ ਦੀ ਪਾਰਟੀ ਜਿੱਤ ਗਈ।

ਸ਼ੇਖ ਸਾਹਿਬ ਨੇ ਜਦ ਦਾਲ ਗਲਦੀ ਨਾ ਡਿੱਠੀ ਤਾਂ ਪੂਰਬੀ ਬੰਗਾਲ ਨੂੰ ਬੰਗਲਾ ਦੇਸ਼ ਨਾਮ ਦੇ ਕੇ ਉਥੋਂ ਦੀ ਹਕੂਮਤ ਸਾਂਭ ਲਈ। ਸਾਰੇ ਦਫਤਰਾਂ ਨੂੰ ਸ਼ੇਖ ਮੁਜੀਬ ਦਾ ਹੁਕਮ ਮੰਨਣ ਲਈ ਕਹਿ ਦਿਤਾ। ਫਾਈਲਾਂ ਸ਼ੇਖ ਸਾਹਿਬ ਕੋਲ ਆਉਣ ਲਗ ਪਈਆਂ।

ਯਾਹੀਆ ਖਾਂ ਢਾਕੇ ਆਇਆ। ਆਪਣੀ ਫੌਜ ਜਰਨੈਲਾਂ ਨਾਲ ਸਲਾਹ ਕੀਤੀ ਤੇ ਬੰਗਲਾ ਵਿਚ ਫੌਜੀ ਤਾਕਤ ਇਕਠੀ ਕਰਨੀ ਅਰੰਭ ਦਿਤੀ, ਸ਼ੇਖ ਸਾਹਿਬ

ਨੂੰ ਦਸ ਬਾਰਾਂ ਦਿਨ ਸਮਝੌਤੇ ਵਿਚ ਪਾ ਛਡਿਆ ਤੇ ਅੰਤ 25 ਮਾਰਚ ਵਾਲੇ ਦਿਨ ਰਾਤ ਨੂੰ ਯਾਹੀਆ ਖਾਂ ਹਵਾਈ ਜਹਾਜ਼ ਤੇ ਇਸਲਾਮ ਬਾਦ ਮੁੜ ਆਇਆ ਤੇ ਉਥੇ ਫੌਜ਼ੀ ਕਾਰਵਾਈ ਕਰਨ ਲਈ ਕਹਿ ਆਇਆ।

ਸਭ ਤੋਂ ਪਹਿਲਾਂ ਕੰਮ ਫੌਜ ਲਿਜਾ ਕੇ ਸ਼ੇਖ ਜੀ ਨੂੰ ਗ੍ਰਿਫਤਾਰ ਕੀਤਾ ਤੇ ਪਛਮੀ ਪਾਕਿਸਤਾਨ ਭੇਜ ਦਿਤਾ ਤੇ ਫੌਜ ਨੇ ਸਾਰੇ ਬੰਗਾਲ ਵਿਚ ਜ਼ੁਲਮ ਅਤਿਆ-ਚਾਰ, ਅਗਵਾ, ਵਿਭਚਾਰ ਆਦਿ ਸਭ ਕੁਝ ਚਾਲੂ ਕਰ ਦਿਤਾ।

25 ਮਾਰਚ ਤੋਂ ਬਾਦ 26 ਮਾਰਚ ਤੋਂ ਬੰਗਲਾ ਦੇਸ਼ ਉਤੇ ਦੁਖਾਂ ਦੇ ਪਹਾੜ ਟੁੱਟ ਪਏ। ਦੁਖੀ ਲੋਕ ਭਜ ਭਜ ਕੇ ਭਾਰਤ ਵਿਚ ਸ਼ਰਨਾਰਥੀ ਬਣ ਕੇ ਆਉਣ ਲਗ ਪਏ। ਭਾਰਤ ਨੇ ਸਾਰੇ ਸੰਸਾਰ ਦੇ ਵੱਡੇ ਵੱਡੇ ਦੇਸ਼ਾਂ ਨੂੰ ਦਸਿਆ ਕਿ ਸਾਡੇ ਉਤੇ ਆਰਥਕ ਹਮਲਾ ਕਰ ਦਿੱਤਾ ਹੈ, ਪਰ ਕਿਸੇ ਨੇ ਧਿਆਨ ਨਾ ਦਿਤਾ।

ਭਾਰਤ ਦੀ ਪ੍ਰਧਾਨ ਮੰਤਰੀ ਨੇ ਆਪਣੇ ਰਾਜਦੂਤ ਸਭ ਦੇਸ਼ਾਂ ਵਿਚ ਭੇਜੇ ਪਰ ਕਿਸੇ ਦੇਸ਼ ਨੇ ਕੰਨ ਨਾ ਧਰਿਆ। ਸਭ ਇਹੀ ਕਹਿੰਦੇ ਸਨ ਕਿ ਇਹ ਪਾਕਿਸਤਾਨ ਦਾ ਘਰੇਲੂ ਮਾਮਲਾ, ਅੰਤ ਇਹਨਾਂ ਸੁਆਰਥੀ ਲੋਕਾਂ ਨੇ ਪਾਕਿਸਤਾਨ ਦੇ ਇਸ਼ਾਰੇ ਤੇ ਇਤਿਹਾਦੀ ਸਭਾ ਵਿਚ ਭਾਰਤ ਵਿਰੁਧ ਮਤਾ ਪਾਸ ਕਰਵਾ ਦਿਤਾ। ਪਰ ਜਦ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ, ਇੰਗਲੈਂਡ, ਅਮਰੀਕਾ, ਫਰਾਂਸ, ਰੂਸ, ਯੂਗੋਸਲਾਵੀਆਂ ਆਦਿ ਦੇਸ਼ਾਂ ਵਿਚ ਗਈ। ਪਰ ਕੋਈ ਸਹੀ ਕਿਸੇ ਨੇ ਉੱਤਰ ਦਿਤਾ ਅੰਤ ਭਾਰਤ ਨੇ ਸਾਰ ਕਹਿ ਦਿਤਾ ਕਿ ਅਸੀਂ ਆਪਣੇ ਦੇਸ਼ ਦੀ ਰਖਿਆ ਕਰਾਂਗੇ। ਅਸੀਂ ਕਿਸੇ ਦੇ ਮੁਥਾਜ ਨਹੀਂ।

ਇਉਂ ਭਾਰਤ ਅਜੇ ਸੋਚ ਹੀ ਰਿਹਾ ਸੀ ਕਿ ਪਾਕਿਸਤਾਨ ਨੇ 3 ਦਸੰਬਰ 1971 ਵਾਲੇ ਦਿਨ ਪਛਮੀ ਖੰਡ ਤੇ ਹੱਲਾ ਕਰ ਦਿਤਾ। ਭਾਰਤ ਨੇ ਉਸੇ ਦਿਨ ਬੰਗਲਾ ਦੇਸ਼ ਦੀ ਮਦਦ ਲਈ ਆਪਣੀ ਫੌਜ ਬੰਗਲਾ ਦੇਸ਼ ਵਿਚ ਵਾੜ ਦਿਤੀ। ਤੇਰਾਂ ਦਿਨ ਵਿਚ ਪਾਕਿਸਤਾਨੀ ਫੌਜ ਦੇ ਜਰਨੈਲ ਏ. ਕੇ. ਨਿਆਜ਼ੀ ਨੇ ਇਕ ਲਖ ਫੌਜ ਸਮੇਤ ਹਥਿਆਰ ਸੁਟ ਦਿਤੇ।

ਇਸ ਤੇਰਾਂ ਦਿਨ ਦੀ ਲੜਾਈ ਵਿਚ ਯਾਹੀਆ ਖਾਂ ਇਹੀ ਕਹਿੰਦਾ ਰਿਹਾ ਕਿ ਨਿਆਜ਼ੀ ਅਮਰੀਕਾ ਤੇ ਚੀਨ ਤੇਰੀ ਮਦਦ ਲਈ ਆ ਰਹੇ ਹਨ, ਪਰ ਜਦ ਕੋਈ ਨਾ ਆਇਆ ਤਾਂ ਨਿਆਜ਼ੀ ਨੇ ਘਬਰਾ ਕੇ ਹਥਿਆਰ ਸੁਟ ਦਿੱਤੇ।

16 ਦਸੰਬਰ 1971 ਨੂੰ ਬੰਗਲਾ ਦੇਸ ਆਜ਼ਾਦ ਹੋ ਗਿਆ। ਪਰ ਅਜੇ

ਸ਼ੇਖ ਮੁਜੀਬ ਰਹਿਮਾਨ ਉਹਨਾਂ ਦੀ ਕੈਦ ਵਿਚ ਸੀ । ਉਸ ਨੂੰ ਇਕ ਮਹੀਨੇ ਬਾਦ ਨਵੇਂ ਬਣੇ ਪਾਕੀ ਸਦਰ ਭੁਟੋ ਨੇ ਰਿਹਾ ਕੀਤਾ । ਉਸਨੇ ਬੜਾ ਜ਼ੋਰ ਲਗਾਇਆ ਕਿ ਸ਼ੇਖ ਮੁਜ਼ੀਬ ਰਹਿਮਾਨ ਉਸ ਦੇ ਝਾਸੇ ਵਿਚ ਆ ਜਾਵੇ ਪਰ ਉਹ ਸ਼ੇਖ ਮੁਜ਼ੀਬ ਨੂੰ ਨਾ ਮਣਾ ਸਕਿਆ ।

ਅੰਤ ਸ਼ੇਖ ਮੁਜੀਬ ਰਿਹਾ ਹੋ ਕੇ ਇੰਗਲੈਂਡ ਦੇ ਰਸਤੇ ਭਾਰਤ ਆਏ ਤੇ ਇਥੋਂ ਉਸੇ ਦਿਨ ਢਾਕੇ ਚਲੇ ਗਏ । ਉਸ ਦੇ ਬੰਗਾਲ ਜਾਣ ਨਾਲ "ਜੈ ਬੰਗਲਾ ਦੇਸ਼" ਦੇ ਨਾਅਰੇ ਛਗੇ ਤੇ ਲਖਾਂ ਬੰਦਿਆਂ ਨੇ ਆਪਣੇ ਪਿਆਰੇ ਨੇਤਾ ਦਾ ਸੁਆਗਤ ਕੀਤਾ ।

ਸ਼ੇਖ ਅਜ ਬੰਗਲਾ ਦੇਸ਼ ਦਾ ਪ੍ਰਧਾਨ ਮੰਤਰੀ ਹੈ । ਭਾਰਤ ਦੀ ਪ੍ਰਧਾਨ ਮੰਤਰੀ ਉਥੇ ਦੌਰਾ ਕਰ ਆਏ ਹਨ । ਦੁਹਾਂ ਦੇਸ਼ਾਂ ਵਿਚ ਮਿਤਰਤਾ ਦੀ ਸੰਧੀ ਹੋ ਚੁਕੀ ਹੈ ।

ਹੁਣ ਬੰਗਲਾ ਦੇਸ਼ ਵਿਚੋਂ ਨਫ਼ਰਤ ਖਤਮ ਹੋ ਗਈ ਹੈ ਤੇ ਉਹ ਸਾਡੇ ਨਾਲ ਭਰਾਵਾਂ ਵਾਂਗ ਵਰਤਦੇ ਹਨ ।

ਸਾਇੰਸ ਤੇ ਅਜ ਦਾ ਜੁਗ

ਇਤਿਹਾਸ ਪੜ੍ਹਨ ਲਗਿਆਂ ਅਸੀਂ ਕਿਹਾ ਕਰਦੇ ਸਾਂ ਕਿ ਸ੍ਰਿਸ਼ਟੀ ਦੇ ਅਰੰਭ ਪੱਥਰ ਜੁਗ, ਕੈਹਾ ਜੁਗ ਤੇ ਲੋਹਾ ਜੁਗ ਸਨ, ਪਰ ਅਜ ਅਸੀਂ ਸਾਇੰਸ਼ ਦੇ ਜੁਗ ਦੇ ਵਿਚੋਂ ਲੰਘ ਰਹੇ ਹਾਂ । ਇਹ ਜੁਗ ਅਜ ਤੋਂ ਸੋ ਸਾਲ ਪਹਿਲਾਂ ਅਰੰਭ ਹੋਇਆ ਸੀ ਜਦੋਂ ਯੂਰਪ ਦੇ ਵਿਚ ਸਾਇੰਸਦਾਨਾਂ ਨੇ ਹੌਲੀ ਹੌਲੀ ਖੰਭ ਕਢੇ ਸਨ ।

ਸਮੇਂ ਦੀ ਲੋੜ ਅਨੁਸਾਰ ਸਭ ਤੋਂ ਪਹਿਲਾਂ ਉਹਨਾਂ ਸਾਇੰਸਦਾਨਾਂ ਛਾਪਾ-ਖਾਨਾ ਬਣਾਇਆ । ਛਾਪਾਖਾਨਾ ਬਣਨਾ ਸੀ ਕਿ ਸਾਨੂੰ ਛਪੀਆਂ ਹੋਈਆਂ ਪੁਸਤਕਾਂ ਮਿਲਣ ਲਗ ਪਈਆਂ । ਵਿਦਿਆ ਦਾ ਪ੍ਰਚਾਰ ਵਧ ਗਿਆ । ਅਖਬਾਰਾਂ ਨਿਕਲ ਪਈਆਂ ਜਿਨ੍ਹਾਂ ਨੇ ਪਹਿਲਾਂ ਮਾਸਕ ਫਿਰ ਸਪਤਾਹਿਕ ਤੇ ਫੇਰ ਰੋਜ਼ਾਨਾ ਦਾ ਰੂਪ ਧਾਰਿਆ ਲੋਕਾਂ ਨੂੰ ਆਪਣੇ ਦੇਸ਼ ਦੀਆਂ ਤੇ ਹੌਲੀ ਹੌਲੀ ਪ੍ਰਦੇਸ਼ਾਂ ਦੀਆਂ ਖਬਰਾਂ ਪੁਜਣ ਲਗ ਪਈਆਂ ਲੋਕਾਂ ਦੇ ਅੰਦਰ ਸੋਝੀ ਆ ਗਈ । ਲੋਕ ਜਾਗ ਉਠੇ ।

ਕੁਝ ਸਾਇੰਸਦਾਨਾਂ ਨੇ ਗੈਸਾਂ ਦੀਆਂ ਕਾਢਾਂ ਕੱਢੀਆਂ ਤੇ ਕੁਝ ਨੇ ਭਾਫ ਦੇ ਲਾਭ ਜਾਚੇ । ਇਹਨਾਂ ਗੱਲਾਂ ਨੇ ਹੌਲੀ ਹੌਲੀ ਰੇਲ ਦੇ ਇੰਜਨ ਨੂੰ ਜਨਮ ਦਿਤਾ । ਜੋ ਪਹਿਲਾਂ ਤਾਂ ਖਾਨਾਂ ਤਕ ਹੀ ਵਰਤੇ ਜਾਂਦੇ ਸਨ, ਪਰ ਅਜ ਉਹ ਇੰਜਨ ਸਾਨੂੰ 36

ਘੰਟਿਆਂ ਵਿਚ ਅੰਮ੍ਰਿਤਸਰੋਂ ਬੰਬਈ ਪੁਚਾਣ ਦਾ ਕੰਮ ਕਰਦੇ ਹਨ। ਯੂਰਪ ਦੇ ਵਿਚ ਇਹ ਇੰਜਨ ਹੋਰ ਵੀ ਤੇਜ਼ ਚਾਲ ਵਾਲੇ ਹਨ।

ਉੱਨਤੀ ਨਾਲ ਉੱਨਤੀ ਹੋਣ ਲਗ ਪਈ ਯੂਰਪ ਦੇ ਸਾਇੰਸਦਾਨਾਂ ਨੇ ਮਸ਼ੀਨਾਂ ਨਾਲ ਰੂੰ ਝੰਬਣ ਰੂੰ ਕਤਣ ਤੇ ਕਪੜਾ ਉਣਨ ਦੀਆਂ ਮਸ਼ੀਨਾਂ ਬਣਾ ਲਈਆਂ। ਲੱਖਾਂ ਗਜ਼ ਕਪੜਾਂ ਰੋਜ਼ਾਨਾ ਕਪੜੇ ਦੀਆਂ ਮਿਲਾਂ ਤੋਂ ਪ੍ਰਾਪਤ ਹੋਣ ਲਗ ਪਿਆ। ਸਭ ਪਾਸੇ ਵਲੈਤੀ ਕੱਪੜੇ ਦੇ ਢੇਰ ਲਗ ਗਏ। ਇਹਨਾਂ ਮਿਲਾਂ ਵਲ ਵੇਖ ਕੇ ਹਰ ਦੇਸ਼ ਦਿਆਂ ਲੋਕਾਂ ਨੇ ਆਪਣੇ ਆਪਣੇ ਦੇਸ਼ ਵਿਚ ਕਪੜੇ ਦੀਆਂ ਮਿਲਾਂ ਲਗਾ ਲਈਆਂ।

ਗੱਲ ਕੀ ਯੂਰਪ ਦੇ ਸਾਇੰਸਦਾਨਾਂ ਨੇ ਹਰ ਕੰਮ ਮਸ਼ੀਨਾਂ ਨਾਲ ਕਰਨ ਦੀ ਠਾਣ ਲਈ ਤੇ ਅਜ ਸਭ ਪਾਸੇ ਮਸ਼ੀਨਾਂ ਹੀ ਮਸ਼ੀਨਾਂ ਦਿੱਸ ਰਹੀਆਂ ਹਨ।

ਪਹਿਲੀ ਵਡੀ ਜੰਗ ਬੀਤੀ ਤਾਂ ਯੂਰਪੀਨ ਦੇਸ਼ਾਂ ਨੇ ਇਸ ਜੰਗ ਜਿਹੀ ਨਾ ਮੁਰਾਦ ਬੀਮਾਰੀ ਦੇ ਨਾਸ ਹਿਤ ਸਾਇੰਸਦਾਨਾਂ ਨੂੰ ਹੋਰ ਹਿਲੂਣਾ ਦਿਤਾ। ਉਹਨਾਂ ਨੇ ਪਾਣੀ ਤੋਂ ਬਿਜਲੀ ਤੇ ਐਟਮ ਬੰਬ ਬਣਾਂਦੇ ਫਿਰ ਉਹ ਬੰਬ ਜਾਪਾਨ ਉਤੇ ਸੁਟ ਕੇ ਦੁਨੀਆਂ ਨੂੰ ਡਰਾ ਦਿਤਾ। ਹੁਣ ਜੰਗ ਦੇ ਸ਼ਬਦ ਤੋਂ ਹਰ ਕੋਈ ਦੇਸ ਡਰਦਾ ਹੈ ਤੇ ਝੱਟ ਹੀ ਇਸ ਨੂੰ ਮੁਕਾਣ ਦੀ ਸੋਚਦਾ ਹੈ।

ਪਾਣੀ ਦੀ ਬਿਜਲੀ ਨੇ ਜਨਤਾ ਨੂੰ ਏਨਾ ਲਾਭ ਪੁਚਾਇਆ ਕਿ ਹਰ ਵੱਡਾ ਛੋਟਾ ਦੇਸ ਆਪਣੇ ਦਰਿਆਵਾਂ ਉਤੇ ਬੰਨ ਬੰਨ੍ਹ ਕੇ ਬਿਜਲੀ ਪ੍ਰਾਪਤ ਕਰਨ ਦੇ ਆਹਰ ਕਰਨ ਲਗ ਪਿਆ ਹੈ। ਪੰਜਾਬ ਵਿਚ ਭਾਖੜਾ ਨੰਗਲ ਯੋਜਨਾ ਉਹੀ ਬਹੁ-ਮੁਖੀ ਯੋਜਨਾ ਹੈ ਜੋ ਪੰਜਾਬ ਤੇ ਰਾਜ ਸਥਾਨ ਦੀ ਰੇਤੜ ਭੂਮੀ ਨੂੰ ਉਪਜਾਊ ਬਨਾਣ ਲਈ ਮਦਦ ਦੇ ਰਹੀ ਹੈ। ਪੌਂਗ ਡੈਮ ਤੇ ਜੁਗਿੰਦਰ ਨਗਰ ਆਦਿ ਸਭ ਉਹੀ ਪਾਣੀ ਤੋਂ ਬਿਜਲੀ ਪ੍ਰਾਪਤ ਕਰਨ ਦੀਆਂ ਯੋਜਨਾਵਾਂ ਹਨ। ਇਸ ਬਿਜਲੀ ਨੇ ਪੰਜਾਬ ਦੇ ਬਹੁਤੇ ਭਾਗਾਂ ਵਿਚ ਬਿਜਲੀ ਪੁਚਾ ਦਿਤੀ ਤੇ ਸਨਅਤਾਂ ਵਧ ਰਹੀਆਂ ਹਨ।

ਭਾਰਤ ਵਿਚ ਵਡੇ ਦਰਿਆਵਾਂ ਵਿਚ ਹਰ ਸਾਲ ਹੜ੍ਹ ਆਇਆ ਕਰਦੇ ਸਨ। ਹੁਣ ਘਟੋ ਘਟ ਹਰ ਸੂਬੇ ਵਿਚ ਇਹਨਾਂ ਦਰਿਆਵਾਂ ਦੀ ਰੋਕ ਲਈ ਬੰਨ੍ਹ ਬਝ ਗਏ ਹਨ ਜਾਂ ਬਝ ਰਹੇ ਹਨ। ਇਹਨਾਂ ਬੰਨ੍ਹਾਂ ਨੇ ਭਾਰਤ ਦੀ ਖੇਤੀ ਤੇ ਸਨਅਤੀ ਉਨਤੀ ਵਿਚ ਚੋਖਾ ਭਾਗ ਪਾਇਆ।

ਦੂਜੀ ਵਾਰੀ ਜੰਗ ਦੇ ਦੌਰਾਨ ਜਰਮਨ ਦੇ ਹਵਾਈ ਜ਼ਹਾਜ਼ਾਂ ਤੇ ਰਾਕਟਾਂ ਨੇ ਉੱਨਤੀ ਕੀਤੀ। ਜਰਮਨ ਹਾਰ ਗਿਆ ਤੇ ਉਹੀ ਸਾਇੰਸਦਾਨ ਅਮਰੀਕਾ ਤੇ ਰੂਸ ਦੇ ਕਾਬੂ ਆ ਗਏ। ਉਹਨਾਂ ਸਾਇੰਸਦਾਨਾਂ ਨੇ ਹਵਾਈ ਜਹਾਜ਼ਾਂ ਵਿਚ ਮਹਾਨ ਉਨਤੀ

ਕਰ ਕੇ ਦਿਖਾਈ । ਫਿਰ ਉਹ ਰਾਕਟ ਤਿਆਰ ਕਰਨ ਲਗੇ ਤੇ ਅਜਿਹੇ ਰਾਕਟ ਤਿਆਰ ਕਰ ਦਿਤੇ ਜੋ ਮਨੁੱਖ ਨੂੰ ਪੁਲਾੜ ਵਿਚ, ਚੰਦ੍ਰਮਾ ਵਲ, ਧਰਤੀ ਦੇ ਦੁਆਲੇ ਤੇ ਸੂਰਜ ਦੇ ਦੁਆਲੇ ਭੌਣ ਲਈ ਸਾਧਨ ਜੁਟਾ ਦਿੱਤੇ ।

ਅਜ ਅਮਰੀਕਾ ਤੇ ਰੂਸ ਦੋਵੇਂ ਇਕ ਦੂਜੇ ਤੋਂ ਬਾਜ਼ੀ ਲੈ ਜਾਣ ਦੇ ਯਤਨ ਕਰ ਰਹੇ ਹਨ ਤੇ ਨਿਤ ਨਵੀਆਂ ਚੀਜ਼ਾਂ ਬਣਾ ਰਹੇ ਹਨ ।

ਟੈਲੀਵਿਜ਼ਨ ਨੇ ਲੋਕਾਂ ਨੂੰ ਹੋਰ ਸੁਖ ਪੁਚਾ ਦਿਤਾ ਹੈ। ਇਸ ਨੇ ਅਮਰੀਕਾ ਤੇ ਭਾਰਤ ਜਾਂ ਰੂਸ ਤੇ ਅਮਰੀਕਾ ਨੂੰ ਇਕ ਦੂਜੇ ਦੇ ਬਿਲਕੁਲ ਨੇੜੇ ਕਰ ਦਿਤਾ ਹੈ। ਇਸ ਸਮੇਂ ਜੋ ਕੁਝ ਕਿਸੇ ਦੇਸ ਵਿਚ ਹੋ ਰਿਹਾ ਹੈ ਉਹ ਟੈਲੀਵੀਜ਼ਨ ਤੇ ਅਸੀਂ ਇਸ ਸਮੇਂ ਦੇਖ ਸਕਦੇ ਹਾਂ। ਸਾਨੂੰ ਨਿਤ ਸੰਸਾਰ ਦੇ ਹਰ ਭਾਗ ਦੀਆਂ ਖਬਰਾਂ ਮਿਲ ਜਾਂਦੀਆਂ ।

ਇਹ ਸਾਇੰਸ ਦਾ ਹੀ ਸਦਕਾ ਹੈ ਕਿ ਮਨੁੱਖ ਤੇ ਰਾਜ ਕਰਨ ਦੀਆਂ ਜੁਗ-ਤੀਆਂ ਸੋਚ ਰਿਹਾ ਹੈ । ਏਸੇ ਸਾਇੰਸ ਦੇ ਸਦਕੇ ਸਾਇੰਸਦਾਨ ਮੰਗਲ ਤੇ ਸ਼ੁਕਰ ਗ੍ਰਹਿਆਂ ਦੀ ਛਾਨ ਬੀਨ ਕਰ ਰਹੇ ਹਨ।

ਗੱਲ ਕੀ ਸਾਇੰਸ ਤਾਂ ਅਜ ਦੇ ਯੁਗ ਦੀ ਹਾਣੀ ਹੈ। ਇਹ ਮਨੁਖ ਨੂੰ ਜਿਧਰ ਚਾਹੇ ਮੋੜ ਸਕਦੀ ਹੈ। ਪਰ ਚੰਗਾ ਇਹ ਹੈ ਕਿ ਸਾਇੰਸਦਾਨ ਇਸ ਨੂੰ ਮਨੁਖੀ ਭਲੇ ਲਈ ਵਰਤਣ ਜਿਹੜੇ ਦੇਸ਼ ਸਾਇੰਸ ਨੂੰ ਕਿਸੇ ਦੇਸ਼ ਦੇ ਨਾਸ਼ ਲਈ ਵਰਤਣ ਦਾ ਯਤਨ ਕਰਨਗੇ ਉਹ ਪਛਤਾਣਗੇ ਕਿਉਂਕਿ ਦੂਜੇ ਪਾਸੇ ਦੇ ਸਾਇੰਸਦਾਨ ਵੀ ਅਜਿਹਾ ਹੀ ਸੋਚ ਰਹੇ ਹਨ ।

ਸਾਡੇ ਦੇਸ਼ ਦੇ ਨੇਤਾ ਸਵਰਗੀ ਜਵਾਹਰ ਲਾਲ ਜੀ ਨੇ ਸਭ ਤੋਂ ਪਹਿਲਾਂ ਇਹ ਨਾਹਰਾ ਲਗਾਇਆ ਸੀ ਕਿ ਐਟਮ ਬੰਬ ਜਾਂ ਐਟਮੀ ਸ਼ਕਤੀ ਲੋਕ ਹਿੱਤ ਲਈ ਵਰਤੋਂ ਇਹ ਲੋਕ ਨਾਸ਼ ਲਈ ਨਾ ਵਰਤੋ ਏਸੇ ਸਿਧਾਂਤ ਤੇ ਚਲ ਕੇ ਭਾਰਤ ਨੇ ਐਟਮ ਬੰਬ ਨਾ ਬਨਾਣ ਦੀ ਘੋਸ਼ਨਾ ਕੀਤੀ ਸੀ ਜੋ ਅਜ ਤਕ ਕਾਇਮ ਹੈ। ਸਾਡੇ ਦੇਸ਼ ਦੇ ਸਾਇੰਸਦਾਨ ਐਟਮ ਬਣਾ ਸਕਦੇ ਹਨ। ਪਰ ਉਹ ਲੋਕ ਹਿਤ ਲਈ ਬਣਾਨਗੇ ।

ਵਣਾਂ ਦੇ ਲਾਭ

(M. S. E. 1962)

'ਵਣ' ਜੰਗਲ ਨੂੰ ਆਖਦੇ ਹਨ। ਜੰਗਲ ਦੇਸ਼ ਦੀ ਕੁਦਰਤੀ ਸੰਪਤੀ ਹੁੰਦੇ ਹਨ। ਸਿਆਣੇ ਕਿਹਾ ਕਰਦੇ ਹਨ ਜਿਸ ਦੇਸ਼ ਵਿਚ ਜੰਗਲ ਪਹਾੜ ਨਹੀਂ ਉਹ ਦੇਸ਼ ਕਿਵੇਂ ਉਭਰ ਸਕਦਾ ਹੈ। ਪਰ ਸਾਡਾ ਦੇਸ਼ ਇਹਨਾਂ ਚੀਜ਼ਾਂ ਤੋਂ ਮਾਲਾਮਾਲ ਹੈ।

ਸਾਡੇ ਦੇਸ਼ ਵਿਚ ਚੋਖੇ ਜੰਗਲ ।

ਜੰਗਲਾਂ ਦੇ ਸਾਨੂੰ ਬਹੁਤ ਲਾਭ ਹਨ, ਪਰ ਮੁੱਖ ਲਾਭ ਇਸ ਪ੍ਰਕਾਰ ਹਨ ।

ਜੰਗਲਾਂ ਵਿਚ ਭਾਂਤ ਭਾਂਤ ਦੇ ਬ੍ਰਿਛ ਹੁੰਦੇ ਹਨ; ਜਿਵੇਂ ਚੀਲ, ਦਿਆਰ, ਕੈਲ, ਪੜਤਲ, ਟਾਹਲੀ, ਕਿਕਰ, ਜੰਡ, ਸਾਗਵਾਨ, ਆਬਨੂਸ ਆਦਿਕ । ਇਹ ਬ੍ਰਿਛ ਇਮਾਰਤਾਂ ਬਣਾਨ ਦੀ ਲਕੜੀ ਦਿੰਦੇ ਹਨ । ਘਰਾਂ ਦਾ ਫਰਨੀਚਰ ਭੀ ਇਹਨਾਂ ਦੀ ਲਕੜ ਦਾ ਬਣਾਇਆ ਜਾਂਦਾ ਹੈ । ਪਿੰਡ ਥਾਵਾਂ ਵਿਚ ਟਾਹਲੀ ਤੇ ਕਿਕਰ ਦੀ ਲਕੜ ਖੂਹਾਂ ਤੇ ਪਾਂਦੇ ਹਨ । ਗੱਡੇ ਆਦਿਕ ਭੀ ਇਹਨਾਂ ਦੇ ਬਣਦੇ ਹਨ । ਤੂਤ ਦੀ ਲਕੜ ਨਾਲ ਸਪੇਰਟਰ ਦਾ ਸਾਮਾਨ ਬਣਦਾ ਹੈ । ਵਾਧੂ ਲਕੜੀ ਬਾਲਣ ਦੇ ਕੰਮ ਆਉਂਦੀ ਹੈ ।

ਪਹਾੜੀ ਇਲਾਕਿਆਂ ਵਿਚ ਕਿਕਰ ਜੰਡ ਆਦਿਕ ਦੇ ਬਾਲਣ ਲਈ ਕੋਇਲੇ ਤਿਆਰ ਕੀਤੇ ਜਾਂਦੇ ਹਨ ।

ਜੰਗਲਾਂ ਵਿਚ ਘਾਹ ਬਹੁਤ ਹੁੰਦਾ ਹੈ । ਇਹ ਘਾਹ ਪਸ਼ੂਆਂ ਦੀ ਚਰਾਗਾਹ ਦੇ ਕੰਮ ਆਉਂਦਾ ਹੈ । ਪਸ਼ੂ ਘਾਹ ਨਾਲ ਢਿੱਡ ਭਰ ਕੇ ਆਉਂਦੇ ਹਨ ਤਾਂ ਪੱਠੇ ਦੀ ਲੋੜ ਨਹੀਂ ਰਹਿੰਦੀ ।

ਜੰਗਲ ਲੋਕਾਂ ਦੀ ਰੋਜ਼ੀ ਦਾ ਕਾਰਨ ਬਣਦੇ ਹਨ । ਕਈ ਆਦਮੀ ਜੰਗਲਾਂ ਵਿਚ ਕਟਾਈ ਕਰ ਕੇ ਰੋਟੀ ਕਮਾਂਦੇ ਹਨ, ਕਈ ਬੰਦੇ ਕਟੀ ਹੋਈ ਲਕੜ ਦੇ ਛਤੀਰ ਬਣਾਂਦੇ ਹਨ । ਜੰਗਲਾਂ ਵਿਚ ਆਰੇ ਲਗੇ ਹੁੰਦੇ ਹਨ । ਜਿਨ੍ਹਾਂ ਵਿਚ ਲਕੜ ਦੀ ਕਟਾਈ ਹੁੰਦੀ ਹੈ । ਉਥੇ ਹੀ ਛਤੀਰ ਬਣਦੇ ਹਨ । ਉਹ ਲਕੜ ਨਜ਼ੂ ਪਹਾੜਾਂ ਤੋਂ ਹੇਠਾਂ ਦਰਿਆਵਾਂ ਵਿਚ ਰੋਕਦੇ ਹਨ ।

ਜੰਗਲ ਭੂਮੀ ਖੋਰ ਨੂੰ ਰੋਕਦੇ ਹਨ । ਦਿਹਨਾਂ ਦੀਆਂ ਜੜ੍ਹਾਂ ਹੇਠੋਂ ਜ਼ਮੀਨ ਨੂੰ ਮਜਬੂਤੀ ਨਾਲ ਪਕੜੀ ਲਖਦੀਆਂ ਹਨ ।

ਦਰਖਤਾਂ ਦੀਆਂ ਜੜ੍ਹਾਂ ਪਾਣੀ ਰੋਹੜ ਨੂੰ ਰੋਕ ਲੈਂਦੀਆਂ ਹਨ । ਇਉਂ ਮੀਂਹ ਦਾ ਪਾਣੀ ਉਪਜਾਊ ਮਿੱਟੀ ਨੂੰ ਰੋਹੜ ਕੇ ਨਹੀਂ ਲੈ ਜਾ ਸਕਦਾ ।

ਜੰਗਲਾਂ ਤੋਂ ਤਾਰਪੀਨ ਦਾ ਤੇਲ, ਬਰੋਜ਼ਾ ਜੜੀ ਬੂਟੀਆਂ ਗੂੰਦ, ਚਮੜਾ ਰੰਗਣ ਦਾ ਮਸਾਲਾ ਮਿਲਦਾ ਹੈ । ਜੰਗਲਾਂ ਵਿਚ ਹੀ ਸ਼ਹਿਦ ਲਗਦੀ ਹੈ ।

ਦੇਸ਼ ਵਿਚ ਜੰਗਲਾਂ ਦੀ ਅਹਿਕਤਾ ਦਾਰਸ਼ ਲਿਆਉਣ ਵਿਚ ਮਦਦ ਦੇਂਦੀ ਹੈ ।

ਜੰਗਲ ਪੌਣ ਪਾਣੀ ਉੱਤੇ ਵੀ ਅਸਰ ਪਾਂਦੇ ਹਨ । ਇਹਨਾਂ ਦੀ ਹੋਂਦ ਕਰ ਕੇ ਪੌਣ ਪਾਣੀ ਨਾ ਬਹੁਤ ਠੰਢਾ ਤੇ ਨਾ ਬਹੁਤ ਗਰਮ ਹੁੰਦਾ ਹੈ ।

ਜੰਗਲ ਸਾਡੀ ਕਮਾਈ ਦਾ ਸਾਧਨ ਹਨ। ਇਹ ਕਮਾਈ ਦੇਸ਼ ਦੇ ਲੋਕ ਜ਼ੀਵਨ ਦੇ ਲਾਭ ਉਤੇ ਖਰਚੀ ਜਾਂਦੀ ਹੈ ।

ਜੰਗਲਾਂ ਦੇ ਹਰ ਪ੍ਰਕਾਰ ਦੇ ਲਾਭਾਂ ਨੂੰ ਮੁਖ ਰਖ ਕੇ ਸਰਕਾਰ ਹਰ ਸਾਲ ਵਣ-ਮਹੋਤਸਵ ਦਾ ਇਕ ਹਫਤਾ ਮਣਾਂਦੀ ਹੈ। ਇਸ ਹਫ਼ਤੇ ਵਿਚ ਰਾਸ਼ਟਰੀ ਤੋਂ ਲੈ ਕੇ ਚਪੜਾਸੀ ਤਕ ਦਰਖਤ ਲਗਾਂਦੇ ਤੇ ਜੰਗਲਾਂ ਦਾ ਖੇਤਰਫਲ ਵਧਾਂਦੇ ਹਨ।

————

ਭਾਰਤ ਰੂਸ ਸੰਧੀ

ਭਾਰਤ ਸੰਨ 1971 ਵਿਚ ਇਹ ਦੇਖ ਰਿਹਾ ਸੀ ਕਿ ਅੰਤਰ ਰਾਸ਼ਟਰੀ ਨੀਤੀ ਬੜੀ ਗੰਦੀ ਹੁੰਦੀ ਜਾ ਰਹੀ ਹੈ । ਇਕ ਪਾਸੇ ਅਮਰੀਕਾ ਨੇ ਸਾਮਵਾਦੀ ਚੀਨ ਨਾਲ ਅੰਦਰ ਖਾਨੇ ਪਾਕਿਸਤਾਨ ਦੇ ਰਸਤੇ ਮਿਤਰਤਾ ਲਈ ਜਤਨ ਅਰੰਭ ਦਿਤੇ। ਦੂਜੇ ਪਾਸੇ ਪੂਰਬੀ ਪਾਕਿਸਤਾਨ ਤੋਂ ਭਾਰਤ ਵਿਚ ਇਕ ਕਰੋੜ ਸ਼ਰਨਾਰਥੀ ਆ ਗਏ । ਤੀਜਾ ਅਮਰੀਕਾ ਤੇ ਚੀਨ ਭਾਰਤ ਰੂਸ ਦੀ ਕੀਮਤ ਤੇ ਮਿਤਰਤਾ ਕਾਇਮ ਕਰ ਰਹੇ ਹਨ। ਉਹਨਾਂ ਦਾ ਇਕ ਸਿਧਾ ਸਿਧਾਂਤ ਹੈ ਕਿ ਚੀਨ ਦੁਆਰਾ ਭਾਰਤ ਤੇ ਰੂਸ ਨੂੰ ਨੁਕਸਾਨ ਪੁਚਾਇਆ ਜਾਵੇ।

ਏਸੇ ਗੱਲ ਨੂੰ ਮੁਖ ਰਖ ਕੇ ਅਮਰੀਕਾ ਨੇ ਇਕ ਰਾਤ 25 ਸਾਲ ਦੇ ਪੁਰਾਣੇ ਦੁਸ਼ਮਨ ਨੂੰ ਸੰਯੁਕਤ ਰਾਸ਼ਟਰ ਸੰਘ ਦਾ ਮੈਂਬਰ ਬਣਾਉਣ ਲਈ ਹਾਂ ਕਰ ਦਿਤੀ ਤੇ 25 ਸਾਲ ਦਾ ਪੁਰਾਣਾ ਮਿਤਰ ਚਿਆਂਗ ਕਾਈਸ਼ੈਕ ਨੂੰ ਇਕ ਦਮ ਅਖਾਂ ਤੋਂ ਲਾਂਭੇ ਕਰ ਦਿਤਾ।

ਮੀਟਿੰਗ ਹੋਈ। ਚੀਨ ਸੰਯੁਕਤ ਰਾਸ਼ਟਰ ਸੰਘ ਦਾ ਮੈਂਬਰ ਚੁਣਿਆ ਗਿਆ ਤੇ ਨਾਲੇ ਜਨਰਲ ਸਭਾ ਨੇ ਇਸ ਨੂੰ ਇਤਿਹਾਦੀ ਸਭਾ ਦਾ ਮੈਂਬਰ ਚੁਣ ਲਿਆ ਤੇ ਨੈਸ਼ਨਲਿਸਟ ਚੀਨ ਦੇ ਕੋਲੋਂ ਸੀਟ ਲੈ ਕੇ ਲਾਲ ਚੀਨ ਨੂੰ ਦੇ ਦਿਤੀ ਗਈ। ਇਹ ਬੜਾ ਭਾਰਾ ਅਨਿਆਇ ਸੀ। ਪਰ ਧਨਵਾਨਾਂ ਨੂੰ ਇਹੋ ਜਿਹੇ ਅਨਿਆਇ ਕੀ ਆਖਦੇ ਹਨ। ਉਹਨਾਂ ਦੀ ਇਕੋ ਹੀ ਅਸੂਲ ਹੈ—ਪੈਸਾ। ਵਿਚਾਰੇ ਨੈਸ਼ਨਲਿਸਟਚੀਨ ਵਾਲੇ ਚੁਪ ਕਰਕੇ ਇਤਿਹਾਦੀ ਸਭਾ ਵਿਚੋਂ ਉਠ ਕੇ ਫਾਰਮੂਸਾ ਆ ਗਏ। ਉਹ ਨਾ ਜਨਰਲ ਸਭਾ ਦੇ ਮੈਂਬਰ ਰਹੇ ਤੇ ਨਾਹੀ ਇਤਿਹਾਦੀ ਸਭਾ ਦੇ। ਜਿਸ ਘਰ ਸੱਟ ਲਗਦੀ ਹੈ ਉਹੀ ਦੁਖ ਨੂੰ ਜਾਣਦੇ ਹਨ।

ਭਾਰਤ ਤੇ ਰੂਸ ਅਵੇਸਲੇ ਨਹੀਂ ਸਨ। ਦੋਹਾਂ ਦੇਸ਼ਾਂ ਦੇ ਨੀਤੀਵਾਨ ਇਸ ਪਾਸੇ ਧਿਆਨ ਦਿਤੀ ਬੈਠੇ ਸਨ। ਉਹਨਾਂ ਨੇ ਵੀ ਰਾਤੋ ਰਾਤ ਇਕ ਨਿਰਨੇ ਦਾ ਐਲਾਨ ਕੀਤਾ। ਇਹ ਨਿਰਨਾ ਕੀ ਸੀ। ਇਹ ਨਿਰਨਾ ਸੀ।

"ਰੂਸ ਹਿੰਦ ਅਮਨ ਸੰਧੀ"

ਇਸ ਸੰਧੀ ਅਨੁਸਾਰ ਦੁਹਾਂ ਦੇਸ਼ਾਂ ਨੇ ਪਰਸਪਰ ਨਿਰਨਾ ਕੀਤਾ ਕਿ ਕੋਈ ਦੇਸ਼ ਜਦੋਂ ਦੁਹਾਂ ਵਿਚੋਂ ਕਿਸੇ ਇਕ ਉਪਰ ਹਮਲਾ ਕਰ ਦੇਵੇ ਤਾਂ ਦੋਵੇਂ ਦੇਸ ਇਕ ਦੂਜੇ ਦੀ ਹਰ ਪ੍ਰਕਾਰ ਦੀ ਮਦਦ ਕਰਨਗੇ।

ਰੂਸ ਭਾਰਤ ਨੂੰ ਹਰ ਪ੍ਰਕਾਰ ਅਸਲਾ, ਜੰਗੀ ਸਾਮਾਨ, ਜਹਾਜ਼ ਆਦਿ ਹਰ ਤਰ੍ਹਾਂ ਦੀ ਮਦਦ ਦੇਵੇਗਾ। ਇਤਿਆਦਿ। ਇਹ ਸੰਧੀ ਇਕ ਈਮਾਨ ਦਾ ਰਾਣਾ ਸੰਧੀ ਸੀ ਜਿਸ ਨੇ 'ਭਾਰਤ ਪਾਕਿਸਤਾਨ ਯੁਧ' ਵਿਚ ਪਾਕਿਸਤਾਨ, ਚੀਨ ਤੇ ਅਮਰੀਕਾ ਦੀਆਂ ਬੇਈਮਾਨਾਂ ਵਾਲੀਆਂ ਚਾਲਾਂ ਤੋਂ ਬਚਾ ਦਿਤਾ। ਇਸ ਸੰਧੀ ਨੇ ਪਾਕਿਸਤਾਨ, ਅਮਰੀਕਾ ਤੇ ਚੀਨ ਸਭ ਨੂੰ ਹੈਰਾਨ ਕਰ ਦਿਤਾ। ਅਮਰੀਕਾ ਨੇ 3 ਦਸੰਬਰ ਤੋਂ 16 ਦਸੰਬਰ ਦੀ ਪਾਕਿਸਤਾਨ ਭਾਰਤ ਲੜਾਈ ਵਿਚ ਆਪਣਾ ਐਟਮੀ ਬੇੜਾ ਹਿੰਦ ਮਹਾਂ ਸਾਗਰ ਦੇ ਪਾਣੀਆਂ ਵਿਚ ਭੇਜ ਦਿਤਾ। ਜਦ ਰੂਸ ਨੂੰ ਪਤਾ ਲਗਾ ਤਾਂ ਉਸ ਨੇ ਵੀ ਆਪਦਾ ਸਮੁੰਦਰੀ ਬੇੜਾ ਹਿੰਦ ਮਹਾਂ ਸਾਗਰ ਵਿਚ ਭੇਜ ਦਿਤਾ।

ਅਮਰੀਕਾ ਨੇ ਪਹਿਲਾਂ ਤੇ ਇਹ ਪੱਜ ਲਾਇਆ ਕਿ ਮੈਂ ਪੂਰਬੀ ਪਾਕਿਸਤਾਨ ਵਿਚੋਂ ਅਮਰੀਕਨ ਜੋ ਉਥੇ ਘਿਰੇ ਹੋਏ ਹਨ, ਲੈਣ ਆਇਆ ਹਾਂ ਕਦੇ ਕੁਝ, ਕਦੇ ਕੁਝ, ਪਰ ਉਹ ਅਸਲ ਵਿਚ ਪਾਕਿਸਤਾਨ ਦੀ ਮਦਦ ਲਈ ਆਇਆ ਸੀ ਤਾਕਿ ਫਸੇ ਹੋਏ ਪਾਕਿਸਤਾਨੀ ਫੌਜੀਆਂ ਨੂੰ ਕਢ ਲੈ ਜਾਵੇ, ਪਰ ਭਾਰਤੀ ਸਮੁੰਦਰੀ ਤਾਕਤ ਅਗਲੇ ਦੁਆਲੇ ਖਲੋਤੀ ਹੋਈ ਸੀ। ਨਾਲ ਹੀ ਰੂਸ ਦਾ ਬੇੜਾ ਆ ਗਿਆ ਤੇ ਅਮਰੀਕਾ ਨੂੰ ਕੋਈ ਹਰਕਤ ਕਰਨ ਦੀ ਹਿੰਮਤ ਨਾ ਹੋਈ।

ਉਧਰ ਭਾਰਤ ਨੇ ਅਮਰੀਕਾ ਦੀ ਪਨ ਡੁੱਬੀ ਜੋ ਪਾਕਿਸਤਾਨ ਕੋਲ ਹੁਧਾਰ ਆਈ ਸੀ ਉਹ ਡੋਬ ਦਿਤੇ। ਇਉਂ ਭਾਰਤ ਦੀ ਤਾਕਤ ਦਾ ਅਮਰੀਕਾ ਟਾਕਰਾ ਨਾ ਕਰ ਸਕਿਆ ਤੇ ਆਪਣਾ ਬੇੜਾ ਲੈ ਕੇ ਮੁੜ ਗਿਆ।

ਭਾਰਤ ਰੂਸ ਸੰਧੀ ਦੁਹਾਂ ਦੇਸ਼ਾਂ ਦੀ ਈਮਾਨਦਾਰੀ ਤੇ ਨਿਰਭਰ ਕਰਦੀ ਹੈ।

———

ਅਮਰੀਕਾ ਤੇ ਚੀਨ ਸਾਜ਼ਸ਼ਾਂ

ਅਮਰੀਕਾ ਨੇ ਡਾ: ਕੈਸਿੰਗਰ ਤੇ ਪਾਕਿਸਤਾਨ ਦੀ ਮਾਰਫਤ 1971 ਈ: ਵਿਚ ਚੀਨ ਨਾਲ ਅੰਦਰ ਖਾਨੇ ਸਲਾਹਵਾਂ ਕੀਤੀਆਂ ਤਾਕਿ ਅਮਰੀਕਾ ਤੇ ਚੀਨ ਦਾ ਆਪਸ ਵਿਚ ਮਿਤ੍ਰਾਣਾ ਬਣ ਜਾਵੇ। ਏਸ ਕੰਮ ਵਾਸਤੇ ਉਹਨਾਂ ਨੇ ਦੋ ਦਿਨ ਤੇ ਦੋ ਰਾਤਾਂ ਖੂਬ ਸਲਾਹਾਂ ਕੀਤੀਆਂ ਤੇ ਡਾ: ਕੈਸਿੰਗਰ ਸਫਲ ਹੋ ਕੇ ਆਇਆ। ਉਸ ਨੇ ਪ੍ਰਧਾਨ ਨਿਕਸਨ ਨੂੰ ਆਪਣੇ ਮਿਸ਼ਨ ਦੀ ਕਾਮਯਾਬੀ ਦਾ ਸਮਾਚਾਰ ਦਿੱਤਾ ਤਾਂ ਪ੍ਰਧਾਨ ਨਿਕ-ਸਨ ਬੜਾ ਖੁਸ਼ ਹੋਇਆ।

ਦੂਜੀ ਵਾਰ ਡਾ: ਕੈਸਿੰਗਰ ਫੇਰ ਚੀਨ ਗਿਆ ਤੇ ਉਸ ਨੇ ਇਕ ਤਾਂ ਪ੍ਰਧਾਨ ਨਿਕਸਨ ਦੇ ਦੌਰੇ ਦੀ ਤਰੀਕ ਮੁਕਰਰ ਕੀਤੀ। ਦੂਜੇ ਉਸ ਨੇ ਚੀਨ ਨੂੰ ਜਨਰਲ ਐਸੰਬਲੀ ਤੇ ਇਤਿਹਾਦੀ ਸਭਾ ਦਾ ਮੈਂਬਰ ਬਣਾਉਣ ਦਾ ਪ੍ਰਧਾਨ ਬਣਾਇਆ।

ਆਉਣ ਸਾਰ ਹੀ ਅਮਰੀਕਾ ਵਲੋਂ ਚੀਨ ਨੂੰ ਪਹਿਲੀ ਯਾਰੀ ਦਾ ਤੁਹਫਾ 1971 ਦੇ ਅੰਤ ਵਿਚ ਜਨਰਲ ਐਸੰਬਲੀ ਦਾ ਮੈਂਬਰ ਬਣਾਉਣਾ ਸੀ ਤੇ ਦੂਜਾ ਇਤਿਹਾਦੀ ਸਭਾ ਦਾ ਮੈਂਬਰ ਬਣਾਨਾ।

ਚੀਨ ਦਾ ਡੈਲੀਗੇਸ਼ਨ ਇਤਿਹਾਦੀ ਸਭਾ ਵਿਚ ਪੁਜ ਗਿਆ ਹੁਣ ਅਮਰੀਕਾ ਨੂੰ ਚੀਨ ਜਾਣ ਦੀ ਲੋੜ ਨਾ ਰਹੀ। ਸਗੋਂ ਉਹ ਉਥੇ ਹੀ ਸਾਜ਼ ਬਾਜ਼ ਕਰਨ ਲਗ ਪਏ।

ਪ੍ਰਧਾਨ ਨਿਕਸਨ ਨਿਸਚਿਤ ਦਿਨ ਪੀਕਿੰਗ ਗਿਆ ਤੇ ਉਥੇ ਜਾ ਕੇ ਉਹ ਸਿਧਾ ਮਾਓ ਸੇ ਤੁੰਗ ਤੇ ਚੂ ਐਨ ਲਾਈ ਨਾਲ ਅਠ ਦਿਨ ਮੁਲਾਕਾਤਾਂ ਕਰਦੇ ਰਹੇ। ਉਹਨਾਂ ਦਾ ਵੱਡਾ ਨਿਸ਼ਾਨਾ ਉਹ ਦੇਸ਼ ਹਨ ਜੋ ਨਵ ਵਿਕਸਿਤ ਹਨ। ਇਸ ਸਾਜ਼ਸ਼ ਸਭ ਤੋਂ ਵਡਾ ਨਿਸ਼ਾਨਾ ਭਾਰਤ ਤੇ ਰੂਸ ਅਨਜਾਣ ਨਹੀਂ ਉਹ ਸਭ ਕੁਝ ਜਾਣਦੇ ਹਨ।

ਭਾਰਤ ਤੇ ਰੂਸ ਇਹ ਵੀ ਜਾਣਦੇ ਹਨ ਕਿ ਚੀਨ ਕਦੇ ਕਿਸੇ ਦਾ ਯਾਰ ਨਹੀਂ ਬਣਿਆ ਤੇ ਜੇ ਬਣਿਆ ਹੈ ਤਾਂ ਉਸ ਨੇ ਸਿਆਸੀ ਦਬਾਉ ਅਧੀਨ ਮਦਦ ਦਿਤੀ ਹੈ ਜਾਂ ਫੇਰ ਜਿੰਨੀ ਮਦਦ ਦੇਣੀ ਆਖੀ ਉਸ ਦਾ ਦਸਵਾਂ ਹਿੱਸਾ ਵੀ ਨਹੀਂ ਦਿੰਦਾ। ਇਹੀ ਭਰੋਸਾ ਭਾਰਤ ਤੇ ਰੂਸ ਦਾ ਹੈ ਕਿ ਉਸ ਨੇ ਅਮਰੀਕਾ ਦੀ ਯਾਰੀ ਵਿਚੋਂ ਕੁਝ ਨਾ ਕੁਝ ਕਮਾਉਣਾ ਹੈ। ਪਲਿਉਂ ਕੁਝ ਨਹੀਂ ਦੇਣਾ।

ਜਿਹੜਾ ਚੀਨ ਨੇ ਪਾਕਿਸਤਾਨ ਨੂੰ ਭਰੋਸਾ ਦਿਵਾਇਆ ਹੈ। ਉਹ ਵੀ ਗਲਤ ਹੈ ਕਿਉਂਕਿ ਚੀਨ ਪਾਕਿਸਤਾਨ ਦੀ ਖਾਤਰ ਕਦੇ ਵੀ ਭਾਰਤ ਜਾਂ ਰੂਸ ਨਾਲ ਨਹੀਂ ਲੜੇਗਾ।

———

ਰਣ ਕਛ

ਜਦ ਭਾਰਤ ਸੁਤੰਤਰ ਹੋਇਆ ਤਾਂ ਉਸ ਸਮੇਂ ਭਾਰਤ ਵਿਚ ਲਗਪਗ 600 ਛੋਟੀਆਂ ਵਡੀਆਂ ਰਿਆਸਤਾਂ ਸਨ । ਉਹਨਾਂ ਸਭਨਾਂ ਰਿਆਸਤਾਂ ਦੀ ਇਕ ਚੈਂਬਰ ਬਣੀ ਹੋਈ ਸੀ ਜਿਸ ਦੇ ਸਾਰੇ ਵਡੇ ਛੋਟੇ ਰਾਜੇ ਮੈਂਬਰ ਸਨ, "ਕੱਛ" ਰਾਜ ਵੀ ਭਾਰਤ ਦੀਆਂ ਰਿਆਸਤਾਂ ਵਿਚੋਂ ਇਕ ਸੀ । ਇਹ ਰਿਆਸਤ ਪਹਿਲਾਂ ਸੁਰਾਸ਼ਟਰ ਰਾਜ ਵਿਚ ਰਲਾਈ ਗਈ ਉਪਰੰਤ ਸੁਰਾਸ਼ਟਰ ਬੰਬਈ ਰਾਜ ਵਿਚ ਰਲਾ ਦਿੱਤਾ ਤੇ ਫਿਰ ਬੰਬਈ ਰਾਜ ਨੂੰ ਦੋ ਭਾਗਾਂ ਵਿਚ ਵੰਡ ਕੇ ਗੁਜਰਾਤ ਤੇ ਮਹਾਰਾਸ਼ਟਰ ਦੋ ਰਾਜ ਬਣਾ ਦਿੱਤੇ ।

ਇਉਂ ਕਛ ਰਿਆਸਤ ਗੁਜਰਾਤ ਰਾਜ ਦਾ ਹਿਸਾ ਬਣ ਗਈ । ਇਸ ਕਛ ਦੇ ਇਲਾਕੇ ਵਿਚ ਕੁਝ ਦਲਦਲੀ ਭਾਗ ਹੈ ਜੋ ਇਕ ਪਾਸਿਓਂ ਪਾਕਿਸਤਾਨ ਦੀ ਸਿੰਧ ਵਾਲੀ ਸੀਮਾ ਤੇ ਦੂਜਾ ਪਾਸੇ ਭਾਰਤ ਦੇ ਅੰਦਰਲੇ ਪਾਸੇ ਨਾਲ ਲਗਦੀ ਹੈ, ਇਕ ਪਾਸਿਓਂ ਸਮੁੰਦਰ ਤੇ ਦੂਜੇ ਦੋ ਭਾਰਤ ਦੇ ਅੰਦਰਲੇ ਪਾਸੇ ਨਾਲ ਲਗਦੇ ਹਨ ਇਹ ਭਾਗ ਦਲਦਲੀ ਇਲਾਕਾ ਹੈ ਫਿਰ ਵਡਾ ਨੁਕਸ ਇਹ ਕਿ ਉਥੇ ਵਸੋਂ ਕਿਤੇ ਕਿਤੇ ਉਚੀ ਥਾਂ ਤੇ ਹੈ ਤੇ ਪਾਣੀ ਦੀ ਬੜੀ ਤੰਗੀ ਹੈ ।

ਪਾਕਿਸਤਾਨ ਭਾਵੇਂ ਸਾਡਾ ਗੁਆਂਢੀ ਹੈ । ਪਰ ਉਹ ਜਦ ਤੋਂ ਸਾਥੋਂ ਵੱਖ ਹੋਇਆ ਹੈ ਸਾਡੇ ਲਈ ਮੁਸੀਬਤ ਦਾ ਕਾਰਨ ਬਣਿਆ ਹੋਇਆ ਹੈ । ਉਹਦਾ ਇਕ ਹੀ ਉਦੇਸ਼ ਹੈ ਕਿ ਭਾਰਤ ਨੂੰ ਦੁਖੀ ਕਰਨਾ ਤੇ ਉਹਨਾਂ ਲਈ ਕੋਈ ਨਾ ਕੋਈ ਸਿਰ ਪੀੜ ਪੈਦਾ ਕਰਨੀ । ਇਹ ਹਾਲਤ ਉਸਨੇ ਸੰਨ 1965 ਵਿਚ ਉਹਨਾਂ ਦਿਨਾਂ ਵਿਚ ਕੀਤੀ ਜਦ ਕਿ ਭਾਰਤ ਦੇ ਮਨ ਵਿਚ ਵਹਿਮ ਨਹੀਂ ਸੀ ਕਿ ਪਾਕਿਸਤਾਨ ਅਜਿਹੀ ਹਰਕਤ ਕਰ ਸਕਦਾ ਹੈ । ਉਸ ਨੇ ਚੁਪ ਕੀਤਿਆਂ ਸਾਡੀ ਚੋਕੀ ਕੰਜਰ ਕੋਟ ਅਤੇ ਇਕ ਹੋਰ ਚੋਕੀ ਸਰਦਾਰਾ ਤੇ ਛਡਬੇਟ ਤੇ ਕਬਜ਼ਾ ਕਰ ਲਿਆ, ਉਧਰ ਸਾਡੀ ਕਛ ਸੀਮਾ ਦੇ ਨਾਲ ਸੜਕ ਬਣਾ ਲਈ ਤਾਂਕਿ ਟ੍ਰਾਂਸਪੋਰਟ ਦੇ ਆਉਣ ਜਾਣ ਵਿਚ ਤਕਲੀਫ਼ ਨਾ ਹੋਵੇ ।

ਜਦ ਸਾਡੀ ਸਰਕਾਰ ਨੂੰ ਪਤਾ ਲਗਾ ਤਾਂ ਉਸ ਨੇ ਆਪਣੀ ਫੌਜ ਪਾਕਿਸਤਾਨੀਆਂ ਨੂੰ ਕਢਣ ਲਈ ਭੇਜੀ ਉਹਨਾਂ ਦੀ ਹਰ ਪ੍ਰਕਾਰ ਦੀ ਸਮੱਗਰੀ ਦਾਣਾ ਪਾਣੀ ਦਾ ਪ੍ਰਬੰਧ ਕੀਤਾ । ਜਦ ਪਾਕਿਸਤਾਨ ਨੇ ਡਿਠਾ ਕਿ ਭਾਰਤੀ ਸੰਘੇ ਹੋ ਗਏ ਹਨ

ਤਦ ਉਹ ਅਮਰੀਕਾ ਦੇ ਦਿੱਤੇ ਹੋਏ ਪੈਟਨਟੈਂਕ ਤੇ ਸੈਬਰ ਜੈਟ ਹਵਾਈ ਜਹਾਜ਼ ਲੈ ਕੇ ਸਾਡੀਆਂ ਸਰਹਦਾਂ ਤੇ ਆ ਗਿਆ ਭਾਰਤ ਦੇ ਸਿਆਣੇ ਤੇ ਚੁਸਤ ਪਾਈਲੈਟਾਂ ਨੇ ਉਹਨਾਂ ਦੇ ਸਾਰੇ ਮਿਲਟਰੀ ਸੰਦਾਂ ਦੀ ਫੋਟੋ ਲਾਹ ਲਿਈਆਂ ਤੇ ਭਾਰਤ ਜਨਤਾ ਨੂੰ ਤੇ ਸੰਸਾਰ ਨੂੰ ਇਹ ਦਸਣ ਵਿਚ ਸਮਰਥ ਹੋ ਗਿਆ ਕਿ ਇਹ ਸਭ ਕਾਰਸਤਾਨੀ ਅਮਰੀਕਾ ਤੇ ਬਰਤਾਨੀਆਂ ਦੀ ਹੈ ।

ਪਾਕਿਸਤਾਨ ਨੇ ਅਗੇ ਤਾਂ ਕੀ ਵਧਣਾ ਸੀ । ਉਹ ਹੁਣ ਦੁਮ ਦਬਾ ਕੇ ਨੱਸਣ ਲਗਾ ਪਰ ਆਪਣੀ ਧੌਣ ਉਚੀ ਰਖਣ ਲਈ ਆਪਣੇ ਛਤੀਏ ਸਾਥੀਆਂ ਨੂੰ ਵਿਚ ਪਾਇਆ । ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਇਕ ਹੀ ਗੱਲ ਕਹੀ ਕਿ ਮੈਂ ਤਾਂ ਏਨਾ ਹੀ ਜਾਣਦਾ ਹਾਂ ਕਿ ਰਣ ਕਛ ਭਾਰਤ ਦਾ ਹੈ. ਤੇ ਮੈਂ ਭਾਰਤ ਦਾ ਕੋਈ ਭੀ ਅੰਗ ਕਿਸੇ ਕੀਮਤ ਤੋਂ ਕਟਕੇ ਨਹੀਂ ਦੇ ਸਕਦਾ । ਰਣ ਕੱਛ ਭਾਰਤ ਦਾ ਹੈ ।

ਅੰਤ ਇਸ ਸਮਝੌਤੇ ਲਈ ਬਰਤਾਨੀਆਂ ਨੇ ਸ੍ਰੀ ਲਾਲ ਬਹਾਦਰ ਸ਼ਾਸਤਰੀ ਤੇ ਸਦਰ ਅਯੂਬ ਨੂੰ ਇੰਗਲੈਂਡ ਸਦਿਆ ਤੇ ਉਥੇ ਸ਼ਾਸਤਰੀ ਜੀ ਨੇ ਸਭਨਾਂ ਗੱਲਾਂ ਦਾ ਇਕ ਹੀ ਉੱਤਰ ਦਿੱਤਾ ਕਿ—

1. ਰਣ ਕਛ ਭਾਰਤ ਦਾ ਹੈ ।

2. ਸਾਡੀ ਸਰਹੱਦ ਦਾ ਕੋਈ ਝਗੜਾ ਨਹੀਂ ।

3. ਪਾਕਿਸਤਾਨ ਹਮਲਾਵਰ ਹੈ ਇਹਨੂੰ ਵਾਪਸ ਚਲੇ ਜਾਣਾ ਚਾਹੀਦਾ ਹੈ ਅੰਤ ਸਦਰ ਅਯੂਬ ਇੰਗਲੈਂਡ ਵਿਚ ਮੰਨੇ ਕਿ ਅੰਤਰ ਰਾਸ਼ਟਰੀ ਟ੍ਰੀਬਿਊਨਲ ਨੂੰ ਕੇਸ ਦੇ ਦਿਤਾ ਜਾਵੇ ਤੇ ਉਹ ਸਰਹੱਦ ਦੀ ਸੀਮਾ ਬੰਦੀ ਕਰ ਦੇਵੇ ।

ਸ਼ਾਸਤਰੀ ਜੀ ਜੇਤੂ ਰੂਪ ਵਿਚ ਮੁੜੇ ਤੇ ਸਾਰੇ ਦੇਸ਼ ਨੇ ਆਪ ਦੀ ਇਸ ਕਾਰਵਾਈ ਨੂੰ ਸਨਮਾਨਿਆ ।

ਇਉਂ ਪਾਕਿਸਤਾਨ ਰਣ ਕਛ ਤੋਂ ਆਪਣੀਆਂ ਫੌਜਾਂ ਮੋੜ ਲੈ ਕੇ ਗਿਆ ।

ਪਰ ਅੰਤਰ ਰਾਸ਼ਟਰੀ ਅਦਾਲਤ ਨੇ ਪਾਕਿਸਤਾਨ ਨੂੰ ਉਸਦੀ ਸਰਹੱਦ ਨਾਲ ਲਗਦਾ ਕੋਈ 350 ਮੀਲ ਦਾ ਇਲਾਕਾ ਦੇ ਦਿੱਤਾ ।

ਉਹੀ ਇਲਾਕਾ ਜੋ ਅੰਤਰ ਰਾਸ਼ਟਰੀ ਅਦਾਲਤ ਨੇ ਪਾਕਿਸਤਾਨ ਨੂੰ ਦਿਤਾ ਸੀ । ਇਸ ਵਾਰ 1971 ਦੇ ਭਾਰਤ ਪਾਕਿਸਤਾਨ ਯੁਧ ਵਿਚ ਭਾਰਤ ਦੇ ਫੌਜੀ ਜਰਨੈਲਾਂ ਨੇ ਵਾਪਸ ਲੈ ਲਿਆ ।

ਫੌਜੀ ਤਾਲੀਮ

(M. S. E. 1962)

ਫੌਜ ਜਾਂ ਸੈਨਾ ਇਕ ਹੀ ਸ਼ਬਦ ਹੈ। ਫੌਜ ਪ੍ਰਾਚੀਨ ਕਾਲ ਤੋਂ ਹਰ ਦੇਸ਼ ਦੀ ਹੁੰਦੀ ਹੈ। ਪੁਰਾਣੇ ਜ਼ਮਾਨੇ ਵਿਚ ਸਾਡੇ ਦੇਸ਼ ਦਾ ਹਰ ਜੁਆਨ ਫੌਜੀ ਹੁੰਦਾ ਸੀ। ਫੌਜੀ ਦੇਸ਼ ਪਿਆਰ ਦੀ ਭਾਵਨਾ ਹੇਠ ਦੇਸ਼ ਰਖਿਆ ਲਈ ਜਾਨ ਕੁਰਬਾਨ ਕਰਦੇ ਸਨ। ਪਰ ਅੱਜ ਉਹ ਪੁਰਾਣੇ ਢੰਗ ਨਹੀਂ ਰਹੇ। ਸਮੇਂ ਦੀ ਚਾਲ ਨਾਲ ਹਰ ਚੀਜ਼ ਨਵੇਂ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਦੇਸ਼ ਦੀ ਰਖਿਆ ਦੋ ਤਰ੍ਹਾਂ ਦੀ ਹੁੰਦੀ ਹੈ। (1) ਅੰਦਰਲੀ (2) ਬਾਹਰਲੀ। ਅੰਦਰਲੀ ਰਖਿਆ ਲਈ ਪੁਲੀਸ ਹੁੰਦੀ ਹੈ। ਉਹ ਦੇਸ਼ ਦੇ ਅੰਦਰ ਹਰ ਪ੍ਰਕਾਰ ਦੀ ਗੜਬੜ ਚੋਰੀ ਚਕਾਰੀ ਆਦਿ ਨੂੰ ਰੋਕਦੀ ਹੈ। ਪੁਲੀਸ ਨੂੰ ਸਰਕਾਰ ਵਲੋਂ ਤਨਖਾਹ ਮਿਲਦੀ ਹੈ। ਇਸੇ ਤਰ੍ਹਾਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਫੌਜ ਹੁੰਦੀ ਹੈ। ਅਜ ਹਰ ਦੇਸ਼ ਖੋਹਾਂ ਖਾਹੀ ਦੀ ਨੀਤੀ ਤੇ ਚਲ ਰਿਹਾ ਹੈ ਇਸ ਲਈ ਹਰ ਦੇਸ਼ ਨੂੰ ਆਪੋ ਆਪਣੀਆਂ ਸਰਹੱਦਾਂ ਦੀ ਰਾਖੀ ਕਰਨੀ ਚਾਹੀਦੀ ਹੈ।

ਭਾਵੇਂ ਭਾਰਤ ਸੱਚ ਸ਼ਾਂਤੀ ਤੇ ਅਹਿੰਸਾ ਦਾ ਪੁਜਾਰੀ ਹੈ, ਪਰ ਅਜ ਸਾਰਾ ਸੰਸਾਰ ਅਜਿਹਾ ਨਹੀਂ। ਸੰਸਾਰ ਇਸ ਸਮੇਂ ਦੋ ਧੜਿਆਂ ਅਮਰੀਕਾ ਤੇ ਰੂਸ ਵਿਚ ਵੰਡਿਆ ਹੋਇਆ ਹੈ। ਹਰ ਇਕ ਧੜਾ ਇਹ ਚਾਹੁੰਦਾ ਹੈ ਕਿ ਮੈਂ ਸ਼ਕਤੀ ਨਾਲ ਸੰਸਾਰ ਨੂੰ ਨਿਵਾ ਲਵਾਂ। ਇਸ ਲਈ ਸਾਨੂੰ ਵੀ ਦੇਸ਼ ਰਖਿਆ ਲਈ ਨਵੇਂ ਹਥਿਆਰਾਂ ਨਾਲ ਲੈਸ ਹੋਣਾ ਚਾਹੀਦਾ ਹੈ।

ਸਾਡੇ ਦੇਸ਼ ਦੇ ਦੁਆਲੇ ਦੋ ਪੱਕੇ ਵੈਰੀ ਦੇਸ਼ ਬੈਠੇ ਹਨ। ਇਹ ਚੀਨੀ ਤੇ ਪਾਕਿਸਤਾਨ ਹਨ। ਇਹ ਬੜੇ ਭੈੜੇ ਵੈਰੀ ਹਨ। ਇਹ ਹਰ ਗੰਦੇ ਮੰਦੇ ਢੰਗ ਨਾਲ ਦੂਜੇ ਦਾ ਇਲਾਕਾ ਹਥਿਆਉਣ ਦਾ ਜਤਨ ਕਰਦੇ ਹਨ। ਉਧਰ ਸ਼ਕਤੀ ਦਾ ਟਾਕਰਾ ਸ਼ਕਤੀ ਨਾਲ ਕਰਨ ਕਰਕੇ ਰੂਸ ਤੇ ਅਮਰੀਕਾ ਪਤਾ ਨਹੀਂ ਕਿਸ ਸਮੇਂ ਜੰਗ ਦਾ ਭੂਤ ਛਡ ਦੇਣ। ਭਾਰਤ ਦੇ ਪ੍ਰਧਾਨ ਮੰਤਰੀ ਨੇ ਪੰਜਸ਼ੀਲ ਸਿਧਾਂਤ ਸੰਸਾਰ ਨੂੰ ਦਿੱਤਾ ਸੀ, ਪਰ ਉਹ ਕੇਵਲ ਸਾਡੇ ਦੇਸ਼ ਵਿਚ ਆ ਕੇ ਮੰਨਦੇ ਹਨ। ਆਪਣੇ ਦੇਸ਼ ਵਿਚ ਨਹੀਂ। ਇਹੀ ਕਾਰਨ ਹੈ ਕਿ ਤੀਜੀ ਜੰਗ ਦਾ ਭੂਤ ਹਰ ਵੇਲੇ ਡਰਾ ਰਿਹਾ ਹੈ।

ਭਾਰਤ ਇਕ ਗਰੀਬ ਦੇਸ਼ ਹੈ ਜਿਸ ਨੂੰ ਇਕ ਹਜ਼ਾਰ ਸਾਲ ਤਕ ਗੈਰ ਮੁਲਕੀ ਲੁਟੇਰੇ ਲੁਟ ਲੁਟ ਕੇ ਫਾਂਕ ਕਰ ਗਏ ਹਨ। ਇਹ ਨਵੀਨ ਸ਼ਸਤਰ ਜੋ ਅੱਤ ਮਹਿੰਗੇ

ਹਨ ਕਿਵੇਂ ਖਰੀਦ ਸਕਦਾ ਹੈ। ਪਰ ਮਜਬੂਰੀ ਹੈ ਸਰਕਾਰ ਦੇਸ਼ ਦੀ ਆਮਦਨ ਦਾ ਬਹੁਤਾ ਭਾਗ ਡੀਫੈਂਸ (ਸੁਰਖਿਆ) ਬਜਟ ਤੇ ਖਰਚ ਕਰਦਾ ਹੈ ਤਾਂ ਕਿ ਅਰੋਗ ਤੇ ਸਿਹਤ ਮੰਦ ਫੌਜੀ ਰਖੀ ਜਾਵੇ।

ਭਾਰਤ ਸਰਕਾਰ ਨੇ ਸਕੂਲਾਂ ਤੇ ਕਾਲਜਾਂ ਵਿਚ N C. C. ਦੇ A. C. C. ਦੀਆਂ ਸੰਸਥਾਵਾਂ ਕਾਇਮ ਕਰ ਦਿੱਤੀਆਂ ਹਨ। ਇਹ ਵਿਦਿਆਰਥੀ ਇਹਨੀ ਥਾਈਂ ਫੌਜੀ ਸਿਖਿਆ ਪ੍ਰਾਪਤ ਕਰਦੇ ਹਨ।

ਇਕ ਸੰਸਥਾ ਸਿਵਲ ਗਾਰਡ ਨਾਂ ਦੀ ਹੈ। ਉਹ ਲੋਕ ਜੰਗ ਦੇ ਦਿਨਾਂ ਵਿਚ ਦੇਸ਼ ਦੀ ਅੰਦਰਲੀ ਰਖਿਆ ਕਰਦੀ ਹੈ।

ਇਲਾਕਾਈ ਫੌਜ ਭੀ ਬਣਾਈ ਗਈ ਹੈ। ਇਹ ਫੌਜ ਸਰਹੱਦੀ ਇਲਾਕੇ ਦੇ ਵਸਨੀਕਾਂ ਵਿਚੋਂ ਤਿਆਰ ਕੀਤੀ ਜਾਂਦੀ ਹੈ ਤਾਂ ਕਿ ਯੁਧ ਦੀ ਹਾਲਤ ਵਿਚ ਉਹ ਵੈਰੀ ਦਾ ਟਾਕਰਾ ਕਰ ਸਕਣ। ਏਸ ਸਿਖਲਾਈ ਦੇ ਹੇਠ ਲਿਖੇ ਲਾਭ ਹੋਣਗੇ।

(1) ਲੋਕ ਡਿਸਪਲਨ ਸਿਖ ਜਾਣਗੇ।

(2) ਉਹ ਹਫੜਾ ਦਫੜੀ ਵਿਚ ਨਾ ਪੈ ਕੇ ਸ਼ਾਂਤੀ ਨਾਲ ਕੰਮ ਕਰਨਗੇ।

(3) ਉਹਨਾਂ ਦੇ ਅੰਦਰ ਦੇਸ਼ ਪ੍ਰਤੀ ਜ਼ਿਮੇਂਵਾਰੀ ਦੀ ਭਾਵਨਾ ਜਾਗੇਗੀ।

(4) ਲੋਕ ਆਚਰਨਵਾਨ ਹੋ ਜਾਣਗੇ।

(5) ਏਸ ਟਰੇਨਿੰਗ ਨਾਲ ਸਰੀਰ ਤੇ ਦਿਮਾਗ ਵਿਚ ਨਰੋਆਪਨ ਆਉਂਦਾ ਹੈ।

ਸਰਕਾਰ ਨੇ ਨਵੇਂ ਢੰਗ ਦਾ ਅਸਲਾ ਬਣਾਨ ਲਈ ਫੌਜੀ ਕਾਰਖਾਨੇ ਲਗਾ ਰਖੇ ਹਨ। ਉਹਨਾਂ ਕਾਰਖਾਨਿਆਂ ਵਿਚ ਕਾਰੀਗਰਾਂ ਨੂੰ ਨਵਾਂ ਅਸਲਾ ਬਣਾਨ ਤੇ ਲਗਾਇਆ ਗਿਆ ਹੈ।

ਸਾਡੇ ਦੇਸ਼ ਵਿਚ ਤਿੰਨ ਫੌਜੀ ਵਿਭਾਗ ਹਨ। ਇਕ ਪੈਦਲ (ਥਲ ਸੈਨਾ) ਜਿਸਦੇ ਸਿਰ ਉੱਤੇ ਸਾਰੇ ਦੇਸ਼ ਦੀਆਂ ਸਰਹੱਦਾਂ ਦਾ ਪ੍ਰਬੰਧ ਕਰਨ ਦਾ ਭਾਰ ਹੈ। ਇਕ ਸਮੁੰਦਰੀ ਵਿਭਾਗ ਹੈ ਜੋ ਸਾਡੀਆਂ ਸਮੁੰਦਰੀ ਸਰਹੱਦਾਂ ਦੀ ਰਾਖੀ ਕਰਦਾ ਹੈ। ਸਾਡੀ ਸਮੁੰਦਰੀ ਸਰਹੱਦ ਵੀ ਬਹੁਤ ਵਡੀ ਹੈ। ਸਾਡੇ ਸਮੁੰਦਰੀ ਜਹਾਜ਼ ਬਣਾਨ ਦੇ ਕਾਰਖਾਨੇ ਦਿਨੇ ਰਾਤ ਸਮੁੰਦਰ ਜਹਾਜ਼ ਬਣਾ ਰਹੇ ਹਨ। ਜਲ ਸੈਨਾ ਕੋਲ ਵੀ ਸਮੁੰਦਰੀ ਜਹਾਜ਼ ਹਨ, ਜਿਨ੍ਹਾਂ ਨੂੰ ਉਹ ਲੋੜ ਵੇਲੇ ਵਰਤਦੇ ਹਨ।

ਹਵਾਈ ਸੈਨਾ ਇਹ ਹਵਾਈ ਜਹਾਜ਼ਾਂ ਰਾਹੀਂ ਦੇਸ਼ ਦੀ ਸਮੁੰਦਰੀ ਤੇ ਪੈਦਲ ਸੈਨਾ ਦੀ ਮਦਦ ਕਰਦੀ ਹੈ ਤੇ ਆਪਣਾ ਫਰਜ਼ ਭਲੀ ਪ੍ਰਕਾਰ ਅਦਾ ਕਰਦੀ ਹੈ।

ਸਾਡੇ ਦੇਸ਼ ਵਿਚ ਪੈਦਲ, ਸਮੁੰਦਰੀ ਤੇ ਹਵਾਈ ਸੈਨਾ ਦੇ ਵੱਖ ਵੱਖ ਥਾਵਾਂ ਵਿਚ ਟਰੇਨਿੰਗ ਸਕੂਲ ਖੁਲ੍ਹੇ ਹੋਏ ਹਨ ਜਿਥੇ ਸਿਪਾਹੀ ਤੋਂ ਲੈ ਕੇ ਅਫਸਰਾਂ ਤਕ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਤੋਂ ਛੁੱਟ ਹਰ ਸਾਲ ਗੈਰ ਮੁਲਕਾਂ ਵਿਚ ਵੱਖ ਵੱਖ ਪ੍ਰਕਾਰ ਦੀ ਸੈਨਿਕ ਸਿਖਲਾਈ ਲਈ ਵੀ ਹਰ ਫੌਜ ਦੇ ਡੈਲੀਗੇਸ਼ਨ ਭੇਜੇ ਜਾਂਦੇ ਹਨ। ਜੋ ਕਿ ਨਵੀਨ ਅਸਲੇ ਬਾਰੇ ਤਜਰਤਾ ਹਾਸਲ ਕਰਕੇ ਆਉਂਦੇ ਹਨ।

ਭਾਰਤ ਹੁਣ ਆਪਣੇ ਹਵਾਈ ਜਹਾਜ਼ ਵੀ ਬਣਾ ਰਿਹਾ ਹੈ ਜੈੱਟ ਜਹਾਜ਼ ਪਾਕਿਸਤਾਨ ਦੀ ਲੜਾਈ ਵਿਚ ਬੜੇ ਯੋਗ ਸਿਧ ਹੋਏ ਹਨ। ਏਸ ਲੜਾਈ ਵਿਚ ਸਾਡੇ ਹਵਾਈ ਪਾਈਲਟਾਂ ਨੇ ਇਹ ਸਿਧ ਕਰ ਦਿੱਤਾ ਹੈ ਕਿ ਅਸੀਂ ਵੈਰੀ ਦਾ ਮੁਕਾਬਲਾ ਕਰਨ ਵਿਚ ਪ੍ਰਬੀਨ ਹਾਂ।

ਨਾਨਕ ਦੁਖੀਆ ਸਭ ਸੰਸਾਰ

(M. S. E. 1962)

ਇਹ ਤੁਕ ਗੁਰਬਾਣੀ ਦੀ ਹੈ, ਪਰ ਆਮ ਮੁਹਾਵਰੇ ਵਾਂਗ ਲੋਕਾਂ ਦੀ ਜ਼ਬਾਨ ਤੇ ਚੜ੍ਹੀ ਹੋਈ ਹੈ। ਜਦੋਂ ਕਿਸੇ ਨੂੰ ਦੁਖੀ ਵੇਖਦੇ ਹਨ ਆਖ ਦਿੰਦੇ ਹਨ, ਨਾਨਕ ਦੁਖੀਆ ਸਭ ਸੰਸਾਰ। ਇਸਦਾ ਭਾਵ ਇਹ ਹੈ ਕਿ ਕੋਈ ਕਿੱਡਾ ਵੀ ਸੁਖੀ ਹੋਵੇ, ਕੋਈ ਕਿਡਾ ਵੀ ਧਨਾਢ ਹੋਵੇ ਸਭ ਦੇ ਘਰ ਵਿਚ ਕੋਈ ਨਾ ਕੋਈ ਦੁਖ ਹੈ।

ਜੇ ਅਮੀਰ ਹੈ ਤਾਂ ਉਸਨੂੰ ਕੋਈ ਰੋਗ ਲਗਾ ਹੋਵੇਗਾ, ਕੋਈ ਗਰੀਬ ਹੈ ਤਾਂ ਉਹ ਬੇਕਾਰ ਹੋਵੇਗਾ, ਕਿਸੇ ਨੂੰ ਪੁਤਾਂ ਨੇ ਤਾਂ ਕਿਸੇ ਨੂੰ ਧੀਆਂ ਨੇ ਦੁਖੀ ਕਰ ਰਖਿਆ ਹੈ, ਤੇ ਇਸ ਗੱਲ ਦਾ ਇਲਾਜ ਕੋਈ ਨਹੀਂ। ਇਹ ਹੀ ਇਲਾਜ ਹੈ ਤੇ ਉਹ ਹੈ—

"ਸੋ ਸੁਖੀਆ ਜੋ ਨਾਮ ਆਧਾਰ"

ਨਾਮ ਦਾ ਆਧਾਰ ਤਾਂ ਹੀ ਹੋ ਸਕਦਾ ਹੈ ਜੇ ਨਾਮ ਜਪਿਆ ਜਾਵੇ। ਦੁਖ ਵੇਲੇ ਨਾਮ ਏਸ ਲਈ ਨਹੀਂ ਜਪਿਆ ਜਾਂਦਾ ਹੈ ਕਿ ਦੁਖ ਨਾਮ ਨਹੀਂ ਜਪਣ ਦਿੰਦਾ। ਸੁਖ ਵੇਲੇ ਰਬ ਯਾਦ ਹੀ ਨਹੀਂ ਆਉਂਦਾ।

ਬਾਬਾ ਫਰੀਦ ਜੀ ਵੀ ਗੁਰੂ ਨਾਨਕ ਸਾਹਿਬ ਦੇ ਬਚਨ ਦੀ ਪ੍ਰੋੜ੍ਹਤਾ ਕਰਦੇ ਹਨ ਤੇ ਲਿਖਦੇ ਹਨ।

ਫਰੀਦ ਮੈਂ ਜਾਣਿਆ ਦੁਖ ਮੁਝ ਕਉ
ਦੁਖ ਸਬਾਇਆ ਜਗ

ਕੋਠੇ ਚੜ੍ਹਕੇ ਵੇਖਿਆ
ਘਰ ਘਰ ਇਹੀ ਅੱਗ

ਭਾਵ ਮੈਂ ਸਮਝਦਾ ਸਾਂ ਕਿ ਮੈਂ ਹੀ ਦੁਖੀ ਹਾਂ ਪਰ ਮੈਂ ਅਜ ਇਹ ਗੱਲ ਭਲੀ ਪ੍ਰਕਾਰ ਜਾਣ ਚੁਕਾ ਹਾਂ ਕਿ ਇਸ ਸੰਸਾਰ ਦਾ ਹਰ ਇਕ ਵਿਅਕਤੀ ਦੁਖੀ ਹੈ। ਭਾਵ ਜਦ ਮੈਂ ਕੋਠੇ ਚੜ੍ਹਕੇ ਡਿਠਾ ਤਾਂ ਮੈਨੂੰ ਘਰ ਘਰ ਇਹੀ ਅੱਗ ਨਜ਼ਰ ਆਈ।

ਮਨੁਖ ਨੂੰ ਤਿੰਨ ਪ੍ਰਕਾਰ ਦੇ ਦੁਖ ਹੁੰਦੇ ਹਨ—(1) ਸਰੀਰਕ, (2) ਮਾਨਸਕ, (3) ਆਤਮਕ।

ਸਰੀਰਕ ਰੋਗਾਂ ਲਈ ਅਜ ਦੀ ਸਇੰਸ ਬਹੁਤ ਉੱਨਤੀ ਕਰ ਚੁਕੀ ਹੈ। ਇਸ ਨੇ ਬਹੁਤ ਸਾਰੇ ਅਸਾਧ ਰੋਗਾਂ ਦੇ ਇਲਾਜ ਲਭ ਲਏ ਹਨ ਫਿਰ ਵੀ ਕੁਝ ਰੋਗ ਅਜਿਹੇ ਹਨ, ਜਿਨ੍ਹਾਂ ਦੇ ਇਲਾਜ ਲਈ ਭਾਰੀ ਜਤਨ ਹੋ ਰਹੇ ਹਨ; ਜਿਵੇਂ ਕੈਨਸਰ, ਕੋਹੜ ਤੇ ਫੁਲਬਹਿਰੀ ਆਦਿਕ। ਇਹ ਹਨ ਸਰੀਰਕ ਰੋਗ ਜੋ ਮਨੁਖ ਨੂੰ ਦੁਖੀ ਰੱਖਦੇ ਹਨ।

ਮਾਨਸਕ ਰੋਗ ਵੀ ਬਹੁਤ ਹਨ। ਮਨੁਖ ਕੋਈ ਲੈ ਲਉ ਉਸ ਦਾ ਦਿਮਾਗ ਬੇਚੈਨ ਦਿਸੇਗਾ। ਉਹ ਸੰਸਾਰ ਦੀ ਅਜ ਦੀ ਸਥਿਤੀ ਤੋਂ ਖੁਸ਼ ਨਹੀਂ ਹੈ। ਹਜ਼ਾਰਪਤੀ ਚਾਹੁੰਦਾ ਹੈ ਕਿ ਮੇਰੇ ਕੋਲ ਲੱਖਾਂ ਹੋਣ, ਲੱਖਾਂ ਵਾਲਾ ਕਰੋੜਾ ਤੇ ਕਰੋੜਪਤੀ ਨੂੰ ਅਰਬਪਤੀ ਬਣਨ ਦਾ ਰੋਗ ਹੈ। ਏਸ ਤਰ੍ਹਾਂ ਬੱਚਾ, ਜਵਾਨ, ਬੁੱਢਾ, ਔਰਤ ਆਦਿ ਸਭ ਆਪਣੀ ਵਰਤਮਾਨ ਹਾਲਤ ਤੋਂ ਨਾਖੁਸ਼ ਹਨ। ਅਨਪੜ੍ਹ ਆਖਦੇ ਹਨ ਅਸੀਂ ਪੜ੍ਹ ਲੈਂਦੇ। ਵਿਦਿਆਰਥੀ ਪੜ੍ਹਾਈ ਤੋਂ ਅਕੇ ਹੋਏ ਹਨ। ਕਿਸਾਨ ਰੋਜ਼ ਵਾਹੀ ਕਰਕੇ ਅੱਕ ਗਿਆ ਹੈ ਧਨੀ ਵਿਹਲ ਨੂੰ ਬੁਰਾ ਮਹਿਸੂਸ ਕਰਦਾ ਹੈ। ਕਿਸੇ ਦੇ ਘਰ ਉਲਾਦ ਨਹੀਂ, ਕਿਸੇ ਦੇ ਘਰ ਬਹੁਤੀ ਹੈ। ਗੱਲ ਕੀ ਹਰ ਮਨੁਖ ਕਿਸੇ ਨਾ ਕਿਸੇ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ।

ਰਬ ਦੇ ਭਗਤਾਂ ਨੂੰ ਆਤਮਕ ਰੋਗ ਹਨ। ਉਹ ਸੰਸਾਰ ਦੇ ਚਿਕੜ ਵਿਚੋਂ ਨਿਕਲਣਾ ਚਾਹੁੰਦੇ ਹਨ। ਸਾਡੇ ਦੇਸ਼ ਦੇ ਮਹਾਂ ਪੁਰਸ਼ਾਂ ਗੁਰੂ ਨਾਨਕ ਤੇ ਬਧ ਜੀ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਗੁਰੂ ਜੀ ਨੇ "ਨਾਮ ਆਪਾਰ" ਜੋ ਦਸਿਆ ਹੈ ਉਹ ਆਤਮਕ ਰੋਗਾਂ ਦਾ ਇਲਾਜ ਹੈ।

ਇਹ ਦੁਖ ਨਾਮ ਜਪਣ ਨਾਲ ਘਟ ਤਾਂ ਸਕਦੇ ਹਨ, ਪਰ ਮੁੱਕ ਨਹੀਂ ਸਕਦੇ। ਮੌਤ ਤੋਂ ਪਹਿਲਾਂ ਇਹਨਾਂ ਤੋਂ ਛੁਟਕਾਰਾ ਅਸੰਭਵ ਹੈ।

ਅੰਮ੍ਰਿਤ ਵੇਲੇ ਦੀ ਸੈਰ

(M. S. E. 1963)

ਇਕ ਅੰਗਰੇਜ਼ ਵਿਦਵਾਨ ਦਾ ਕਥਨ ਹੈ—

ਰਾਤ ਸਵੇਰੇ ਸੋਇਕੇ, ਉਠ ਸਵੇਰੇ ਮੀਤ,
ਦੇਹ ਅਰੋਗ ਸਭ ਧਨ ਪਲੇ, ਪ੍ਰਭੁਤਾ ਪਾਵੇ ਨੀਤ,

ਜਿਸ ਦਾ ਅਰਥ ਹੈ ! ਹੇ ਮਨੁਖ ਰਾਤ ਨੂੰ ਛੇਤੀ ਸੌਂ ਜਾਇਆ ਕਰ ਤੇ ਸਵੇਰੇ ਅੰਮ੍ਰਿਤ ਵੇਲੇ ਉਠ ਖਲੋਇਆ ਕਰ, ਉਠ ਕੇ ਸੈਰ ਨੂੰ ਜਾਓ ਤਾਂ ਤੁਹਾਡੀ ਦੇਹੀ ਅਰੋਗ ਰਹੇਗੀ ਤਾਂ ਸੰਸਾਰ ਵਿਚ ਪ੍ਰਭੁਤਾ ਪਾਵੇਂਗਾ ।

ਅੰਮ੍ਰਿਤ ਵੇਲੇ ਉਠਣਾ ਸਭ ਤੋਂ ਪਹਿਲਾਂ ਉਦਮ ਦਾ ਇਕ ਚਿੰਨ੍ਹ ਹੈ । ਗਾਂਧੀ ਜੀ ਦਾ ਕਥਨ ਹੈ ਕਿ ਮੈਂ ਸਵੇਰੇ ਜਿੰਨੇ ਵਜੇ ਉਠਣਾ ਹੋਵੇ ਮਨ ਵਿਚ ਧਾਰ ਲੈਂਦਾ ਹਾਂ ਤੇ ਮੈਨੂੰ ਠੀਕ ਉਸ ਸਮੇਂ ਜਾਗ ਆ ਜਾਂਦੀ ਹੈ । ਬਸ ਇਹੀ ਉਦਮ ਹੈ ਜੋ ਮਨੁਖ ਪ੍ਰੇਰਨਾ ਕਰਦਾ ਹੈ ਤੇ ਮਨੁਖ ਠੀਕ ਸਮੇਂ ਸਿਰ ਉਠ ਖੜੋਂਦਾ ਹੈ । ਇਕ ਹੋਰ ਕਵੀ ਦਾ ਕਥਨ ਹੈ—

ਸਵੇਰੇ ਸੌਂ ਸਵਖਤੇ ਜਾਗ,
ਅਕਲ ਤੇ ਧਨ ਦਾ ਲਗੀ ਭਾਗ ।

ਇਸ ਤੋਂ ਇਹ ਪਤਾ ਲਗਦਾ ਹੈ ਕਿ ਸਵੇਰੇ ਉਠਣ ਵਾਲਾ ਆਦਮੀ ਮਾਇਕ ਤੌਰ ਤੇ ਅਰੋਗ (ਅਮੀਰ) ਹੁੰਦਾ ਹੈ, ਪਰ ਜੇ ਸਵੇਰੇ ਉਠਕੇ (ਤੜਕਸਾਰ) ਸੈਰ ਕਰ ਆਵੇ ਤਾਂ ਅਰੋਗਤਾ ਵਲੋਂ ਵੀ ਅਮੀਰ ਹੋ ਜਾਂਦਾ ਹੈ । ਅੰਮ੍ਰਿਤ ਵੇਲੇ ਉਠਣ ਵਾਲੇ ਕੋਲੋਂ ਆਲਸ ਤੇ ਰੋਗ ਨਸ ਜਾਂਦੇ ਹਨ । ਸਵੇਰੇ ਸੈਰ ਕਰਨ ਵਾਲਾ ਬੰਦਾ ਚੁਸਤ ਤੇ ਨਰੋਆ ਰਹਿੰਦਾ ਹੈ । ਉਹ ਜਿੰਨਾ ਭੀ ਕੰਮ ਕਰੇ ਥਕਦਾ ਨਹੀਂ । ਉਹ ਸਦਾ ਸੁਚੇਤ ਤੇ ਹੁਸ਼ਿਆਰ ਰਹਿੰਦਾ ਹੈ ।

ਅੰਮ੍ਰਿਤ ਵੇਲੇ ਵਾਤਾਵਰਣ ਵਿਚ ਤਾਜ਼ਾ ਹਵਾ ਹੁੰਦੀ ਹੈ, ਜਦੋਂ ਬੰਦਾ ਤੜਕੇ ਸੈਰ ਕਰਨ ਜਾਂਦਾ ਹੈ ਤਾਂ ਉਹ ਤਾਜ਼ੀ ਹਵਾ ਭਖਦਾ ਹੈ । ਤਾਜ਼ੀ ਹਵਾ ਉਸਦੇ ਅੰਦਰ ਫੇਫੜਿਆਂ ਵਿਚ ਪੁਜਦੀ ਹੈ ਤੇ ਮਨੁਖ ਦੇ ਲਹੂ ਨੂੰ ਸ਼ੁਧ ਕਰਦੀ ਹੈ । ਜਦ ਮਨੁਖ ਦੇ ਅੰਦਰ ਅੰਮ੍ਰਿਤ ਵੇਲੇ ਆਕਸੀਜਨ (ਤਾਜ਼ੀ ਹਵਾ) ਜਾਂਦੀ ਹੈ । ਤਦ ਉਸਦੇ ਅੰਦਰੋਂ ਨਾਲ ਦੇ ਨਾਲ ਕਾਰਬਨ ਡਾਈਆਕਸਾਈਡ ਖਾਰਜ ਹੁੰਦੀ ਜਾਂਦੀ ਹੈ ।

ਜਿਸ ਆਦਮੀ ਨੂੰ ਹਰ ਰੋਜ਼ ਸਵੇਰੇ ਸੈਰ ਕਰਨ ਦੀ ਵਾਦੀ ਪੈ ਜਾਵੇ । ਉਹ ਆਦਮੀ ਜੇ ਤਿੰਨ ਮੀਲ ਵੀ ਰੋਜ਼ ਸੈਰ ਕਰ ਲਵੇ ਤਾਂ ਉਸਦੀ ਬੜੀ ਸੁੰਦਰ ਕਸਰਤ ਹੋ ਜਾਂਦੀ ਹੈ । ਤਿੰਨ ਮੀਲ ਦੀ ਸੈਰ ਆਮ ਹਿਸਾਬ ਨਾਲ 45 ਮਿੰਟ ਵਿਚ ਹੋ ਜਾਂਦੀ ਹੈ । ਇਹ ਕਸਰਤ ਮਨੁੱਖ ਨੂੰ ਅੰਤਮ ਉਮਰ ਤਕ ਸੁਖੀ ਰਖਦੀ ਹੈ । ਅੰਮ੍ਰਿਤ ਵੇਲੇ ਦੀ ਤਰੇਲ ਤੇ ਹਰਿਆਵਲ ਅੱਖਾਂ ਨੂੰ ਤੇ ਦਿਲ ਨੂੰ ਤਰਾਵਟ ਪੁਜਾਂਦੀ ਹੈ ।

ਅੰਮ੍ਰਿਤ ਵੇਲੇ ਜਦ ਪੰਛੀ ਚੂਹਕਦੇ ਹਨ ਤਦ ਮਨ ਖੇੜੇ ਵਿਚ ਆ ਜਾਂਦਾ ਹੈ । ਤੜਕਸਾਰ ਪੂਰਵ ਵਜੋਂ ਸੂਰਜ ਦੀ ਲਾਲੀ ਇਕ ਅਨੋਖਾ ਨਜ਼ਾਰਾ ਬਖਸ਼ਦਾ ਹੈ । ਇਹ ਖੁਸ਼ੀ ਮਨੁਖ ਨੂੰ ਸਾਰਾ ਦਿਨ ਖੇੜੇ ਵਿਚ ਰਖਦਾ ਹੈ ।

ਤੜਕਸਾਰ ਸੈਰ ਕਰਕੇ ਜਦ ਆਦਮੀ ਸੈਰ ਤੋਂ ਵਾਪਸ ਆ ਕੇ ਕੰਮ ਅਰੰਭ ਕਰਦਾ ਹੈ ਤਾਂ ਉਸ ਦੇ ਅੰਦਰ ਇਕ ਅਨੋਖਾ ਅਜੀਬ ਉਤਸ਼ਾਹ ਪੁਜਦਾ ਹੈ । ਜਿਸ ਉਤਸ਼ਾਹ ਨਾਲ ਉਹ ਆਪਣਾ ਸਾਰਾ ਕੰਮ ਮੁਕਾ ਸਕਦਾ ਹੈ ।

ਗੱਲ ਕੀ ਤੜਕਸਾਰ ਦੀ ਸੈਰ ਮਨੁਖ ਨੂੰ ਆਤਮਕ ਤੇ ਸਰੀਰਕ ਦੁਹਾਂ ਤਰ੍ਹਾਂ ਨਾਲ ਲਾਭਕਾਰੀ ਹੈ ।

ਲਾਲਾ ਲਾਜਪਤ ਰਾਏ

ਮਹਾਰਾਜਾ ਰਣਜੀਤ ਸਿੰਘ ਦੇ ਮਗਰੋਂ ਜੋ ਪੰਜਾਬ ਵਿਚ ਕਿਸੇ ਨੂੰ ਸ਼ੇਰੇ ਪੰਜਾਬ ਅਖਵਾਉਣ ਦਾ ਮਾਨ ਮਿਲਿਆ ਸੀ ਤਾਂ ਉਹ ਸੀ ਸ਼ੇਰੇ ਪੰਜਾਬ ਲਾਲਾ ਲਾਜਪਤ ਰਾਏ ਨੂੰ । ਸ਼ੇਰ ਇਕ ਜਾਨਵਰ ਹੈ ਜਿਸ ਦੇ ਅਗੇ ਟਿਕਣਾ ਤਾਂ ਇਕ ਪਾਸੇ ਰਿਹਾ ਉਸ ਦੀ ਦਹਾੜ ਦਾ ਡਰ ਏਨਾ ਹੁੰਦਾ ਹੈ ਕਿ ਵੱਡੇ ਵੱਡਿਆਂ ਦੇ ਕਲੇਜੇ ਧੂਹ ਪੈਂਦੀ ਹੈ । ਫੇਰ ਉਹ ਤਾਂ ਪੰਜਾਬ ਦਾ ਸ਼ੇਰ ਸੀ । ਪੰਜਾਬ ਦੇ ਵਿਚ ਪੈਦਾ ਹੋਣ ਵਾਲਾ ਹਰ ਇਕ ਬੱਚਾ ਸ਼ੇਰ ਹੈ ਕਿਉਂਕਿ ਉਹ ਅਣਖੀ, ਨਿਰਭੈ ਤੇ ਨਿਧੜਕ ਯੋਧਾ ਹੁੰਦਾ ਹੈ । ਉਹ ਵੈਰੀ ਨੂੰ ਇਕ ਹੀ ਦਹਾੜ ਨਾਲ ਕੰਬਾ ਦੇਂਦਾ ਹੈ । ਉਸ ਦੇ ਪਹੁੰਚਿਆਂ ਨਾਲ ਵੈਰੀ ਦੇ ਚਿਹਰੇ ਵਿਲੂੰਧਰੇ ਜਾਂਦੇ ਹਨ । ਉਹ ਸਿਧਾ ਜਾਂਦਾ ਹੈ, ਘਰ ਵਿੰਗਾ ਜਾਣ ਵਾਲੇ ਨੂੰ ਸੇਧ ਵਿਖਾਉਣ ਦੀ ਸਮਰਥਾ ਰਖਦਾ ਹੈ । ਇਹ ਸਨ ਲੱਛਣ ਮੇਰੇ ਪੰਜਾਬ ਦੇ ਸ਼ੇਰ ਦੇ ਜਿਸ ਦੀਆਂ ਅੱਖਾਂ ਨਾਲ ਅਖਾਂ ਮਿਲਾਉਣ ਦੀ ਦਲੇਰੀ ਅੰਗਰੇਜ਼ ਨਾ ਕਰ ਸਕਿਆ ।

ਉਹ ਪੰਜਾਬ ਦਾ ਸ਼ੇਰ ਇਕ ਔਸਤ ਦਰਜੇ ਦੇ ਪਰਵਾਰ ਵਿਚ ਢੁੱਡੀਕੇ ਜ਼ਿਲਾ

ਫੀਰੋਜ਼ਪੁਰ ਵਿਚ ਪੈਦਾ ਹੋਇਆ। ਲਾਲਾ ਜੀ ਦੇ ਪਿਤਾ ਦਾ ਨਾਂ ਮਾਸਟਰ ਰਾਧਾ ਕਿਸ਼ਨ ਸੀ ਜੋ ਪੱਕਾ ਕਾਂਗਰਸੀ ਤੇ ਪੱਕਾ ਆਰੀਆ ਸਮਾਜੀ ਸੀ। ਮਾਸਟਰ ਜੀ ਦੇ ਵੇਲੇ ਆਰੀਆ ਸਮਾਜ ਆਪਣੇ ਬਚਪਨ ਵਿਚ ਸੀ। ਪਿਤਾ ਦੇ ਵਿਚਾਰਾਂ ਦਾ ਪ੍ਰਭਾਵ ਪੁੱਤਰ ਉਪਰ ਹੋਇਆ, "ਇਕ ਸੱਚਾ ਆਰੀਆ ਸਮਾਜੀ ਇਕ ਸੱਚਾ ਦੇਸ਼ ਭਗਤ ਹੁੰਦਾ ਹੈ।" ਇਹ ਸੀ ਸਿਖਿਆ ਸੁਆਮੀ ਦਯਾਨੰਦ ਜੀ ਜਿਨ੍ਹਾਂ ਨੇ ਦੇਸ਼ ਭਗਤੀ ਦੀ ਭਾਵਨਾ ਜਨਤਾ ਦੇ ਅੰਦਰ ਭਰੀ, ਪਿਤਾ ਜੀ ਸਿਖਿਆ ਦੇ ਨਾਲ ਨਾਲ ਨਾਂ ਸਾਦਗੀ ਤੇ ਸੰਜਮ ਦੀ ਦੇਵੀ ਸੀ। ਇਹ ਭੀ ਸਿਖਿਆ ਲਾਲਾ ਜੀ ਨੂੰ ਘਰੋਂ ਮਿਲੀ ਤੇ ਉਹ ਸਾਦਾ ਸੁਭਾ ਉਹ ਸੰਜਮੀ ਤੇ ਦੇਸ਼ ਭਗਤੀ ਹੋਣ ਦੇ ਨਾਲ ਆਰੀਆ ਸਮਾਜ ਨਾਲ ਲਾਲਾ ਜੀ ਨੂੰ ਬੜਾ ਮੋਹ ਸੀ ਇਸੇ ਕਰਕੇ ਉਹਨਾਂ ਨੇ ਸਮਾਜ ਦੀਆਂ ਨੀਹਾਂ ਨੂੰ ਪਕਿਆਂ ਕਰਨ ਲਈ ਦਿਨ ਰਾਤ ਇਕ ਕਰ ਦਿੱਤਾ। ਆਰੀਆ ਸਮਾਜ ਦੀ ਸਿਖਿਆ ਵਿਚੋਂ ਆਪ ਨੂੰ ਦੇਸ਼ ਭਗਤੀ ਦਾ ਜਜ਼ਬਾ ਲਭਾ ਤੇ ਏਸ ਜਜ਼ਬੇ ਅਧੀਨ ਆਪ ਇਕ ਸੱਚੇ ਦੇਸ਼ ਭਗਤ ਮੰਨੇ ਗਏ।

ਕਾਂਗਰਸ ਨੇਤਾਵਾਂ ਨੇ ਆਪ ਨੂੰ ਅਮਰੀਕਾ ਵਿਚ ਪਰਚਾਰ ਹਿਤ ਭੇਜਣਾ ਚਾਹਿਆ। ਇਹਨਾਂ ਦੇ ਸਾਥੀ ਸਨ ਉਸ ਸਮੇਂ ਸ: ਅਜੀਤ ਸਿੰਘ (ਭਗਤ ਸਿੰਘ ਦੇ ਚਾਚਾ ਜੀ, ਤੇ ਦੂਜੇ ਸੂਫੀ ਅੰਬਾ ਪਰਸ਼ਾਦ ਤੇ ਸ੍ਰੀ ਹਰਦਿਆਲ ਜੀ ਐਮ.ਏ. ਆਦਿਕ)। ਇਹ ਸਭ ਦੇਸ਼ ਭਗਤੀ ਦੇ ਸੱਚੇ ਮੁਜਸਮੇ ਸਨ। ਇਹਨਾਂ ਵਿਚੋਂ ਲਾਲਾ ਜੀ, ਹਰਦਿਆਲ ਤੇ, ਸ: ਅਜੀਤ ਸਿੰਘ ਅਮਰੀਕਾ ਗਏ। ਲਾਲਾ ਜੀ ਨੇ ਅਮਰੀਕਾ ਵਿਚ ਅਮਰੀਕਾ ਦੇ ਲੋਕਾਂ ਨੂੰ ਭਾਰਤ ਤੇ ਉਸ ਦੇ ਵਸਨੀਕਾਂ ਦੀ ਸੱਚੀ ਤਸਵੀਰ ਦੱਸੀ, ਆਪ ਨੇ ਅਮਰੀਕਾ ਦੇ ਲੋਕਾਂ ਵਿਚ ਚੰਗਾ ਮਾਨ ਪ੍ਰਾਪਤ ਕੀਤਾ। ਅਮਰੀਕਾ ਦੇ ਲੋਕ ਆਪ ਨੂੰ ਆਪਣਾ ਪ੍ਰਧਾਨ ਚੁਣਨਾ ਚਾਹੁੰਦੇ ਸਨ, ਪਰ ਉਥੋਂ ਦੇ ਵਿਧਾਨ ਅਨੁਸਾਰ ਆਪ ਦੀ ਅਜੇ ਮਿਆਦ ਘੱਟ ਸੀ।

ਅਮਰੀਕਾ ਤੋਂ ਵਾਪਸ ਆ ਕੇ ਕਾਂਗਰਸ ਦੇ ਝੰਡੇ ਹੇਠ ਦੇਸ਼ ਸੇਵਾ ਵਿਚ ਜੁੱਟ ਗਏ। ਆਪ ਨੂੰ ਦੇਸ਼ ਨਾਲ ਅਥਾਹ ਪਿਆਰ ਸੀ। ਆਪ ਦੇ ਮਨ ਵਿਚ ਹਰ ਵੇਲੇ ਦੇਸ਼ ਤੇ ਦੇਸ਼ ਵਾਸੀਆਂ ਦੀ ਸੋਚ ਰਹਿੰਦੀ ਸੀ।

ਇਕ ਅਜਿਹਾ ਸਮਾਂ ਆਇਆ ਜਦ ਦੇਸ਼ ਤਿੰਨ ਮਹਾਨ ਨੇਤਾਵਾਂ "ਬਾਲ, ਪਾਲ ਤੇ ਲਾਲ" ਵਿਚ ਆਪ ਇਕ ਸਨ ਆਪ ਨੂੰ "ਲਾਲ" ਕਿਹਾ ਜਾਂਦਾ ਸੀ। ਬਾਲ ਤੋਂ ਭਾਵ ਸੀ ਬਾਲ ਗੰਗਾ ਧਰ ਤਿਲਕ, ਪਾਲ ਤੋਂ ਭਾਵ ਸੀ ਸੀ. ਆਰ. ਬੰਧੂ ਦਾਸ ਤੇ ਲਾਲ ਤੋਂ ਭਾਵ ਸ੍ਰੀ ਲਾਲਾ ਲਾਜਪਤ ਰਾਏ।

ਸੰਨ 1927 ਈ: ਵਿਚ ਅੰਗਰੇਜ਼ਾਂ ਨੇ ਸਾਈਮਨ ਕਮੀਸ਼ਨ ਭਾਰਤ ਭੇਜਿਆ । ਉਸ ਕਮੀਸ਼ਨ ਦਾ ਪ੍ਰਧਾਨ ਸਰ ਜਾਨ ਸਾਈਮਨ ਸੀ । ਇਹ ਕਮਿਸ਼ਨ ਇਹ ਦੇਖਣ ਆਇਆ ਸੀ ਕਿ ਭਾਰਤ ਨੂੰ ਸਵੈਰਾਜ ਦਿੱਤਾ ਜਾਵੇ ਜਾਂ ਨਾ । ਉਸ ਕਮਿਸ਼ਨ ਵਿਚ ਭਾਰਤ ਦਾ ਇਕ ਵੀ ਮੈਂਬਰ ਨਹੀਂ ਸੀ । ਕਾਂਗਰਸ ਨੇ ਉਸ ਦਾ ਬਾਕੀਕਾਟ ਕਰ ਦਿੱਤਾ । ਲਾਹੌਰ ਵਿਚ ਆਪ ਨੇ ਉਸ ਦੇ ਆਉਣ ਤੇ ਜਨਤਾ ਇਕੱਠੀ ਕਰਕੇ ਉਸ ਕਮੀਸ਼ਨ ਨੂੰ ਗੋ ਬੈਕ ਕਿਹਾ ਤੇ ਕਾਲੀਆਂ ਝੰਡੀਆਂ ਦਿਖਾਈਆਂ । ਪੁਲੀਸ ਨੇ ਆਪ ਦੇ ਉਪਰ ਲਾਠੀ ਚਾਰਜ ਕੀਤਾ । ਆਪ ਬੁਰੀ ਤਰ੍ਹਾਂ ਜ਼ਖਮੀ ਹੋਏ । ਭਗਤ ਸਿੰਘ, ਦੱਤ ਪਾਰਟੀ ਭੀ ਉਸ ਸਮੇਂ ਜ਼ੋਰਾਂ ਤੇ ਸੀ । ਭਗਤ ਸਿਘ ਨੇ ਉਸ ਸਮੇਂ ਪ੍ਰਣ ਕੀਤਾ, "ਮੈਂ ਲਾਲਾ ਜੀ ਦਾ ਬਦਲਾ ਲਵਾਂਗਾ ।"

ਲਾਲਾ ਜੀ ਨੇ ਕਿਹਾ, ਇਹ ਮੇਰੀ ਛਾਤੀ ਉਪਰ ਲਗੀ ਸਟ ਬਰਤਾਨਵੀ ਸਾਮਰਾਜ ਦੇ ਖਫ਼ਨ ਵਿਚ ਅੰਤਮ ਕਿੱਲ ਸਿਧ ਹੋਣਗੇ । ਆਪ ਦੋ ਤਿੰਨ ਦਿਨ ਬਾਦ 1928 ਵਿਚ ਸੁਰਗ ਸਿਧਾਰ ਗਏ । ਉਹ ਸਦਾ ਅਸਹਿ ਸਨ ।

ਲਾਲਾ ਜੀ ਨੂੰ ਆਰੀਆ ਸਮਾਜ ਨਾਲ ਸੱਚਾ ਪਿਆਰ ਸੀ ਆਪ ਹਰ ਪ੍ਰਕਾਰ ਨਾਲ ਆਰੀਆ ਸਮਾਜ ਦੀ ਸੇਵਾ ਕਰਦੇ ਸਨ ।

ਪੰਜਾਬ ਦੇ ਲੋਕਾਂ ਦੇ ਦਿਲਾਂ ਵਿਚ ਆਪ ਦੇ ਪ੍ਰਤੀ ਅਥਾਹ ਸ਼ਰਧਾ ਹੈ ।

ਪਰੀਸ਼ਰਮ ਦੀ ਲੋੜ (1968)

ਪਰੀਸ਼ਰਮ ਦਾ ਅਰਥ ਮਿਹਨਤ ਹੈ । ਪਰੀਸ਼ਰਮ ਹੀ ਇਕ ਅਜਿਹੀ ਚੀਜ਼ ਹੈ ਜਿਸ ਦੇ ਨਾਲ ਸਾਨੂੰ, ਸੁਖ, ਸਹੂਲਤਾਂ ਤੇ ਅਰਾਮ ਮਿਲਦੇ ਹਨ ।

ਮਨੁਖ ਜੀਵਨ ਦਾ ਸਭ ਤੋਂ ਵੱਡਾ ਕੰਮ ਹੈ "ਜੀਉਣਾ" ਜੀਉਣ ਲਈ ਮਨੁਖ ਦੇ ਅੰਦਰ ਉਦਮ, ਉਤਸ਼ਾਹ ਤੇ ਪ੍ਰੇਰਨਾ ਆਦਿਕ ਤੇ ਇਸ ਦੇ ਨਾਲ ਹੀ ਮਨੁਖ ਦੇ ਅੰਦਰ ਮੈਂ ਤੇ ਮੇਰੀ ਦੀ ਭਾਵਨਾ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਪਰੀਸ਼ਰਮ ਕਰੇ । ਮਨੁਖ ਦੀ ਹੋਸ਼ ਸੰਭਾਲਦਿਆਂ ਹੀ ਪਹਿਲਾ ਕੰਮ ਕਮਾ ਕੇ ਖਾਣਾ ਹੁੰਦਾ ਹੈ । ਇਸੇ ਕਰਕੇ ਸਾਡੇ ਦੇਸ਼ ਦੇ ਨਿਕੇ ਨਿਕੇ ਬੱਚੇ ਜੋ ਅਜੇ ਬਾਲਗ (ਪ੍ਰੌਢ) ਨਹੀਂ ਹੋਏ ਹੁੰਦੇ ਕਾਰਖਾਨਿਆਂ ਵਿਚ ਕੰਮ ਕਰਦੇ ਦਿਸਦੇ ਹਨ । ਉਹਨਾਂ ਦੇ ਅੰਦਰ ਉਪਜੀਵਕਾ ਲਈ ਉਤਸ਼ਾਹ ਤੇ ਉਦਮ ਹੈ । ਜੋ ਇਸਤ੍ਰੀ ਪੁਰਸ਼ ਆਪਣੀ ਪਹਿਲੀ ਉਮਰ ਵਿਚ ਉਪਜੀਵਕਾ ਕਮਾਉਣ ਜੋਗੀ ਘਾਲ ਨਹੀਂ ਘਾਲਦਾ ਉਹ ਆਪਣੇ

ਜੀਵਨ ਖੇਤਰ ਵਿਚ ਪਛੜ ਜਾਂਦੇ ਹਨ। ਜੋ ਆਪਣੇ ਕਾਰ ਵਿਹਾਰ ਲਗ ਕੇ ਵੀ ਮਿਹਨਤ ਕਰਨ ਤੋਂ ਗਫਲਤ ਕਰਦੇ ਹਨ ਉਹ ਸੰਸਾਰ ਵਿਚ ਕਦੇ ਸਫਲ ਨਹੀਂ ਹੋ ਸਕਦੇ।

ਕੀੜੀ ਵਲ ਵੇਖੋ ਉਸ ਦਾ ਸਾਰਾ ਜੀਵਨ ਮਿਹਨਤ ਤੇ ਘਾਲਣਾ ਦਾ ਹੈ। ਉਸ ਦੇ ਘਰ ਵਿਚ ਹਰ ਵੇਲੇ ਭਵਿਸ਼ ਲਈ ਖੁਰਾਕ ਹੁੰਦੀ ਹੈ। ਇਕ ਕਹਾਣੀ ਪ੍ਰਸਿਧ ਹੈ ਕਿ ਝੀਂਗੁਰ ਕੀੜੀ ਕੋਲ ਖੁਰਾਕ ਉਧਾਰੀ ਲੈਣ ਆਇਆ ਤਾਂ ਉਸ ਨੂੰ ਕੀੜੀ ਨੇ ਮੂੰਹ ਤੋੜ ਕੇ ਉਤਰ ਦਿੱਤਾ ਸੀ ਕਿ ਘਾਲਣਾ ਘਾਲੋ, ਮਿਹਨਤ ਕਰੋ ਤੇ ਜੀਵਨ ਜਾਚ ਸਿਖੋ। ਮੰਗਿਆਂ ਕਿੰਨੇ ਦਿਨ ਲੰਘਣਗੇ।

ਇਸੇ ਤਰ੍ਹਾਂ ਬਿਜੜਾ ਇਕ ਨਿੱਕਾ ਜਿਹਾ ਪੰਛੀ ਹੈ, ਪਰ ਉਸ ਨੇ ਆਪਣਾ ਘਰ ਬੜੀ ਮਿਹਨਤ ਨਾਲ ਬਣਾਇਆ ਹੁੰਦਾ ਹੈ ਤਾਂ ਕਿ ਉਹ ਸਰਦੀ ਤੇ ਗਰਮੀ ਤੋਂ ਬਚ ਕੇ ਆਰਾਮ ਨਾਲ ਰਹਿ ਸਕੇ। ਇਕ ਦਿਨ ਉਸ ਨੇ ਵੀ ਬਾਂਦਰ ਨੂੰ ਮਿਹਨਤ ਦੀ ਸਿਖਿਆ ਦਿੱਤੀ ਸੀ ਕਿ ਭਾਈ ਮਿਹਨਤ ਕਰਕੇ ਘਰ ਬਣਾ ਛਡਦੋਂ ਤਾਂ ਇਨੀ-ਤਕਲੀਫ ਨਾ ਉਠਾਦੋਂ ਤਾਂ ਉਸ ਨੇ ਉਸਦਾ ਘਰ ਪਹੁੰਚਾ ਮਾਰ ਕੇ ਢਾਹ ਦਿੱਤਾ। ਉਹ ਜੀਵ ਜਾਂਦਾ ਹੋਇਆ ਕਹਿ ਗਿਆ, ਭਾਈ ਬਾਂਦਰ ਅਸੀਂ ਤਾਂ ਘਰ ਬਣਾ ਲਵਾਂਗੇ ਕਿਉਂਕਿ ਸਾਡੇ ਅੰਦਰ ਪਰੀਸ਼ਰਮ ਕਰਨ ਦੀ ਭਾਵਨਾ ਹੈ, ਪਰ ਤੂੰ ਸਾਰੀ ਉਮਰ ਬੇ ਘਰ ਹੀ ਰਹਿਣਾ ਹੈਂ ਕਿਉਂਕਿ ਤੇਰੇ ਅੰਦਰ ਪਰੀਸ਼ਰਮ ਕਰਨ ਲਈ ਉਤਸ਼ਾਹ ਨਹੀਂ।

ਸਕੂਲਾਂ ਵਿਚ ਵੇਖੋ ਜਿਹੜੇ ਬੱਚੇ ਮਿਹਨਤ ਕਰਦੇ ਹਨ ਉਹ ਸਫਲਤਾ ਪ੍ਰਾਪਤ ਕਰਦੇ ਹਣ। ਉਹੀ ਬੱਚੇ ਭਾਵੀ ਵਿਚ ਵਡੇ ਵਡੇ ਅਫਸਰ ਬਣਦੇ ਹਨ। ਪਰੀਸ਼ਰਮੀ ਵਿਅਕਤੀ ਉੱਚੇ ਪਦ ਪ੍ਰਾਪਤ ਕਰਦੇ ਹਨ। ਸਾਡੇ ਦੇਸ਼ ਦੇ ਮਹਾਨ ਵਿਅਕਤੀ ਡਾ: ਰਾਧਾ ਕ੍ਰਿਸ਼ਨਨ, ਡਾ: ਰਜਿੰਦਰ ਪ੍ਰਸਾਦ, ਡਾ: ਖੁਰਾਣਾ ਆਦਿਕ ਨੇ ਪਰੀਸ਼ਰਮ ਕਰਕੇ ਏਡੇ ਏਡੇ ਉਚੇ ਪਦ ਪ੍ਰਾਪਤ ਕੀਤੇ।

ਮਿਹਨਤ ਦੇ ਨਾਲ ਲਗਨ ਦਾ ਵੀ ਸੰਬੰਧ ਹੈ। ਕਿਸੇ ਫਰਮ ਵਿਚ ਕੰਮ ਕਰਨ ਵਾਲੇ ਆਦਮੀਆਂ ਵਿਚੋਂ ਮਾਲਕ ਨੂੰ ਉਹੀ ਪਿਆਰਾ ਲਗਦਾ ਹੈ ਜੋ ਮਾਲਕ ਦਾ ਕੰਮ ਮਿਹਨਤ ਤੇ ਲਗਨ ਨਾਲ ਕਰਦਾ ਹੈ। ਉਸ ਦਾ ਸਿੱਟਾ ਇਹ ਹੁੰਦਾ ਹੈ ਕਿ ਉਸ ਬੰਦੇ ਨੂੰ ਤਰੱਕੀ ਤੇ ਸਨਮਾਨ ਦੋਵੇਂ ਪ੍ਰਾਪਤ ਹੁੰਦੇ ਹਨ। ਜੋ ਮੁਲਾਜ਼ਮ ਮਿਹਨਤ ਤੇ ਲਗਨ ਨਾਲ ਕੰਮ ਨਹੀਂ ਕਰਦਾ ਉਹ ਆਪਣੇ ਪ੍ਰਤੀ ਤੇ ਆਪਣੇ ਮਾਲਕ ਪ੍ਰਤੀ ਦੁਹਾਂ ਨਾਲ ਧੋਖਾ ਕਰਦਾ ਹੈ।

ਸਕੰਦਰ ਆਜ਼ਮ ਦੇ ਫੌਜੀ ਇਕ ਦਿਨ ਜਿੱਤ ਦੀ ਖੁਸ਼ੀ ਵਿਚ ਮੌਜ ਮੇਲਾ ਮਨਾ ਰਹੇ ਸਨ। ਸਕੰਦਰ ਉਥੇ ਖੜੋ ਗਿਆ ਤੇ ਬੋਲਿਆ, ਬਹਾਦਰੋ ! ਫੌਜੀ ਦਾ ਜੀਵਨ ਮਿਹਨਤ ਤੇ ਨਿਰਭਰ ਕਰਦਾ ਹੈ, ਮੌਜ ਮੇਲਾ ਤਾਂ ਗੁਲਾਮੀ ਦੀ ਨਿਸ਼ਾਨੀ ਹੈ। ਤੁਹਾਡਾ ਠਾਠ ਤੁਹਾਡੀ ਮਿਹਨਤ ਤੇ ਘਾਲਣਾ ਹਰ ਦੇਸ਼ ਦੀ ਉੱਨਤੀ ਚਾਹੇ ਉਹ ਆਰਥਕ ਹੋਵੇ ਜਾਂ ਰਾਜਨੀਤਕ, ਵਿਦਿਅਕ ਹੋਵੇ ਜਾਂ ਵਿਗਿਆਨਕ ਸਭ ਚੀਜ਼ਾਂ ਦਾ ਮੂਲ ਸੋਮਾ ਮਿਹਨਤ ਹੈ।

ਐਟਮ ਬੰਬ ਸਭ ਤੋਂ ਪਹਿਲਾਂ ਅਮਰੀਕਾ ਦੇ ਸਾਇੰਸਦਾਨਾਂ ਦੀ ਮਿਹਨਤ ਦਾ ਸਿੱਟਾ ਹੈ। ਉਸ ਦੀ ਇਸ ਮਿਹਨਤ ਵਲ ਵੇਖ ਕੇ ਰੂਸ ਨੇ ਵੀ ਐਟਮ ਬੰਬ ਲਈ ਮਿਹਨਤ ਕੀਤੀ ਅਜ ਉਹ ਉਸ ਐਟਮ ਬੰਬ ਨੂੰ ਐਟਮ ਸ਼ਕਤੀ ਦੇ ਰੂਪ ਵਿਚ ਵਰਤ ਕੇ ਅਜ ਸਨਅਤੀ ਲਾਭ ਉਠਾ ਰਹੇ ਹਨ।

ਇਸੇ ਤਰ੍ਹਾਂ ਚੰਦ ਵੱਲ ਅਮਰੀਕਾ ਤੇ ਰੂਸ ਦੀ ਦੌੜ ਦੂਹਾਂ ਦੇਸ਼ਾਂ ਦੀ ਮਹਾਨ ਮਿਹਨਤ ਤੇ ਲਗਨ ਹੈ, ਜਿਸ ਨਾਲ ਸਫਲਤਾ ਉਹਨਾਂ ਦੇ ਕਦਮ ਚੁੰਮ ਰਹੀ ਹੈ।

ਫਰਾਂਸ ਦੇ ਲੋਕ ਬੜੇ ਵਿਲਾਸ ਪ੍ਰੇਮੀ ਸਨ, ਜਿਸ ਕਰਕੇ ਉਹ ਹਾਰ ਗਏ, ਪਰ ਜਦ ਜਨਰਲ ਡੀਗਾਲ ਨੇ ਲਗਨ ਤੇ ਮਿਹਨਤ ਨਾਲ ਆਪਣੇ ਦੇਸ਼ ਦੇ ਫੌਜੀਆਂ ਨੂੰ ਤਿਆਰ ਕੀਤਾ ਤਦ ਉਸ ਨੇ ਆਪਣਾ ਹਾਰਿਆ ਹੋਇਆ ਦੇਸ਼ ਵਾਪਸ ਜਿੱਤ ਲਿਆ।

ਸਾਡੇ ਅਗੇ ਨਿੱਜੀ ਉੱਨਤੀ ਜਾਂ ਦੇਸ਼ ਦੀ ਉੱਨਤੀ ਕੋਈ ਭੀ ਹੋਵੇ ਸਾਡਾ ਉਦੇਸ਼ ਮਿਹਨਤ ਤੇ ਘਾਲਣਾ ਹੈ। ਜਿਸ ਦੇਸ਼ ਦੇ ਵਸਨੀਕ ਮਿਹਨਤੀ ਹੋਣਗੇ ਉਹ ਕਦੇ ਵੀ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਸਮਰਥ, ਦੂਜਿਆਂ ਦੀ ਮਦਦ ਕਰਨ ਦੇ ਯੋਗ ਅਤੇ ਉੱਨਤੀ ਦੇ ਪੱਖ ਉਤੇ ਨੇਤਾ ਬਣ ਕੇ ਚਲਣ ਦਾ ਅਧਿਕਾਰੀ ਹੋ ਜਾਵੇਗਾ। ਇੰਗਲੈਂਡ, ਅਮਰੀਕਾ, ਜਾਪਾਨ, ਚੀਨ ਤੇ ਆਸਟਰੇਲੀਆ ਦੀ ਮਿਸਾਲ ਸਾਡੇ ਸਾਹਮਣੇ ਹੈ।

ਮਿਹਨਤ ਵਿਚ ਇਕ ਵਡਿਆਈ ਹੈ ਉਹ ਇਹ ਕਿ ਮਿਹਨਤੀ ਆਪਣੇ ਕੰਮ ਵਿਚ ਲੀਨ ਹੋ ਜਾਂਦਾ ਹੈ, ਉਸ ਨੂੰ ਸਾਧਾਰਨ ਭਾਂਤ ਦੇ ਦੁਖ, ਚਿੰਤਾ ਅਤੇ ਸੋਚਾਂ ਦੁਖੀ ਨਹੀਂ ਕਰ ਸਕਦੀਆਂ। ਮਿਹਨਤੀ ਕੋਲ ਨਿੰਦਾ ਚੁਗਲੀ ਕਰਨ ਦਾ ਸਮਾਂ ਨਹੀਂ ਹੁੰਦਾ। ਮਿਹਨਤੀ ਮਨੁਖ ਵੱਡੇ ਵੱਡੇ ਕਸ਼ਟਾਂ ਨੂੰ ਸੁਭਾਵਕ ਹੀ ਸਹਿ ਜਾਂਦਾ ਹੈ। ਵਿਹਲਾ ਮਨ ਤਾਂ ਸ਼ੈਤਾਨ ਦੀ ਟਕਸਾਲ ਹੁੰਦੀ ਹੈ।

ਕਈ ਮਨੁੱਖ ਮਿਹਨਤ ਤਾਂ ਬਹੁਤ ਕਰਦੇ ਹਨ ਪਰ ਉਹਨਾਂ ਦੀ ਮਿਹਨਤ ਫਲੀਭੂਤ ਨਹੀਂ ਹੁੰਦੀ। ਉਸ ਦੇ ਦੋ ਕਾਰਨ ਹਨ :—

(1) ਮਿਹਨਤੀ ਦੀ ਉਸ ਕੰਮ ਕਰਨ ਸੰਬੰਧੀ ਯੋਗਤਾ ਦੀ ਥੁੜ। ਜਿਵੇਂ ਇਕ ਅਨਜਾਣ ਆਦਮੀ ਇਕ ਉਂਗਲ ਨਾਲ ਅੱਖਰ ਅੱਖਰ ਟਾਈਪ ਕਰਦਾ ਹੈ, ਪਰ ਇਕ ਸਿਆਣਾ ਮਨੁੱਖ ਅੱਠ ਉਂਗਲਾਂ ਨਾਲ ਟਾਈਪ ਕਰਦਾ ਹੈ ਉਸ ਦੀ ਯੋਗਤਾ ਨੇ ਪਹਿਲੇ ਨਾਲੋਂ ਅੱਠ ਗੁਣਾ ਕੰਮ ਕਰ ਲਿਆ।

(2) ਮਿਹਨਤ ਜਿਸ ਪੱਖ ਵਲ ਕਰਨੀ ਹੋਵੇ ਉਸ ਪਾਸੇ ਨਾ ਕੀਤੀ ਜਾਵੇ ਜਿਵੇਂ ਮੁੰਡਾ ਇਮਤਿਹਾਨ ਵਿਚ ਸੁਆਲਾਂ ਦੇ ਉੱਤਰ ਘੋਟਦਾ ਰਹਿੰਦਾ ਹੈ। ਇਹ ਨਹੀਂ ਵੇਖਦਾ ਕਿ ਜੇ ਸਵਾਲਾਂ ਦੀ ਇਬਾਰਤ ਬਦਲ ਜਾਵੇ ਤਾਂ ਕੀ ਫਰਕ ਹੈ।

ਮਿਹਨਤ ਲਈ ਸਦਾ ਸੰਤੋਖ ਤੇ ਧੀਰਜ ਦੀ ਲੋੜ ਹੁੰਦੀ ਹੈ। ਮਿਹਨਤ ਕਦੀ ਖਾਲੀ ਨਹੀਂ ਜਾਂਦੀ। ਹਾਂ, ਉਸ ਦਾ ਫਲ ਮਿਲਣ ਵਿਚ ਕੁਝ ਸਮਾਂ ਜ਼ਰੂਰ ਲਗਦਾ ਹੈ। ਮਿਹਨਤ ਇਕ ਮਾਇਆ ਹੈ ਜੋ ਬੈਂਕ ਵਿਚ ਪਾਈ ਹੋਈ ਹੈ। ਉਹ ਕਈ ਵਾਰ ਸੂਦ ਸਮੇਤ ਮਿਲਦੀ ਹੈ। ਦਲਿਦਰ ਪਤਨ ਦਾ ਮਾਰਗ ਹੈ। ਜੀਵਨ, ਉਦਯੋਗ ਆਚਰਨ ਆਦਿ ਸਭ ਪੱਖਾਂ ਦੀ ਉੱਨਤੀ ਦਾ ਸਾਧਨ ਹਨ।

ਪਾਕਿਸਤਾਨ ਨੇ 1971 ਦੀ ਜੰਗ ਵਿਚ ਕੀ ਗੁਆਇਆ

ਪਾਕਿਸਤਾਨ ਬਗਾਨੀ ਮਦਦ ਤੇ ਆਕੜਦਾ ਸੀ। ਹੈ ਵੀ ਸੱਚ ਸੀ ਬੜੀ ਭਾਰੀ ਮਦਦ ਸੀ ਪਰ ਉਹ ਉਸ ਮਦਦ ਦਾ ਲਾਭ ਨਾ ਉਠਾ ਸਕਿਆ। ਜਿੰਨਾ ਅਸਲਾ ਉਸਨੇ ਭਾਰਤ ਵਿਰੁਧ ਵਰਤਣਾ ਸੀ। ਉਸਦਾ ਬਹੁਤ ਵਡਾ ਹਿਸਾ ਪੂਰਬੀ ਪਾਕਿਸਤਾਨ ਵਿਚ ਗੁਆ ਦਿੱਤਾ ਅਤੇ ਉਸ ਅਸਲੇ ਨਾਲ ਆਪਣੇ ਹੀ ਭਰਾਵਾਂ ਦੇ ਘਰ ਸਾੜੇ, ਆਪਣੇ ਭੈਣ ਭਰਾ ਮਾਰੇ ਤੇ ਉਹਨਾਂ ਉਤੇ ਅਤਿਆਚਾਰ ਕੀਤੇ। ਪਰ ਜਦ ਉਸਨੇ ਪੂਰਬੀ ਬੰਗਾਲ ਵਿਚ ਹਥਿਆਰ ਸੁੱਟੇ ਤੇ ਇਕ ਲਖ ਆਦਮੀਆਂ ਨੇ ਜੇ ਇਕ ਇਕ ਬੰਦੂਕ ਵੀ ਸੁਟੀ ਹੋਵੇਗੀ ਤਾਂ ਟਨਾ ਭਾਰ ਅਸਲਾ ਹੋਵੇਗਾ ਜੋ ਉਹਨਾਂ ਨੇ ਭਾਰਤ ਦੇ ਅਰਪਨ ਕੀਤਾ।

ਇਸ ਤੋਂ ਛੁਟ ਭਾਰਤ ਨੇ ਇਸ 13 ਦਿਨਾਂ ਦੀ ਜੰਗ ਵਿਚ ਪਾਕਿਸਤਾਨ ਦੇ ਲਗ ਪਗ 84 ਹਵਾਈ ਜਹਾਜ਼ ਡੇਗ ਲਏ ਤੇ ਨਾਸ਼ ਕਰ ਦਿਤੇ, ਪਰ ਨੁਕਸਾਨ ਸਾਡੇ ਜਹਾਜ਼ਾਂ ਦਾ ਵੀ ਹੋਇਆ, ਪਰ ਭਾਰਤ ਨੇ ਕਾਫ਼ੀ ਮਿਕਦਾਰ ਵਿਚ ਅਸਲਾ ਹਰ ਮੁਹਾਜ਼ ਤੋਂ ਹਾਸਲ ਕੀਤਾ।

ਸਮੁੰਦਰੀ ਜਹਾਜ਼ ਜੋ ਕਰਾਚੀ ਦੀ ਬੰਦਰਗਾਹ ਤੇ ਖੜੇ ਸਨ, ਭਾਰਤ ਦੀ ਬਹਿਰੀ ਤਾਕਤ ਨੇ ਡੋਕ ਦਿੱਤੇ । ਇਕ ਅਮਰੀਕਨ ਪਨਡੁਬੀ ਡੋਬ ਦਿਤੀ । ਭਾਵੇਂ ਨੁਕਸਾਨ ਸਾਡਾ ਵੀ ਹੋਇਆ ਪਰ ਅਸੀਂ ਉਹਨਾਂ ਦੇ ਸਮੁੰਦਰੀ ਵਪਾਰਕ ਜਹਾਜ਼ ਵੀ ਪਕੜੇ ਹੋਏ ਹਨ । ਜਿੰਨ੍ਹਾਂ ਵਿਚ ਕਾਫ਼ੀ ਸਾਮਾਨ ਹੈਗਾ ਸੀ ।

ਕਸ਼ਮੀਰ ਵਾਲੇ ਪਾਸਿਉਂ ਭਾਰਤ ਨੇ ਕਾਫ਼ੀ ਚੌਕੀਆਂ ਦਰਾ ਹਾਜੀ ਪੀਰ ਆਦਿਕ ਵਾਪਸ ਜਿੱਤ ਲਈਆਂ ਜਿਸ ਨਾਲ ਕਸ਼ਮੀਰ ਦੀ ਜੰਗ-ਬੰਦੀ ਲਾਈਨ ਬਦਲ ਗਈ । ਭਾਰਤੀ ਫੌਜਾਂ ਕਾਫ਼ੀ ਅਗਾਂਹ ਵਧ ਗਈਆਂ ।

ਸਿੰਧ ਵਿਚ ਚੋਖਾ ਇਲਾਕਾ ਭਾਰਤ ਦੇ ਕਬਜ਼ੇ ਵਿਚ ਆ ਗਿਆ ਜਿਸ ਇਲਾਕੇ ਭਾਰਤ ਨੂੰ ਦੀ ਫੌਜ ਨੇ ਰੇਲ ਦੁਆਰਾ ਭਾਰਤ ਨਾਲ ਜੋੜ ਦਿਤਾ ਹੈ ।

ਰਣ ਕਛ ਦਾ ਉਹ ਇਲਾਕਾ ਜੋ ਅੰਤਰ ਰਾਸ਼ਟਰੀ ਅਦਾਲਤ ਨੇ ਭਾਰਤ ਤੋਂ ਬੇਈਮਾਨੀ ਨਾਲ ਪਾਕਿਸਤਾਨ ਨੂੰ ਦਿਵਾ ਦਿਤਾ ਸੀ । ਭਾਰਤ ਨੇ ਉਹ ਵਾਪਸ ਜਿਤ ਲਿਆ ।

ਡੇਰਾ ਬਾਬਾ ਨਾਨਕ ਤੋਂ ਲੈ ਕੇ ਹੈਡ ਮੁਰਾਲਾ ਦੇ ਨੇੜੇ ਤਕ ਬਹੁਤ ਸਾਰਾ ਇਲਾਕਾ ਭਾਰਤੀ ਫੌਜਾਂ ਨੇ ਪਾਕਿਸਤਾਨ ਤੋਂ ਖੋਹ ਲਿਆ ਏਸ ਇਲਾਕੇ ਵਿਚ ਪਾਕਿਸਤਾਨੀ ਫੌਜੀਆਂ ਨੇ ਬਿਨਾ ਲੜੇ ਹਥਿਆਰ ਸੁਟ ਦਿੱਤੇ ।

ਛੰਭ ਜੌੜੀਆਂ ਤੇ ਬੜੀ ਭਾਰੀ ਲੜਾਈ ਹੋਈ, ਪਰ ਅੰਤ ਜਿੱਤ ਭਾਰਤ ਦੀ ਹੋਈ । ਪੰਜਾਬ ਦੀ ਸੀਮਾਂ ਤੇ ਖੇਮ ਕਰਨ ਦੇ ਕੋਲ ਇਕ ਪਹਾੜੀ ਸੀ ਜੋ ਪਾਕਿਸਤਾਨ ਦੇ ਵਿਚਾਰ ਨਾਲ ਅਜਿੱਤ ਸੀ, ਪਰ ਭਾਰਤ ਦੀ ਫੌਜ ਨੇ ਜਿਤ ਲਈ ।

ਏਸੇ ਤਰ੍ਹਾਂ ਫਾਜ਼ਲਕਾ ਸਰਹੱਦ ਤੇ ਅਸੀਂ ਕੁਝ ਪਿੰਡ ਗੁਆ ਬੈਠੇ ਹਾਂ ਜੋ ਪਾਕਿਸਤਾਨ ਦੇ ਭਾਰੀ ਨੁਕਸਾਨ ਦੇ ਸਾਹਮਣੇ ਕੋਈ ਚੀਜ਼ ਨਹੀਂ ।

ਪਾਕਿਸਤਾਨ ਤੇ ਤਾਸ਼ਕੰਦ ਸੰਧੀ

ਸੰਨ 1965 ਈ: ਵਿਚ ਪਾਕਿਸਤਾਨ ਨੇ ਮਨ ਬਣਾ ਲਿਆ ਕਿ ਭਾਰਤ ਨੂੰ ਤੰਗ ਕਰਨਾ ਹੈ । ਏਨਾ ਹੀ ਨਹੀਂ ਸਗੋਂ ਪਾਕਿਸਤਾਨ ਦੇ ਮਨ ਵਿਚ ਇਲਾਕਾ ਖੋਹਣ ਦਾ ਲਾਲਚ ਏਨਾ ਵਧ ਗਿਆ ਕਿ ਉਹ ਆਪਣਾ ਆਪ ਨਾ ਸਾਂਭ ਸਕਿਆ ।

ਸਭ ਤੋਂ ਪਹਿਲਾਂ ਉਸਨੇ ਰਣ ਕੱਛ ਉੱਤੇ ਘੁਸ ਪੈਠ ਕੀਤੀ ਜਦ ਭਾਰਤੀ ਫੌਜ ਨੂੰ ਪਤਾ ਲੱਗ ਗਿਆ ਤਾਂ ਉਸ ਨੇ ਉਸਦੇ ਫੌਜੀਆਂ ਜਿਨ੍ਹਾਂ ਦੇ ਕੋਲ ਅਮਰੀਕਨ

ਪੈਟਨ ਟੈਂਕ ਤੇ ਸੈਬਰ ਜੈਟ ਹਵਾਈ ਜਹਾਜ਼ ਸਨ, ਸਿਰ ਤੇ ਪੈਰ ਧਰਕੇ ਨੱਸਣ ਲਗੇ। ਅੰਤ ਵੱਡੇ ਵੱਡੇ ਦੇਸ਼ਾਂ ਨੇ ਵਿਚ ਪੈ ਕੇ ਝਗੜਾ ਨਿਪਟਾਉਣ ਦਾ ਜਤਨ ਕੀਤਾ। ਅਮਰੀਕਾ, ਬਰਤਾਨੀਆਂ ਮੂੰਹ ਰਖਵੀਆਂ ਗੱਲਾਂ ਸਾਡੇ ਨਾਲ ਕਰਦੇ ਸਨ ਤੇ ਅੰਦਰੋਂ ਪਾਕਿਸਤਾਨ ਨਾਲ ਸਨ ਝਗੜਾ ਅੰਤਰ ਰਾਸ਼ਟਰੀ ਅਦਾਲਤ ਕੋਲ ਪੁਚਾਣ ਦੀ ਸਾਜ਼ਸ਼ ਹੋਈ। ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਸੋਚਣ ਲਗੇ ਕਿ ਜਿਥੇ ਸਭ ਕੁਝ ਸਾਡੇ ਹੱਕ ਵਿਚ ਹੈ, ਉੱਥੇ ਵੱਡੀ ਤੋਂ ਵੱਡੀ ਅਦਾਲਤ ਕੀ ਕਰੇਗੀ, ਪਰ ਅੰਤ ਇਹ ਨਤੀਜਾ ਸੰਨ 1967 ਵਿਚ ਭਾਰਤ ਵਿਰੁਧ ਹੋਇਆ। ਸੰਸਾਰ ਭਰ ਦੇ ਲੋਕਾਂ ਕਿਹਾ ਇਹ ਫੈਸਲਾ ਸਿਆਸੀ ਹੈ। ਪਰ ਕਿਸੇ ਦੇਸ਼ ਨੇ ਭਾਰਤ ਦਾ ਸਾਥ ਨਾ ਦਿੱਤਾ।

ਰਣ ਕੱਛ ਦਾ ਝਗੜਾ ਅੰਤਰ ਰਾਸ਼ਟਰੀ ਅਦਾਲਤ ਨੂੰ ਦੇਣ ਪਿਛੋਂ ਭਾਰਤ ਨੇ ਸਮਝਿਆ ਕਿ ਪਾਕਿਸਤਾਨ ਬੰਦਾ ਬਣ ਜਾਵੇਗਾ, ਪਰ ਉਸਨੇ ਪਹਿਲਾਂ ਤਾਂ ਕਸ਼ਮੀਰ ਵਿਚ ਘੁਸਪੈਠ ਕੀਤੀ ਫਿਰ ਉਸ ਨੇ ਅੰਤਰ ਰਾਸ਼ਟਰੀ ਸਰਹੱਦ ਲੰਘ ਕੇ ਕਸ਼ਮੀਰ ਉੱਤੇ ਹਮਲਾ ਕਰ ਦਿੱਤਾ। ਇਹ ਅੰਤਰ ਰਾਸ਼ਟਰੀ ਸਰਹੱਦ ਹੈ ਜਿਸ ਦਾ ਨਾਂ ਜੰਗ-ਬੰਦੀ ਲਾਈਨ ਹੈ। ਬੇਬਸ ਹੋ ਕੇ ਪਾਕਿਸਤਾਨ ਦੇ ਇਸ ਅਨ ਘੋਸ਼ਤ ਯੁੱਧ ਨੂੰ ਮੁਖ ਰਖ ਕੇ ਭਾਰਤ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਫੌਜ ਦੇ ਮੁਖੀ ਨੂੰ ਪਲੈਨ ਬਣਾ ਕੇ ਪਾਕਿਸਤਾਨ ਉਪਰ ਹਮਲਾ ਕਰਨ ਦੀ ਆਗਿਆ ਦਿੱਤੀ। ਭਾਰਤੀ ਫੌਜ ਨੇ ਸਭ ਪਾਸਿਆਂ ਤੋਂ ਜ਼ੋਰੂ ਹਮਲਾ ਕੀਤਾ। ਨਤੀਜਾ ਇਹ ਹੋਇਆ ਕਿ ਪਾਕਿਸਤਾਨੀ ਫੌਜੀ ਸਿਰਾਂ ਤੇ ਪੈਰ ਰਖ ਕੇ ਨਸਣ ਲਗੇ। ਸਾਡੀ ਫੌਜ ਨੂੰ ਪਤਾ ਨਹੀਂ ਸੀ ਕਿ ਪਾਕਿਸਤਾਨ ਨੇ ਇਕ ਨਕਲੀ ਡੀਫੈਂਸ ਲਾਈਨ ਬਣਾ ਰਖੀ ਹੈ ਜਿਥੇ ਹਮਲਾਵਰ ਫੌਜ ਰੋਕੀ ਜਾ ਸਕਦੀ ਹੈ। ਪਰ ਭਾਰਤੀ ਫੌਜ ਅਗਾਂਹ ਵਧਦੀ ਹੋਈ ਇਛੋਗਿਲ ਨਹਿਰ ਉਪਰ ਜਾ ਰੁਕੀ ਜੋ ਲਾਹੌਰ ਦੇ ਦੁਆਲੇ ਸੀ। ਉਧਰ ਭਾਰਤੀ ਫੌਜਾਂ ਸਿਆਲਕੋਟ ਦੇ ਸਿਰਹਾਣੇ (ਤਿੰਨ ਮੀਲ) ਉਰੇ ਰੁਕ ਗਈਆਂ।

ਭਾਰਤ ਸਰਕਾਰ ਚਾਹੁੰਦੀ ਸੀ ਕਿ ਪਾਕਿਸਤਾਨ ਸਮਝ ਜਾਵੇ ਤਾਂ ਜਨਤਾ ਦਾ ਨੁਕਸਾਨ ਨਾ ਹੋਵੇ। ਪਾਕਿਸਤਾਨ ਨੇ ਅਮਰੀਕਾ ਤੇ ਬਰਤਾਨੀਆਂ ਕੋਲ ਮਿਨਤ ਤਰਲਾ ਆਰੰਭ ਕੀਤਾ। ਇਤਿਹਾਦੀ ਸਭਾ ਦੀ ਮੀਟਿੰਗ ਸਦੀ ਗਈ ਤੇ ਉਸਦੇ ਸਕਤਰ ਨੂੰ ਕਿਹਾ ਗਿਆ ਕਿ ਉਹ ਦੁਹਾਂ ਦੇਸ਼ਾਂ ਵਿਚ ਠੰਢ ਪੁਆ ਦੇਵੇ।

ਇਤਿਹਾਦੀ ਸਭਾ ਦਾ ਸਕਤਰ ਊਥਾਂਟ ਭਾਰਤ ਤੇ ਪਾਕਿਸਤਾਨ ਆਇਆ ਉਹ ਬਰਤਾਨੀਆ ਤੇ ਅਮਰੀਕਾ ਦਾ ਆਦਮੀ ਸੀ। ਉਸ ਨੇ ਭਾਰਤ ਸਰਕਾਰ ਨੂੰ ਮਜਬੂਰ ਕਰਕੇ ਜੰਗ ਬੰਦ ਕਰਵਾ ਦਿੱਤਾ।

ਸੱਚ ਨੂੰ ਮੰਨਣ ਵਾਲੀ ਭਾਰਤ ਸਰਕਾਰ ਇਤਬਾਰ ਕਰਕੇ ਜੰਗਬੰਦੀ ਦਾ

ਐਲਾਨ ਕਰ ਗਈ, ਪਰ ਪਾਕਿਸਤਾਨ ਸਰਕਾਰ ਨੇ ਠੀਕ ਉਸ ਸਮੇਂ ਜਿਸ ਸਮੇਂ ਜੰਗ ਬੰਦੀ ਦਾ ਐਲਾਨ ਹੋਇਆ, ਉਦੋਂ ਉਸ ਨੇ ਛਿਹਰਟਾ (ਅੰਮ੍ਰਿਤਸਰ) ਵਿਚ ਇਹੋ ਜਿਹੀ ਬੇਰਹਿਮ ਗੋਲਾ-ਬਾਰੀ ਕੀਤੀ ਕਿ ਨਿਰਦੋਸ਼ ਲੋਕ ਉਸਦਾ ਸ਼ਿਕਾਰ ਹੋ ਗਏ ।

ਭਾਰਤ ਸਰਕਾਰ ਨੇ ਬਥੇਰੇ ਟੈਸਟ ਕੀਤੇ ਪਰ ਉਸ ਦੁਖਿਆਰੇ ਸਾਕੇ ਦਾ ਕੁਝ ਭੀ ਨਤੀਜਾ ਨਾ ਨਿਕਲਿਆ, ਅੰਤ ਭਾਰਤੀ ਲੋਕਾਂ ਨੇ ਇਹ ਸੋਚਿਆ ਕਿ ਬਈ-ਮਾਨੀ ਦਾ ਬੇੜਾ ਗਰਕ ਹੁੰਦਾ ਹੈ, ਪਰ ਹੋਦਿਆ ਕੋਈ ਨਹੀਂ ।

ਰੂਸ ਨੇ ਤਾਸ਼ਕੰਦ ਵਿਚ ਦੁਹਾਂ ਦੇਸ਼ਾਂ ਨੂੰ ਰਲ ਬੈਠਣ ਦਾ ਸੁਝਾਉ ਦਿੱਤਾ ਜੋ ਦੁਹਾਂ ਦੇਸ਼ਾਂ ਨੇ ਮੰਨ ਲਿਆ । ਭਾਰਤ ਦਾ ਪ੍ਰਧਾਨ ਮੰਤਰੀ ਉਥੇ ਪੁਜਾ ਕਾਨਫਰੰਸ ਦਾ ਅਠ ਦਿਨ ਦਾ ਪ੍ਰੋਗਰਾਮ ਸੀ ਉਹ 3 ਜਨਵਰੀ 1966 ਵਾਲੇ ਦਿਨ ਉੱਥੇ ਪੁਜ ਗਿਆ । 8 ਦਿਨ ਕਾਨਫਰੰਸ ਹੁੰਦੀ ਰਹੀ ਅੰਤ ਰੂਸੀ ਨੇਤਾਵਾਂ ਦੇ ਦਬਾਉ ਹੇਠ ਸੰਧੀ ਸਮਝੌਤਾ ਬਣ ਗਿਆ, ਸੰਧੀ ਹੋ ਗਈ । ਰਾਤ ਨੂੰ 'ਖੁਸ਼ੀ ਦੀ ਰੋਟੀ' ਸਦੀ ਗਈ । ਦੋਵਾਂ ਦੇਸ਼ਾਂ ਦੇ ਪ੍ਰਤੀਨਿਧ ਆਏ । ਲਾਲ ਬਹਾਦਰ ਜੀ ਉੱਥੋਂ ਵਿਹਲੇ ਹੋ ਕੇ ਡੇਰੇ ਪੁਜੇ । ਡੇਰੇ ਪੁਜਦਿਆਂ ਦਿਲ ਨੇ ਅਸ਼ਾਂਤੀ ਪ੍ਰਗਟ ਕੀਤੀ । ਡਾਕਟਰ ਸਦਿਆ ਪਰ ਸ਼ਾਂਤੀ ਨਜ਼ਰ ਨਾ ਆਈ ।

ਲਾਲ ਬਹਾਦਰ ਤੜਫਦਾ ਹੋਇਆ ਤਾਸ਼ਕੰਦ ਵਿਚ ਰਾਤ ਦੇ ਬਾਰਾਂ ਵਜੇ ਪ੍ਰਾਣ ਤਿਆਗ ਗਿਆ । ਭਾਰਤ ਨੂੰ ਰਾਤ ਨੂੰ ਹੀ ਖਬਰ ਪੁਜ ਗਈ । ਭਾਰਤ ਦੇ ਲੋਕ ਰਾਤ ਭਰ ਨਹੀਂ ਸੁੱਤੇ ਹਰ ਇਕ ਵਿਅਕਤੀ ਇਸ ਮੌਤ ਦਾ ਭਾਵ ਜਾਣਨਾ ਚਾਹੁੰਦਾ ਸੀ, ਪਰ ਇਹ ਭੇਦ ਕਿਸੇ ਦੇ ਪੱਲੇ ਨਾ ਪਿਆ । ਭਾਰਤ ਦਾ ਰਤਨ ਮਿੱਟੀ ਵਿਚ ਰੁਲ ਗਿਆ ।

ਭਾਰਤ ਵਿਚ ਸੋਗ ਦੀਆਂ ਸਫਾਂ ਵਿਛ ਗਈਆਂ ਅਮਨ ਦਾ ਪੈਗੰਬਰ ਪਤਾ ਨਹੀਂ ਕਿਸ ਕਾਰਨ ਤੁਰ ਗਿਆ, ਪਰ ਇਹ ਅੰਤਰ ਰਾਸ਼ਟਰੀ ਮਾਮਲਾ ਸੀ ਇਸ ਵਿਚ ਏਡੇ ਦੇਸ਼ ਉਪਰ ਭਰੋਸਾ ਕਰਦੇ ਹੋਇਆਂ ਭਾਰਤ ਰਤਨ ਦੀ ਲੋਥ ਸਾਂਭ ਲਈ ਗਈ ਸੰਸਾਰ ਭਰ ਦੀਆਂ ਸਰਕਾਰਾਂ ਦੇ ਮੁਖੀ ਭਾਰਤ ਪੁਜੇ । ਹਰ ਇਕ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ । ਲਾਲ ਬਹਾਦਰ ਅਮਨ ਦੇ ਰਾਖੇ ਹੋਣ ਦੇ ਨਾਤੇ ਆਪਣਾ ਜੀਵਨ ਦੇਸ਼ ਵਾਸਤੇ ਕੁਰਬਾਨ ਕਰ ਗਿਆ ।

ਸਦਰ ਅਯੂਬ ਤੇ ਮਿ ਕੋਸੀਜਨ (ਰੂਸ ਦਾ ਪ੍ਰਧਾਨ ਮੰਤਰੀ) ਸਾਡੇ ਪ੍ਰਧਾਨ ਮੰਤਰੀ ਦੀ ਲੋਥ ਨਾਲ ਭਾਰਤ ਆਏ ਉਹਨਾਂ ਨੇ ਆਪਣੀ ਹਮਦਰਦੀ ਪ੍ਰਗਟ ਕੀਤੀ, ਪਰ ਭਾਰਤੀ ਜਨਤਾ ਦਾ ਲਾਲ ਭੌਹ ਦੇ ਭਾਅ ਮੌਤ ਰਾਣੀ ਦੀ ਗੋਦ ਵਿਚ ਜਾ ਟਿਕਿਆ ।

ਭਾਰਤ ਦੇ ਲੋਕਾਂ ਵਾਸਤੇ ਉਸ ਦਿਨ ਹਨੇਰ ਸੀ ਪਰ ਪਾਕਿਸਤਾਨ ਵਾਸਤੇ ਉਸ ਦਿਨ ਦੀਵਾਲੀ ਸੀ। ਰੂਸ ਜੋ ਦੂਹਾਂ ਦੇਸ਼ਾਂ ਵਿਚਕਾਰ ਫੈਸਲਾ ਕਰਵਾ ਰਿਹਾ ਸੀ ਜਕੋ ਤੱਕੇ ਵਿਚ ਸੀ ਕਿ "ਕੀ ਸੋਚਿਆ ਸੀ ਕੀ ਬਣ ਗਿਆ।" ਏਡਾ ਵੱਡਾ ਦੇਸ਼ ਇਕ ਵਡੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਮੌਤ ਵਾਸਤੇ ਕਲੰਕਤ ਹੋ ਗਿਆ। ਇਹ ਗੱਲਾਂ ਸਨ ਜੋ ਇਕ ਪਾਸੇ ਰੂਸ, ਦੂਜੇ ਪਾਸੇ ਪਾਕਿਸਤਾਨ ਤੇ ਤੀਜੇ ਪਾਸੇ ਬਰਤਾਨਵੀ ਤੇ ਅਮਰੀਕੀ ਸਰਦਾਰਾਂ ਦੇ ਰਾਖੇ (ਫੌਜੀ) ਸਨ।

ਅੰਤ ਤਾਸ਼ਕੰਦ ਸੰਧੀ ਸਭ ਦੇਸ਼ਾਂ ਨੇ ਪ੍ਰਵਾਨ ਕੀਤੀ। ਪਾਕਿਸਤਾਨ ਜੋ ਅੰਦਰੋਂ ਬੇਈਮਾਨ ਸੀ। ਉਸ ਨੇ ਭੀ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਪ੍ਰਵਾਨਗੀ ਦਾ ਐਲਾਨ ਕੀਤਾ। ਇਹ ਸੀ ਅੰਤਰ ਰਾਸ਼ਟਰੀ ਐਲਾਨ ਜੋ ਪਾਕਿਸਤਾਨ ਨੇ ਕੀਤਾ।

ਭਾਰਤ ਦੇ ਲੋਕਾਂ ਤੇ ਸਰਕਾਰ ਨੇ ਤਾਸ਼ਕੰਦ ਸੰਧੀ ਨੂੰ ਆਪਣੇ ਪਿਆਰੇ ਨੇਤਾ ਦੀ ਅੰਤਮ ਦੇਣ ਨੂੰ ਸਿਰ ਮੱਥੇ ਤੇ ਮੰਨ ਕੇ ਅਜ ਤਕ ਉਸ ਦੇ ਅਨੁਸਾਰ ਤੁਰੇ ਜਾ ਰਹੇ ਹਨ ਪਰ ਪਾਕਿਸਤਾਨ ਉਸ ਦੀਆਂ ਧਜੀਆਂ ਉਡਾ ਰਿਹਾ ਹੈ।

ਤਾਸ਼ਕੰਦ ਸੰਧੀ ਅਮਨ ਵਲ ਇਕ ਭਾਰਾ ਕਦਮ ਹੈ।

ਪੁਲਾੜ ਦੀ ਯਾਤ੍ਰਾ

ਪੁਲਾੜ ਦੀ ਯਾਤ੍ਰਾ ਲਈ ਅਜ ਤੋਂ 400 ਸਾਲ ਪਹਿਲਾਂ ਜਰਮਨ ਦੇ ਸਾਇੰਸਦਾਨ ਨੇ ਜਤਨ ਕੀਤਾ ਸੀ, ਪਰ ਉਹ ਸਫਲ ਨਾ ਹੋ ਸਕਿਆ। ਉਸ ਤੋਂ ਪਿਛੋਂ ਸੰਨ 1957 ਵਿਚ ਰੂਸੀਆਂ ਨੇ ਸਪੂਤਨੀਕ ਨੰ: 1 ਮਨੁਖ ਦਾ ਬਣਿਆ ਬਣਾਉਟੀ ਗ੍ਰਹਿ ਛਡਿਆ। ਇਸ ਗ੍ਰਹਿ ਨੇ ਧਰਤੀ ਦੇ ਦੁਆਲੇ 1400 ਚੱਕਰ ਲਗਾਏ ਤੇ ਫੇਰ ਸੜ ਗਿਆ। ਨਵੰਬਰ 1957 ਵਾਲੇ ਦਿਨ ਰੂਸ ਨੇ ਸਪੂਤਨੀਕ ਨੰ: 2 ਛਡਿਆ ਜਿਸ ਵਿਚ ਇਕ ਕੁੱਤੀ ਸੀ ਜਿਸ ਦਾ ਨਾਂ ਲਾਇਕਾ ਸੀ। ਕੁੱਤੀ ਧਰਤੀ ਉਤੇ ਜੀਉਂਦੀ ਵਾਪਸ ਆ ਗਿਆ। ਇਥੋਂ ਹੀ ਪੁਲਾੜ ਵਲ ਬਣਾਉਟੀ ਗ੍ਰਹਿ ਭੇਜਣ ਦੀ ਲੜੀ ਅਮਰੀਕਾ ਤੇ ਰੂਸ ਦੁਹਾਂ ਵਲੋਂ ਜਾਰੀ ਹੋ ਗਈ। ਰੂਸ ਵਲੋਂ ਸਪੂਤਨੀਕਾਂ ਤੇ ਅਮਰੀਕਾ ਵਲੋਂ ਐਕਸਪਲੋਰਰਾਂ ਦੀ ਲੜੀ ਅਰੰਭ ਹੋ ਗਈ। ਕੁਝ ਸਮੇਂ ਬਾਦ ਡਿਸਕਵਰਰ ਤੇ ਵੇਨ ਗਾਰਡ, ਤਥਾ ਪਾਇਓਨੀਰ ਵਾਰੀ ਵਾਰੀ ਛਡੇ ਗਏ ਹਨ। ਏਸੇ ਤਰ੍ਹਾਂ ਰੂਸ ਵਲੋਂ ਲੂਨਾ ਦੀ ਲੜੀ ਜਾਰੀ ਕੀਤੀ ਗਈ।

ਅਪ੍ਰੈਲ 12, 1967 ਵਿਚ ਰੂਸ ਨੇ ਵੋਸਟੋਕ ਨਾਮੀ ਗ੍ਰਹਿ ਛਡਿਆ ਜਿਸ ਵਿਚ ਮੇਜਰ ਗੈਗਰੀਨ ਪਹਿਲਾਂ ਮਨੁਖ ਪੁਲਾੜ ਵਿਚ ਭੇਜਿਆ। ਓਹ ਰਾਜੀ ਸਾਜੀ

ਧਰਤੀ ਤੇ ਵਾਪਸ ਆ ਗਿਆ। ਉਸ ਤੋਂ ਪਿਛੋਂ 6 ਅਗਸਤ 1967 ਵਿਚ ਇਕ ਹੋਰ ਗ੍ਰਹਿ ਪੁਲਾੜ ਵਿਚ ਭੇਜਿਆ। ਉਸ ਪੁਲਾੜ ਨੇ ਧਰਤੀ ਦੁਆਲੇ 17 ਚੱਕਰ ਲਗਾਏ। ਗ੍ਰਹਿ ਧਰਤੀ ਉਤੇ ਸੁਰਖਿਅਤ ਆ ਗਿਆ। ਪੁਲਾੜ ਯਾਤ੍ਰਾ ਵਿਚ ਰੂਸ ਦੀ ਇਹ ਮਹੱਤਵਸ਼ਾਲੀ ਪ੍ਰਾਪਤੀ ਸੀ।

ਉਪਰੰਤ 1962 ਦੇ ਅਰੰਭ ਵਿਚ ਅਮਰੀਕਾ ਨੇ ਆਪਣਾ ਪਹਿਲਾ ਗ੍ਰਹਿ ਪੁਲਾੜ ਭੇਜਿਆ ਜਿਸ ਨੇ ਧਰਤੀ ਦੁਆਲੇ ਤਿੰਨ ਚੱਕਰ ਲਗਾਏ। ਫਿਰ ਮਈ 1962 ਵਿਚ ਅਮਰੀਕਾ ਨੇ ਦੂਜਾ ਗ੍ਰਹਿ ਭੇਜਿਆ ਜੋ ਧਰਤੀ ਦੇ ਦੁਆਲੇ ਤਿੰਨ ਚੱਕਰ ਲਗਾ ਕੇ ਆਇਆ।

ਅਗਸਤ 1962 ਵਿਚ ਰੂਸ ਨੇ ਰਾਕਟ ਚੰਦ ਵਲ ਛੱਡਕੇ ਸੰਸਾਰ ਵਿਚ ਸੁਨਸੁੰਨੀ ਪੈਦਾ ਕਰ ਦਿੱਤੀ। ਇਸ ਰਾਕਟ ਨੇ ਧਰਤੀ ਦੁਆਲੇ 88½ ਮਿੰਟ ਵਿਚ ਧਰਤੀ ਤੋਂ 150 ਮੀਲ ਉਤੇ ਜਾ ਕੇ ਚੱਕਰ ਕਟਣੇ ਅਰੰਭ ਕੀਤਾ ਅਗਲੇ ਦਿਨ ਰੂਸ ਨੇ ਇਕ ਹੋਰ ਰਾਕਟ ਛੱਡਿਆ ਜੋ ਪਹਿਲੇ ਦਿਨ ਰਾਕਟ ਦੇ ਬਰਾਬਰ ਜਾ ਰਲਿਆ ਤੇ ਦੋਵੇਂ ਇਕ ਦੂਜੇ ਨਾਲ ਰੇਡੀਓ ਤੇ ਗੱਲ ਬਾਤ ਕਰ ਸਕਦੇ ਸਨ। ਦੋਵੇਂ ਆਦਮੀ ਧਰਤੀ ਉਤੇ ਸੁਰਖਿਅਤ ਆ ਉਤਰੇ।

ਅਕਤੂਬਰ 1962 ਵਿਚ ਅਮਰੀਕਾ ਨੇ ਧਰਤੀ ਦੁਆਲੇ 6 ਚੱਕਰ ਕੱਟੇ। ਮਈ 1963 ਵਿਚ ਅਮਰੀਕਾ ਨੇ ਇਕ ਹੋਰ ਜਤਨ ਕੀਤਾ ਉਸ ਐਸਟ੍ਰੋਨਾਟ (Astronaut ਨੇ ਧਰਤੀ ਦੁਆਲੇ 22 ਚੱਕਰ ਕਟੇ। ਇਸ ਤੋਂ ਪਹਿਲਾਂ ਰੂਸੀ ਐਸਟਰੋਨਾਟ 64 ਕਟ ਚੱਕਰ ਚੁੱਕਾ ਸੀ।

1963 ਵਿਚ ਰੂਸ ਨੇ ਇਕ ਹੋਰ ਵਾਧਾ ਕੀਤਾ ਜਦੋਂ ਕਿ ਉਸ ਨੇ ਇਕ ਇਸਤ੍ਰੀ ਪੁਲਾੜ ਵਿਚ ਭੇਜੀ। ਉਸ ਦੇ ਨਾਲ ਹੀ ਉਸ ਨੇ ਇਕ ਹੋਰ ਆਦਮੀ ਦੂਜੇ ਸਪੇਸ ਕ੍ਰਾਫ਼ਟ ਵਿਚ ਭੇਜਿਆ। ਉਸ ਆਦਮੀ ਨੇ ਪੰਜ ਦਿਨਾਂ ਵਿਚ 82 ਚੱਕਰ ਤੇ ਔਰਤ ਨੇ ਤਿੰਨ ਵਿਚ 49 ਚੱਕਰ ਕਟੇ। ਦੋਵੇਂ ਰਾਜ਼ੀ ਖੁਸ਼ੀ ਧਰਤੀ ਤੇ ਆ ਪੁਜੇ।

ਫੇਰ 1965 ਵਿਚ ਰੂਸ ਨੇ ਸਪੇਸ ਸ਼ਿਪ ਵਿਚ ਦੋ ਆਦਮੀ ਭੇਜੇ 17 ਚੱਕਰ ਲਗਾਣ ਪਿਛੋਂ ਦੋਵੇਂ ਬਾਹਰ ਆਏ ਤੇ ਉਹਨਾਂ ਨੇ ਸਿਨੇਮਾ ਕੈਮਰਾ ਨਾਲ ਤਸਵੀਰਾਂ ਲਈਆਂ। ਇਸ ਨੇ ਪਹਿਲੇ ਸਾਰੇ ਰੀਕਾਰਡ ਤੋੜ ਦਿਤੇ। ਅਮਰੀਕਾ ਦੇ ਦੁਹਾਂ ਬੰਦਿਆਂ ਨੇ 120 ਚੱਕਰ ਲਗਾਏ ਤੇ ਉਹ 191 ਘੰਟੇ 25 ਮਿੰਟ ਪੁਲਾੜ ਵਿਚ ਰਹੇ।

ਅੰਤ ਅਮਰੀਕਾ ਨੇ ਸੰਨ 1968 ਤੇ 1969 ਵਿਚ ਆਪਣੇ ਬੰਦੇ ਚੰਦ ਤੇ ਭੇਜ ਦਿੱਤੇ। ਪਹਿਲੇ ਰਾਕਟ ਵਿਚ ਉਹ ਚੰਦ ਦੀ ਸਥਿਤੀ ਦੇਖਦੇ ਰਹੇ ਤੇ ਚੰਦ ਦੇ

ਦੁਆਲੇ ਚਕਰ ਲਗਾਂਦੇ ਰਹੇ ।

ਦੂਜੀ ਵਾਰ ਚੰਦ ਦੇ ਹੋਰ ਨੇੜੇ ਜਾ ਕੇ ਸਾਰੀ ਜਾਂਚ ਕੀਤੀ ਤੇ ਤੀਜੀ ਵਾਰ ਉਹਨਾਂ ਵਿਚੋਂ ਦੋ ਜਣੇ ਚੰਦ ਤੇ ਉਪਰ ਖਲੋਤੇ ਤੇ ਉਹਨਾਂ ਨੇ ਉਥੋਂ ਚੰਦ ਦੀਆਂ ਚਟਾਨਾਂ ਦੀ ਮਿੱਟੀ ਲਿਆਂਦੀ ? ਅਮਰੀਕਾ ਨੇ ਇਹ ਸਿਧ ਕਰ ਦਿਤਾ ਕਿ ਚੰਦ ਤੋਂ ਆਉਣ ਵਾਲੇ ਯਾਤਰੂ ਕੋਰੀ ਕੰਮ ਲੈ ਕੇ ਨਹੀਂ ਆਏ ।

ਉਸਦੇ ਬਾਦ ਇਕ ਹੋਰ ਰਾਕਟ ਛਡਿਆ, ਤੇ ਉਸ ਤੇ ਵੀ ਸਫਲ ਚਕਰ ਲਗਾ ਕੇ ਆਏ ।

ਇਸਦੇ ਬਾਦ ਇਕ ਹੋਰ ਰਾਕਟ ਛਡਿਆ ਜਿਸਨੂੰ ਰਾਹ ਵਿਚ ਅੱਗ ਲਗ ਗਈ । ਤੇ ਬੜੀ ਮੁਸ਼ਕਲ ਨਾਲ ਵਾਪਸ ਆਇਆ ।

ਇਸਦੇ ਮੁਕਾਬਲੇ ਤੇ ਰੂਸ ਅਜੇ ਤਕ ਬਿਨਾਂ ਮਨੁਖ ਦੇ ਤਜਰਬੇ ਕਰ ਰਿਹਾ ਹੈ ।

ਜੈ ਜਵਾਨ ਜੈ ਕਿਸਾਨ

ਜਦੋਂ ਪਾਕਿਸਤਾਨ ਨੇ 1965 ਵਿਚ ਭਾਰਤ ਉੱਤੇ ਹਮਲਾ ਕੀਤਾ ਸੀ ਤਦ ਉਸ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਸਨ ਉਹਨਾਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਭਾਰਤ ਦੀ ਜਨਤਾ ਨੂੰ ਇਹ ਨਾਅਰਾ ਦਿੱਤਾ—

"ਜੈ ਜਵਾਨ ਜੈ ਕਿਸਾਨ"

ਆਪ ਨੇ ਇਸ ਨਾਅਰੇ ਦੀ ਵਿਆਖਿਆ ਕਰਦੇ ਹੋਏ ਦਸਿਆ ਕਿ ਦੇਸ਼ ਦੇ ਜਵਾਨ ਦੇਸ਼ ਦੀ ਸੰਪਤੀ ਹਨ । ਇਹ ਸੰਪਤੀ ਧਨ ਵਾਂਗ ਅਨੇਕਾਂ ਥਾਵਾਂ ਤੇ ਵਰਤੀ ਜਾ ਸਕਦੀ ਹੈ । ਪਰ ਅਜ ਸੰਕਟ ਕਾਲ ਹੈ ਤੇ ਸਾਨੂੰ ਦੇਸ਼ ਦੇ ਜਵਾਨ ਦੀ ਵਧ ਤੋਂ ਵਧ ਲੋੜ ਹੈ ।

ਦੇਸ਼ ਦੇ ਜਵਾਨ ਰਣ-ਭੂਮੀ ਵਿਚ ਜਾਨ ਤਲੀ ਤੇ ਰਖਕੇ ਵੈਰੀ ਨਾਲ ਲੜਦੇ ਹੋਏ ਕੁਰਬਾਨੀ ਦੇ ਰਹੇ ਹਨ । ਉਹਨਾਂ ਦੀ ਕੁਰਬਾਨੀ ਦਾ ਸਦਕਾ ਹੀ ਅਸੀਂ ਕਸ਼ਮੀਰ ਵਿਚ ਵੈਰੀ ਨੂੰ ਨੱਕ ਚਨੇ ਚਬਾਏ ਸਨ ਅਜ ਵੈਰੀ ਨੇ ਫੇਰ ਸਾਨੂੰ ਲਲਕਾਰਿਆ ਹੈ ਇਹ ਸਾਡੇ ਜਵਾਨ ਦੀ ਹਿੰਮਤ ਹੈ ਕਿ ਉਹ ਵੈਰੀ ਦੇ ਲਲਕਾਰੇ ਬੰਦ ਕਰਵਾਏ । ਇਹ ਸਾਡੇ ਜਵਾਨ ਦੀ ਤਾਕਤ ਹੈ ਕਿ ਉਹ ਜੈ ਭਾਰਤ, ਜੈ ਹਿੰਦ ਦੇ ਨਾਅਰੇ ਲਗਾ ਦਾ ਸ਼ੇਰਾਂ ਵਾਂਗ ਬੁਕਦਾ ਹੋਇਆ ਦੁਸ਼ਮਨ ਦੀਆਂ ਸਫਾਂ ਨੂੰ ਚੀਰਕੇ ਲਾਹੌਰ ਤੇ ਸਿਆਲਕੋਟ ਦੇ ਸਿਰ ਤੇ ਜਾ ਬੈਠਾ ਹੈ । ਸਾਡਾ ਜਵਾਨ ਪੈਦਲ ਹੈ ਜਾਂ ਟੈਂਕ ਉੱਤੇ ਹੈ, ਤੋਪ ਚਲਾ ਰਿਹਾ ਹੈ ਜਾਂ ਹਵਾਈ ਜਹਾਜ਼ਾਂ ਨੂੰ ਢਾਹੁਣ ਵਾਲੀ ਤੋਪ ਉੱਤੇ ਕੰਮ ਕਰ ਰਿਹਾ ਹੈ ਉਹ ਹਰ ਥਾਂ ਦੇਸ਼ ਦਾ ਰਾਖਾ ਹੈ । ਸਾਡੇ ਜਵਾਨ ਦੇ ਅੰਦਰ ਦੇਸ਼ ਦਾ ਪਿਆਰ ਕੁਟ ੨ ਕੇ ਭਰਿਆ ਹੋਇਆ ਹੈ ਉਸ ਨੇ ਥਲ ਵਿਚ, ਜਲ ਵਿਚ

ਨਾਲ ਹਰਾ ਹੋ ਗਿਆ। ਸਭ ਸਿਖ ਜਨਤਾ ਮਰੇ ਬੰਦੇ ਦਾ ਸਸਕਾਰ ਕਰਕੇ ਜਦ ਮੁੜਦੇ ਹਨ ਤਾਂ ਇਸ ਗੁਰਦੁਆਰੇ ਵਿਚ ਕੜਾਹ ਪਰਸ਼ਾਦ ਚੜ੍ਹਾਂਦੇ ਹਨ ਕਿਹਾ ਜਾਂਦਾ ਹੈ ਕਿ ਇਥੇ ਪ੍ਰਾਣੀ ਨੂੰ ਸ਼ਾਂਤੀ ਮਿਲਦੀ ਹੈ ਬਿਬੇਕ ਮਿਲਦਾ ਹੈ। ਗੁਰਦੁਆਰੇ ਦੇ ਨਾਲ ਨਹਾਉਣ ਲਈ ਟੂਟੀਆਂ ਤੇ ਟਿਊਬਵੈਲ ਵੀ ਲਗਾ ਹੈ।

ਇਥੋਂ ਅਗੇ ਬਾਬਾ ਅਟੱਲ ਸਾਹਿਬ ਪੁਜੇ। ਇਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਪੁਤਰ ਬਾਬਾ ਅਟੱਲ ਰਾਏ ਜੀ ਛੋਟੀ ਉਮਰ ਵਿਚ ਜੋਤੀ ਜੋਤ ਸਮਾ ਗਏ ਸਨ। ਇਥੋਂ ਬਾਰੇ ਪ੍ਰਸਿਧ ਹੈ ਕਿ "ਬਾਬਾ ਅਟਲ ਪਕੀਆਂ ਪਕਾਈਆਂ ਘਲ' ਸਚ ਮੁਚ ਇਥੋਂ ਕੋਈ ਭੁਖਾ ਨਹੀਂ ਜਾਂਦਾ ਤੇ ਨਾ ਹੀ ਇਥੋਂ ਭੋਜਨ ਮੁਕਦਾ ਹੈ। ਇਹ ਨੌਂ ਛੱਤਾ ਗੁਰਦੁਆਰਾ ਹੈ ਜਿਥੇ ਸੁਨਹਿਰੀ ਪਤਰੇ ਲਗੇ ਹੋਏ ਹਨ। ਇਸ ਦੇ ਨਾਲ ਹੀ ਸਰੋਵਰ ਹੈ ਜਿਸ ਦਾ ਨਾਂ ਕੌਲਸਰ ਹੈ।

ਕੋਲਸਰ ਲਾਹੌਰ ਦੇ ਕਾਜ਼ੀ ਦੀ ਲੜਕੀ ਕੌਲਾਂ ਦੇ ਨਾਂ ਤੇ ਗੁਰੂ ਹਰਗੋਬਿੰਦ ਸਾਹਿਬ ਨੇ ਬਣਵਾਇਆ ਸੀ ਤੇ ਹੁਕਮ ਦਿੱਤਾ ਸੀ ਕਿ ਹਰਮੰਦਰ ਸਾਹਿਬ ਵਿਚ ਨਹਾਉਣ ਤੋਂ ਪਹਿਲਾਂ ਕੌਲਸਰ ਤੋਂ ਇਸ਼ਨਾਨ ਕਰੋ ਤਾਂ ਹੀ ਤੁਹਾਡਾ ਇਸ਼ਨਾਨ ਸੰਪੂਰਨ ਹੋਵੇਗਾ। ਸਰੋਵਰ ਦੀ ਪ੍ਰਕਰਮਾ ਵਿਚ ਮਾਤਾ ਕੌਲਾਂ ਦਾ ਗੁਰਦੁਆਰਾ ਹੈ ਕਿਹਾ ਜਾਂਦਾ ਹੈ ਕਿ ਇਥੇ ਹੀ ਮਾਤਾ ਕੌਲਾਂ ਦਾ ਮਹੱਲ ਸੀ ਜੋ ਗੁਰੂ ਜੀ ਨੇ ਬਣਵਾ ਕੇ ਦਿੱਤਾ ਸੀ ਤੇ ਇਥੋਂ ਹੀ ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਂਦੀ ਸੀ। ਇਸ ਗੁਰਦੁਆਰੇ ਦੇ ਬਾਹਰ ਨਿਸ਼ਾਨ ਸਾਹਿਬ ਲਗਾ ਹੈ ਉਥੇ ਰਾਤ ਨੂੰ ਅਨੇਕਾਂ ਲੋੜ-ਵੰਦ 40 ਦਿਨ ਜੋਤ ਜਗਾਂਦੇ ਹਨ। ਮਾਤਾ ਕੌਲਾਂ ਕੋਲੋਂ ਮਿੱਠੀਆਂ ਮੁਰਾਦਾਂ ਪਾਂਦੇ ਹਨ। ਗੁਰੂ ਜੀ ਨੇ ਕੌਲਾਂ ਨੂੰ ਸੰਗਤ ਦੀ ਮਾਂ ਦਾ ਪਦ ਦਿੱਤਾ ਸੀ।

ਕੌਲ ਸਰ ਤੋਂ ਨਹਾ ਕੇ ਅਸੀਂ ਹਰਮੰਦਰ ਸਾਹਿਬ ਵਲ ਤੁਰੇ। ਰਾਹ ਵਿਚ ਸ਼ਰੋਮਣੀ ਕਮੇਟੀ ਦਾ ਬੜਾ ਸ਼ਾਨਦਾਰ ਦਫ਼ਤਰ ਹੈ। ਇਹ ਦਫ਼ਤਰ ਪੰਜਾਬ ਦੇ ਸਾਰੇ ਗੁਰਦੁਆਰਿਆਂ ਨੂੰ ਕੰਟਰੋਲ ਕਰਦਾ ਹੈ।

ਨਾਲ ਹੀ ਗੁਰੂ ਰਾਮਦਾਸ ਸਰਾਏ ਹੈ। ਇਸ ਸਰਾਏ ਦੇ ਬਣਨ ਨਾਲ ਸਿਖ ਸੰਗਤ ਜੋ ਬਾਹਰੋਂ ਦਰਸ਼ਨ ਕਰਨ ਆਉਂਦੀ ਸੀ ਸਭ ਤਕਲੀਫ ਹਟ ਗਈ ਹੈ।

ਹਰਮੰਦਰ ਸਾਹਿਬ ਵਿਚ ਵੜਦਿਆਂ ਹੀ ਡਿਠਾ ਕਿ ਸਾਰਾ ਨਕਸ਼ਾ ਹੀ ਬਦਲ ਗਿਆ ਪਰਕਰਮਾ ਚੌੜੀ ਕਰ ਦਿੱਤੀ ਗਈ। ਸਾਰੀ ਪਰਕਰਮਾ ਦੇ ਵਿਚ ਚਾਰ ਮੁਖ ਗੇਟ ਬਣਾਏ ਗਏ ਹਨ। ਪਰਕਰਮਾ ਦੇ ਦੁਆਲੇ ਇਕਸਾਰ ਬਰਾਂਡੇ ਹਨ ਜਿਨ੍ਹਾਂ ਦੇ ਉਪਰ ਬੈਠਕੇ ਹਰ ਉਤਸਵ ਨੂੰ ਅਨੰਦ ਲਿਆ ਜਾ ਸਕਦਾ ਹੈ। ਕੁਝ ਥਾਂਵਾਂ ਤੇ ਇਹਨਾਂ ਉੱਤੇ ਚੁਬਾਰੇ ਪਾਏ ਗਏ ਹਨ। ਘੰਟੇ ਘਰ ਵਾਲੇ ਪਾਸੇ ਸ਼ੀਸ਼ ਮਹਲ ਵਾਂਗ ਕਮਰਾ ਹੈ ਜਿਥੇ ਸ਼ਸਤਰ ਆਦਿਕ ਇਤਿਹਾਸਕ ਯਾਦਾਂ ਪਈਆਂ ਹਨ।

ਨਾਲ ਹਰਾ ਹੋ ਗਿਆ । ਸਭ ਸਿਖ ਜਨਤਾ ਮਰੇ ਬੰਦੇ ਦਾ ਸਸਕਾਰ ਕਰਕੇ ਜਦ ਮੁੜਦੇ ਹਨ ਤਾਂ ਇਸ ਗੁਰਦੁਆਰੇ ਵਿਚ ਕੜਾਹ ਪਰਸ਼ਾਦ ਚੜ੍ਹਾਂਦੇ ਹਨ ਕਿਹਾ ਜਾਂਦਾ ਹੈ ਕਿ ਇਥੇ ਪ੍ਰਾਣੀ ਨੂੰ ਸ਼ਾਂਤੀ ਮਿਲਦੀ ਹੈ ਬਿਬੇਕ ਮਿਲਦਾ ਹੈ। ਗੁਰਦੁਆਰੇ ਦੇ ਨਾਲ ਨਹਾਉਣ ਲਈ ਟੂਟੀਆਂ ਤੇ ਟਿਊਬਵੈੱਲ ਵੀ ਲਗਾ ਹੈ ।

ਇਥੋਂ ਅਗੇ ਬਾਬਾ ਅਟੱਲ ਸਾਹਿਬ ਪੁਜੇ । ਇਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਪੁਤਰ ਬਾਬਾ ਅਟੱਲ ਰਾਏ ਜੀ ਛੋਟੀ ਉਮਰ ਵਿਚ ਜੋਤੀ ਜੋਤ ਸਮਾ ਗਏ ਸਨ । ਇਥੋਂ ਬਾਰੇ ਪ੍ਰਸਿਧ ਹੈ ਕਿ "ਬਾਬਾ ਅਟਲ ਪਕੀਆਂ ਪਕਾਈਆਂ ਘਲ" ਸਚ ਮੁਚ ਇਥੋਂ ਕੋਈ ਭੁਖਾ ਨਹੀਂ ਜਾਂਦਾ ਤੇ ਨਾ ਹੀ ਇਥੋਂ ਭੋਜਨ ਮੁਕਦਾ ਹੈ । ਇਹ ਨੌਂ ਛੱਤਾ ਗੁਰਦੁਆਰਾ ਹੈ ਜਿਥੇ ਸੁਨਹਿਰੀ ਪਤਰੇ ਲਗੇ ਹੋਏ ਹਨ । ਇਸ ਦੇ ਨਾਲ ਹੀ ਸਰੋਵਰ ਹੈ ਜਿਸ ਦਾ ਨਾਂ ਕੌਲਸਰ ਹੈ ।

ਕੋਲਸਰ ਲਾਹੌਰ ਦੇ ਕਾਜ਼ੀ ਦੀ ਲੜਕੀ ਕੌਲਾਂ ਦੇ ਨਾਂ ਤੇ ਗੁਰੂ ਹਰਗੋਬਿੰਦ ਸਾਹਿਬ ਨੇ ਬਣਵਾਇਆ ਸੀ ਤੇ ਹੁਕਮ ਦਿੱਤਾ ਸੀ ਕਿ ਹਰਮੰਦਰ ਸਾਹਿਬ ਵਿਚ ਨਹਾਉਣ ਤੋਂ ਪਹਿਲਾਂ ਕੌਲਸਰ ਤੋਂ ਇਸ਼ਨਾਨ ਕਰੋ ਤਾਂ ਹੀ ਤੁਹਾਡਾ ਇਸ਼ਨਾਨ ਸੰਪੂਰਨ ਹੋਵੇਗਾ । ਸਰੋਵਰ ਦੀ ਪ੍ਰਕਰਮਾ ਵਿਚ ਮਾਤਾ ਕੌਲਾਂ ਦਾ ਗੁਰਦੁਆਰਾ ਹੈ ਕਿਹਾ ਜਾਂਦਾ ਹੈ ਕਿ ਇਥੇ ਹੀ ਮਾਤਾ ਕੌਲਾਂ ਦਾ ਮਹੱਲ ਸੀ ਜੋ ਗੁਰੂ ਜੀ ਨੇ ਬਣਵਾ ਕੇ ਦਿੱਤਾ ਸੀ ਤੇ ਇਥੋਂ ਹੀ ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਂਦੀ ਸੀ । ਇਸ ਗੁਰਦੁਆਰੇ ਦੇ ਬਾਹਰ ਨਿਸ਼ਾਨ ਸਾਹਿਬ ਲਗਾ ਹੈ ਉਥੇ ਰਾਤ ਨੂੰ ਅਨੇਕਾਂ ਲੋੜ-ਵੰਦ 40 ਦਿਨ ਜੋਤ ਜਗਾਂਦੇ ਹਨ । ਮਾਤਾ ਕੌਲਾਂ ਕੋਲੋਂ ਮਿੱਠੀਆਂ ਮੁਰਾਦਾਂ ਪਾਂਕੇ ਹਨ । ਗੁਰੂ ਜੀ ਨੇ ਕੌਲਾਂ ਨੂੰ ਸੰਗਤ ਦੀ ਮਾਂ ਦਾ ਪਦ ਦਿੱਤਾ ਸੀ ।

ਕੌਲ ਸਰ ਤੋਂ ਨਹਾ ਕੇ ਅਸੀਂ ਹਰਮੰਦਰ ਸਾਹਿਬ ਵਲ ਤੁਰੇ । ਰਾਹ ਵਿਚ ਸ਼ਰੋਮਣੀ ਕਮੇਟੀ ਦਾ ਬੜਾ ਸ਼ਾਨਦਾਰ ਦਫ਼ਤਰ ਹੈ । ਇਹ ਦਫ਼ਤਰ ਪੰਜਾਬ ਦੇ ਸਾਰੇ ਗੁਰਦੁਆਰਿਆਂ ਨੂੰ ਕੰਟਰੋਲ ਕਰਦਾ ਹੈ ।

ਨਾਲ ਹੀ ਗੁਰੂ ਰਾਮਦਾਸ ਸਰਾਏ ਹੈ । ਇਸ ਸਰਾਏ ਦੇ ਬਣਨ ਨਾਲ ਸਿਖ ਸੰਗਤ ਜੋ ਬਾਹਰੋਂ ਦਰਸ਼ਨ ਕਰਨ ਆਉਂਦੀ ਸੀ ਸਭ ਤਕਲੀਫ਼ ਹਟ ਗਈ ਹੈ ।

ਹਰਮੰਦਰ ਸਾਹਿਬ ਵਿਚ ਵੜਦਿਆਂ ਹੀ ਡਿਠਾ ਕਿ ਸਾਰਾ ਨਕਸ਼ਾ ਹੀ ਬਦਲ ਗਿਆ ਪਰਕਰਮਾ ਚੌੜੀ ਕਰ ਦਿੱਤੀ ਗਈ । ਸਾਰੀ ਪਰਕਰਮਾ ਦੇ ਵਿਚ ਚਾਰ ਮੁਖ ਗੇਟ ਬਣਾਏ ਗਏ ਹਨ । ਪਰਕਰਮਾ ਦੇ ਦੁਆਲੇ ਇਕਸਾਰ ਬਰਾਂਡੇ ਹਨ ਜਿਨ੍ਹਾਂ ਦੇ ਉਪਰ ਬੈਠਕੇ ਹਰ ਉਤਸਵ ਨੂੰ ਅਨੰਦ ਲਿਆ ਜਾ ਸਕਦਾ ਹੈ । ਕੁਝ ਥਾਂਵਾਂ ਤੇ ਇਹਨਾਂ ਉੱਤੇ ਚੁਬਾਰੇ ਪਾਏ ਗਏ ਹਨ । ਘੰਟੇ ਘਰ ਵਾਲੇ ਪਾਸੇ ਸ਼ੀਸ਼ ਮਹਲ ਵਾਂਗ ਕਮਰਾ ਹੈ ਜਿਥੇ ਸ਼ਸਤਰ ਆਦਿਕ ਇਤਿਹਾਸਕ ਯਾਦਾਂ ਪਈਆਂ ਹਨ ।